*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : ਚੌਦਵਾਂ** **ਪੂ : ਲੜੀ : ਛਪੰਜਾ** **ਅਕਤੂਬਰ-ਦਸੰਬਰ, 2011**



*ਸੰਪਾਦਕ*

**ਹਰਜੀਤ ਅਟਵਾਲ**
67, Hillside Road, Southall
Middlesex , England. UB1 2PE
Ph. : 020-85780393
Mobile : 07782-265726
e mail: harjeetatwal@yahoo.co.uk

**ਹਰਮਹਿੰਦਰ ਚਹਿਲ**
7305, Sterling Grove Dr.
Springfield VA 22150 U.S.A.
Email : Chahals57@Yahoo.com
Ph. 001-703-362-3239

*ਵਿਸ਼ੇਸ਼ ਸਹਿਯੋਗ :*

**ਪ੍ਰੇਮ ਮਾਨ**
+ 001-860-983-5002

*Managing Editor*

***Shiv, Vinod Kumar***

**ਭਾਰਤ ਵਿਚ ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ**
984, Model House, Near Surinder Welding Works, Jalandhar-144003
Mobile No. + 94649-34106
**e mail: saifsm20 @ yahoo.com**



***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 100 ਰੁ: ਸਾਲਾਨਾ
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ
ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ
(Shiv) ਲਿਖਿਆ ਹੋਣਾ ਚਾਹੀਦਾ ਹੈ।




ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।


**ਮੇਰਾ ਪੰਨਾ**

### ਅਸੀਂ ਇਹ ਅੰਕ

## ਸ. ਜਸਵੰਤ ਸਿੰਘ ਵਿਰਦੀ ਜੀ

### ਨੂੰ ਸਮਰਪਿਤ ਕਰਦੇ ਹਾਂ



7-5=1934 ਤੋਂ 30-6-2011

**-ਅਦਾਰਾ ਸ਼ਬਦ**

# ਸ਼੍ਰੇਸਟ ਕਹਾਣੀਆਂ/ਸ਼੍ਰੇਸਟ ਕਹਾਣੀ ਸੰਗ੍ਰਹਿ/ਰਿਸਰਚ ਸਕਾਲਰ

(1990-2010)

ਅਸੀਂ ਇਸ ਮੁੱਲਾਂਕਣ 'ਚ 1990 ਤੋਂ 2010 ਦਾ ਸਮਾਂ ਲਿਆ ਹੈ। ਇਹ ਉਹ ਸਮਾਂ ਹੈ ਜਦੋਂ ਸੰਸਾਰ ਪੱਧਰ 'ਤੇ ਅਚੰਭੇ ਭਰਪੂਰ ਤਬਦੀਲੀਆਂ ਆਈਆਂ ਹਨ। ਯੂ. ਐਸ. ਐਸ. ਆਰ. ਦਾ ਪੂਰੀ ਤਰ੍ਹਾਂ ਨਾਲ ਪਤਨ ਹੋਇਆ ਹੈ। ਕੰਪਿਊਟਰ ਯੁਗ ਦੀ ਸ਼ੁਰੂਆਤ ਹੋਈ ਹੈ। ਚੈਨਲਾਂ ਦੀ ਚਕਾਚੌਂਦ 'ਚ ਸੂਚਨਾਵਾਂ ਦੇ ਅੰਬਾਰ ਲੱਗੇ ਹਨ। ਆਦਮੀ ਨਿੱਜਮੁਖੀ ਹੋ ਗਿਆ ਹੈ। ਹੁਣ ਇਹ ਸੰਸਾਰ ਉਹ ਸੰਸਾਰ ਨਹੀਂ ਰਿਹਾ ਜਿਹੜਾ ਕੁਲਵੰਤ ਸਿੰਘ ਵਿਰਕ, ਸੁਜਾਨ ਸਿੰਘ ਸੇਖੋਂ, ਅਜੀਤ ਕੌਰ, ਗੁਰਬਖ਼ਸ਼ ਸਿੰਘ, ਸੰਤੋਖ ਸਿੰਘ ਧੀਰ ਜਾਂ ਮੋਹਨ ਭੰਡਾਰੀ ਵੇਲੇ ਹੁੰਦਾ ਸੀ। ਹੁਣ ਦਾ ਸੰਸਾਰ ਤਾਂ ਇਕ ਗਲੋਬਲ ਵਿਲੇਜ ਬਣ ਗਿਆ ਹੈ। ਡਾ. ਹਰਭਜਨ ਸਿੰਘ ਭਾਟੀਆ ਕਹਿੰਦੇ ਹਨ, "ਜਿਸ ਅਜੋਕੇ ਯੁਗ ਵਿਚ ਅਸੀਂ ਵਿਚਰਦੇ ਹਾਂ ਉਸ ਵਿਚ ਪਹਿਲਾਂ ਵਰਗੇ ਮਨੁੱਖੀ ਜਜ਼ਬੇ, ਭਾਵਨਾ ਤੇ ਸਰੋਕਾਰ ਨਹੀਂ ਰਹੇ। ਕੇਂਦਰ ਵਿਚ ਮਾਇਆ, ਮੁਨਾਫਾ ਤੇ ਵਿਅਕਤੀਵਾਦ ਫੈਲ ਗਿਆ ਹੈ। ਇਸ ਕਰਕੇ ਸਾਹਿਤ ਦੀ ਹੋਂਦ ਤੇ ਉਸ ਦੇ ਪ੍ਰਮਾਣਿਕ ਅਧਿਐਨ ਤੇ ਸਵਾਲੀਆ ਨਿਸ਼ਾਨ ਖੜੇ ਹੋ ਗਏ ਹਨ। ਧੜਾਧੜ ਸਾਹਿਤ ਛੱਪ ਤਾਂ ਰਿਹਾ ਹੈ, ਦਿੱਖ ਵੀ ਪ੍ਰਭਾਵਸ਼ਾਲੀ ਹੈ ਪ੍ਰੰਤੂ ਜੇਕਰ ਇਸ ਵਿਚੋਂ ਕਿਸੇ ਸ਼ੁੱਧ ਸਾਹਿਤ ਜਾਂ ਚਿਰੰਜੀਵ ਸਾਹਿਤ ਦੀ ਤਲਾਸ਼ ਕਰਨੀ ਹੋਵੇ ਤਾਂ ਖਾਸੀ ਦੁਸ਼ਵਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜੋਕੇ ਯੁੱਗ ਵਿਚ ਬਹੁਤ ਘੱਟ ਮਾਨਵੀ ਫਿਤਰਤ ਤੇ ਸਰੋਕਾਰਾਂ ਨਾਲ ਜੁੜਿਆ ਸਾਹਿਤ ਪ੍ਰਾਪਤ ਹੁੰਦਾ ਹੈ। ਪੰਜਾਬੀ ਸਾਹਿਤਕਾਰ ਕੋਲ ਦੇਣ ਲਈ ਉਪਦੇਸ਼ ਤਾਂ ਕਾਫੀ ਮਾਤਰਾ ਵਿਚ ਮੌਜੂਦ ਹੈ ਪ੍ਰੰਤੂ ਸਾਹਿਤਕ ਕਿਰਤਾਂ ਦੀਆਂ ਡੂੰਘੀਆਂ ਪਰਤਾਂ ਅੰਦਰ ਸਮੋਇਆ ਸੰਦੇਸ਼ ਬਹੁਤ ਘੱਟ ਲਭਦਾ ਹੈ।"

ਇਹ ਉਹ ਸਮਾਂ ਹੈ ਜਦੋਂ ਪ੍ਰੀਤਲੜੀ, ਨਾਗਮਣੀ ਤੇ ਆਰਸੀ ਜਿਹੇ ਮੈਗਜ਼ੀਨ ਛੱਪਣੋਂ ਬੰਦ ਹੋ ਗਏ ਸਨ। 'ਸਿਰਜਣਾ' ਦੀ 'ਮਨੋਪਲੀ' ਟੁੱਟਣ ਲੱਗੀ ਸੀ। ਲਕੀਰ, ਕਹਾਣੀ ਪੰਜਾਬ ਤੇ ਸ਼ਬਦ ਛਪਣੇ ਹੋ ਗਏ ਸਨ ਤੇ ਇਸ ਕਾਫਲੇ 'ਚ ਕਹਾਣੀ ਧਾਰਾ, ਪ੍ਰਵਚਨ ਆਦਿ ਮੈਗਜ਼ੀਨ ਸ਼ਾਮਿਲ ਹੋ ਗਏ ਸਨ। ਇਸੇ ਸਮੇਂ 'ਚ ਜਦੋਂ ਤੀਜੀ ਪੀੜ੍ਹੀ ਦੇ ਕਹਾਣੀਕਾਰ ਪ੍ਰੇਮ ਪ੍ਰਕਾਸ਼, ਮੋਹਨ ਭੰਡਾਰੀ, ਵਰਿਆਮ ਸੰਧੂ, ਗੁਰਬਚਨ ਭੁੱਲਰ, ਪ੍ਰੇਮ ਗੋਰਖੀ, ਬਲਦੇਵ ਸਿੰਘ, ਅਜੀਤ ਕੌਰ, ਜਸਬੀਰ ਭੁੱਲਰ, ਗੁਰਦੇਵ ਰੁਪਾਣਾ ਆਦਿ ਕਹਾਣੀਕਾਰ ਲਿਖ ਰਹੇ ਸਨ ਤਾਂ ਇਸੇ ਸਮੇਂ 'ਚ ਚੌਥੀ ਪੀੜ੍ਹੀ ਜੁਆਨ ਹੋਣੀ ਸ਼ੁਰੂ ਹੋਈ ਸੀ। ਕਹਾਣੀ ਲਿਖਣ ਵੇਲੇ ਇਨ੍ਹਾਂ ਕਹਾਣੀਕਾਰਾਂ ਅੱਗੇ ਕੋਈ ਬੰਦਿਸ਼ ਨਹੀਂ ਸੀ। ਕਿਸੇ ਪਾਰਟੀ ਦੇ ਦਿਸ਼ਾ-ਨਿਰਦੇਸ਼ ਨਹੀਂ ਸਨ।

ਇਸ ਮੁੱਲਾਂਕਣ ਦਾ ਆਧਾਰ ਅਸੀਂ ਸਿੱਧਾ ਨਹੀਂ ਅਪਣਾਇਆ ਕਿਉਂਜੁ ਇਸ ਗੱਲ ਦਾ ਖਦਸਾ ਸੀ ਕਿ ਜੇ ਅਸੀਂ ਲੇਖਕਾਂ/ਆਲੋਚਕਾਂ ਤੇ ਪਾਠਕਾਂ ਨੂੰ ਖ਼ਤ ਲਿਖ ਕੇ ਜਾਂ ਐਸ. ਐਮ. ਐਸ. ਕਰਕੇ ਉਨ੍ਹਾਂ ਦੀ ਪਸੰਦ ਪੁੱਛੀ ਤਾਂ ਮਾਲਵੇ ਦੇ 'ਤਿੰਨ ਕਹਾਣੀਕਾਰਾਂ' ਨੇ ਪਹਿਲੇ ਨੰਬਰ 'ਤੇ ਆਉਣ ਲਈ ਆਪਣਾ ਸਾਰਾ ਜ਼ੋਰ ਲਾ ਦੇਣਾ ਸੀ। ਇਕ ਵਾਰ ਚੰਡੀਗੜ੍ਹ ਦੇ ਵੱਡੇ ਪ੍ਰਕਾਸ਼ਨ ਨੇ ਪੰਜਾਬੀ 'ਚ 'ਬੁੱਕਰ ਪ੍ਰਾਈਜ' ਵਰਗਾ ਅਵਾਰਡ ਸ਼ੁਰੂ ਕਰਨ ਦੀ ਯੋਜਨਾ ਬਣਾਈ ਸੀ ਤਾਂ ਇਨ੍ਹਾਂ 'ਤਿੰਨ ਕਹਾਣੀਕਾਰਾਂ' 'ਚੋਂ ਇਕ ਨੇ ਆਪਣੇ ਪੱਖ 'ਚ ਢੇਡ ਸੌ ਖ਼ਤ ਪਵਾਇਆ ਸੀ।

ਅਸੀਂ ਇਹ ਮੰਨ ਕੇ ਤੁਰੇ ਹਾਂ ਕਿ ਇਹ ਮੁੱਲਾਂਕਣ ਵੀ ਸੰਪੂਰਨ ਨਹੀਂ ਹੈ। ਇਸ 'ਚ ਅਵੱਸ਼ ਹੀ ਕੁਝ ਘਾਟਾਂ ਰਹਿ ਗਈਆਂ ਹੋਈਆਂ ਜਾਂ ਸਾਡੇ ਪੜ੍ਹਣ/ਘੋਖਣ ਦੀ ਵੀ ਇਕ ਸੀਮਾ ਹੈ ਪਰ ਇਸ ਨਾਲ ਕੁਝ ਕਹਾਣੀਆਂ/ਕਹਾਣੀ ਸੰਗ੍ਰਹਿ ਅਵੱਸ਼ ਹੀ ਸਾਹਮਣੇ ਆਏ ਹਨ। ਇਹ ਉਹ ਕਹਾਣੀਆਂ ਹਨ ਜਿਨ੍ਹਾਂ ਨੂੰ ਪੰਜਾਬੀ ਦੀਆਂ ਸ਼੍ਰੇਸਟ/ਮੀਲ ਪੱਥਰ ਕਹਾਣੀਆਂ ਆਖਿਆ ਜਾ ਸਕਦਾ ਹੈ। ਇਨ੍ਹਾਂ



ਕਹਾਣੀਆਂ ਨੂੰ ਆਲੋਚਕਾਂ/ਸਥਾਪਤ ਕਹਾਣੀਕਾਰਾਂ/ਸੰਪਾਦਕਾਂ ਤੇ ਕੁਝ ਕੁ ਸੂਝਵਾਨ ਪਾਠਕਾਂ ਨੇ ਪਸੰਦ ਕੀਤਾ ਹੈ।

ਵਿਸ਼ੇਸ਼ ਨੋਟ : (1) ਇਸ ਮੁੱਲਾਂਕਣ 'ਚ ਸੰਪਾਦਕਾਂ ਹਰਜੀਤ ਅਟਵਾਲ, ਹਰਮਹਿੰਦਰ ਚਹਿਲ ਅਤੇ ਪ੍ਰੇਮ ਮਾਨ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਭਾਵ ਇਨ੍ਹਾਂ ਦੀਆਂ ਕਹਾਣੀਆਂ/ਕਹਾਣੀ ਸੰਗ੍ਰਹਿਆਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ।

(2) ਸਾਲ ਦੀਆਂ ਸਰਵੋਤਮ ਕਹਾਣੀਆਂ ਦੇ ਸੰਗ੍ਰਹਿਆਂ ਨੂੰ ਨਹੀਂ ਸ਼ਾਮਿਲ ਕੀਤਾ ਗਿਆ।

ਸਾਡੇ ਇਸ ਮੁੱਲਾਂਕਣ ਦੇ ਸੋਮੇ ਹਨ :

**(ੳ) ਪੇਪਰ** : ਡਾ. ਜੋਗਿੰਦਰ ਸਿੰਘ ਰਾਹੀਂ, ਡਾ. ਰਘਬੀਰ ਸਿੰਘ, ਡਾ. ਸੁਤਿੰਦਰ ਸਿੰਘ ਨੂਰ, ਡਾ. ਧਨਵੰਤ ਕੌਰ, ਡਾ. ਜਸਵਿੰਦਰ ਸਿੰਘ, ਡਾ. ਬਲਕਾਰ ਸਿੰਘ, ਡਾ. ਹਰਚੰਦ ਸਿੰਘ ਬੇਦੀ, ਡਾ. ਰਮਿੰਦਰ ਕੌਰ, ਡਾ. ਸੁਖਵਿੰਦਰ ਸਿੰਘ ਰੰਧਾਵਾ, ਡਾ. ਗੁਰਲਾਲ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਸੁਖਪਾਲ ਸਿੰਘ ਥਿੰਦ, ਡਾ. ਜਸਵਿੰਦਰ ਕੌਰ ਬਿੰਦਰਾ, ਡਾ. ਵਨੀਤਾ, ਡਾ. ਸਤਿੰਦਰ ਔਲਖ, ਡਾ. ਗੁਰਮੀਤ ਕੱਲਰਮਾਜਰੀ, ਡਾ. ਗੁਰਦੇਵ ਸਿੰਘ ਚੰਦੀ, ਡਾ. ਬਲਦੇਵ ਧਾਲੀਵਾਲ, ਡਾ. ਦਵਿੰਦਰ ਸਿੰਘ ਜੰਮੂ, ਡਾ. ਜੇ. ਬੀ. ਸੇਖੋਂ, ਡਾ. ਰਵੀ ਰਵਿੰਦਰ, ਡਾ. ਅਕਾਲ ਅੰਮ੍ਰਿਤ ਕੌਰ, ਡਾ. ਦਲਜੀਤ ਸਿੰਘ, ਡਾ. ਸੁਰਿੰਦਰ ਕੁਮਾਰ ਦਵੇਸ਼ਵਰ।

**(ਅ) ਇੰਟਰਵਿਊ** : ਸੰਤੋਖ ਸਿੰਘ ਧੀਰ, ਜਸਵੰਤ ਸਿੰਘ ਵਿਰਦੀ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਧਨਵੰਤ ਕੌਰ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ, ਮੋਹਨ ਭੰਡਾਰੀ, ਗੁਰਬਚਨ ਸਿੰਘ ਭੁੱਲਰ, ਮਨਮੋਹਨ ਬਾਵਾ, ਰਾਮ ਸਰੂਪ ਅਣਖੀ, ਜੋਗਿੰਦਰ ਸਿੰਘ ਨਿਰਾਲਾ, ਬਲਦੇਵ ਸਿੰਘ, ਗੁਰਦਿਆਲ ਸਿੰਘ, ਜਿੰਦਰ, ਗੁਰਮੇਲ ਮਡਾਹੜ, ਕ੍ਰਿਪਾਲ ਕਜ਼ਾਕ, ਗੁਲਜ਼ਾਰ ਸਿੰਘ ਸੰਧੂ, ਅਤਰਜੀਤ, ਪਰਗਟ ਸਿੰਘ ਸਿੱਧੂ, ਡਾ. ਟੀ. ਆਰ. ਵਿਨੋਦ, ਡਾ. ਬਲਕਾਰ ਸਿੰਘ, ਡਾ. ਜਸਵਿੰਦਰ ਕੌਰ ਬਿੰਦਰਾ, ਜਰਨੈਲ ਸਿੰਘ।

**(ੲ) ਮੈਗਜ਼ੀਨਾਂ ਦੀ ਸੰਪਾਦਕੀ** : ਲਕੀਰ, ਸਿਰਜਣਾ, ਸ਼ਬਦ, ਕਹਾਣੀ ਪੰਜਾਬ, ਕਹਾਣੀਧਾਰਾ, ਅੱਖਰ, ਅਜੋਕੇ ਸ਼ਿਲਾਲੇਖ, ਪ੍ਰਵਚਨ, ਸਮਦਰਸ਼ੀ।

**ਸੰਪਾਦਤ ਪੁਸਤਕਾਂ :**

**ਚੌਥੀ ਕੂੰਟ/ਪ੍ਰੇਮ ਪ੍ਰਕਾਸ਼ (ਦੁਆਬਾ ਕਹਾਣੀ ਮੰਚ, ਜਲੰਧਰ), 1994,** ਨਾਨੀਆਂ-ਅਮਰਗਿਰੀ, ਤੁਸੀਂ ਨਹੀਂ ਸਮਝ ਸਕਦੇ-ਜਿੰਦਰ, ਖੂਹ ਖਾਤੇ-ਜਸਵਿੰਦਰ ਸਿੰਘ, ਹੱਡਾਰੋੜੀ ਤੇ ਰੇਹੜੀ-ਗੁਰਮੀਤ ਕੜਿਆਲਵੀ, ਦਾਨਵ-ਅਵਤਾਰ ਸਿੰਘ ਬਿਲਿੰਗ, ਦਬਾਅ-ਦੇਸ ਰਾਜ ਕਾਲੀ, ਤਨਾਉ ਮੁਕਤ-ਬਿੰਦਰ ਬਸਰਾ, ਕੀੜਾ-ਭਗਵੰਤ ਰਸੂਲਪੁਰੀ ਅਤੇ ਬੰਜਰ-ਜਗਰੂਪ ਸਿੰਘ ਦਾਤੇਵਾਸ।

**ਗੰਢਾਂ/ਪ੍ਰੇਮ ਪ੍ਰਕਾਸ਼ (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ)** 2003, ਕਬੂਤਰ-ਮੋਹਨ ਭੰਡਾਰੀ, ਨੌਂ ਬਾਰਾਂ ਦਸ-ਵਰਿਆਮ ਸਿੰਘ ਸੰਧੂ, ਬੋਲ ਮੇਰੀ ਮਛਲੀ-ਸੁਖਵੰਤ ਕੌਰ ਮਾਨ, ਦੁਰਗ ਟੁੱਟਦੇ ਹਨ-ਗੁਰਪਾਲ ਲਿੱਟ, ਨਰ ਬਲੀ-ਮਨਮੋਹਨ ਬਾਵਾ, ਗੁੰਮਸ਼ੁਦਾ-ਕਿਰਪਾਲ ਕਜ਼ਾਕ, ਜੜ੍ਹਾਂ-ਪ੍ਰੇਮ ਗੋਰਖੀ, ਪੈਂਡਾ-ਤਲਵਿੰਦਰ ਸਿੰਘ, ਕਤਲ-ਜਿੰਦਰ, ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ-ਬਲਵਿੰਦਰ ਸਿੰਘ ਗਰੇਵਾਲ, ਅੰਤਰਾ-ਸੁਖਜੀਤ, ਗੁਲਬਾਨੋ-ਵੀਨਾ ਵਰਮਾ, ਚੱਲ ਬਰਨਾਲੇ ਚੱਲੀਏ-ਜਗਰੂਪ ਸਿੰਘ ਦਾਤੇਵਾਸ, ਚੀਕ-ਦੇਸਰਾਜ ਕਾਲੀ, ਕਸੂਰਵਾਰ-ਭਗਵੰਤ ਰਸੂਲਪੁਰੀ, ਇਕਬਾਲ ਹੁਸੈਨ ਮੋਇਆ ਨਹੀਂ-ਅਜਮੇਰ ਸਿੱਧੂ, ਮੇਰੀ ਲੂੰਮੜੀ-ਪਰਵੇਜ਼ ਸੰਧੂ, ਸੁਪਨਿਆਂ ਦੇ

ਸੌਦਾਗਰ-ਐਸ. ਬਲਵੰਤ, ਅੱਖ ਦੀ ਲਿਸ਼ਕ-ਤਰਲੋਚਨ ਸਿੰਘ ਭਾਟੀਆ, ਨੰਗੇਜ਼-ਜਤਿੰਦਰ ਹੰਸ, ਰੋਸ਼ੀ-ਬਲਦੇਵ ਸਿੰਘ ਢੀਂਡਸਾ, ਦਾੜ੍ਹੀ-ਤੌਕੀਰ ਚੁਕਤਾਈ, ਮੁਕਤੀ ਲਈ ਭਟਕਦੇ ਮਠ-ਸ਼ਮਸ਼ੇਰ ਢਪਾਲੀ, ਜਾਅਲਸਾਜ਼-ਗੁਲਜ਼ਾਰ ਮੁਹੰਮਦ ਗੋਰੀਆ, ਖਿੰਡਿਆ ਆਦਮੀ-ਨਿਰਮਲ ਜਸਵਾਲ ਅਤੇ ਅਨੁਸ਼ਠਾਨ-ਪ੍ਰੇਮ ਪ੍ਰਕਾਸ਼।

**ਜੁਗਲਬੰਦੀਆਂ/ਪ੍ਰੇਮ ਪ੍ਰਕਾਸ਼ (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ)** 2005, ਘੁੰਡ-ਕੁਲਵੰਤ ਸਿੰਘ ਵਿਰਕ, ਰੋਟੀ-ਗੁਰਦੇਵ ਸਿੰਘ ਰੁਪਾਣਾ, ਅੱਧਾ ਆਦਮੀ-ਰਾਮ ਸਰੂਪ ਅਣਖੀ, ਨੇੜੇ-ਦੂਰ-ਬਲਦੇਵ ਸਿੰਘ, ਸੰਗਚੂਰ-ਤਰਸੇਮ ਨੀਲਗਿਰੀ, ਨੀਲੀ ਅੱਗ-ਦਲਬੀਰ ਚੇਤਨ, ਬਸ ਹੁਣ ਤੂੰ ਸੌਂ ਜਾਵੀਂ-ਜਿੰਦਰ, ਕਾਮ ਬਲੀ-ਸੁਖਜੀਤ, ਸੈਂਡੀ ਫਿਰ ਉਦਾਸ ਸੀ-ਪਰਵੇਜ਼ ਸੰਧੂ, ਤੂੰ ਕੌਣ ਹੈਂ-ਵੀਨਾ ਵਰਮਾ, ਵਿਚਲੀ ਔਰਤ-ਤਲਵਿੰਦਰ ਸਿੰਘ, ਇਕ ਬੇਸ਼ਰਮ ਕਹਾਣੀ-ਅਮਰੀਕ ਸਿੰਘ ਬਨਵੈਤ, ਤਿਕੋਨ-ਜਗਰੂਪ ਸਿੰਘ ਦਾਤੇਵਾਸ, ਕੀੜਾ-ਭਗਵੰਤ ਰਸੂਲਪੁਰੀ, ਜਲਾਵਤਨ-ਸੁਕੀਰਤ, ਗੁੰਗੀ ਤ੍ਰੇਹ-ਅਮੀਨ ਮਲਿਕ, ਮੱਛੀਆਂ-ਨਿਰਮਲ ਜਸਵਾਲ, ਅਚਾਨਕ ਸਾਹਮਣੇ-ਬਲਵੀਰ ਪਰਵਾਨਾ, ਮੈਂ, ਪਾਪਾ ਤੇ ਉਹ-ਸੁਰਿੰਦਰ ਨੀਰ, ਰੇਪ-ਸਰੂਪ ਸਿਆਲਵੀ, ਚੰਦਰਮੁਖੀ-ਸੁਖਰਾਜ ਧਾਲੀਵਾਲ, ਐਵੇਂ ਹੀ-ਅਨੇਮਨ ਸਿੰਘ ਅਤੇ ਘੋੜਾ-ਪ੍ਰੇਮ ਪ੍ਰਕਾਸ਼।

**ਮੁਹੱਬਤਾਂ/ਪ੍ਰੇਮ ਪ੍ਰਕਾਸ਼ (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ)** 2002, ਰਸਭਰੀਆਂ-ਕੁਲਵੰਤ ਸਿੰਘ ਵਿਰਕ, ਡੈੱਡ ਲਾਈਨ-ਪ੍ਰੇਮ ਪ੍ਰਕਾਸ਼, ਕੀੜੀਆਂ-ਸੁਖਵੰਤ ਕੌਰ ਮਾਨ, ਦੁਰਗ ਟੁੱਟਦੇ ਹਨ-ਗੁਰਪਾਲ ਸਿੰਘ ਲਿਟ, ਪਾਣੀ ਦੀ ਕੰਧ-ਕਿਰਪਾਲ ਕਜ਼ਾਕ, ਅਜਾਤ ਸੁੰਦਰੀ-ਮਨਮੋਹਨ ਬਾਵਾ, ਗੰਗਾ 'ਚੋਂ ਨਿਕਲੇ ਹੱਥ-ਤਰਸੇਮ ਨੀਲਗਿਰੀ, ਬਰਫ਼-ਸੁਖਜੀਤ, ਵਿਚ ਵਿਚਕਾਰ-ਅਮਰੀਕ ਸਿੰਘ ਬਨਵੈਤ, ਅੰਟੀ ਨੇ ਠੀਕ ਕਿਹਾ ਸੀ-ਜਗਰੂਪ ਸਿੰਘ ਦਾਤੇਵਾਸ, ਪੁਲ-ਹਰਜੀਤ ਅਟਵਾਲ, ਖ਼ੁਸ਼ਬੂ-ਕਾਨਾ ਸਿੰਘ, ਕਤਲ-ਜਿੰਦਰ, ਸੌਂਕਣ-ਪਰਵੇਜ਼ ਸੰਧੂ, ਸੁਪਨੇ ਤੇ ਸੌਦਾਗਰ-ਐਸ. ਬਲਵੰਤ, ਤਈਅਬਾ-ਵੀਨਾ ਵਰਮਾ, ਮਾਇਆ ਜਾਲ-ਤਲਵਿੰਦਰ ਸਿੰਘ, ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ-ਬਲਵਿੰਦਰ ਸਿੰਘ ਗਰੇਵਾਲ, ਅੱਧੀ ਕੰਧ-ਨਿਰਮਲ ਜਸਵਾਲ ਅਤੇ ਮੇਰੇ ਵਰਗੀ-ਬਲਦੇਵ ਸਿੰਘ ਢੀਂਡਸਾ।

**ਨਵੀਂ ਫਸਲ-ਰਾਮ ਸਰੂਪ ਅਣਖੀ (ਨੈਸ਼ਨਲ ਬੁਕ ਸ਼ਾਪ, ਦਿੱਲੀ)** 2003, ਹੰਝੂ ਅਤੇ ਹਾਸਾ-ਸੁਰਜੀਤ ਬਰਾੜ, ਰੋਸ਼ੀ-ਬਲਦੇਵ ਸਿੰਘ ਢੀਂਡਸਾ, ਡਾਲਰ-ਪਰਮਜੀਤ ਮਾਨ, ਔੜ-ਹਰਜੀਤ, ਖੁਰਨ ਤੋਂ ਪਹਿਲੋਂ-ਕੁਲਜੀਤ ਮਾਨ, ਬਿਨਾਂ ਵਜ੍ਹਾ ਤਾਂ ਨਹੀਂ-ਜਿੰਦਰ, ਪਾਰਦਰਸ਼ੀ-ਨਿਰਮਲ ਜਸਵਾਲ, ਅਧੂਰੀ ਔਰਤ-ਮਨਮੋਹਨ ਕੌਰ, ਮਾਸਟਰ ਕਿੱਤਾ ਮੁਖੀ-ਅਮਰ ਗਿਰੀ, ਧੂੰਆਂ-ਬਲਬੀਰ ਪਰਵਾਨਾ, ਬੀਬੋ-ਹਰਜਿੰਦਰ ਸਿੰਘ ਸੂਰੇਵਾਲੀਆ, ਉਮਰੋਂ ਲੰਮੇ ਦੁੱਖ-ਭੋਲਾ ਸਿੰਘ ਸੰਘੇੜਾ, ਕਾਰਗਿਲ-ਬਲਦੇਵ ਸਿੰਘ ਧਾਲੀਵਾਲ, ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ-ਬਲਵਿੰਦਰ ਸਿੰਘ ਗਰੇਵਾਲ, ਤੂੰ ਕੌਣ ਹੈਂ ?-ਵੀਨਾ ਵਰਮਾ, ਚਾਂਦੀ ਦੀ ਗੜਬੀ-ਮੇਜਰ ਮਾਂਗਟ, ਸ਼ਰਤ-ਬੂਟਾ ਸਿੰਘ ਚੌਹਾਨ, ਲਾਸ਼-ਕੇਸਰਾ ਰਾਮ, ਮੱਸਟੈਂਗ ਰੈਂਚ-ਗੁਰਪ੍ਰੀਤ ਧਾਲੀਵਾਲ, ਦੋਰੰਗੀ-ਹਰਪ੍ਰੀਤ ਸੇਖਾ, ਜਦੋਂ ਧਰਤੀ ਡੋਲਦੀ ਹੈ-ਜਸਵੀਰ ਸਿੰਘ ਰਾਣਾ, ਸਾਰੰਗੀ ਦੀ ਮੌਤ-ਗੁਰਮੀਤ ਕੜਿਆਲਵੀ, ਚੋਰੀ-ਬਲਜਿੰਦਰ ਨਸਰਾਲੀ, ਨੰਗੇਜ-ਜਤਿੰਦਰ ਸਿੰਘ ਹੰਸ ਅਤੇ ਖੂਹ ਗਿੜਦਾ ਹੈ-ਅਜਮੇਰ ਸੰਧੂ।

**20ਵੀਂ ਸਦੀ ਦੀ ਕਹਾਣੀ/ਰਾਮ ਸਰੂਪ ਅਣਖੀ (ਨੈਸ਼ਨਲ ਬੁਕ ਸ਼ਾਪ, ਦਿੱਲੀ)** 2002, ਜਨਮ ਭੂਮੀ-ਜਰਨੈਲ ਸਿੰਘ ਗਰਚਾ, ਅਲੋਰਾ ਦੀ ਮਹਾਂਮੇਧਾ-ਮਨਮੋਹਨ ਬਾਵਾ, ਬਰਫ਼ ਥੱਲੇ ਦੱਬੀ ਹੋਈ ਅੱਗ-ਜਸਵੰਤ ਸਿੰਘ ਵਿਰਦੀ, ਮੰਡੀ ਵਿਚ ਗੁਆਚਾ ਆਦਮੀ-ਮੇਹਰ ਸਿੰਘ, ਚਿੰਤਾਮਨੀ-ਐਸ. ਸਾਕੀ, ਬੋਲ ਮੇਰੀ ਮੱਛਲੀ-ਸੁਖਵੰਤ ਕੌਰ ਮਾਨ, ਨਿਆਜ਼ਬੋ-



ਚੰਦਨ ਨੇਗੀ, ਛੋਟਾ ਜਿਹਾ ਆਦਮੀ-ਬਲਦੇਵ ਸਿੰਘ ਲੰਡਨ, ਸੌਰੀ ਜਗਨ-ਲਾਲ ਸਿੰਘ, ਪਰਲੋ-ਪ੍ਰਗਟ ਸਿੰਘ ਸਿੱਧੂ, ਪੰਛੀਆਂ ਦੀ ਤਫ਼ਤੀਸ਼-ਜਸਬੀਰ ਭੁੱਲਰ, ਇੰਡੀਆ-ਕੇ. ਐਲ. ਗਰਗ, ਮਰ ਗਿਆ ਬਿਸਨੂੰ-ਬਲਦੇਵ ਸਿੰਘ, ਮਾਂ-ਨ੍ਰਿਪਇੰਦਰ ਰਤਨ, ਟੁੱਟੀ ਵੰਗ-ਭੂਰਾ ਸਿੰਘ ਕਲੇਰ, ਗੁੰਬਦ ਦੀ ਆਵਾਜ਼-ਗੁਰਮੇਲ ਮਡਾਹੜ, ਬੁਖ਼ਾਰ-ਗੁਰਦਿਆਲ ਦਲਾਲ, ਜੈਲੂ ਮੁਕਬਰ-ਬੰਤ ਸਿੰਘ ਚੱਠਾ, ਹੱਥ ਕੰਗਣ ਅਤੇ ਆਰਸੀਆਂ-ਗੁਲ ਚੌਹਾਨ, ਵਾਵਰੋਲੇ 'ਚ ਉਡਦੇ ਪੱਤੇ-ਨੱਛਤਰ, ਤੂਫਾਨ ਅੰਦਰ ਤੂਫਾਨ-ਪਰਮਜੀਤ ਮਾਨ, ਨਵੇਂ ਗੀਤ ਦਾ ਮੁਖੜਾ-ਹਰਜੀਤ ਅਟਵਾਲ, ਪੁੱਤਰ-ਦਾਨ-ਕੁਲਜੀਤ ਮਾਨ, ਜ਼ਹਿਰ-ਜਿੰਦਰ, ਰੇਤ ਦਾ ਰਿਸ਼ਤਾ-ਨਿਰਮਲ ਜਸਵਾਲ, ਮਾਇਆ ਜਾਲ-ਤਲਵਿੰਦਰ ਸਿੰਘ, ਦੁੱਧ ਧਾਰ-ਪ੍ਰੇਮ ਗੋਰਖੀ, ਜੱਥੇਦਾਰ ਚੜ੍ਹਤ ਸਿੰਘ-ਹਰਜਿੰਦਰ ਸਿੰਘ ਸੂਰੇਵਾਲੀਆ, ਸੁੱਕੀ ਖੂਹੀ-ਵੀਨਾ ਵਰਮਾ, ਤਕੂਰਾ-ਅਮਨਪਾਲ ਸਾਰਾ, ਸਿਰਫ਼ ਇੱਕ ਵਾਰ-ਪਰਵੇਜ਼ ਸੰਧੂ, ਜੂਠ-ਗੁਰਪ੍ਰੀਤ ਧਾਲੀਵਾਲ, ਕੰਟਰੋਲ ਰੇਖਾ-ਜਸਵੀਰ ਸਿੰਘ ਰਾਣਾ, ਕਿੱਲੇ ਵਾਲਾ ਕੁੱਤਾ-ਜਤਿੰਦਰ ਸਿੰਘ ਹੰਸ, ਇਕਬਾਲ ਹੁਸੈਨ ਮੋਇਆ ਨਹੀਂ-ਅਜਮੇਰ ਸਿੱਧੂ ਅਤੇ ਲੋਹੇ ਦਾ ਗੇਟ-ਰਾਮ ਸਰੂਪ ਅਣਖੀ।

**ਵੀਹਵੀਂ ਸਦੀ ਦੀ ਪੰਜਾਬੀ ਕਹਾਣੀ/ਰਘਬੀਰ ਸਿੰਘ (ਸਾਹਿਤ ਅਕਾਦਮੀ, ਦਿੱਲੀ)** 2003, ਇਸਤਰੀ ਸਭਾ-ਚਰਨ ਸਿੰਘ ਸ਼ਹੀਦ, ਹਲਕਾ ਕੁੱਤਾ-ਹੀਰਾ ਸਿੰਘ ਦਰਦ, ਇਕ ਅੱਧਾ ਮਿੰਟ-ਲਾਲ ਸਿੰਘ ਕਮਲਾ ਅਕਾਲੀ, ਮੁਬੀਨਾ ਕਿ ਸੁਕੀਨਾ-ਗੁਰਬਖ਼ਸ਼ ਸਿੰਘ, ਤਾਸ਼ ਦੀ ਆਦਤ-ਨਾਨਕ ਸਿੰਘ, ਗੁਟਾਰ-ਗੁਰਮੁਖ ਸਿੰਘ ਮੁਸਾਫਰ, ਸਵਾ ਪੰਜ ਰੁਪਏ-ਮੋਹਨ ਸਿੰਘ ਦੀਵਾਨਾ, ਮਾਂ-ਮੋਹਨ ਸਿੰਘ, ਬ੍ਰਹਮਚਾਰੀ-ਦੇਵਿੰਦਰ ਸਤਿਆਰਥੀ, ਹਲ ਵਾਹ-ਸੰਤ ਸਿੰਘ ਸੇਖੋਂ, ਕੁਲਫ਼ੀ-ਸੁਜਾਨ ਸਿੰਘ, ਆਜੜੀ-ਨੌਰੰਗ ਸਿੰਘ, ਕੂੰਜਾਂ ਉੱਡ ਚੱਲੀਆਂ-ਹਰੀ ਸਿੰਘ ਦਿਲਬਰ, ਵਣ ਤੇ ਕਰੀਰ-ਗੁਰਚਰਨ ਸਿੰਘ, ਤ੍ਰਿਸ਼ਨਾ-ਕਰਤਾਰ ਸਿੰਘ ਦੁੱਗਲ, ਇਹ ਪਿੰਡ ਹੈ-ਬੂਟਾ ਸਿੰਘ, ਗਵਾਚੀ ਪੱਗ-ਜਸਵੰਤ ਸਿੰਘ ਕੰਵਲ, ਆਰਤੀ-ਅੰਮ੍ਰਿਤਾ ਪ੍ਰੀਤਮ, ਦੋ ਹੰਝੂ-ਮਹਿੰਦਰ ਸਿੰਘ ਜੋਸ਼ੀ, ਭੇਤ ਵਾਲੀ ਗੱਲ-ਸੰਤੋਖ ਸਿੰਘ ਧੀਰ, ਕਸ਼ਟ ਨਿਵਾਰਣ-ਕੁਲਵੰਤ ਸਿੰਘ ਵਿਰਕ, ਪੀੜਤ ਨਾਰ-ਗੁਰਮੁਖ ਸਿੰਘ ਜੀਤ, ਊਨਾ ਆਦਮੀ-ਤਰਲੋਕ ਮਨਸੂਰ, ਹਮਸਫ਼ਰ-ਪ੍ਰੀਤਮ ਸਿੰਘ ਪੰਛੀ, ਆਪਣਾ ਦੇਸ਼ ਪਰਾਇਆ ਦੇਸ-ਸਵਿੰਦਰ ਸਿੰਘ ਉੱਪਲ, ਸੁਨੇਹਾ-ਨਵਤੇਜ ਸਿੰਘ, ਇਕਾਈ-ਸੁਖਬੀਰ, ਇਕ ਬਾਲੜੀ ਦੋ ਪਤਾਸੇ-ਮਹਿੰਦਰ ਸਿੰਘ ਸਰਨਾ, ਸਾਡਾ ਪਿੰਡ-ਗੁਰਵੇਲ ਸਿੰਘ ਪੰਨੂ, ਤਲਾਸ਼-ਅਮਰ ਸਿੰਘ, ਦਰ ਦਰਵੇਸ਼ੀ ਰਾਖੜੀ-ਪਿਆਰਾ ਸਿੰਘ ਭੋਗਲ, ਡੈਡ ਲਾਈਨ-ਪ੍ਰੇਮ ਪ੍ਰਕਾਸ਼, ਇਕਲਵਅ-ਮਨਮੋਹਨ ਬਾਵਾ, ਖਾਰਾ ਦੁੱਧ-ਰਾਮ ਸਰੂਪ ਅਣਖੀ, ਬਿਗਾਨਾ ਪਿੰਡ-ਗੁਰਦਿਆਲ ਸਿੰਘ, ਮੂੰਹ ਮੰਗੇ ਪੈਸੇ-ਦਲਜੀਤ ਸਿੰਘ, ਪੁਲ-ਜਸਵੰਤ ਸਿੰਘ ਵਿਰਦੀ, ਕਨੇਚ ਦੀਆਂ ਕੁੜੀਆਂ-ਮਹਿਰਮ ਯਾਰ, ਸੱਪ ਦੀ ਅੱਖ-ਰਘੁਬੀਰ ਢੰਡ, ਕਸਾਈਵਾੜਾ-ਅਜੀਤ ਕੌਰ, ਦੌੜ-ਦਰਸ਼ਨ ਸਿੰਘ ਧੀਰ, ਇਕ ਇੱਟ ਵਾਲੀ ਹਵੇਲੀ-ਗੁਲਜ਼ਾਰ ਸਿੰਘ ਸੰਧੂ, ਰੱਬ ਤੇ ਰੁੱਤਾਂ-ਦਲੀਪ ਕੌਰ ਟਿਵਾਣਾ, ਵਧੇਰੇ ਉੱਚਾ ਕੱਦ-ਰਣਜੀਤ ਸਿੰਘ ਭਿੰਡਰ, ਪਿਆਸ-ਗੁਰਦੇਵ ਸਿੰਘ ਰੁਪਾਣਾ, ਸਰਦਾਰਾਂ ਦੀ ਧੀ-ਐਨ. ਕੌਰ, ਧਾਈਂ ਦਾ ਢੇਰ-ਸਰਨ ਸਿੰਘ, ਕਿੱਲੇ ਨਾਲ ਬੱਧੀ ਗਾਂ-ਰਾਜਿੰਦਰ ਕੌਰ, ਚੱਟੂ-ਸੁਖਵੰਤ ਕੌਰ ਮਾਨ, ਘੋਟਣਾ-ਮੋਹਨ ਭੰਡਾਰੀ, ਅਤੀਤ ਦਾ ਹਉਕਾ-ਸ਼ਿਵਚਰਨ ਗਿੱਲ, ਅਪਰਾਧ ਮੁਕਤ-ਰਵਿੰਦਰ ਰਵੀ, ਦੋ ਜਣੇ-ਗੁਰਬਚਨ ਸਿੰਘ ਭੁੱਲਰ, ਨਾਗਫ਼ਨੀ-ਚੰਦਨ ਨੇਗੀ, ਚੁੜੇਲ-ਬਲਦੇਵ ਸਿੰਘ ਲੰਡਨ, ਰੇਤ ਦਾ ਬੰਨ੍ਹ-ਮੁਸ਼ਤਾਕ ਸਿੰਘ, ਸ਼ੀਸ਼ੇ ਦਾ ਘਰ-ਸ਼ਰਨ ਮੱਕੜ, ਨੱਚਦੇ ਮੋਰਾਂ ਵਾਲੀ ਚਾਦਰ-ਸੰਤੋਖ ਧਾਲੀਵਾਲ, ਬਲੀਦਾਨ-ਸਾਧੂ ਸਿੰਘ, ਭੁੱਬਲ ਦੀ ਅੱਗ-ਬਚਿੰਤ ਕੌਰ, ਅੱਧੇ ਅਧੂਰੇ-ਲਾਲ ਸਿੰਘ, ਸਾਂਝ-ਪਰਗਟ ਸਿੰਘ ਸਿੱਧੂ, ਸਬੂਤੇ ਕਦਮ-ਅਤਰਜੀਤ, ਨੀਲੇ ਖੰਭਾਂ ਵਾਲਾ ਕਲਾਕ-ਜਗਜੀਤ ਬਰਾੜ, ਪਾਪਾ ਮੈਨੂੰ ਮਾਫ਼ ਕਰ ਦਿਉ-ਜੋਗਿੰਦਰ ਕੈਰੋਂ, ਆਲ੍ਹਣੇ-ਸਵਰਨ ਚੰਦਨ, ਅਲ੍ਹੜ ਬਲ੍ਹੜ

ਬਾਵੇ ਦਾ-ਜਸਬੀਰ ਭੁੱਲਰ, ਪਿੱਪਲ ਵਾਲਾ ਘਰ-ਐਸ. ਤਰਸੇਮ, ਬੀਤ ਗਏ ਮੌਸਮ ਦੀ ਧੁਨ-ਕਿਰਪਾਲ ਕਜ਼ਾਕ, ਤਲਬ ਦਾ ਰਿਸ਼ਤਾ-ਕੇ. ਐਲ. ਗਰਗ, ਗੱਦਰ ਬੇਰ-ਮੁਖ਼ਤਿਆਰ ਸਿੰਘ, ਦੂਰ-ਨੇੜੇ-ਬਲਦੇਵ ਸਿੰਘ, ਕਿਉ ਗਾਰਡਨ ਦੇ ਰੁੱਖ-ਗੁਰਨਾਮ ਗਿੱਲ, ਇਕ ਅਫ਼ਸਰ ਦਾ ਜਨਮ-ਨਿਪ੍ਰਇੰਦਰ ਰਤਨ, ਕਾਲੇ ਪ੍ਰਛਾਵੇਂ-ਦਲਬੀਰ ਚੇਤਨ, ਦੋ ਟਾਪੂ-ਜਰਨੈਲ ਸਿੰਘ, ਸੁੱਕੀ ਖੂਹੀ-ਮੁਖ਼ਤਾਰ ਗਿੱਲ, ਦੁਸ਼ਮਣ-ਗੁਰਮੇਲ ਮਡਾਹੜ, ਰੱਜੇ ਪੁੱਜੇ ਲੋਕ-ਜੋਗਿੰਦਰ ਸਿੰਘ ਨਿਰਾਲਾ, ਡੁੰਮ੍ਹ-ਵਰਿਆਮ ਸਿੰਘ ਸੰਧੂ, ਨਥੀਆ ਸਾਂਹਸਣ-ਐੱਸ ਬਲਵੰਤ, ਇਕ ਮਾਂ ਦਾ ਹਨੀਮੂਨ-ਗੁਰਪਾਲ ਲਿੱਟ, ਜੀਣ ਮਰਨ-ਪ੍ਰੇਮ ਗੋਰਖੀ, ਫੌਜੀ ਬੰਤਾ ਸਿੰਘ-ਸਾਧੂ ਬਿਨਿੰਗ, ਬੱਚੀ...ਕੁੜੀ...ਔਰਤ-ਰਸ਼ਪਿੰਦਰ ਰਸ਼ਿਮ, ਮੁਖੜਾ ਚੰਨ ਵਰਗਾ-ਅਮਰਜੀਤ ਚਾਹਲ, ਬੋਝ-ਹਰਜੀਤ ਅਟਵਾਲ, ਸੁਫ਼ਨਾ ਅਤੇ ਸੱਚ-ਅਵਤਾਰ ਸਿੰਘ ਬਿਲਿੰਗ, ਆਉ ਜੀ ! ਚੱਲੀਏ-ਜਸਵਿੰਦਰ ਸਿੰਘ, ਵਿਚਲੀ ਔਰਤ-ਤਲਵਿੰਦਰ ਸਿੰਘ, ਜੰਕਸ਼ਨ-ਗੁਲਜ਼ਾਰ ਮੁਹੰਮਦ ਗੋਰੀਆ, ਵੀਹਾ ਦਾ ਨੋਟ-ਅਮਨਪਾਲ ਸਾਰਾ, ਜਵਾਲਾਮੁਖੀ-ਜਿੰਦਰ, ਓਪਰੀ ਹਵਾ-ਬਲਦੇਵ ਸਿੰਘ ਧਾਲੀਵਾਲ, ਸਤਾਈ ਮੀਲ-ਸੁਖਜੀਤ, ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ-ਬਲਵਿੰਦਰ ਸਿੰਘ ਗਰੇਵਾਲ, ਬਬੀਹੇ ਦਾ ਆਲ੍ਹਣਾ-ਵੀਨਾ ਵਰਮਾ, ਕਸੂਰਵਾਰ-ਭਗਵੰਤ ਰਸੂਲਪੁਰੀ, ਕਲਾਣ-ਸਰਵਜੀਤ ਅਤੇ ਦਾ ਸਵਾਰਡ ਆਫ ਬੰਦਾ ਸਿੰਘ ਬਹਾਦਰ-ਅਜਮੇਰ ਸਿੱਧੂ।

**ਪੰਜਾਬੀ ਕਹਾਣੀ ਕੋਸ਼/ਗੁਰਬਚਨ ਸਿੰਘ ਭੁੱਲਰ (ਨੈਸ਼ਨਲ ਬੁੱਕ ਸ਼ਾਪ, ਦਿੱਲੀ)** 1999, ਸਿਆਣੀ ਮਾਂ-ਭਾਈ ਮੋਹਨ ਸਿੰਘ ਵੈਦ, ਪੀਰ ਗਾਲ੍ਹੜ ਸ਼ਾਹ-ਹੀਰਾ ਸਿੰਘ ਦਰਦ, ਛੇੜ-ਚਰਨ ਸਿੰਘ ਸ਼ਹੀਦ, ਭਾਬੀ ਮੈਨਾ-ਗੁਰਬਖ਼ਸ਼ ਸਿੰਘ, ਤਾਸ਼ ਦੀ ਆਦਤ-ਨਾਨਕ ਸਿੰਘ, ਬਾਗੀ ਦੀ ਧੀ-ਗੁਰਮੁਖ ਸਿੰਘ ਮੁਸਾਫ਼ਿਰ, ਦੁਸ਼ਮਨ-ਜੋਸ਼ੂਆ ਫ਼ਜ਼ਲ ਦੀਨ, ਦੇਵਤਾ ਡਿੱਗ ਪਿਆ-ਦੇਵਿੰਦਰ ਸਤਿਆਰਥੀ, ਮੀਂਹ ਜਾਵੇ, ਅਨ੍ਹੇਰੀ ਜਾਵੇ-ਸੰਤ ਸਿੰਘ ਸੇਖੋਂ, ਰਾਸ-ਲੀਲ੍ਹਾ-ਸੁਜਾਨ ਸਿੰਘ, ਮੁਰਕੀਆਂ-ਨੌਰੰਗ ਸਿੰਘ, ਮੋਤੀ-ਹਰੀ ਸਿੰਘ ਦਿਲਬਰ, ਚਾਨਣੀ ਰਾਤ ਦਾ ਇਕ ਦੁਖਾਂਤ-ਕਰਤਾਰ ਸਿੰਘ ਦੁੱਗਲ, ਕੌਣ ਮੋੜ ਲਿਆਵੇ !-ਬੂਟਾ ਸਿੰਘ, ਇਕ ਰੁਪੈ ਦੀ ਔਰਤ-ਸ਼ਿਵਦੇਵ ਸੰਧਾਂਵਾਲੀਆ, ਸ਼ਾਹ ਦੀ ਕੰਜਰੀ-ਅੰਮ੍ਰਿਤਾ ਪ੍ਰੀਤਮ, ਚਾਚਾ ਹੋਤੂ-ਮਹਿੰਦਰ ਸਿੰਘ ਜੋਸ਼ੀ, ਕੋਈ ਇਕ ਸਵਾਰ-ਸੰਤੋਖ ਸਿੰਘ ਧੀਰ, ਤੂੜੀ ਦੀ ਪੰਡ-ਕੁਲਵੰਤ ਸਿੰਘ ਵਿਰਕ, ਡਾਕ-ਪੱਥਰ-ਪ੍ਰੀਤਮ ਸਿੰਘ ਪੰਛੀ, ਨੀਲਕੰਠ-ਗੁਰਮੁਖ ਸਿੰਘ ਜੀਤ, ਧੂੜ ਤੇਰੇ ਚਰਨਾਂ ਦੀ-ਲੋਚਨ ਸਿੰਘ ਬਖ਼ਸ਼ੀ, ਸੰਸਕਾਰ-ਤਰਲੋਕ ਮਨਸੂਰ, ਛਵ੍ਹੀਆਂ ਦੀ ਰੁੱਤ-ਮਹਿੰਦਰ ਸਿੰਘ ਸਰਨਾ, ਵੱਡਾਰੂ ਸਿਉਂ ਨੇਹੁ-ਡਾ. ਸਵਿੰਦਰ ਸਿੰਘ ਉਪਲ, ਮੈਂ ਤੇ ਮੇਰੀ ਸਾਈਕਲ-ਐਮ. ਐਸ. ਸੇਠੀ, ਸਰਦਾਰਨੀ ਗੇਜਾ ਸਿੰਘ-ਅਜੀਤ ਸਿੰਘ ਪੱਤੋ, ਭਾਈਆਂ ਬਾਝ-ਨਵਤੇਜ ਸਿੰਘ, ਸਮਾਨਾਂਤਰ ਰੇਖਾਵਾਂ-ਸੁਖਬੀਰ, ਇਕ ਪਲ ਦਾ ਮਸੀਹਾ-ਦੇਵਿੰਦਰ, ਅਟੈਚੀਕੇਸ-ਗੁਰਵੇਲ ਸਿੰਘ ਪੰਨੂੰ, ਕਬਰ-ਪੁੱਟ-ਅਮਰ ਸਿੰਘ, ਕਾਲਾ ਬਾਪ, ਗੋਰਾ ਬਾਪ-ਮਹੀਪ ਸਿੰਘ, ਪੀਲਾ ਚਿਹਰਾ-ਤਾਰਨ ਗੁਜਰਾਲ, ਮੈਂ, ਤੂੰ ਤੇ ਉਹ-ਪਿਆਰਾ ਸਿੰਘ ਭੋਗਲ, ਕਮਾ ਖਾਏ ਮਛੰਦਰ-ਪ੍ਰੀਤਮ ਬੇਲੀ, ਸੰਘੋਲ ਦੀ ਅਜਾਤ ਸੁੰਦਰੀ-ਮਨਮੋਹਨ ਬਾਵਾ, ਲੋਹੇ ਦਾ ਗੇਟ-ਰਾਮ ਸਰੂਪ ਅਣਖੀ, ਸਾਂਝੀ ਖੇਤੀ-ਗੁਰਦਿਆਲ ਸਿੰਘ, ਨੇਮ-ਪਲੇਟ-ਡਾ. ਅਜੀਤ ਸਿੰਘ, ਘਰ-ਜਸਵੰਤ ਸਿੰਘ ਵਿਰਦੀ, ਆਦਮੀ ਵਿਚਲਾ ਆਦਮੀ-ਮਹਿਰਮਯਾਰ, ਕੁਰਸੀ-ਰਘੁਬੀਰ ਢੰਡ, ਨਾ ਮਾਰੋ-ਅਜੀਤ ਕੌਰ, ਪੱਛਮੀ ਸਭਿਅਤਾ-ਗੁਲਜ਼ਾਰ ਸਿੰਘ ਸੰਧੂ, ਰੱਬ ਤੇ ਰੁੱਤਾਂ-ਦਲੀਪ ਸਿੰਘ ਕੌਰ ਟਿਵਾਣਾ, ਤ੍ਰਿਸ਼ੰਕੂ-ਪ੍ਰੋ. ਮੇਹਰ ਸਿੰਘ, ਮਾਡਲ-ਗੁਰਦੇਵ ਸਿੰਘ ਰੁਪਾਣਾ, ਇਕ ਕੁੜੀ ਚੁੱਪ ਸੀ-ਐੱਨ ਕੌਰ, ਰਖੇਲ-ਐਸ. ਸਾਕੀ, ਨੰਗੀ ਧੁੱਪ-ਸਰਨ ਸਿੰਘ, ਸੱਤੇ ਹੀ ਕੰਵਾਰੀਆਂ-ਰਾਜਿੰਦਰ ਕੌਰ, ਜਿਉਣ-ਜੋਗੇ-ਸੁਖਵੰਤ ਕੌਰ ਮਾਨ, ਮੈਨੂੰ ਟੈਗੋਰ ਬਣਾ ਦੇ ਮਾਂ !-ਮੋਹਨ ਭੰਡਾਰੀ, ਸਵਾਰਥ-



ਕੰਵਲ ਕਸ਼ਮੀਰੀ, ਖਰਾ ਖੋਟ-ਸ਼ਿਵਚਰਨ ਸਿੰਘ ਗਿੱਲ, ਗੋਰੀਆਂ ਸ਼ਹੀਦੀਆਂ-ਰਵਿੰਦਰ ਰਵੀ, ਓਪਰਾ ਮਰਦ-ਗੁਰਬਚਨ ਸਿੰਘ ਭੁੱਲਰ, ਤੰਗ ਸਲਵਾਰ-ਪ੍ਰੀਤਮ, ਨਾਸੂਰ-ਚੰਦਨ ਨੇਗੀ, ਹਾਏ ਇਹ ਦੂਰੀਆਂ-ਪ੍ਰੋ. ਹਮਦਰਦਵੀਰ ਨੌਸ਼ਹਿਰਵੀ, ਦੁਸ਼ਮਣ-ਰਣਜੀਤ ਸਿੰਘ, ਇਕ ਲੋਕ-ਕਥਾ-ਜਗਦੀਸ਼ ਕੌਸ਼ਲ, ਡੈਸੀਮਲ ਜ਼ੀਰੋ-ਸ਼ਰਨ ਮੱਕੜ, ਬਲੀਦਾਨ-ਸਾਧੂ ਸਿੰਘ, ਮੇਮਨਾ-ਬਚਿੰਤ ਕੌਰ, ਮਾਰਖ਼ੋਰੇ-ਲਾਲ ਸਿੰਘ, ਸਾਂਝ-ਪ੍ਰਗਟ ਸਿੰਘ ਸਿੱਧੂ, ਟੁਟਦੇ ਬਣਦੇ ਰਿਸ਼ਤੇ-ਅਤਰਜੀਤ, ਨੀਲੇ ਖੰਭਾਂ ਵਾਲਾ ਕਲਾਕ-ਡਾ. ਜਗਜੀਤ ਸਿੰਘ ਬਰਾੜ, ਉੱਚਾ ਬੁਰਜ ਲਾਹੌਰ ਦਾ-ਨਵਤੇਜ ਪੁਆਧੀ, ਕਾਕਰੋਚਾਂ 'ਚ ਘਿਰਿਆ ਆਦਮੀ-ਜੋਗਿੰਦਰ ਸਿੰਘ ਕੈਰੋਂ, ਬਜ਼ੁਰਗ ਬਾਬਾ ਤੇ ਭੀੜ-ਸਵਰਨ ਚੰਦਨ, ਬਰਫ਼ ਦਾ ਦਾਨਵ-ਜਸਬੀਰ ਭੁੱਲਰ, ਆਦਮੀ ਅਜੇ ਤੱਕ ਸੌਂ ਰਿਹਾ ਹੈ-ਕੇਵਲ ਸੂਦ, ਪਾਣੀ ਦੀ ਕੰਧ-ਕਿਰਪਾਲ ਕਜ਼ਾਕ, ਸ਼ਹੀਦ-ਕੇ. ਐਲ. ਗਰਗ, ਲੁੱਕ ਵਿਚ ਫਸੇ ਪੈਰ-ਮੁਖ਼ਤਿਆਰ ਸਿੰਘ, ਕੋਉ ਆਸਬੇ ਨਾ-ਬਲਦੇਵ ਸਿੰਘ, ਇਕ ਅਫ਼ਸਰ ਦਾ ਜਨਮ-ਨ੍ਰਿਪਇੰਦਰ ਰਤਨ, ਲੌਂਗੋਵਾਲ ਦਾ ਸਾਧ-ਤੇਜਵੰਤ ਮਾਨ, ਧਰਮ-ਯੁੱਧ ਜਾਰੀ ਹੈ-ਦਲਬੀਰ ਚੇਤਨ, ਮੇਰੀ ਚਾਦਰ, ਮੇਰੇ ਪੈਰ-ਖ਼ਾਲਿਦ ਹੁਸੈਨ, ਸ਼ਾਮਲਾਟ-ਮੁਖ਼ਤਾਰ ਗਿੱਲ, ਰਾਜ਼ੀਬੰਦਾ-ਗੁਰਚਰਨ ਚਾਹਲ ਭੀਖੀ, ਸੁਝਾਅ-ਗੁਰਮੇਲ ਮਡਾਹੜ, ਸੁਨਹਿਰੀ ਕਿਣਕਾ-ਵਰਿਆਮ ਸਿੰਘ ਸੰਧੂ, ਰਿਸ਼ਤੇ-ਜੋਗਿੰਦਰ ਸਿੰਘ ਨਿਰਾਲਾ, ਸੁੰਨੀਆਂ ਟਾਹਣਾਂ ਦਾ ਹਉਕਾ-ਗੁਰਪਾਲ ਸਿੰਘ ਲਿੱਟ, ਜੀਣ-ਮਰਨ-ਪ੍ਰੇਮ ਗੋਰਖੀ, ਕਮੀਜ਼-ਭੁਪਿੰਦਰ ਸੂਦਨ, ਛਲੇਡਾ-ਰਸ਼ਿਮ, ਮੈਂ-ਦੇਵ ਭਾਰਦਵਾਜ, ਖੇਡ-ਗੁਲ ਚੌਹਾਨ, ਉਂਗਲਾਂ ਵਿਚੋਂ ਕਿਰਦਾ ਕੁਝ-ਨਛੱਤਰ, ਥਿੜਕਦੇ ਪੈਰ-ਸ਼ਮਸ਼ੇਰ ਸਿੰਘ ਸੰਧੂ, ਰਾਤੀਂ ਕੋਚਰੀ ਬੋਲੇ-ਸਿੱਧੂ ਦਮਦਮੀ, ਚੀਥੜੇ-ਚੀਥੜੇ ਆਦਮੀ-ਦਰਸ਼ਨ ਮਿਤਵਾ, ਮਤਾੜ-ਅਮਰ ਗਿਰੀ, ਦੋ ਕਦਮ-ਗੁਲਜ਼ਾਰ ਮੁਹੰਮਦ ਗੋਰੀਆ ਅਤੇ ਛੋਟੀ ਸਰਦਾਰਨੀ-ਵੀਨਾ ਵਰਮਾ।

**ਮੇਪਲ ਦੇ ਰੰਗ/ਜਰਨੈਲ ਸਿੰਘ (ਚੇਤਨਾ ਪ੍ਰਕਾਸ਼ਨ, ਲੁਧਿਆਣਾ)** 2011, ਕੰਪਿਊਟਰ ਕਲਚਰ-ਰਵਿੰਦਰ ਰਵੀ, ਪ੍ਰੀਤੀ-ਜਰਨੈਲ ਸਿੰਘ ਗਰਚਾ, ਵਹਿੰਦੇ ਪਾਣੀਆਂ ਦੇ ਪਰਛਾਵੇਂ-ਮਿੰਨੀ ਗਰੇਵਾਲ, ਲਾਲਾਂ ਦੀ ਜੋੜੀ-ਇਕਬਾਲ ਅਰਪਨ, ਪੁਰਸਲਾਤ-ਸਾਧੂ ਸਿੰਘ, ਚੱਪਾ ਕੁ ਸੂਰਜ-ਬਲਬੀਰ ਕੌਰ ਸੰਘੇੜਾ, ਝੱਖੜ-ਅਵਤਾਰ ਗਿੱਲ, ਮੋਹ ਦੀਆਂ ਤੰਦਾਂ-ਸਾਧੂ ਬਿਨਿੰਗ, ਮੁੱਖੜਾ ਚੰਨ ਵਰਗਾ-ਅਮਰਜੀਤ ਚਾਹਲ, ਡਾਇਮੰਡ ਰਿੰਗ-ਅਮਨਪਾਲ ਸਾਰਾ, ਚਾਂਦੀ ਦੀ ਗੜਬੀ-ਮੇਜਰ ਮਾਂਗਟ, ਚਿੜੀ-ਕੁਲਜੀਤ ਮਾਨ, ਘੁੰਮਣਘੇਰ-ਹਰਪ੍ਰੀਤ ਸੇਖਾ ਅਤੇ ਟਾਵਰਜ਼-ਜਰਨੈਲ ਸਿੰਘ

**ਪੰਜਾਬੀ ਕਹਾਣੀ ਦੀ ਸ਼ਾਹਰਾਹ/ਰਮਿੰਦਰ ਕੌਰ (ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ)** 2009, ਭਾਬੀ ਮੈਨਾ-ਗੁਰਬਖ਼ਸ਼ ਸਿੰਘ, ਪੇਮੀ ਦੇ ਨਿਆਣੇ-ਸੰਤ ਸਿੰਘ ਸੇਖੋਂ, ਰਾਸ ਲੀਲ੍ਹਾ-ਸੁਜਾਨ ਸਿੰਘ, ਸ਼ਹਿਰਜ਼ਾਦ-ਕਰਤਾਰ ਸਿੰਘ ਦੁੱਗਲ, ਝੁਮਕੇ-ਦੇਵਿੰਦਰ ਸਤਿਆਰਥੀ, ਮੁਰਕੀਆਂ-ਨੌਰੰਗ ਸਿੰਘ, ਮੁਰਦੇ ਦੀ ਤਾਕਤ-ਕੁਲਵੰਤ ਸਿੰਘ ਵਿਰਕ, ਕੋਟ ਤੇ ਮਨੁੱਖ-ਨਵਤੇਜ ਸਿੰਘ, ਇੱਕ ਸਾਧਾਰਨ ਆਦਮੀ-ਸੰਤੋਖ ਸਿੰਘ ਧੀਰ, ਹਾਰ ਗਿਐਂ ਰਤਨਿਆਂ !-ਗੁਰਦਿਆਲ ਸਿੰਘ, ਬੁੱਤ-ਸ਼ਿਕਨ-ਅਜੀਤ ਕੌਰ, ਉਹ ਸੋਚਦੀ-ਦਲੀਪ ਕੌਰ ਟਿਵਾਣਾ, ਘੋਟਣਾ-ਮੋਹਨ ਭੰਡਾਰੀ, ਡੈੱਡ ਲਾਈਨ-ਪ੍ਰੇਮ ਪ੍ਰਕਾਸ਼, ਓਪਰਾ ਮਰਦ-ਗੁਰਬਚਨ ਸਿੰਘ ਭੁੱਲਰ ਅਤੇ ਕੁਰਾਹੀਆ-ਵਰਿਆਮ ਸੰਧੂ।

**ਤੀਸਰੀ ਦੁਨੀਆਂ/ਗੁਰਮੀਤ ਕਲਰਮਾਜਰੀ (ਪਰਸੇਮ ਸਿੰਘ ਫੋਰਮੈਨ ਯਾਦਗਾਰੀ ਪ੍ਰਕਾਸ਼ਨ, ਭਾਦਸੋਂ)** 2001, ਪ੍ਰਾਹੁਣਾ-ਸੁਜਾਨ ਸਿੰਘ, ਲੱਛਮੀ-ਪ੍ਰੇਮ ਪ੍ਰਕਾਸ਼, ਨਾਗ ਮੁੰਡਾ-ਮਨਮੋਹਨ ਬਾਵਾ, ਚਾਰੇ ਦੀ ਪੰਡ-ਗੁਰਦਿਆਲ ਸਿੰਘ, ਗੰਗਾ ਜਲ-ਮੋਹਨ ਭੰਡਾਰੀ, ਸਬੂਤੇ ਕਦਮ-ਅਤਰਜੀਤ, ਅੱਧੇ-ਅਧੂਰੇ-ਲਾਲ ਸਿੰਘ, ਸੈਲਾਬ-ਕ੍ਰਿਪਾਲ ਕਜ਼ਾਕ, ਜੜ੍ਹ ਸੰਸਕਾਰ-

ਪ੍ਰੇਮ ਗੋਰਖੀ, ਹਾਰ-ਜਿੱਤ-ਨਛੱਤਰ, ਸੌਰੀ-ਜਿੰਦਰ, ਲੋਹ-ਹੱਡਾ-ਮੱਖਣ ਮਾਨ, ਹੱਡਾ-ਰੋੜੀ-ਬਲਜਿੰਦਰ ਨਸਰਾਲੀ, ਗੌਰਜਾਂ-ਅਜਮੇਰ ਸਿੱਧੂ, ਫੈਸਲਾ-ਭਗਵੰਤ ਰਸੂਲਪੁਰੀ ਅਤੇ ਜ਼ਖ਼ਮਾਂ ਦੇ ਰਸਤਿਉਂ-ਦੇਸ ਰਾਜ ਕਾਲੀ।

**ਬਿਰਤਾਂਤ/ਗੁਰਮੀਤ ਕਲਰਮਾਜਰੀ (ਫੋਰਮੈਨ ਯਾਦਗਾਰੀ ਪ੍ਰਕਾਸ਼ਨ, ਭਾਦਸੋਂ) 1999**, ਅਨੁਸ਼ਠਾਨ-ਪ੍ਰੇਮ ਪ੍ਰਕਾਸ਼, ਰਿਕਵ-ਮਨਮੋਹਨ ਬਾਵਾ, ਪਾੜ-ਮੋਹਨ ਭੰਡਾਰੀ, ਓਪਰਾ ਮਰਦ-ਗੁਰਬਚਨ ਸਿੰਘ ਭੁੱਲਰ, ਠੂੰਹਾਂ-ਅਤਰਜੀਤ, ਸੁਪਨਿਆਂ ਦੀ ਸ਼ਨਾਖ਼ਤ-ਜਸਬੀਰ ਭੁੱਲਰ, ਹੁੰਮਸ-ਕਿਰਪਾਲ ਕਜ਼ਾਕ, ਦੋ ਟਾਪੂ-ਜਰਨੈਲ ਸਿੰਘ, ਸੁਨਹਿਰੀ ਕਿਣਕਾ-ਵਰਿਆਮ ਸਿੰਘ ਸੰਧੂ, ਗਿਰਝਾਂ-ਗੁਰਪਾਲ ਲਿੱਟ, ਵਿੱਥ-ਪ੍ਰੇਮ ਗੋਰਖੀ, ਪੁਲ-ਹਰਜੀਤ ਅਟਵਾਲ, ਕਤਲ-ਜਿੰਦਰ, ਬੇਰ ਵਰਗਾ ਫਲ-ਜਸਵਿੰਦਰ ਸਿੰਘ ਅਤੇ ਪਾਤਸ਼ਾਹ-ਸੁਖਜੀਤ।

**ਆਨੰਤ ਕਥਾਵਾਂ/ਡਾ. ਮਨਜੀਤ ਸਿੰਘ ਅਤੇ ਡਾ. ਜਸਵਿੰਦਰ ਬਿੰਦਰਾ (ਸੰਗਮ ਪ੍ਰਕਾਸ਼ਨ, ਸਮਾਣਾ)** 2011, ਭਾਬੀ ਮੈਨਾ-ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪੇਮੀ ਦੇ ਨਿਆਣੇ-ਸੰਤ ਸਿੰਘ ਸੇਖੋਂ, ਰਾਸ-ਲੀਲ੍ਹਾ-ਸੁਜਾਨ ਸਿੰਘ, ਕਰਾਮਾਤ-ਕਰਤਾਰ ਸਿੰਘ ਦੁੱਗਲ, ਸਰਦਾਰਨੀ-ਬੂਟਾ ਸਿੰਘ, ਕੋਈ ਇੱਕ ਸਵਾਰ-ਸੰਤੋਖ ਸਿੰਘ ਧੀਰ, ਖੱਬਲ-ਕੁਲਵੰਤ ਸਿੰਘ ਵਿਰਕ, ਡੈੱਡ ਲਾਈਨ-ਪ੍ਰੇਮ ਪ੍ਰਕਾਸ਼, ਗੁਲਬਾਨੋ-ਅਜੀਤ ਕੌਰ, ਸ਼ਹੀਦ-ਗੁਲਜ਼ਾਰ ਸਿੰਘ ਸੰਧੂ, ਹਵਾ-ਗੁਰਦੇਵ ਸਿੰਘ ਰੁਪਾਣਾ, ਕਬੂਤਰ-ਮੋਹਨ ਭੰਡਾਰੀ, ਖ਼ੂਨ-ਗੁਰਬਚਨ ਸਿੰਘ ਭੁੱਲਰ, ਦੋ ਟਾਪੂ-ਜਰਨੈਲ ਸਿੰਘ, ਆਪਣਾ ਆਪਣਾ ਹਿੱਸਾ-ਵਰਿਆਮ ਸੰਧੂ, ਸੌਰੀ-ਜਿੰਦਰ, ਖੂਹ-ਖਾਤੇ-ਜਸਵਿੰਦਰ ਸਿੰਘ ਅਤੇ ਇਕਬਾਲ ਹੁਸੈਨ ਮੋਇਆ ਨਹੀਂ-ਅਜਮੇਰ ਸਿੱਧੂ।

**ਵਿਸ਼ਵ ਪੰਜਾਬੀ ਕਹਾਣੀ/ਡਾ. ਹਰਚੰਦ ਸਿੰਘ ਬੇਦੀ (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ)** 2010, ਭਾਬੀ ਮੈਨਾ-ਗੁਰਬਖ਼ਸ਼ ਸਿੰਘ ਪ੍ਰੀਤਲੜੀ, ਖੱਬਲ-ਕੁਲਵੰਤ ਸਿੰਘ ਵਿਰਕ, ਓਪਰਾ ਮਰਦ-ਗੁਰਬਚਨ ਸਿੰਘ ਭੁੱਲਰ, ਹਰਖ ਸੋਗ-ਚੰਦਨ ਨੇਗੀ, ਪਾਲਕ ਦਾ ਬੂਟਾ-ਦਲਬੀਰ ਚੇਤਨ, ਕਤਲ-ਜਿੰਦਰ, ਵਿਚਲੀ ਔਰਤ-ਤਲਵਿੰਦਰ ਸਿੰਘ, ਨਾਦਰਸ਼ਾਹ-ਜਗਜੀਤ ਬਰਾੜ, ਪੰਘੂੜਾ-ਰਾਣੀ ਨਰਿੰਦਰ ਕੌਰ, ਹਮ-ਛਿਣ-ਰਵਿੰਦਰ ਰਵੀ, ਮਾਰਗਰੀਤਾ-ਅਮਨਪਾਲ ਸਾਰਾ, ਫ੍ਰੀ ਸੁਸਾਇਟੀ-ਸਵਰਨ ਚੰਦਨ, ਰੇਪ-ਕੇ. ਸੀ. ਮੋਹਨ, ਰੂਮ-ਮੇਟ-ਵੀਨਾ ਵਰਮਾ, ਜੇ ਕੋ ਪੁੱਛੈ-ਮੁਹੰਮਦ ਮਨਸ਼ਾ ਯਾਦ ਅਤੇ ਉਛਾੜ-ਤੌਕੀਰ ਚੁਗਤਾਈ

**ਪੰਜਾਬੀ ਕਹਾਣੀ-ਸੱਜਰੀਆਂ ਪੈੜਾਂ/ਗੁਰਬਖ਼ਸ਼ ਸਿੰਘ ਫਰੈਂਕ (ਸਾਹਿਤ ਅਕਾਦੇਮੀ, ਦਿੱਲੀ) 1998**, ਸੇਜ ਸੁਖਾਲੀ ਕਾਮਨਿ-ਅਤਰਜੀਤ, ਮੰਡੀ-ਅਮਰਗਿਰੀ, ਬੇ-ਮੌਸਮੀ ਮੌਤ-ਅਮਰ ਯਾਦਵ, ਓਪਰੀ ਸ਼ੈਅ-ਸਰਵਮੀਤ, ਮਾਈ ਭਾਗੋ-ਸਵਰਨ ਚੰਦਨ, ਪਿਓ ਪੁੱਤਰ-ਸਾਧੂ, ਜਮਾਂਦਰੂ ਕਲਾ-ਸ਼ਮਸ਼ੇਰ ਢਪਾਲੀ, ਹੌਲੀ ਹੌਲੀ-ਕ.ਲ.ਗਰਗ, ਗੁੰਮਸ਼ੁਦਾ-ਕਿਰਪਾਲ ਕਜ਼ਾਕ, ਗੋਲ ਚੱਕਰ-ਕੁਲਵੰਤ (ਡਾ.), ਤੇਰ੍ਹਾਂ-ਤਾਲੀ-ਕੇਵਲ ਸਿੰਘ ਵਾਰਿਸ, ਇਸ਼ਤਿਹਾਰਾਂ ਵਾਲੀ ਹਵੇਲੀ-ਖ਼ਾਲਿਦ ਹੁਸੈਨ, ਰਾਜ਼ੀਬੰਦਾ-ਗੁਰਚਰਨ ਚਾਹਲ ਭੀਖੀ, ਪੁੱਤ ਸਰਦਾਰਾਂ ਦੇ-ਗੁਰਮੇਲ ਮਡਾਹੜ, ਪਰਤ ਆਉਣ ਪਿਛੋਂ-ਜਸਬੀਰ ਭੁੱਲਰ, ਖੂਹ-ਖਾਤੇ-ਜਸਵਿੰਦਰ ਸਿੰਘ, ਸ਼ੁਤਰ ਮੁਰਗ-ਜੋਗਿੰਦਰ ਸਿੰਘ ਨਿਰਾਲਾ, ਵਾਰਸ-ਤਲਵਿੰਦਰ ਸਿੰਘ, ਕੁੰਡਾ-ਪ੍ਰੇਮ ਗੋਰਖੀ, ਯਥਾਰਥ-ਬਲਜੀਤ ਸਿੰਘ ਰੈਨਾ, ਸਿਉਂਕ-ਬਲਦੇਵ ਸਿੰਘ, ਅੰਤ-ਬਲਦੇਵ ਸਿੰਘ ਧਾਲੀਵਾਲ, ਛੁਰੀ-ਮਿੱਤਰ ਸੇਨ ਮੀਤ, ਫਾਸਲੇ-ਮੁਖਤਾਰ ਗਿੱਲ ਅਤੇ ਭੱਜੀਆਂ ਬਾਹੀਂ-ਵਰਿਆਮ ਸੰਧੂ।

**ਆਜ਼ਾਦੀ ਤੋਂ ਬਾਅਦ ਦੀ ਪੰਜਾਬੀ ਕਹਾਣੀ/ਵਰਿਆਮ ਸਿੰਘ ਸੰਧੂ (ਨੈਸ਼ਨਲ ਬੁੱਕ ਟਰੱਸਟ ਦਿੱਲੀ)** 2007, 27 ਜਨਵਰੀ-ਗੁਰਮੁਖ ਸਿੰਘ ਮੁਸਾਫਿਰ, ਮੁੜ ਵਿਧਵਾ-ਸੰਤ



ਸਿੰਘ ਸੇਖੋਂ, ਪਠਾਣ ਦੀ ਧੀ-ਸੁਜਾਨ ਸਿੰਘ, ਤ੍ਰਿਸ਼ਨਾ-ਕਰਤਾਰ ਸਿੰਘ ਦੁੱਗਲ, ਸ਼ਾਹ ਦੀ ਕੰਜਰੀ-ਅੰਮ੍ਰਿਤਾ ਪ੍ਰੀਤਮ, ਉਜਾੜ-ਕੁਲਵੰਤ ਸਿੰਘ ਵਿਰਕ, ਜਥੇਦਾਰ ਮੁਕੰਦ ਸਿੰਘ-ਮਹਿੰਦਰ ਸਿੰਘ ਸਰਨਾ, ਇਕ ਹੋਰ ਚਾਰਦੀਵਾਰੀ-ਸੁਖਬੀਰ, ਦੇਸ ਵਾਪਸੀ-ਨਵਤੇਜ ਸਿੰਘ, ਵਿੱਕਰੀ-ਪਿਆਰਾ ਸਿੰਘ ਭੋਗਲ, ਭੀੜੀ ਗਲੀ-ਰਾਮ ਸਰੂਪ ਅਣਖੀ, ਡੈੱਡ ਲਾਈਨ-ਪ੍ਰੇਮ ਪ੍ਰਕਾਸ਼, ਓਪਰਾ ਘਰ-ਗੁਰਦਿਆਲ ਸਿੰਘ, ਘਰ-ਜਸਵੰਤ ਸਿੰਘ ਵਿਰਦੀ, ਮੂੰਹ ਉੱਤੇ ਹੱਥ-ਰਘੁਬੀਰ ਢੰਡ, ਬੁੱਤ ਸਿਕਨ-ਅਜੀਤ ਕੌਰ, ਸ਼ਹੀਦ-ਗੁਲਜ਼ਾਰ ਸਿੰਘ ਸੰਧੂ, ਤੇਰਾ ਕਮਰਾ-ਮੇਰਾ ਕਮਰਾ-ਦਲੀਪ ਕੌਰ ਟਿਵਾਣਾ, ਡਿਫੈਂਸ ਲਾਈਨ-ਗੁਰਦੇਵ ਸਿੰਘ ਰੁਪਾਣਾ, ਜਿਉਣ ਜੋਗੇ-ਸੁਖਵੰਤ ਕੌਰ ਮਾਨ, ਮੂਨ ਦੀ ਅੱਖ-ਮੋਹਨ ਭੰਡਾਰੀ, ਇਕੀਵੀਂ ਸਦੀ-ਗੁਰਬਚਨ ਸਿੰਘ ਭੁੱਲਰ, ਬਲੀਦਾਨ-ਸਾਧੂ ਸਿੰਘ, ਬਠਲੂ ਚਮਿਆਰ-ਅਤਰਜੀਤ, ਅਲੜ੍ਹ ਬਲੜ੍ਹ ਬਾਵੇ ਦਾ-ਜਸਬੀਰ ਭੁੱਲਰ, ਜਿਥੋਂ ਸੂਰਜ ਉੱਗਦਾ ਹੈ-ਕਿਰਪਾਲ ਕਜ਼ਾਕ, ਸਿਉਂਕ-ਬਲਦੇਵ ਸਿੰਘ, ਸ਼ੇਰਾਂ ਦਾ ਵਾਨਪ੍ਰਸਤ-ਨ੍ਰਿਪਇੰਦਰ ਰਤਨ, ਪਰਛਾਵੇਂ-ਵਰਿਆਮ ਸਿੰਘ ਸੰਧੂ, ਸ਼ੁਤਰਮੁਰਗ-ਜੋਗਿੰਦਰ ਸਿੰਘ ਨਿਰਾਲਾ, ਦੁੱਧ ਧਾਰ-ਪ੍ਰੇਮ ਗੋਰਖੀ, ਮੋਚੀ ਦਾ ਪੁੱਤ-ਮੋਹਨ ਲਾਲ ਫਿਲੌਰੀਆ, ਦਹਿਸ਼ਗਰਦ-ਬਲਦੇਵ ਸਿੰਘ ਧਾਲੀਵਾਲ, ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ-ਬਲਵਿੰਦਰ ਗਰੇਵਾਲ, ਪਾਤਸ਼ਾਹ-ਸੁਖਜੀਤ, ਅਤੇ ਜ਼ਖ਼ਮਾਂ ਦੇ ਰਸਤਿਉਂ-ਦੇਸਰਾਜ ਕਾਲੀ।

**ਸ਼ਾਇਦ ਰੰਮੀ ਮੰਨ ਜਾਏ/ਜਿੰਦਰ (ਲੋਕਗੀਤ ਪ੍ਰਕਾਸ਼ਨ-ਚੰਡੀਗੜ੍ਹ)** 2008 : ਸਤਾਈ ਮੀਲ-ਸੁਖਜੀਤ, ਤਾੜੀ-ਤਲਵਿੰਦਰ ਸਿੰਘ, ਟਾਵਰਜ਼-ਜਰਨੈਲ ਸਿੰਘ, ਜ਼ਖ਼ਮਾਂ ਦੇ ਰਸਤਿਉਂ-ਦੇਸ ਰਾਜ ਕਾਲੀ, ਜੜ੍ਹਾਂ-ਭਗਵੰਤ ਰਸੂਲਪੁਰੀ, ਪੁਲ਼-ਸਾਂਵਲ ਧਾਮੀ, ਕਰਾਂਤੀ ਕਿਉਂ ਨਹੀਂ ਆਉਂਦੀ-ਬਲਜਿੰਦਰ ਨਸਰਾਲੀ, ਦਮੂੰਹੀਂ-ਜਸਵਿੰਦਰ ਸਿੰਘ, ਕੀੜੀਆਂ ਦੀ ਮੌਤ-ਬਲਦੇਵ ਸਿੰਘ ਧਾਲੀਵਾਲ, ਹੁਣ ਮੈਂ ਸੈੱਟ ਆਂ-ਵੀਨਾ ਵਰਮਾ, ਕਮਾਈ-ਹਰਜੀਤ ਅਟਵਾਲ, ਸ਼ਾਇਦ ਰੰਮੀ ਮੰਨ ਜਾਏ-ਅਜਮੇਰ ਸਿੱਧੂ, ਲਾਸ਼-ਕੇਸਰਾ ਰਾਮ, ਚੂੜੇ ਵਾਲੀ ਬਾਂਹ-ਜਸਵੀਰ ਸਿੰਘ ਰਾਣਾ, ਪਾਵੇ ਨਾਲ ਬੰਨ੍ਹਿਆ ਹੋਇਆ ਕਾਲ-ਜਤਿੰਦਰ ਹਾਂਸ, ਪਿਤਾ-ਬਲਬੀਰ ਪਰਵਾਨਾ, ਪਾਪਾ ਆਪਾਂ ਬਰਾੜ ਹੁੰਨੇ ਆ!-ਹਰਜਿੰਦਰ ਸਿੰਘ ਸੂਰੇਵਾਲੀਆ, ਗਲੀ ਨੰਬਰ ਕੋਈ ਨਹੀਂ-ਅਨੇਮਨ ਸਿੰਘ ਅਤੇ ਵਿੱਥਾਂ-ਜਿੰਦਰ

## ਆਲੋਚਨਾ ਦੀਆਂ ਪੁਸਤਕਾਂ

ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤ੍ਰ-ਭਾਗ ਪਹਿਲਾ ਤੇ ਦੂਜਾ/ਡਾ. ਜੋਗਿੰਦਰ ਸਿੰਘ ਰਾਹੀ, ਡਾ. ਰਮਿੰਦਰ ਕੌਰ

ਜੋਤ-ਜੁਗਤ ਕੀ ਬਾਰਤਾ/ਡਾ. ਜੋਗਿੰਦਰ ਸਿੰਘ ਰਾਹੀ

ਪੰਜਾਬੀ ਗਲਪ ਚੇਤਨਾ/ਸੁਤਿੰਦਰ ਸਿੰਘ ਨੂਰ

ਔਰਤਾਂ ਦੀਆਂ ਕਹਾਣੀ ਭਾਗ 1 ਤੇ 2/ਡਾ. ਹਰਚੰਦ ਸਿੰਘ ਬੇਦੀ

ਮਨੋਵਿਗਿਆਨ ਅਤੇ ਪੰਜਾਬੀ ਕਹਾਣੀ/ਡਾ. ਜਸਵਿੰਦਰ ਕੌਰ ਬਿੰਦਰਾ

ਕਹਾਣੀ ਦੀ ਵਿਧਾ/ਜੋਗਿੰਦਰ ਨਹਿਰੂ

ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ/ਜੋਗਿੰਦਰ ਸਿੰਘ ਨਿਰਾਲਾ

ਪੰਜਾਬੀ ਕਹਾਣੀ ਵਿਚ ਦਲਿਤ ਸਰੋਕਾਰ/ਪਰਮਜੀਤ ਕੌਰ ਸਰਹਿੰਦ

ਪੇਂਡੂ ਯਥਾਰਥ ਅਤੇ ਪੰਜਾਬੀ ਕਹਾਣੀ/ਰਾਜਿੰਦਰ ਕੌਰ

ਗਲਪ ਚਿੰਤਨ/ਸੰਪਾਦਕ : ਸੁਖਵਿੰਦਰ ਸਿੰਘ ਰੰਧਾਵਾ

ਕਥਾ ਚਿੰਤਨ/ਸੰਪਾਦਕ : ਸੁਖਵਿੰਦਰ ਸਿੰਘ ਰੰਧਾਵਾ

ਪ੍ਰਵਾਸੀ ਪੰਜਾਬੀ ਕਹਾਣੀ ਬਿਰਤਾਂਤ ਸ਼ਾਸਤਰੀ ਅਧਿਐਨ/ਅਕਵਿੰਦਰ ਕੌਰ ਬਾਹਲ
ਪੰਜਾਬੀ ਕਹਾਣੀ ਸਮਾਜਿਕ ਸਰੋਕਾਰ ਤੇ ਦ੍ਰਿਸ਼ਟੀ/ਭੁਪਿੰਦਰ ਕੌਰ
ਪੰਜਾਬੀ ਕਹਾਣੀ : ਅਰਥਾਂ ਦੀ ਤਲਾਸ਼/ਗੁਰਮੀਤ ਕੌਰ
ਕਹਾਣੀ ਦੀਆਂ ਪਰਤਾਂ/ਡਾ. ਵਨੀਤਾ
ਪੰਜਾਬੀ ਕਹਾਣੀ : ਵਿਚਾਰ ਤੇ ਵਿਸਥਾਰ/ਸੰਪਾਦਕ : ਡਾ. ਜਸਵਿੰਦਰ ਕੌਰ ਬਿੰਦਰਾ
ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ-ਸ਼ਾਸਤਰੀ ਅਧਿਐਨ/ਡਾ. ਧਨਵੰਤ ਕੌਰ
ਸਮਕਾਲੀ ਪੰਜਾਬੀ ਕਹਾਣੀ : ਪਾਠਗਤ ਅਧਿਐਨ/ਡਾ. ਰਜਨੀਸ਼ ਬਹਾਦਰ ਸਿੰਘ

**ਇੰਟਰਵੀਊ ਦੀਆਂ ਪੁਸਤਕਾਂ**

ਵਾਰਤਾਲਾਪ/ਬਲਦੇਵ ਸਿੰਘ
ਸਾਹਿਤਕ ਮੁਲਾਕਾਤਾਂ/ਬਲਬੀਰ ਮਾਧੋਪੁਰੀ
ਬਚਨ-ਬਿਲਾਸ/ਗੁਰਬਚਨ ਸਿੰਘ ਭੁੱਲਰ
ਗੱਲਾਂ-ਗੱਲਾਂ 'ਚ/ਜਿੰਦਰ

## ਸ਼੍ਰੇਸ਼ਟ ਕਹਾਣੀਆਂ

**ਨੌਂ-ਬਾਰਾਂ ਦਸ/ਵਰਿਆਮ ਸੰਧੂ**
**ਮੈਨਾ ਭਾਬੀ/ਸੁਕੀਰਤ**
**ਸੁਣਦੈਂ ਖਲੀਫਾ/ਪ੍ਰੇਮ ਪ੍ਰਕਾਸ਼**
**ਕਤਲ/ਜਿੰਦਰ**
**ਇਕਬਾਲ ਹੁਸੈਨ ਮੋਇਆ ਨਹੀਂ/ਅਜਮੇਰ ਸਿੱਧੂ**
**ਵਿਚਲੀ ਔਰਤ/ਤਲਵਿੰਦਰ ਸਿੰਘ**
**ਪੰਛੀਆਂ ਦੀ ਤਫ਼ਤੀਸ਼/ਜਸਬੀਰ ਭੁੱਲਰ**
**ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ/ਬਲਵਿੰਦਰ ਗਰੇਵਾਲ**
**ਅੰਨੀ ਗਲੀ ਦਾ ਮੋੜ/ਗੁਰਦਿਆਲ ਦਲਾਲ**
**ਕਸੂਰਵਾਰ/ਭਗਵੰਤ ਰਸੂਲਪੁਰੀ**

## ਸ਼੍ਰੇਸ਼ਟ ਕਹਾਣੀ ਸੰਗ੍ਰਹਿ

**ਮੂਨ ਦੀ ਅੱਖ/ਮੋਹਨ ਭੰਡਾਰੀ**
**ਦੋ ਟਾਪੂ/ਜਰਨੈਲ ਸਿੰਘ**
**ਅਜਾਤ ਸੁੰਦਰੀ/ਮਨਮੋਹਨ ਬਾਵਾ**
**ਅੰਤਰਾ/ਸੁਖਜੀਤ**
**ਤੁਸੀਂ ਨਹੀਂ ਸਮਝ ਸਕਦੇ/ਜਿੰਦਰ**
**ਚੌਥੀ ਕੂਟ/ਵਰਿਆਮ ਸਿੰਘ ਸੰਧੂ**
**ਮੋਹ ਮਿੱਟੀ/ਸੁਖਵੰਤ ਕੌਰ ਮਾਨ**
**ਵਿਚਲੀ ਔਰਤ/ਤਲਵਿੰਦਰ ਸਿੰਘ**
**ਸੁਣਦੈਂ ਖਲੀਫਾ/ਪ੍ਰੇਮ ਪ੍ਰਕਾਸ਼**
**ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ../ਕੇਸਰਾ ਰਾਮ**



# ਜਰਨੈਲ ਸਿੰਘ ਦੀਆਂ ਕਹਾਣੀਆਂ:- ਵਿਸ਼ਵ ਦ੍ਰਿਸ਼ ਅਤੇ ਪੰਜਾਬੀ ਸੰਵੇਦਨਾ ਦੇ ਹਵਾਲੇ ਨਾਲ

**ਡਾ: ਬਲਕਾਰ ਸਿੰਘ**

ਸਮਕਾਲੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਜਰਨੈਲ ਸਿੰਘ ਦੀ ਇੱਕ ਵੱਖਰੀ ਪਛਾਣ ਅਤੇ ਸਥਾਨ ਹੈ। ਉਸ ਦੀਆਂ 'ਦੋ ਟਾਪੂ' ਅਤੇ 'ਟਾਵਰਜ਼' ਨਾਮੀ ਕਹਾਣੀਆਂ ਨਾਲ ਪਰਵਾਸੀ ਕਥਾ-ਸਾਹਿਤ ਵਿੱਚ ਨਿਰਸੰਦੇਹ ਇੱਕ ਮੋੜ ਅਤੇ ਕੱਟ ਵਾਪਰਦਾ ਹੈ। ਵਧੇਰੇ ਚਰਚਾ ਅਤੇ ਪਛਾਣ ਭਾਵੇਂ ਇਹਨਾਂ ਕਹਾਣੀਆਂ ਕਰਕੇ ਤੁਰਦੀ ਹੈ ਪਰ ਉਹ ਇਸ ਤੋਂ ਪਹਿਲਾਂ 1981 ਵਿੱਚ 'ਮੈਨੂੰ ਕੀ' , 1983 ਵਿੱਚ 'ਮਨੁੱਖ ਤੇ ਮਨੁੱਖ' ਅਤੇ 1987 ਵਿੱਚ 'ਸਮੇਂ ਦੇ ਹਾਣੀ' ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਵਾ ਚੁੱਕਿਆ ਸੀ। 2000 ਵਿੱਚ 'ਦੋ ਟਾਪੂ' ਅਤੇ 2005 ਵਿੱਚ 'ਟਾਵਰਜ਼' ਪ੍ਰਕਾਸ਼ਿਤ ਹੁੰਦੇ ਹਨ। ਭਾਵ ਉਹ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੋਂ ਲਗਾਤਾਰ ਕਹਾਣੀ ਸਿਰਜਣ ਪ੍ਰਕਿਰਿਆ ਵਿੱਚ ਲੀਨ ਹੈ। ਜਰਨੈਲ ਸਿੰਘ ਦੀਆਂ ਕਹਾਣੀਆਂ ਦੇ ਪਰਵਾਸ ਦਾ ਕੇਂਦਰ ਕੈਨੇਡਾ ਦੀ ਧਰਤੀ ਬਣਦੀ ਹੈ। ਕੈਨੇਡਾ ਦੇ ਪਰਵਾਸ ਤੋਂ ਪਹਿਲਾਂ ਪੰਜਾਬੀ ਕਹਾਣੀਆਂ ਵਿੱਚ ਬਰਤਾਨਵੀ ਧਰਤੀ ਦੇ ਪਰਵਾਸ ਦੀ ਤਰਜ਼ਮਾਨੀ ਰਘਬੀਰ ਢੰਡ, ਸੁਰਜੀਤ ਵਿਰਦੀ, ਤਰਸੇਮ ਨੀਲਗਿਰੀ, ਸਵਰਨ ਚੰਦਨ, ਦਰਸ਼ਨ ਧੀਰ, ਸ਼ਿਵਚਰਨ ਗਿੱਲ, ਬਲਦੇਵ ਸਿੰਘ, ਹਰਜੀਤ ਅਟਵਾਲ ਅਤੇ ਵੀਨਾ ਵਰਮਾ ਆਦਿ ਦੀਆਂ ਰਚਨਾਵਾਂ ਵਿੱਚ ਹੁੰਦੀ ਹੈ। ਕੈਨੇਡਾ ਦੇ ਪਰਵਾਸ ਬਾਰੇ ਤਰਜ਼ਮਾਨੀ ਡਾ: ਸਾਧੂ ਸਿੰਘ, ਸਾਧੂ, ਸੁਰਜੀਤ ਕਲਸੀ, ਅਮਰਜੀਤ ਚਾਹਲ, ਸੁਖਵੰਤ ਹੁੰਦਲ, ਕੁਲਜੀਤ ਮਾਨ, ਮੇਜਰ ਮਾਂਗਟ, ਹਰਪ੍ਰੀਤ ਸੇਖਾ ਅਤੇ ਅਮਨਪਾਲ ਸਾਰਾ ਦੀਆਂ ਕਹਾਣੀਆਂ ਵਿੱਚ ਹੋਣ ਲਗਦੀ ਹੈ। ਇੰਜ ਹੀ ਜਗਜੀਤ ਬਰਾੜ, ਪਰਵੇਜ਼ ਸੰਧੂ, ਰਾਣੀ ਨਗੇਂਦਰ, ਪ੍ਰੋ: ਹਰਭਜਨ ਸਿੰਘ ਅਤੇ ਕਰਮ ਸਿੰਘ ਮਾਨ ਆਦਿ ਦੀਆਂ ਕਹਾਣੀਆਂ ਵਿੱਚ ਅਮਰੀਕੀ ਧਰਤੀ ਦੇ ਜੀਵਨ ਨੂੰ ਸਿਰਜਿਆ ਜਾਣ ਲਗਦਾ ਹੈ। ਭਾਵ ਪਰਵਾਸੀ ਰਚਨਾਵਾਂ ਦੇ ਇਹ ਤਿੰਨ ਪ੍ਰਮੁੱਖ ਕੇਂਦਰ ਬਰਤਾਨੀਆ, ਕੈਨੇਡਾ ਅਤੇ ਅਮਰੀਕਾ ਹੀ ਰਹਿੰਦੇ ਹਨ। ਰਵਿੰਦਰ ਰਵੀ, ਅਜਾਇਬ ਕਮਲ ਰਾਹੀਂ ਸਾਹਿਤ ਵਿੱਚ ਹੋਰ ਮੁਲਕਾਂ ਦੀ ਵੀ ਗੱਲ ਹੋਣ ਲਗਦੀ ਹੈ। ਪਰ ਇਹਨਾਂ ਤਿੰਨਾਂ ਕੇਂਦਰਾਂ ਦੇ ਪਰਵਾਸ ਦੇ ਸੰਦਰਭ ਅਤੇ ਸਰੋਕਾਰ ਇਕਹਿਰੇ ਨਾਲੋਂ ਭਿੰਨਤਾ ਮੂਲਕ ਹਨ। ਜਿੱਥੇ ਕੈਨੇਡੀਅਨ ਲਿਖਤਾਂ ਬਹੁ-ਸੱਭਿਆਚਾਰਾਂ ਦੇ ਮੁਹਾਵਰੇ ਵਾਲੀਆਂ ਹਨ ਉੱਥੇ ਬਰਤਾਨੀਆਂ ਦੀਆਂ ਪੰਜਾਬੀ ਲਿਖਤਾਂ ਵਿੱਚ ਨਸਲੀ ਵਿਤਕਰੇ ਦੀ ਵਿਚਾਰਧਾਰਾ ਭਾਰੂ ਰਹਿੰਦੀ ਹੈ।

ਜਰਨੈਲ ਸਿੰਘ ਦੀ ਮੁੱਢਲੀ ਪਛਾਣ ਭਾਵੇਂ ਇੱਕ ਪਰਵਾਸੀ ਕਹਾਣੀਕਾਰ ਅਤੇ ਕੈਨੇਡੀਅਨ ਕੇਂਦਰ ਦੇ ਮਸਲਿਆਂ ਨੂੰ ਸਿਰਜਣ ਵਜੋਂ ਬਣਦੀ ਹੈ ਪਰ ਉਹ ਬਹੁਤ ਜਲਦ ਅਜਿਹੇ ਮਸਲਿਆਂ ਨੂੰ ਮੁਖਾਤਿਬ ਹੋਣ ਲਗਦਾ ਹੈ ਜੋ ਪਰਵਾਸ ਤੱਕ ਹੀ ਸੀਮਤ ਨਹੀਂ ਸਗੋਂ ਵਿਸ਼ਵ ਵਿਆਪੀ ਹਨ। ਉਹ ਕਿਸੇ ਇਕਹਿਰੀ ਨਿਸ਼ਚਿਤ ਸੋਚ, ਵਿਚਾਰ, ਨੈਤਿਕਤਾ ਨਾਲੋਂ ਪਾਰ-ਸੱਭਿਆਚਾਰਕ, ਪਾਰ ਰਾਸ਼ਟਰੀ ਸੰਵੇਦਨਾ ਦੇ ਸਾਪੇਖਕ ਸੱਚ ਸਿਰਜਣ ਲਗਦਾ ਹੈ। ਵਿਸ਼ਵਵਿਆਪੀ ਅੰਤਰਰਾਸ਼ਟਰੀ ਮਸਲਿਆਂ ਬਾਰੇ ਉਹ ਅਥਾਰਟੀ ਮੂਲਕ ਸੱਚ ਨੂੰ ਤੇਰ-ਮੇਰ ਦੇ ਲਗਾਓ ਤੋਂ ਉੱਪਰ ਉੱਠ ਕੇ ਸਾਂਝੇ ਮਾਨਵੀ ਦਰਦ ਵਜੋਂ ਗ੍ਰਹਿਣ ਅਤੇ ਪੇਸ਼ ਕਰਨ ਲਗਦਾ ਹੈ। ਅਜਿਹਾ ਹੋਣ ਕਰਕੇ ਹੀ ਉਸ ਦੀਆਂ ਕਹਾਣੀਆਂ ਪਰੰਪਰਕ ਪਰਵਾਸੀ ਚੇਤਨਾ ਦੇ ਹੇਰਵੇ, ਮੂਲਵਾਸ ਦੀ ਇਮੇਜ਼ਰੀ ਨਾਲੋਂ ਡਾਇਸਪੋਰਿਕ ਪੰਜਾਬੀ ਸੰਵੇਦਨਾ ਦੇ ਸੰਵਾਦੀ ਬਿਰਤਾਂਤ ਬਣਦੇ ਹਨ। ਦੂਜਾ ਇਹ ਸੰਵਾਦ ਸੱਚ-ਝੂਠ ਨਾਲੋਂ ਰਜਿਸਟੈਂਸ ਨੂੰ ਇਸ ਤਰ੍ਹਾਂ ਸਪੇਸ ਦਿੰਦਾ ਹੈ ਕਿ ਪ੍ਰਤੀਰੋਧ ਇੱਕ Utility ਦਾ ਮੁੱਦਾ ਅਤੇ ਮੁੱਲ ਬਣ ਜਾਂਦਾ ਹੈ। ਕਹਾਣੀਆਂ ਵਿੱਚ ਭਾਰਤੀ ਮੂਲ ਦੇ ਜਵਾਨ ਵਰਗ ਅਤੇ ਤੀਜੀ ਚੌਥੀ

ਮਿਸ਼ਰਿਤ ਪੀੜ੍ਹੀਆਂ ਵਿੱਚ ਲਿੰਗਕ ਵਖਰੇਵਿਆਂ ਦੀ ਰਾਜਨੀਤੀ ਇਸ ਪ੍ਰਸੰਗ ਅਤੇ ਹਵਾਲੇ ਨਾਲ ਹੀ ਸਮਝੀ ਜਾ ਸਕਦੀ ਹੈ। ਭਾਰਤੀ ਮਾਨਸਿਕਤਾ ਦੀ ਸੱਚ-ਝੂਠ ਵਾਲੀ ਨਿਆਂਕਾਰੀ ਕੋਟੀ ਲਈ ਇਹ ਵਰਗ ਕੁਰਾਹੇ ਪਈ ਮਾਨਸਿਕਤਾ ਦਾ ਹੀ ਤਰਜ਼ਮਾਨ ਬਣਦਾ ਹੈ, ਜਦੋਂ ਕਿ Youth Culture ਸੱਚ-ਝੂਠ ਦੀ ਨਿਆਂਸ਼ੀਲਤਾ ਅਥਾਰਟੀ ਅੰਦਰਲੀ ਭਿੰਨਤਾਵਾਂ ਦੀ ਸਪੇਸ ਲੈਣ ਵਾਲੀ ਪ੍ਰਤੀਰੋਧੀ ਧਿਰ ਵੀ ਮੰਨੀ ਜਾ ਸਕਦੀ ਹੈ, ਜਿਸ ਨੂੰ Popular Culture ਅਤੇ ਮਾਸ ਮੀਡੀਆ ਵਿੱਚ Main Culture ਦੇ ਭਾਰੂ ਰੂਪ ਸਾਹਮਣੇ ਇੱਕ Sub-Culture ਵਜੋਂ ਸਮਝਿਆ ਜਾ ਰਿਹਾ ਹੈ। ਕਹਾਣੀਆਂ ਵਿੱਚ ਯੂਥ ਕਲਚਰ ਅਜਿਹੇ ਸੰਵਾਦ ਵਜੋਂ ਹੀ ਉਭਰਦਾ ਹੈ। ਅਜਿਹੇ ਸਰੋਕਾਰਾਂ ਅਤੇ ਸੰਦਰਭਾਂ ਦੀਆਂ ਬਹੁਤੀਆਂ ਪਰਵਾਸੀ ਲਿਖਤਾਂ ਵਿੱਚ ਅਣਹੋਂਦ ਹੋਣ ਕਰਕੇ ਪਰਵਾਸ ਵਿੱਚ ਮੂਲਵਾਸ ਅਤੇ ਇਸ ਦੀ ਤਰਜ਼-ਏ- ਜ਼ਿੰਦਗੀ ਦੀ ਇਮੇਜ਼ਰੀ ਵਾਲੀਆਂ ਵਧੇਰੇ ਹੁੰਦੀਆਂ ਹਨ, ਕੇਵਲ ਲੋਕਲ ਨਾਵਾਂ ਦਾ ਹੀ ਫਰਕ ਹੁੰਦਾ ਹੈ। ਇਹ ਲਿਖਤਾਂ ਪਰਵਾਸ ਵਿੱਚ ਵੀ ਆਪਣੇ ਭਾਈਚਾਰੇ ਦੀ ਹੀ ਬਹੁਤੀ ਪੇਸ਼ਕਾਰੀ ਹੁੰਦੀਆਂ ਹਨ। ਆਪਣੇ ਭਾਈਚਾਰੇ ਦੇ ਹੇਰਵੇ ਅਤੇ ਭਾਈਚਾਰਕ ਸ਼ੁੱਧਤਾ ਦੀ ਪਛਾਣ ਇਹਨਾਂ ਦੀ ਮੁੱਖ ਸੁਰ ਬਣ ਜਾਂਦੀ ਹੈ। ਹੋਸਟ ਸੱਭਿਆਚਾਰ ਇੱਕ ਨਸਲੀ ਵਿਤਕਰੇ ਦੇ ਰੂਪ ਵਿੱਚ ਹੀ ਸਪੇਸ ਲੈਂਦਾ ਹੈ। ਭਾਈਚਾਰਿਆਂ ਅਤੇ ਸੱਭਿਆਚਾਰਾਂ ਦਾ ਅੰਤਰ-ਸੰਵਾਦ ਗੈਰ-ਹਾਜ਼ਰ ਹੋ ਕੇ, ਪਰਵਾਸ ਕਰਨ ਦੀਆਂ ਮਜ਼ਬੂਰੀਆਂ ਅਤੇ ਪਰਵਾਸ ਧਾਰਨ ਵਿੱਚੋਂ ਉਪਜਿਆ ਪੀੜ੍ਹੀ-ਪਾੜਾ, ਤਿੜਕੇ ਪਤੀ- ਪਤਨੀ ਸਬੰਧ, ਕਾਮੁਕ ਖੁੱਲ੍ਹ- ਖੇਡ ਦਾ ਇਕਹਿਰਾ ਇਕਸੁਰਾ ਬਿਰਤਾਂਤ ਉਪਜਦਾ ਹੈ। ਅਜਿਹੇ ਇਕਹਿਰੇ ਪਰਵਾਸੀ ਬਿਰਤਾਂਤਕ ਸਰੋਕਾਰਾਂ ਨੂੰ ਤੋੜਨ ਵਾਲਿਆਂ ਵਿੱਚ ਜਰਨੈਲ ਸਿੰਘ ਦੀਆਂ ਕਹਾਣੀਆਂ ਦੀ ਵਿਸ਼ੇਸ਼ ਅਹਿਮੀਅਤ ਹੈ।

ਟਾਵਰਜ਼, ਬਰਫ਼ ਤੇ ਦਰਿਆ, ਪੱਤਿਆਂ ਨਾਲ ਢਕੇ ਜਿਸਮ ਅਤੇ ਮੁਹਾਜ਼ ਬਹੁ-ਸੱਭਿਆਚਾਰਾਂ ਦਾ ਅੰਤਰ-ਸੰਵਾਦ ਉਸਾਰਦੀਆਂ ਹਨ। ਇਸ ਦਾ ਇਹ ਭਾਵ ਨਹੀਂ ਕਿ ਉਸ ਦੀਆਂ ਕਹਾਣੀਆਂ ਵਿਚਾਰਧਾਰਾ ਦੀ ਮੌਤ ਦਾ ਐਲਾਨ ਹਨ। ਬਲਕਿ ਇਹਨਾਂ ਕਹਾਣੀਆਂ ਵਿੱਚ ਵਿਚਾਰਧਾਰਾ ਇੱਕ ਸੰਵਾਦ ਬਣਦੀ ਹੈ। ਜਰਨੈਲ ਸਿੰਘ ਦੀ ਕਥਾ-ਯੋਗਤਾ ਵਿਚਲੇ ਅਜਿਹੇ ਗੁਣਾਂ ਕਰਕੇ ਹੀ ਪੰਜਾਬੀ ਆਲੋਚਕਾਂ ਨੇ ਉਸ ਦੀਆਂ ਲਿਖਤਾਂ ਬਾਰੇ ਭਰਵਾਂ ਹੁੰਗਾਰਾ ਭਰਿਆ ਹੈ। 'ਦੋ ਟਾਪੂ' ਅਤੇ 'ਟਾਵਰਜ਼' ਕਹਾਣੀ ਸੰਗ੍ਰਹਿਆਂ ਬਾਬਤ ਦੋ ਆਲੋਚਨਾ ਪੁਸਤਕਾਂ ਸੰਪਾਦਿਤ ਰੂਪ ਵਿੱਚ ਕ੍ਰਮਵਾਰ ਗੁਰਮੀਤ ਕੱਲਰਮਾਜਰੀ ਦੁਆਰਾ ਜਰਨੈਲ ਸਿੰਘ ਦੀ ਰਚਨਾ ਦ੍ਰਿਸ਼ਟੀ ਅਤੇ ਡਾ. ਕਰਮਜੀਤ ਸਿੰਘ ਅਤੇ ਡਾ. ਹਰਸਿਮਰਨ ਸਿੰਘ ਦੁਆਰਾ ਟਾਵਰਜ਼: ਵਸਤੂ, ਵਿਧੀ ਅਤੇ ਦ੍ਰਿਸ਼ਟੀ ਮਿਲਦੀਆਂ ਹਨ।

ਇਹਨਾਂ ਆਲੋਚਨਾ ਪੁਸਤਕਾਂ ਵਿੱਚ ਵਿਭਿੰਨ ਵਿਦਵਾਨਾਂ ਨੇ ਵਿਭਿੰਨ ਪੱਖਾਂ ਅਤੇ ਬਹੁਕੋਣਾਂ ਤੋਂ ਉਸ ਦੀਆਂ ਕਹਾਣੀਆਂ ਦਾ ਅਧਿਐਨ ਕੀਤਾ ਹੈ। ਜਰਨੈਲ ਸਿੰਘ ਦੇ ਕਥਾ-ਅਨੁਭਵ, ਚੇਤਨਾ ਅਤੇ ਦ੍ਰਿਸ਼ਟੀ ਦੀ ਵੱਖਰਤਾ ਅਤੇ ਪ੍ਰਾਪਤੀ ਇਹ ਮੰਨੀ ਗਈ ਹੈ ਕਿ ਉਹ "ਸਾਹਿਤ ਨੂੰ ਕੇਵਲ ਯਾਦਾਂ ਜਾਂ ਉਦਰੇਵੇਂ ਜਾਂ ਸਵੈ-ਬੀਤੀ ਤੋਂ ਆਜ਼ਾਦ ਕਰਕੇ ਰਾਸ਼ਟਰ ਤੇ ਇਤਿਹਾਸ ਦੀਆਂ ਹੱਦਾਂ ਤੋਂ ਬਾਹਰ ਜਾ ਕੇ ਮਨੁੱਖ ਤੇ ਮਨੁੱਖ ਦੇ ਰਿਸ਼ਤੇ, ਸਵੈ ਤੇ ਪਰ ਦੇ ਰਿਸ਼ਤੇ ਇੱਕ ਸੱਭਿਅਤਾ ਦੇ ਸੰਵਾਦ ਵਿੱਚ ਦੇਖਣ ਦੀ ਸਮਰੱਥਾ ਰੱਖਦਾ ਹੈ। ਅਜਿਹੀ ਸੱਭਿਅਤਾ ਦੇ ਸੰਵਾਦ ਦਾ ਬਿਰਤਾਂਤ ਹੋਣ ਕਰਕੇ ਹੀ ਉਸ ਦੀਆਂ ਕਹਾਣੀਆਂ ਵਿੱਚ ਬਿਰਤਾਂਤ ਅਤੇ ਵਿਚਾਰਧਾਰਾ 'ਇੱਕ ਸੂਤਰੀ ਹੱਲ ਉੱਪਰ ਪਹੁੰਚਣ ਦੀ ਕਾਹਲ' ਅਤੇ ਕਿਸੇ ਸਰਲ ਸਿੱਧੇ ਹਾਈਪੋਥੀਸਿਸ ਨੂੰ ਸਿੱਧ ਕਰਨ ਨਾਲੋਂ 'ਇੱਕੋ ਵੇਲੇ ਕਈ ਦ੍ਰਿਸ਼ਟੀ-ਬਿੰਦੂਆਂ ਨੂੰ ਇੱਕ ਦੂਜੇ ਦੇ ਸਨਮੁੱਖ' ਕਰਕੇ 'ਜੀਵਨ ਦੀ ਵਿਵਿਧ ਭਾਂਤ ਦੀ ਜਟਿਲਤਾ' ਬਾਰੇ ਸੰਵਾਦ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ। "ਇਹ ਇੱਕ



ਅਜਿਹਾ ਬਿਰਤਾਂਰਕ ਲੱਛਣ ਅਤੇ ਕਥਾ ਪੈਟਰਨ ਹੈ ਜੋ ਉਸ ਦੀਆਂ ਕਹਾਣੀਆਂ ਦਾ ਬੁਨਿਆਦੀ ਮਾਡਲ ਆਖਿਆ ਜਾ ਸਕਦਾ ਹੈ। ਇਹਨਾਂ ਦੋ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ ਨਵ-ਪ੍ਰਕਾਸ਼ਿਤ ਕਹਾਣੀਆਂ 'ਪੱਤਿਆਂ ਨਾਲ ਢਕੇ ਜਿਸਮ' ਅਤੇ 'ਮੁਹਾਜ਼' ਇਸ ਬਿਰਤਾਂਤਕ ਚਾਲ ਦੀਆਂ ਹੀ ਧਾਰਨੀ ਹਨ। 'ਮੁਹਾਜ਼' ਵਿੱਚ ਜੰਗ ਬਾਰੇ ਅਤੇ 'ਪੱਤਿਆਂ ਨਾਲ ਢਕੇ ਜਿਸਮ' ਕਹਾਣੀ ਵਿੱਚ ਔਰਤ ਦੇਹ, ਨਗਨਤਾ, ਕਲਾ ਅਤੇ ਮੰਡੀ ਸੱਭਿਆਚਾਰ ਵਰਗੇ ਵਿਸ਼ਵ ਵਿਆਪੀ ਮਸਲਿਆਂ ਸਬੰਧੀ ਇੱਕ ਸੂਤਰੀ ਅਤੇ ਸਰਲ ਸਿੱਧੇ ਹਾਈਪੋਥੀਸਿਸ ਨਾਲੋਂ, ਸੱਭਿਆਚਾਰਕ ਸੰਵਾਦ, ਪਾਤਰਾਂ ਦੇ ਮਨਾਂ ਵਿੱਚ ਪੈਦਾ ਹੋਣ ਵਾਲੇ ਅੰਤਰ ਵਿਰੋਧਾਂ ਅਤੇ ਪਾਤਰਾਂ ਦੇ ਵਾਦ- ਵਿਵਾਦੀ ਤਕਰਾਰ ਰਾਹੀਂ ਉਜਾਗਰ ਹੁੰਦਾ ਹੈ। ਭਾਵ ਕਹਾਣੀਆਂ ਕੇਵਲ ਸੰਵਾਦਮੁਖੀ ਬਿਰਤਾਂਤ ਹੀ ਨਹੀਂ ਸਗੋਂ ਪਰਵਾਸ ਨਾਲੋਂ ਵਿਸ਼ਵ-ਵਿਆਪੀ ਸੰਕਟਾਂ ਅਤੇ ਮਸਲਿਆਂ ਨੂੰ ਪੰਜਾਬੀ ਕਹਾਣੀ ਵਿੱਚ ਬੋਲ ਬਖ਼ਸ਼ਣ ਵਾਲੀਆਂ ਹਨ। ਇਹ ਦੋਵੇਂ ਕਹਾਣੀਆਂ 'ਹੁਣ' ਪੁਸਤਕ ਲੜੀ-11 ਅਤੇ 16 ਵਿੱਚ ਪ੍ਰਕਾਸ਼ਿਤ ਹੋਈਆਂ ਹਨ ਜਿਹਨਾਂ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ।

'ਮੁਹਾਜ਼' ਕਹਾਣੀ ਵਿੱਚ ਜੰਗ ਬਾਰੇ ਦੋ ਰਾਸ਼ਟਰਾਂ, ਸੱਭਿਆਚਾਰਾਂ ਦੇ ਫ਼ੌਜੀਆਂ ਅਤੇ ਫ਼ੌਜਾਂ ਦੇ ਕਾਰਜ ਨੂੰ 'ਔਰਤ' ਕੇਂਦਰਿਤ ਕਰਕੇ ਸੱਭਿਆਚਾਰਕ ਪੁਜੀਸ਼ਨਾਂ ਤੋਂ ਦੁਖਦ ਅਨੁਭਵ ਦੀਆਂ ਵਿਭਿੰਨ ਪਰਤਾਂ ਦਾ ਸੰਵਾਦ ਹੈ। ਸੰਵਾਦ ਵਿੱਚ ਦੁਖ ਦੀ ਸਾਂਝ ਦੇ ਬਾਵਜੂਦ ਭਿੰਨਤਾ ਹੈ। ਕਹਾਣੀ ਦਾ ਬਿਰਤਾਂਤਕਾਰ ਸੁਖਦੇਵ ਸਿੰਘ ਕੰਗ ਹੈ, ਜਿਸ ਨੂੰ 'ਡੇਵ' ਕਹਿ ਕੇ ਬੁਲਾਇਆ ਜਾਂਦਾ ਹੈ। ਸਾਰੀ ਕਹਾਣੀ ਇਸ ਪਾਤਰ ਦੀਆਂ ਯਾਦਾਂ ਅਤੇ ਵਰਤਮਾਨ ਜੀਵਨ ਦੇ ਸਬੰਧਾਂ ਵਿਚਲੇ ਸੰਵਾਦ ਅਤੇ ਸਥਿਤੀਆਂ ਰਾਹੀਂ ਉਸਰਦੀ ਹੈ। ਡੇਵ ਭਾਰਤੀ ਏਅਰਫੋਰਸ ਦੀ ਨੌਕਰੀ ਵਿੱਚੋਂ ਰਿਟਾਇਰਮੈਂਟ ਲੈਣ ਬਾਅਦ ਕੈਨੇਡਾ ਆਪਣੀ ਕੁੜੀ ਨੂੰ ਵਿਆਹੁਣ ਬਾਅਦ ਆਪ ਵੀ ਉੱਥੇ ਰਹਿ ਰਿਹਾ ਹੈ, ਜਿੱਥੇ ਉਹ 'ਕੈਨੇਡੀਅਨ ਫੋਰਸਜ਼ ਬੇਸ' ਨਾਲ ਜੁੜੀ ਸਕਿਉਰਟੀ ਕੰਪਨੀ 'ਕਮਿਸ਼ਨੇਅਰਜ਼' ਦਾ ਕਰਮਚਾਰੀ ਹੈ। ਬੇਸ ਵਿੱਚ ਹੀ 'ਨੈਨਸੀ' ਨਾਂ ਦੀ ਔਰਤ 'ਐਡਮਿਨ ਅਫ਼ਸਰ' ਹੈ। ਇਹ ਔਰਤ ਦੇਵ ਨੂੰ 'ਡੇਵ' ਕਹਿ ਕੇ ਸੰਬੋਧਨ ਕਰਦੀ ਹੈ। 'ਨੈਨਸੀ' ਦਾ ਘਰਵਾਲਾ 'ਸਟੀਵ ਬਰਟਨ' ਅਮਰੀਕੀ- ਕੈਨੇਡੀਅਨ ਫੋਰਸ ਦੇ ਅਫ਼ਗਾਨਿਸਤਾਨ ਵਿੱਚ ਸ਼ਾਂਤੀ ਅਤੇ ਪੁਨਰਬਹਾਲੀ ਲਈ ਗਈਆਂ ਫੌਜਾਂ ਦੇ ਮਿਸ਼ਨ ਵਿੱਚ ਮਰ ਜਾਂਦਾ ਹੈ। ਕਹਾਣੀ ਇਹ ਪਰਤਾਂ ਅਤੇ ਭਾਵ ਉਭਾਰਦੀ ਹੈ ਕਿ ਅਜਿਹਾ ਹੋਣ ਕਰਕੇ 'ਨੈਨਸੀ' ਦੀ ਜ਼ਿੰਦਗੀ ਅਤੇ ਸਾਰੇ ਤਿਉਹਾਰ ਖ਼ਤਮ ਹੋ ਜਾਂਦੇ ਹਨ। ਬੱਚਾ ਮਾਨਸਿਕ ਤੌਰ ਤੇ ਅਪਸੈੱਟ ਹੋ ਜਾਂਦਾ ਹੈ। ਡੇਵ 'ਸਟੀਵ' ਨਾਲ ਨੌਕਰੀ ਕਰਨ ਕਰਕੇ ਉਸ ਨੂੰ ਵੀ ਜਾਣਦਾ ਹੈ ਅਤੇ ਉਸਦੀ ਮੌਤ ਵੇਲੇ ਅੰਤਿਮ ਰਸਮਾਂ ਵਿੱਚ ਸ਼ਾਮਲ ਵੀ ਹੁੰਦਾ ਹੈ। ਜਿੱਥੇ ਉਸ ਨੂੰ ਭਾਰਤੀ ਨੌਕਰੀ ਦੌਰਾਨ ਦੋਸਤ ਨਵਤੇਜ ਦੀ 1971 ਦੀ ਜੰਗ ਵਿੱਚ ਮਰਨ ਦੀਆਂ ਘਟਨਾਵਾਂ ਅਤੇ ਬਾਅਦ ਵਿੱਚ ਉਸ ਦੀ ਘਰਵਾਲੀ 'ਮਨਜੀਤ' ਦੀ ਵਿਧਵਾ ਜ਼ਿੰਦਗੀ ਯਾਦ ਆਉਂਦੀ ਹੈ। ਦੋ ਵੱਖੋ ਵੱਖ ਸਮੇਂ ਹੋਈਆਂ ਜੰਗਾਂ, ਮੌਤਾਂ ਅਤੇ ਵਿਧਵਾ ਔਰਤਾਂ ਬਾਰੇ ਸਮਾਂਤਰ ਸਥਿਤੀਆਂ ਇੱਕਸੁਰ ਹੋ ਕੇ ਉਜਾਗਰ ਹੁੰਦੀਆਂ ਹਨ ਜਿਵੇਂ ਬਿਰਤਾਂਤਕਾਰ ਦੇ ਕਹਾਣੀ ਵਿੱਚ ਬੋਲ ਹਨ "ਨਵਤੇਜ ਨੂੰ ਮਾਰਨ ਵਾਲੀ ਜੰਗ ਤਾਂ ਸਿਰਫ ਦੋ ਕੁ ਹਫ਼ਤੇ ਚੱਲੀ ਸੀ ਪਰ ਉਸ ਦੀ ਵਿਧਵਾ ਜੀਤਾਂ ਦੀ ਜੰਗ ਸਾਰੀ ਉਮਰ ਹੀ ਚਲਦੀ ਰਹੀ ਤੇ ਇਸ ਜੰਗ ਵਿੱਚ ਉਸਨੂੰ ਪਤਾ ਨਹੀਂ ਕਿੰਨੀ ਵਾਰ ਮਰਨਾ ਪਿਆ" ( 'ਹੁਣ'-ਪੁਸਤਕ ਲੜੀ-16, ਪੰਨਾ- 92)

ਇੰਜ ਹੀ ਨੈਨਸੀ ਦੀ ਹਾਲਤ ਬਾਰੇ ਬਿਰਤਾਂਤਕਾਰ ਮਹਿਸੂਸ ਕਰਦਾ ਹੈ "ਸਟੀਵ ਮੁੱਕ ਗਿਆ ਸੀ, ਜੰਗ ਨਹੀਂ ਸੀ ਮੁੱਕੀ-ਨੈਨਸੀ ਦੀ ਜ਼ਿੰਦਗੀ, ਜਿਹੜੀ ਸਟੀਵ ਦੇ ਸਾਥ ਵਿੱਚ ਮਾਣਨ-ਹੰਢਾਉਣ ਵਾਲੀ ਚੀਜ਼ ਹੁੰਦੀ ਸੀ, ਹੁਣ ਜੰਗ ਬਣ ਚੁੱਕੀ ਸੀ --ਅਤਿ ਕਠੋਰ ਜੰਗ। (ਉਹੀ-

ਪੰਨਾ-93)

ਜੇਕਰ ਕਹਾਣੀ ਨੇ ਇਹ ਹੀ ਦਰਸਾਉਣਾ ਹੁੰਦਾ ਕਿ ਜੰਗ ਵਿੱਚ ਮਰੇ ਫੌਜੀਆਂ ਦੀਆਂ ਘਰਵਾਲੀਆਂ ਦੀ ਹਾਲਤ ਅਤੇ ਪਰਿਵਾਰਕ ਜ਼ਿੰਦਗੀ ਕਿੰਨੀ ਮਾੜੀ ਹੋ ਜਾਂਦੀ ਹੈ ਤਾਂ ਕਹਾਣੀ ਇੱਥੇ ਹੀ ਮੁੱਕ ਜਾਣੀ ਚਾਹੀਦੀ ਸੀ। ਕਹਾਣੀ ਦੀ ਇਹ ਇੱਕ ਪਰਤ ਹੈ ਜੋ ਨੈਨਸੀ ਦੇ ਕਰਿਸਮਿਸਾਂ ਅਤੇ ਜੀਤਾਂ ਦੇ ਵਿਸਾਖੀਆਂ ਵਾਲੇ ਤਿਉਹਾਰਾਂ ਰਾਹੀਂ ਰੂਪਕੀ ਸੰਚਾਰ ਕਰਦਾ ਹੈ। ਇਸ ਸੰਚਾਰ ਵਿੱਚ ਜੰਗ ਅਤੇ ਔਰਤ ਦੇ ਆਪਸੀ ਮਾਰੂ/ਤਬਾਹੀ ਦਾ ਬਿਰਤਾਂਤ ਕੇਵਲ ਇਕਹਿਰਾ ਪ੍ਰਗਟਾਵਾ ਨਹੀਂ ਹੈ ਜਿਵੇਂ ਆਮ ਤੌਰ 'ਤੇ ਜੰਗ ਦੇ ਬਿਰਤਾਂਤ ਉਸਰਦੇ ਹਨ। ਕਹਾਣੀ ਇਸ ਜੰਗ ਨੂੰ ਦੋ ਸੱਭਿਆਚਾਰਾਂ ਨਾਲ਼ ਸਾਪੇਖ ਕਰਕੇ ਔਰਤ ਦੇ ਦੁੱਖਾਂ ਦੀ ਸਮਾਨਤਾ/ਸਾਂਝਾਂ ਦੇ ਬਾਵਜੂਦ ਉਹਨਾਂ ਵਿਚਲੇ ਫਰਕ ਦੀ ਸਪੇਸ ਸਿਰਜਦੀ ਹੈ। ਨੈਨਸੀ ਸਟੀਵ ਦੀ ਮੌਤ ਤੋਂ ਬਾਅਦ ਉਸਦੇ ਦੋਸਤ 'ਡਮਿਟਰੀ' ਨਾਲ ਜੁੜ ਕੇ ਜ਼ਿੰਦਗੀ ਨੂੰ ਜੀਊਣਯੋਗ ਬਣਾ ਲੈਂਦੀ ਹੈ। ਕਰਿਸਮਸ ਤਿਉਹਾਰ ਮਨਾ ਰਹੀ ਹੈ। ਜ਼ਿੰਦਗੀ ਦੁਬਾਰਾ ਜਿਉਣਯੋਗ ਬਣਦੀ ਹੈ। ਪਰ ਮਨਜੀਤ ਅਜਿਹਾ ਨਹੀਂ ਕਰ ਸਕਦੀ ਕਿਉਂਕਿ ਸਮਾਜਕ ਕੀਮਤਾਂ ਇਸ ਨੂੰ ਚੰਗਾ ਨਹੀਂ ਸਮਝਦੀਆਂ। ਖੁਦ ਬਿਰਤਾਂਤਕਾਰ ਚਾਹੁੰਦਾ ਹੋਇਆ ਵੀ ਜੀਤਾਂ ਦੀ ਮੱਦਦ ਨਹੀਂ ਕਰ ਸਕਿਆ। ਦੋ ਸੱਭਿਆਚਾਰਾਂ ਵਿੱਚ ਨੈਤਿਕਤਾ ਦੀ ਭਿੰਨਤਾ ਦੇ ਅੰਤਰ ਪਾਠ ਕਹਾਣੀ ਵਿੱਚ ਨੈਨਸੀ ਅਤੇ ਜੀਤਾਂ ਰਾਹੀਂ ਸੱਭਿਆਚਾਰਕ- ਸਾਪੇਖ ਅਰਥ ਉਤਪੰਨ ਕਰਦੇ ਹਨ। ਜੇਕਰ ਨਵਤੇਜ ਕੈਨੇਡਾ ਦਾ ਫੌਜੀ ਹੁੰਦਾ ਤਾਂ ਜੀਤਾਂ ਦੀਆਂ ਦੀਵਾਲੀਆਂ ਅਤੇ ਵਿਸਾਖੀਆਂ ਏਨੀਆਂ ਕਾਲੀਆਂ ਨਹੀਂ ਸਨ ਹੋਣੀਆਂ। ਇਹ ਅਤਿਕੱਥਨੀ ਹੀ ਇੱਕ ਤਰ੍ਹਾਂ ਨਾਲ ਪੰਜਾਬੀਆਂ ਲਈ ਪਰਵਾਸ ਨੂੰ ਮੁਕਤੀ ਦੁਆਰ ਮੰਨਣ ਵਾਲੀ ਹੈ। ਇਸ ਤੋਂ ਅੱਗੇ ਕਹਾਣੀ ਭਾਰਤੀ ਫੌਜ ਅਤੇ ਕੈਨੇਡੀਅਨ ਫੌਜ ਦੇ ਮਿਸ਼ਨਾਂ ਵਿਚਲਾ ਫਾਸਲਾ, ਫੌਜ ਵਿੱਚ ਫੌਜੀਆਂ ਅਤੇ ਅਫ਼ਸਰਾਂ ਵਿਚਲਾ ਫਾਸਲਾ ਤੇ ਇਹਨਾਂ ਫਾਸਲਿਆਂ ਦੇ ਬਾਵਜੂਦ 'ਫੌਜੀ' ਦੀ ਮੌਤ ਨੂੰ ਹਰ ਮੁਲਕ ਦੇਸ ਭਗਤੀ, ਸੂਰਬੀਰਤਾ ਦੇ ਰਾਸ਼ਟਰੀ ਚਿਹਨ ਦੇ ਅਥਾਰਟੀ ਮੂਲਕ ਅਰਥਾਂ ਵਿੱਚ ਇੱਕ ਹੀ ਤਰ੍ਹਾਂ ਨਾਲ ਸੰਬੋਧਨ ਹੋਣ ਦੀ ਫੋਕੀ ਵਡਿਆਈ ਅਤੇ ਰਾਸ਼ਟਰੀ ਸਿਆਸਤ ਤੋਂ ਕਿਵੇਂ ਪ੍ਰੇਰਿਤ ਹੈ, ਉਸ ਨੂੰ ਵੀ ਕਹਾਣੀ ਇੱਕ ਤਰ੍ਹਾਂ ਉਭਾਰਦੀ ਹੈ। ਨਵਤੇਜ ਦੀ ਮੌਤ ਬਾਅਦ ਸੁਕਆਰਡਨ ਕਮਾਂਡਰ ਦਾ ਭਾਸ਼ਣ ਬਿਰਤਾਂਤਕਾਰ ਦੀਆਂ ਸੋਚਾਂ ਵਿੱਚੋਂ ਉਜਾਗਰ ਹੁੰਦਾ ਹੈ "ਦੇਸ਼ ਲਈ ਮਰ ਮਿਟਣਾ ਜ਼ਿੰਦਗੀ ਦਾ ਉੱਤਮ ਕਾਰਜ ਹੈ। ਸਿਰ 'ਤੇ ਕੱਫਣ ਬੰਨ੍ਹਣਾ ਤੇ ਮੌਤ ਨਾਲ ਗੱਲਾਂ ਕਰਨੀਆਂ ਸਿਰਫ਼ ਸੈਨਿਕਾਂ ਦੇ ਹਿੱਸੇ ਹੀ ਆਇਆ ਹੈ ——ਨਵਤੇਜ ਦਾ ਰਣਭੂਮੀ 'ਚ ਡੁੱਲ੍ਹਿਆ ਖੂਨ, ਸਾਨੂੰ ਭਾਰਤ ਮਾਂ ਦੀ ਰੱਖਿਆ ਲਈ ਹੋਰ ਦ੍ਰਿੜ ਕਰਦਾ ਹੈ"। (ਹੁਣ- ਪੰਨਾ: 88)

ਸਟੀਵ ਦੀ ਮੌਤ ਵੇਲੇ ਵੀ ਕਮਾਂਡਿਗ ਅਫ਼ਸਰ ਅਜਿਹੇ ਹੀ ਭਾਵ ਪ੍ਰਗਟ ਕਰਦਾ ਹੈ "ਉਹ ਇੱਕ ਸੂਰਮਾ ਸੈਨਿਕ ਸੀ, ਕਮਾਲ ਦਾ ਨਿਸ਼ਾਨਚੀ। ਉਸ ਦੀ ਮੌਤ ਮੇਰੇ ਬੇਸ ਲਈ ਹੀ ਨਹੀਂ, ਸਮੁੱਚੀ ਕਨੇਡੀਅਨ ਫੋਰਸਜ਼ ਲਈ ਬਹੁਤ ਵੱਡਾ ਘਾਟਾ ਏ ਪਰ ਅਸੀਂ ਉਸ ਦੀ ਕੁਰਬਾਨੀ 'ਤੇ ਫਖ਼ਰ ਵੀ ਮਹਿਸੂਸ ਕਰਦੇ ਹਾਂ ——(ਹੁਣ-ਪੰਨਾ-89)

ਬਿਰਤਾਂਤਕਾਰ ਅਜਿਹੇ ਸੂਰਬੀਰਤਾ, ਰਾਸ਼ਟਰੀਮਾਣ ਦੇ ਚਿਹਨਾਂ ਦੀਆਂ ਸਾਂਝੀਆਂ ਧੁਨੀਆਂ ਦੇ ਪਾਰ- ਰਾਸ਼ਟਰੀ ਖਾਸੇ ਦੇ ਸਮਾਂਤਰ ਇੱਕ ਪ੍ਰਤੀਧੁਨੀ 'ਸੈਨਿਕਾਂ' ਦੀ ਪੁਜੀਸ਼ਨ ਤੋਂ ਉਜਾਗਰ ਕਰਦਾ ਹੈ। ਜਿਹੜੀ ਪ੍ਰਤਿਧੁਨੀ ਇਹਨਾਂ ਫੌਜੀਆਂ ਅੰਦਰਲੀ 'ਅਧੀਨਗੀ' ਵਾਲੀ ਹੈ। ਭਾਵ "ਸੁਕਾਰਮਾਰਡਨ ਕਮਾਂਡਰ ਦੀਆਂ ਗੱਲਾਂ ਸੁਣ ਰਹੇ ਸੈਨਿਕਾਂ ਦੇ ਚਿਹਰਿਆਂ ਤੇ ਸੂਰਮਗਤੀ ਦੀ ਸ਼ੇਡ ਵਿੱਚ ਇੱਕ ਸ਼ੇਡ ਹੋਰ ਵੀ ਸੀ, ਅਧੀਨਗੀ ਦੀ। ਆਪਣੇ ਅੰਦਰ ਦੀ ਅਧੀਨਗੀ ਵੀ, ਮੈਂ ਮਹਿਸੂਸ ਕਰ ਰਿਹਾ ਸਾਂ।" ਹਕੀਕਤ ਇਹ ਹੈ ਕਿ ਅਧਿਕਤਰ ਫੌਜੀ ਉਹ ਲੋਕ ਹਨ ਜੋ 'ਵਰਕਿੰਗ ਜਮਾਤ' 'ਚੋਂ ਆਏ ਲੋਕ ਹੁੰਦੇ



ਹਨ। ਰੋਜ਼ੀ ਰੋਟੀ ਕਮਾਉਣ ਲਈ ਇਹ ਨਾ ਚਾਹੁੰਦਿਆਂ ਹੋਇਆਂ ਵੀ ਫੌਜ ਦੀ ਨੌਕਰੀ ਕਰਨ ਲਈ ਬੇਵਸ ਅਤੇ ਅਧੀਨ ਹਨ। ਨਵਤੇਜ ਫੌਜ ਦੀ ਨੌਕਰੀ ਕਰਨੀ ਨਹੀਂ ਸੀ ਚਾਹੁੰਦਾ (ਜਲਦੀ ਰਿਟਾਇਰਮੈਂਟ ਲੈ ਕੇ ਬਾਅਦ ਵਿੱਚ ਪ੍ਰੋਫੈਸਰੀ ਕਰਨ ਦੀਆਂ ਸਕੀਮਾਂ ਸੋਚ ਰਿਹਾ ਸੀ) ਪਰ ਰੋਟੀ ਲਈ ਫੌਜ 'ਚ ਸੀ ਪਰੰਤੂ ਜੰਗ ਨੇ ਉਸ ਦੀ ਪਲੇਟ 'ਚ ਪਈ ਰੁੱਖੀ ਸੁੱਖੀ ਵੀ ਉਸਨੂੰ ਖਾਣ ਨਹੀਂ ਸੀ ਦਿੱਤੀ। ਇੰਜ ਹੀ ਸਟੀਵ ਵੀ - ਫਰਨੀਚਰ ਫੈਕਟਰੀ ਦੀ ਜੌਬ ਦੀਆਂ ਥੁੜਾਂ/ਮਜਬੂਰੀਆਂ ਕਾਰਨ, ਉਹ ਨੌਕਰੀ ਛੱਡ - ਫੌਜ ਵਿੱਚ ਆਇਆ ਸੀ। ਸਟੀਵ ਅਤੇ ਨਵਤੇਜ ਦਾ ਜੰਗ ਬਾਰੇ ਬੁਨਿਆਦੀ ਨਜ਼ਰੀਆ ਭਿੰਨਤਾ ਵਾਲਾ ਹੈ। ਇਸ ਭਿੰਨਤਾ ਪਿੱਛੇ ਵੀ ਅੰਤਰ ਰਾਸ਼ਟਰੀ ਅਤੇ ਨਸਲੀ ਭਿੰਨਤਾਵਾਂ ਕੇਂਦਰਿਤ ਹਨ। ਕਹਾਣੀ ਬਿਰਤਾਂਤ ਇਸ ਮੋੜ 'ਤੇ ਦੋਹਾਂ ਵਿੱਚ ਜਮਾਤੀ ਸਾਂਝ ਦੇ ਬਾਵਜੂਦ ਖਿੱਤਿਆਂ, ਨਸਲੀ ਤੇ ਰਾਸ਼ਟਰੀ ਅੰਤਰਾਂ ਨੂੰ ਉਚਾਰਣ ਵਾਲਾ ਵਧੇਰੇ ਹੋ ਨਿਬੜਦਾ ਹੈ। ਨਵਤੇਜ ਅਵਿਕਸਿਤ ਮੁਲਕ ਦੀ ਫੌਜ ਦਾ ਸੈਨਿਕ ਹੋ ਕੇ, ਜੰਗ ਪਿੱਛੇ ਕੰਮ ਕਰ ਰਹੀ ਸਿਆਸੀ ਖੇਡ ਖੇਡਣ ਵਾਲੇ ਲੋਕਾਂ ਅਤੇ ਕਾਰਨਾਂ ਨੂੰ ਸਮਝਣ ਕਰਕੇ ਹੀ, ਫੌਜ ਦੀ ਨੌਕਰੀ ਕਰਨਾ ਨਹੀਂ ਚਾਹੁੰਦਾ। ਨਵਤੇਜ ਇਸ ਅੰਤਰ ਦ੍ਰਿਸ਼ਟੀ ਨੂੰ ਵੀ ਉਭਾਰਦਾ ਹੈ ਕਿ ਜੰਗ ਪਿੱਛੇ ਇਕੱਲੇ ਰਾਸ਼ਟਰ ਜਾਂ ਨੇਤਾ ਦੀਆਂ ਹੀ ਨੀਤੀਆਂ ਨਹੀਂ ਹੁੰਦੀਆਂ ਬਲਕਿ ਇਸ ਪਿੱਛੇ ਵੱਡੇ ਸਾਮਰਾਜੀ ਮੁਲਕਾਂ ਦਾ ਹਥਿਆਰਾਂ ਦੀ ਵੇਚ ਵੱਟਤ ਰਾਹੀਂ ਮੁਨਾਫਾ ਕਮਾਉਣਾ ਵੀ ਹੁੰਦਾ ਹੈ, ਜਿਵੇਂ ਇੱਕ ਵੱਡਾ ਦੇਸ਼ ਪਾਕਿਸਤਾਨ ਨੂੰ ਹਥਿਆਰ ਵੇਚੀ ਜਾਂਦਾ ਹੈ ਅਤੇ ਦੂਜਾ ਵੱਡਾ ਦੇਸ਼ ਭਾਰਤ ਨੂੰ। ਕੈਨੇਡੀਅਨ ਸਟੀਵ, ਭਾਰਤ ਪਾਕਿ ਦੀਆਂ ਆਪਸੀ ਲੜਾਈਆਂ ਪਿੱਛੇ ਕਾਰਜਸ਼ੀਲ ਖੇਡ ਨੂੰ 'ਸਿਆਸੀ ਖੇਡ' ਵਜੋਂ ਸਮਝਦਾ ਹੈ ਅਤੇ ਦੋਹਾਂ ਮੁਲਕਾਂ ਦੀ ਲੜਾਈ ਨੂੰ ਭਰਾ-ਭਰਾ ਦੀ ਲੜਾਈ ਮੰਨ ਕੇ ਉਚਿਤ ਅਤੇ ਜਾਇਜ਼ ਨਹੀਂ ਮੰਨਦਾ। ਸਟੀਵ ਦੀ ਇਹ ਸੋਚ, ਬਿਰਤਾਂਤਕਾਰ 'ਡੇਵ' ਨਾਲ ਹੋ ਚੁੱਕੇ ਸੰਵਾਦਾਂ ਅਤੇ ਸੋਚਾਂ ਵਿੱਚੋਂ ਉਪਜਦੀ ਹੈ। ਪਰ ਜੰਗ ਦੇ ਸਿਆਸੀ ਕਾਰਨਾਂ ਨੂੰ ਸਮਝਣ ਵਾਲਾ ਸਟੀਵ ਅਮਰੀਕੀ- ਕੈਨੇਡੀਅਨ ਭਾਈਵਾਲੀ ਫੌਜਾਂ ਦੇ ਸ਼ਾਂਤੀ ਮਿਸ਼ਨ ਵਾਲੇ ਇਰਾਕ, ਅਫ਼ਗਾਨਿਸਤਾਨੀ, ਬੋਸਨੀਆਂ ਅਤੇ ਸੋਮਾਲੀਆਂ ਲੜਾਈਆਂ ਵਿਚਲੇ ਚਰਿੱਤਰ ਨੂੰ 'ਸਿਆਸੀ' 'ਸਾਮਰਾਜੀ' ਰੂਪ ਵਿੱਚ ਸਮਝਣ ਨਾਲੋਂ 'ਸਾਮਰਾਜੀ' ਅਤੇ 'ਨਸਲੀ ਹਉਮੈਂ' ਵਾਲੇ ਖਾਸੇ ਨੂੰ ਉਚਿੱਤ ਮੰਨਦਾ ਹੈ। ਉਹ ਤਾਲਿਬਾਨਾਂ ਨੂੰ ਬਾਰਬੇਰੀਅਨ, ਹਨ੍ਹੇਰਾ ਢੋਣ ਵਾਲੇ ਸਮਝ ਕੇ 'ਸਬਕ ਸਿਖਾਉਣ' ਦੀਆਂ ਨੀਤੀਆਂ ਵਿੱਚ ਘਿਰਿਆ ਜਮਾਤੀ ਚੇਤਨਾ ਤੋਂ ਖੁੰਝਿਆ ਹੀ ਨਹੀਂ ਸਗੋਂ ਇਸ ਚੇਤਨਾ ਦੇ ਉਲਟ ਕਾਰਜਸ਼ੀਲ ਹੁੰਦਾ ਨਜ਼ਰ ਆਉਂਦਾ ਹੈ। ਦੋ ਵੱਖੋ-ਵੱਖ ਸਮਿਆਂ ਅਤੇ ਲੜਾਈਆਂ ਦੀ ਜਾਇਜ਼-ਨਜਾਇਜ਼ਤਾ ਬਾਰੇ ਉਸ ਦੀ ਸੋਚ ਅੰਤਰ ਵਿਰੋਧੀ ਅਤੇ ਗੁੰਮਰਾਹ ਹੋਈ ਨਜ਼ਰ ਆਉਂਦੀ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੁੰਦਾ ਕਿ ਜਿਹੜੇ ਤਾਲਿਬਾਨਾਂ ਨਾਲ ਉਹ ਲੜਨ ਜਾ ਰਿਹਾ ਹੈ, ਉਹ ਵੀ ਅਜਿਹੇ ਵੱਡੇ ਮੁਲਕਾਂ ਦੀ ਹੀ ਉਪਜ ਹਨ। ਇਹਨਾਂ ਤਾਲਿਬਾਨਾਂ ਦੀ ਆਪਣੀ ਮਿੱਟੀ, ਸੋਚ, ਭਾਈਚਾਰੇ ਅਤੇ ਧਰਮ ਲਈ ਜੰਗ ਲੜਨ ਦੀ ਕਿਸੇ ਹੱਦ ਤੱਕ ਉਚਿੱਤਤਾ ਹੋ ਸਕਦੀ ਹੈ ਅਤੇ ਸਟੀਵ ਦੀ ਇੱਕ ਸੈਨਿਕ ਹੋਣ ਦੇ ਨਾਤੇ ਫੌਜ ਦੀਆਂ ਰਾਸ਼ਟਰੀ ਨੀਤੀਆਂ ਵਿੱਚ ਮਜਬੂਰੀ-ਵਸ ਲੜਨ ਜਾਣ ਦੀ ਕੋਈ ਅਧੀਨਗੀ-ਵਸ ਸਥਿਤੀ ਹੋ ਸਕਦੀ ਹੈ, ਪਰ ਉਸਦਾ ਇਹ ਮਾਣ ਅਤੇ ਸੋਚ ਕਿ ਉਹ ਉਹਨਾਂ ਤਾਲਿਬਾਨਾਂ ਨੂੰ ਸਬਕ ਸਿਖਾ ਕੇ ਹੀ ਰਹੇਗਾ, ਇੱਕ ਨਸਲੀ ਹਉਮੈਂ ਦੇ ਸਾਮਰਾਜੀ ਬਸਤੀਵਾਦੀ ਅਵਚੇਤਨ ਤੋਂ ਵੱਧ ਹੋਰ ਕੁੱਝ ਵੀ ਨਹੀਂ ਹੈ। ਇਹ ਸਥਿਤੀ ਸੱਭਿਆਚਾਰਕ ਸੰਵਾਦ ਨਾਲੋਂ ਭੇੜ ਵਾਲੀ ਹੈ। ਕਹਾਣੀ, ਜੰਗ ਬਾਰੇ ਦੇਸ਼- ਭਗਤੀ, ਸਾਮਰਾਜੀ ਪਹੁੰਚ, ਜੰਗ ਦੀ ਨਿਆਂ- ਅਨਿਆਂ ਦੀ ਉਚਿਤਤਾ ਦਾ ਸੱਚ ਦੋ ਧਰਤੀਆਂ, ਦੋ ਮੁਲਕਾਂ ਦੀ ਸੋਚ ਦੇ ਭੇੜਾਂ ਨੂੰ ਇੱਕ ਦੂਜੇ ਦੇ ਸਨਮੁੱਖ ਰੱਖ ਕੇ ਖਤਮ ਨਹੀਂ ਹੁੰਦੀ। ਜੇਕਰ ਕਹਾਣੀ ਐਥੇ ਹੀ ਮੁੱਕ ਜਾਂਦੀ ਤਾਂ ਜੰਗ ਬਾਰੇ ਸੰਵਾਦ; ਇਸ ਸਚਾਈ

ਦੀ ਹੀ ਤਰਜ਼ਮਾਨੀ ਬਣਦਾ ਕਿ ਜੰਗ ਵਾਰ-ਵਾਰ ਹੁੰਦੀ ਹੀ ਰਹਿਣੀ ਹੈ, ਜੋ ਅੰਤਰ- ਰਾਸ਼ਟਰੀ ਸਾਮਰਾਜੀ ਦੇਣ ਹੈ, ਜਿਸ ਦਾ ਸ਼ਿਕਾਰ ਕਦੇ ਕੋਈ, ਕਦੇ ਹੋਰ ਕੋਈ ਮੁਲਕ ਅਤੇ ਲੋਕ ਬਣਦੇ ਹੀ ਰਹਿਣਗੇ। ਇਹ ਇੱਕ ਸਚਾਈ ਹੈ, ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਕਹਾਣੀ ਬਿਰਤਾਂਤ ਇਸ ਸੱਚ ਦੇ ਸਾਹਮਣੇ ਇੱਕ ਹੋਰ ਸੱਚ ਵੱਲ ਵਧਦਾ ਹੈ। ਜੰਗ ਦੀ ਨਿਆਂ- ਅਨਿਆਂ ਵਾਲੀ ਉਚਿੱਤਤਾ ਨੂੰ ਕਿਸੇ ਰਾਸ਼ਟਰ, ਧਰਮ, ਸੱਭਿਆਚਾਰ ਅਤੇ ਖਿੱਤੇ ਦੀ ਸੀਮਤ ਸੋਚ ਤੋਂ ਉੱਪਰ ਉੱਠ ਕੇ ਇੱਕ 'ਵਿਚਾਰਾਂ ਦੀ ਜੰਗ' ਵਜੋਂ ਸਿਰਜਣਾ ਹੈ। ਕਿਸੇ ਇੱਕ ਵਿਚਾਰ, ਸੋਚ ਜਾਂ ਹਕੂਮਤ ਦੀ ਨੀਤੀ ਨਾਲੋਂ ਲੋਕਾਂ ਦਾ, ਅਜਿਹੀ ਥੋਪੀ ਜੰਗੀ ਸੋਚ ਨੂੰ ਧਰਮ, ਸੱਭਿਆਚਾਰ, ਖਿੱਤੇ, ਭਾਈਚਾਰੇ ਅਤੇ ਫਿਰਕਿਆਂ ਤੋਂ ਉੱਪਰ ਉੱਠ ਕੇ 'ਮਨੁੱਖੀ ਨੈਤਿਕ' ਹੁੰਗਾਰਾ ਭਰਨਾ ਹੈ। ਅਜਿਹੀ ਮਨੁੱਖੀ ਨੈਤਿਕਤਾ ਜੋ ਤਾਰਕਿਕ, ਧਾਰਮਿਕ, ਸਦੀਵੀ ਇਕਸਾਰਤਾ ਨਾਲੋਂ ਸਥਿਤੀਆਂ- ਸਾਪੇਖ ਹੋਵੇ। ਇਹ ਨੈਤਿਕਤਾ ਕਿਸੇ ਅੰਤਿਮ ਸੱਚ-ਝੂਠ ਤੋਂ ਵੀ ਉੱਪਰ ਪ੍ਰੈਕਟੀਕਲ ਲੋੜਾਂ ਦੇ ਨੇੜੇ ਵਾਲੀ ਸ਼ੈਅ ਹੈ, ਜਿਸ ਵਿੱਚ ਬੰਦਾ ਆਪਣੀਆਂ ਅਧੀਨਗੀਆਂ ਤੋਂ ਉੱਪਰ ਉਠ ਕੇ ਫੈਸਲਾ ਲੈ ਸਕੇ। ਇਹ ਨੈਤਿਕਤਾ ਅਸੀਂ- ਆਪਣਿਆਂ ਵਿਚਲੀਆਂ ਹੋਰ ਭਿੰਨਤਾਵਾਂ ਅਤੇ ਭੇਦਾਂ ਨੂੰ ਸਪੇਸ ਮੁਹੱਈਆ ਕਰਨ ਵਾਲੀ ਹੈ। ਕਹਾਣੀ ਵਿੱਚ 'ਦੋ ਅਮਰੀਕੀ ਸੈਨਿਕ' ਅਤੇ ਸਟੀਵ ਦਾ ਬੇਟਾ 'ਟਿੰਮ' ਇਸੇ ਸੋਚ ਦੇ ਹੀ ਮਾਲਕ ਹਨ।' ਇਹ 'ਦੋ ਅਮਰੀਕੀ ਸੈਨਿਕ' , ਇਰਾਕ, ਅਫ਼ਗਾਨਿਸਤਾਨ ਦੀ ਜੰਗ ਵਿੱਚ ਸ਼ਾਮਲ ਹੋਣ ਤੋਂ ਨਾਂਹ ਇਸ ਨੈਤਿਕਤਾ ਦੇ ਆਧਾਰ ਉੱਤੇ ਕਰਦੇ ਹਨ ਕਿ "ਜੰਗ ਵਿੱਚ ਫਿਜ਼ੀਕਲ ਕਰਿਜ ਨਾਲੋਂ ਮੌਰਲ ਕਰਿਜ" ਨੂੰ ਪਹਿਲ ਦੇਣੀ ਚਾਹੀਦੀ ਹੈ। ਕਿਉਂਕਿ ਨੈਤਿਕਤਾ ਦੇ ਅਧਾਰ 'ਤੇ "ਜਿਸ ਜੰਗ ਦੀ ਕੋਈ ਜਸਟੀਫਿਕੇਸ਼ਨ ਹੀ ਨਹੀਂ ਬਣਦੀ, ਉਸ ਨੂੰ ਜਿਸਮਾਨੀ ਹੌਂਸਲੇ ਨਾਲ ਲੜਨ ਦੀ ਜੋ ਤੁਕ ਹੈ, ਉਹ ਸਾਨੂੰ ਸਮਝਾਈ ਜਾਵੇ।" ਕਹਾਣੀ ਦੇ ਅੰਤ ਵਿੱਚ ਨੈਨਸੀ ਅਜਿਹੀ ਸੋਚ, ਪ੍ਰੇਰਨਾਵਾਂ ਅਤੇ ਸਥਿਤੀਆਂ ਸਾਹਮਣੇ ਆਪਣੀ ਫੌਜ ਦੀ ਨੌਕਰੀ ਤੋਂ ਡਿਸਚਾਰਜ ਲੈਣ ਦਾ ਫੈਸਲਾ ਹੀ ਨਹੀਂ ਕਰਦੀ ਸਗੋਂ ਡਮਿਟਰੀ ਦੇ ਸਾਥ ਤੋਂ ਵੀ ਸੰਕੇਤਕ ਦੂਰੀ ਅਜਿਹੀ ਨੈਤਿਕਤਾ ਕੇਂਦਰਿਤ ਹੋਣ ਕਰਕੇ ਹੀ ਕਰਦੀ ਹੈ।

ਇੰਜ ਕਹਾਣੀ ਵਿੱਚ ਜੰਗ ਦਾ ਮੁਹਾਜ਼ ਬਦਲਿਆ ਹੋਇਆ ਨਜ਼ਰ ਆਉਂਦਾ ਹੈ। ਇਹ ਜੰਗ, ਜੰਗ ਦੇ ਮੈਦਾਨਾਂ, ਘਰਾਂ ਵਿੱਚ ਔਰਤਾਂ ਤੋਂ ਅੱਗੇ ਲੋਕਾਂ ਦੀ ਸੋਚ ਦੇ ਸੱਚ ਝੂਠ ਦੇ ਸਦੀਵੀ ਰੂਪ ਨਾਲੋਂ ਨੈਤਿਕਤਾ ਦੇ ਅਮਲੀ ਵਿਚਾਰਾਂ ਨੂੰ ਮੁਹਾਜ ਵਜੋਂ ਵੇਖਣ ਦਾ ਸੰਵਾਦ ਹੈ। ਕਹਾਣੀ ਜੰਗ ਬਾਰੇ ਇਕਹਿਰੇ ਵਿਚਾਰ ਦੀ ਤਰਜ਼ਮਾਨੀ ਸਿਗਨੀਫਾਇਰ-ਸਿਗਨੀਫਾਇਡ ਦੇ ਇਕਹਿਰੇ ਅਰਥਾਂ ਤੱਕ ਸੀਮਤ ਹੋਣ ਨਾਲੋਂ 'ਅਰਥ ਉਤਪਾਦਨ ਦੀ ਪ੍ਰਕਿਰਿਆ' ਵੱਲ ਵਧਦੀ ਇੱਕ ਸੰਵਾਦ ਬਣਦੀ ਹੈ। ਦੂਜੇ ਸ਼ਬਦਾਂ ਵਿੱਚ, ਜੰਗ ਦਾ ਇਹ ਸੰਦਰਭ ਅਤੇ ਸਰੋਕਾਰ ਕਹਾਣੀ ਵਿੱਚ ਭਾਸ਼ਾ ਵਾਂਗ ਹੀ ਸੰਰਚਿਤ ਅਤੇ ਸਿਰਜਿਤ ਹੁੰਦਾ ਹੈ। ਸੋ ਇਹ ਕਹਾਣੀ ਜਰਨੈਲ ਸਿੰਘ ਦੇ ਸੰਵਾਦਮੁਖੀ ਮਾਡਲ ਬਿਰਤਾਂਤ ਨੂੰ ਪਰਿਪੱਕ ਕਰਨ ਵਾਲੀ ਹੈ, ਜਿਸ ਬਾਰੇ ਪਹਿਲਾਂ ਜ਼ਿਕਰ ਕੀਤਾ ਗਿਆ ਹੈ। ਸੰਵਾਦਮੁਖੀ ਬਿਰਤਾਂਤ ਮਾਡਲ ਦੇ ਨਾਲ ਕਹਾਣੀਆਂ ਇੱਕ ਹੋਰ ਗੱਲ ਵੀ ਉਭਾਰਦੀਆਂ ਹਨ ਕਿ ਜਰਨੈਲ ਸਿੰਘ ਦੀਆਂ ਕਹਾਣੀਆਂ ਕੇਵਲ ਜਟਿਲ ਯਥਾਰਥ ਦਾ ਹੀ ਪ੍ਰਤੀਧੁਨਾਤਮਕ ਪ੍ਰਗਟਾਵਾ ਜਾਂ ਤਰਜ਼ਮਾਨੀ ਨਹੀਂ ਹੁੰਦੀਆਂ ਸਗੋਂ ਹਰ ਕਹਾਣੀ ਵਿੱਚ ਇੱਕ ਰਜਿਸਟੈਂਸ ਮਾਡਲ ਵੀ ਕਾਰਜਸ਼ੀਲ ਹੁੰਦਾ ਹੈ। ਇਹ ਰਜਿਸਟੈਂਸ ਹੀ ਉਹ Double Articultion ਹੁੰਦੀ ਹੈ ਜੋ ਸਟੇਟ, ਰਾਸ਼ਟਰ ਦੇ ਪਾਵਰ ਬਲਾਕ ਦੇ ਨਾਲ-ਨਾਲ ਸੱਭਿਆਚਾਰਾਂ ਅੰਦਰਲੇ ਦਮਨਸ਼ੀਲ ਪ੍ਰਬੰਧਾਂ, ਪੇਸ਼ਕਾਰੀਆਂ, ਰੀਤੀਆਂ, ਭਾਸ਼ਾ, ਚਿਹਨਾਂ ਨੂੰ ਵੀ ਕ੍ਰਿਟੀਸਾਈਜ਼ ਕਰਦੀ ਹੈ; ਜਿਵੇਂ ਟਿੰਮ ਅਤੇ ਅਮਰੀਕੀ ਫੌਜੀ ਕਰਦੇ ਹਨ। ਇਹ ਵਿਰੋਧ ਕਿੰਨੇ ਕੁ ਸਫ਼ਲ ਹਨ ਜਾਂ ਟਿਕ ਸਕਦੇ ਹਨ, ਆਪਣੇ ਆਪ ਵਿੱਚ ਇੱਕ ਪ੍ਰਸ਼ਨ ਬਣ ਜਾਂਦਾ ਹੈ। ਪਰ



ਇਹ ਇੱਕ ਚੈਲੰਜ਼ ਜ਼ਰੂਰ ਹੁੰਦਾ ਹੈ। ਇਸ ਚੈਲੰਜ ਸਾਹਮਣੇ ਪ੍ਰਮਾਣਿਕ (Authentic) ਨੈਤਿਕਤਾ ਦੇ ਸੱਚ-ਝੂਠ ਅਖਾਉਤੀ ਪੁਣੇ ਨਾਲੋਂ ਪੁਜੀਸ਼ਨਲ ਸੁਆਲ ਬਣ ਜਾਂਦਾ ਹੈ ਜਿਸ ਨੂੰ 'Authenticity as on accumulated social achievement' ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

ਜਰਨੈਲ ਸਿੰਘ ਦੀਆਂ ਬਾਕੀ ਹੋਰ ਕਹਾਣੀਆਂ ਵਿੱਚ ਖਾਸ ਤੌਰ 'ਤੇ 'ਪੱਤਿਆਂ ਨਾਲ ਢਕੇ ਜਿਸਮ' ਵਿਚਲਾ ਸੰਵਾਦ, ਜੁਆਨ ਕਲਚਰ, ਵਿਸ਼ੇਸ਼ ਤੌਰ ਤੇ ਔਰਤ ਦੇਹ, ਕੁਦਰਤ, ਕਲਾ, ਮਾਡਲਿੰਗ ਅਤੇ ਬਾਜ਼ਾਰ ਦੇ ਖਪਤ ਸੱਭਿਆਚਾਰ ਦੇ ਅਪ੍ਰਮਾਣਿਕ ਮਸਲਿਆਂ ਨੂੰ ਇਸ ਨੈਤਿਕ ਰਜਿਸਟੈਂਸ ਰਾਹੀਂ ਹੀ ਮੁਖਾਤਬ ਹੁੰਦਾ ਹੈ। ਜਿਸ ਸਬੰਧੀ ਵਿਚਾਰ ਕਰਨਾ ਇੱਕ ਹੋਰ ਪੇਪਰ ਦੇ ਵਿਸਥਾਰ ਦੀ ਮੰਗ ਕਰਦਾ ਹੈ। ਕਹਾਣੀ ਵਿੱਚ ਮਨੀਸ਼ਾ ਫੈਸ਼ਨ ਇੰਡਸਟਰੀਜ਼ ਦੇ ਨੈਟੱਵਰਕ ਵਿੱਚ ਘਿਰੀ, ਇਸ ਇੰਡਸਟਰੀ ਅੰਦਰਲੇ ਜੋੜ-ਤੋੜ ਦੀ ਅਨੈਤਿਕਤਾ ਸਾਹਮਣੇ ਔਰਤ ਗੌਰਵ ਦਾ ਨੈਤਿਕ ਮਸਲਾ ਰੱਖਦੀ ਹੈ। ਅਜਿਹੀ ਔਰਤ ਜੋ ਘਰ, ਪਿਓ, ਪਤੀ ਨੂੰ ਕੈਰੀਅਰ ਲਈ ਨਕਾਰਦੀ ਅੰਤ ਵਿੱਚ ਔਰਤ ਨੂੰ ਕਲਾ ਦੇ ਨਾਂ ਤੇ ਦੇਹ ਅਤੇ ਨਗਨਤਾ ਰਾਹੀਂ ਇੱਕ ਖਪਤ ਮਾਰਕਿਟ ਨੂੰ ਚਲਾਉਣ ਵਾਲੀ ਉਤਪਾਦਨ ਪੈਦਾ ਕਰਨ ਵਾਲੀਆਂ ਪਾਲਿਸੀਆਂ ਅਤੇ ਨੀਤੀਆਂ ਦਾ ਵਿਰੋਧ ਕਰਦੀ ਹੈ। ਕਹਾਣੀ ਬਾਰੇ ਇੱਕ ਪ੍ਰਤਿਧੁਨੀ ਇਹ ਵੀ ਬਣਦੀ ਹੈ ਕਿ consumption is creative and productive process.ਅਜਿਹਾ ਵਿਰੋਧ ਹੀ 'ਬਰਫ ਤੇ ਦਰਿਆ' ਕਹਾਣੀ ਵਿਚਲੀ ਔਰਤ, ਡੀਨ ਸੌਂਡਰਜ਼ ਵਰਗੇ ਸਾਮਰਾਜੀ ਲੋਕਾਂ ਰਾਹੀਂ ਪ੍ਰਕਿਰਤੀ, ਸੱਭਿਅਤਾ ਅਤੇ ਔਰਤ ਨੂੰ ਤਬਾਹ ਕਰਨ ਵਾਲਿਆਂ ਨਾਲ ਲੜਦੀ ਹੋਈ ਕਰਦੀ ਹੈ

ਕਹਾਣੀ 'ਪੱਤਿਆਂ ਨਾਲ਼ ਢਕੇ ਜਿਸਮ' ਫੈਸ਼ਨ-ਮਾਡਲਿੰਗ ਵਿੱਚ ਇੱਕ ਅਜਿਹੇ ਸਟਾਈਲ ਨੂੰ ਪੇਸ਼ ਕਰਦੀ ਹੈ ਜੋ ਖਤਮ ਹੋ ਰਹੀ/ਘਟਦੀ ਕਲਾਤਮਕਤਾ ਨਾਲੋਂ ਬੜਾ ਹੀ ਅਕਲਾਤਮਕ, ਨੰਗੇਜ਼ ਅਤੇ ਕਾਮੁਕਤਾ ਪੈਦਾ ਕਰਨ ਵਾਲੀਆਂ ਸੰਵੇਦਨਾਵਾਂ ਅਤੇ ਵਸਤਾਂ ਦੇ ਵਪਾਰ ਲਈ ਲਾਭਦਾਇਕ ਸਾਬਤ ਹੁੰਦਾ ਹੈ। ਵਪਾਰ ਲਈ ਢੁੱਕਵੀਆਂ ਬਣ ਰਹੀਆਂ ਕਾਮੁਕ ਅਦਾਵਾਂ ਅਤੇ ਦੇਹ, ਖਪਤ ਸਭਿਆਚਾਰ ਲਈ ਉਤਪਾਦਨ-ਸਰਕੂਲੇਸ਼ਨ ਦਾ ਅਰਥ-ਸੰਸਾਰ ਸਿਰਜਦੀਆਂ ਹਨ। ਸਥਿਤੀ ਦਾ ਵਿਅੰਗ ਇਹ ਹੈ ਕਿ ਮਾਡਲ-ਕਲਚਰ ਦੇ ਅਵਚੇਤਨ 'ਚ ਗ੍ਰਸੀਆਂ ਔਰਤਾਂ ਅਜਿਹਾ ਬੇਝਿਜਕ ਹੋ ਕੇ ਕਰਨ ਲਈ ਤਿਆਰ ਹਨ।

ਸੋ ਜਰਨੈਲ ਸਿੰਘ ਦੀਆਂ ਕਹਾਣੀਆਂ ਵਿਸ਼ਵ ਪੱਧਰ ਤੇ ਹਥਿਆਰਾਂ, ਕਲਾ ਦੇ ਨਾਂ ਉੱਤੇ ਦੇਹ- ਨੰਗੇਜ਼, ਵਸਤੂ- ਸਾਧਨਾਂ ਦੇ ਵਪਾਰਕ ਅਮਲਾਂ ਦੇ ਜ਼ਸ਼ਨਾਂ ਰਾਹੀਂ ਅਤੇ ਨਸ਼ਿਆਂ/ ਮੌਜ ਮਸਤੀਆਂ ਦੇ ਆਡੰਬਰਾਂ ਰਾਹੀਂ ਮਨੁੱਖਤਾ, ਸੱਭਿਅਤਾ ਅਤੇ ਪ੍ਰਕਿਰਤੀ ਨੂੰ ਤਬਾਹ ਕਰਨ ਵਾਲੀਆਂ ਵਿਸ਼ਵਵਿਆਪੀ ਤਾਕਤਾਂ ਅੱਗੇ ਦੇਸ਼, ਕੌਮ, ਸੱਭਿਆਚਾਰ ਤੋਂ ਉਪਰ ਉਠ ਕੇ ਸਥਿਤੀਆਂ ਸਾਪੇਖਕ ਸੱਚਾਂ ਵਾਲੀ ਨੈਤਿਕਤਾ ਰਾਹੀਂ ਇੱਕ ਰਜਿਸਟੈਂਸ ਦਾ ਪੰਜਾਬੀ ਮੁਹਾਵਰਾ ਸਿਰਜਦੀਆਂ ਹਨ। ਵਿਸ਼ਵ ਪ੍ਰਸੰਗ ਵਿੱਚ ਇਹਨਾਂ ਕਹਾਣੀਆਂ ਅਤੇ ਬਿਰਤਾਂਤਾਂ ਦੀ ਇਹ ਇੱਕ ਵੱਡੀ ਪ੍ਰਾਪਤੀ ਅਤੇ ਸਾਰਥਕਤਾ ਮੰਨੀ ਜਾ ਸਕਦੀ ਹੈ। ਇਸ ਕਰਕੇ ਇਹ ਕਹਾਣੀਆਂ ਪਰਵਾਸੀ ਪੰਜਾਬੀ ਸਾਹਿਤ ਵਿੱਚ ਇੱਕ ਨਵਾਂ ਮੋੜ ਅਤੇ ਸੰਵਾਦੀ ਬਿਰਤਾਂਤ ਅਖਵਾਉਣ ਦੀਆਂ ਹੱਕਦਾਰ ਹਨ।

## ਹਵਾਲਾ ਪੁਸਤਕਾਂ

1-ਸੀਮੋਨ ਡੂਰਿੰਗ: ਦ ਕਲਚਰਲ ਸਟੱਡੀਜ਼ (1993), ਰੂਤਲੈੱਜ਼, ਲੰਡਨ, (ਸੰਪਾ-)
2-ਹੁਣ (ਜਨਵਰੀ- ਅਪ੍ਰੈਲ 2009); ਪੁਸਤਕ ਲੜੀ-11
3-ਹੁਣ (ਸਤੰਬਰ-ਦਸੰਬਰ 2010); ਪੁਸਤਕ ਲੜੀ-16

4-ਕਰਿਸ ਬਾਰਕਰ; ਕਲਚਰਲ ਸਟੱਡੀਜ਼: ਥੀਊਰੀ ਐਂਡ ਪ੍ਰੈਕਟਿਸ (2000), ਸੈਜ ਪਬਲੀਕੇਸ਼ਨ ਲੰਡਨ

5-ਕਰਮਜੀਤ ਸਿੰਘ (ਡਾ.)

ਹਰਸਿਮਰਨ ਸਿੰਘ ਰੰਧਾਵਾ (ਡਾ.) ; ਟਾਵਰਜ਼: ਵਸਤੂ, ਵਿਧੀ ਅਤੇ ਦ੍ਰਿਸ਼ਟੀ (2006), ਐਮ. ਪੀ. ਪ੍ਰਕਾਸ਼ਨ ਦਿੱਲੀ (ਸੰਪਾ)

6-ਗੁਰਮੀਤ ਕੱਲਰਮਾਜਰੀ (ਸੰਪਾ); ਦੋ ਟਾਪੂ ਦੇ ਪ੍ਰਸੰਗ ਵਿੱਚ: ਜਰਨੈਲ ਸਿੰਘ ਦੀ ਰਚਨਾ ਦ੍ਰਿਸ਼ਟੀ (2001 ਪਰਸੇਮ ਸਿੰਘ ਫੋਰਮੈਨ ਯਾਦਗਾਰੀ ਪ੍ਰਕਾਸ਼ਨ, ਪਟਿਆਲਾ)

7-ਜਰਨੈਲ ਸਿੰਘ; ਦੋ ਟਾਪੂ (1999); ਚੇਤਨਾ ਪ੍ਰਕਾਸ਼ਨ, ਲੁਧਿਆਣਾ

8-ਉਹੀ ਟਾਵਰਜ਼ (2005), ਚੇਤਨਾ ਪ੍ਰਕਾਸ਼ਨ, ਲੁਧਿਆਣਾ

9-ਪਰਮੋਦ ਕ-ਨਈਅਰ; ਐਨ ਇੰਟਰੋਡਕਸ਼ਨ ਟੂ; ਕਲਚਰਲ ਸਟੱਡੀਜ਼ (2008), ਵੀਵਾ ਬੁਕਸ, ਨਵੀਂ ਦਿੱਲੀ

10-ਵਿਕਟਰ ਈ-ਟੇਲਰ ਅਤੇ ਚਾਰਲੀਜ ਈ-ਵਿੰਕੁਇਸਟ; ਇਨਸਾਈਕਲੋਪੀਡੀਆ ਆਫ਼ ਪੋਸਟ ਮਾਰਡੇਨਿਜ਼ਮ (2001), ਰੁਤਲੈੱਜ ਲੰਡਨ ਅਤੇ ਨਿਊਯਾਰਕ (ਸੰਪਾ.)

**ਪੰਨਾ ਨੰ: 26 ਦਾ ਬਾਕੀ**

ਇਸ ਤਰ੍ਹਾਂ ਇਹਨਾਂ ਪਾਤਰਾਂ ਦਾ ਆਪਣਾ ਵੱਖਰਾ ਸੰਸਾਰ ਹੈ, ਉਹ ਲੀਹੋਂ ਹਟਵੀਂਆਂ ਗੱਲਾਂ ਕਰਦੇ ਹਨ, ਵਿਹਾਰ ਸੁੱਤੇ ਸਿੱਧ ਪ੍ਰਗਟਾਉਂਦੇ ਹਨ, ਆਸਵੰਦ ਹਨ ਪਰ ਉਹ ਆਪਣੇ ਦੁੱਖ-ਦਰਦ ਨੂੰ ਆਪਣੇ ਤੱਕ ਜਾਂ ਕੁਝ ਕੁ ਆਪਣੇ ਵਰਗਿਆਂ ਤੱਕ ਹੀ ਸੀਮਿਤ ਰੱਖਦੇ ਹਨ ਅਤੇ ਚੁੱਪ-ਚਾਪ ਮਾਰਾਂ ਝੱਲੀ ਜਾਂਦੇ ਹਨ। ਉਹ ਆਪਣੇ ਨਾਲ ਹੁੰਦੇ ਚੰਗੇ ਜਾਂ ਬੁਰੇ ਬਾਰੇ ਕੋਈ ਸਮੂਹਿਕ ਰਾਇ ਬਣਾਉਣ ਲਈ ਕਿਸੇ ਬਾਹਰੀ ਸੰਘਰਸ਼ ਵੱਲ ਰੁਚਿਤ ਨਹੀਂ ਲੱਗਦੇ। ਜ਼ਿਆਦਾਤਰ ਪਾਤਰਾਂ ਦੇ ਸੰਘਰਸ਼ ਸਵੈ ਵੱਲ ਨੂੰ ਸੇਧਿਤ ਹਨ, ਆਪਣੇ ਆਪ ਨੂੰ ਸਥਿਤੀਆਂ ਅਨੁਸਾਰ ਢਾਲਣ ਵੱਲ ਵੱਧ ਅਤੇ ਸਥਿਤੀਆਂ ਨੂੰ ਬਦਲਣ ਵੱਲ ਘੱਟ ਉਤਸ਼ਾਹਿਤ ਨਜ਼ਰ ਆਉਂਦੇ ਹਨ। ਪਰ ਬਾਹਰੀ ਸੰਘਰਸ਼ ਮੂਲੋਂ ਹੀ ਗੈਰਹਾਜ਼ਰ ਨਹੀਂ, ਕਹਾਣੀਆਂ ਦੀ ਤਾਸੀਰ ਅਨੁਸਾਰ ਸੰਘਰਸ਼ ਤੱਤ ਦੀ ਮੌਜੂਦਗੀ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਅਤੇ ਇਸੇ ਮੌਜੂਦਗੀ ਕਾਰਨ ਹੀ ਖਿੱਤੀਆਂ ਘੁੰਮ ਰਹੀਆਂ ਨੇ। ਸੰਗ੍ਰਹਿ ਦੀਆਂ ਸੱਤ ਕਹਾਣੀਆਂ ਦਾ ਇਹ ਸਪਤਰਿਸ਼ੀ ਹਰਕਤ ਵਿਚ ਹੈ ਪਰ ਇਸ ਦਾ ਵੇਗ ਧਰਤੀ ਦੀ ਗਤੀ ਦੇ ਸੰਦਰਭ ਵਿਚ ਹੀ ਦੇਖਿਆ ਜਾ ਸਕਦਾ ਹੈ।

ਹਰ ਕਹਾਣੀ ਭਰਵੇਂ ਰੂਪ ਵਿਚ ਉਘੜਦੀ ਹੈ, ਤੁਹਾਡੇ ਮਨ 'ਤੇ ਅਸਰ ਪਾਉਂਦੀ ਹੈ ਅਤੇ ਸੋਚਣ ਲਈ ਮਜਬੂਰ ਕਰਦੀ ਹੈ। ਮੂਲ ਪ੍ਰਵਿਰਤੀਆਂ ਤੋਂ ਅਤ੍ਰਿਪਤ ਬੰਦੇ ਦੀ ਭਟਕਣ ਉਸ ਨੂੰ ਕੀ ਕੁਝ ਕਰਨ/ਸੋਚਣ ਲਈ ਮਜਬੂਰ ਕਰ ਸਕਦੀ ਹੈ, ਦੀ ਇੰਤਹਾ ਦਰਸਾਉਣ ਲਈ ਕਈ ਅਜਿਹੇ ਕਾਂਬਾ ਛੇੜੂ ਵਿਹਾਰ ਪੈਟਰਨ ਆਉਂਦੇ ਹਨ ਜਿੱਥੇ ਲੇਖਕ ਦੀ ਦ੍ਰਿਸ਼ਟੀ ਤੇ ਮਨ ਅਸ਼-ਅਸ਼ ਕਰ ਉੱਠਦਾ ਹੈ, ਹੈਰਾਨੀ ਹੁੰਦੀ ਹੈ ਅਤੇ ਸਿਰਜਣਾਤਮਕ ਮੌਲਿਕਤਾ ਦੀ ਵਿਲੱਖਣ ਝਲਕ ਮਿਲਦੀ ਹੈ। ਕਹਾਣੀਆਂ ਦੇ ਵਿਸ਼ਿਆਂ ਵਿਚ ਵੰਨਸੁਵੰਨਤਾ ਹੈ ਅਤੇ ਇਹ ਬਹੁ-ਪੱਖੀ ਵਰਤਾਰਿਆਂ ਅਨੁਸਾਰ ਰੂਪਾਂਤਰਿਤ ਹੋ ਰਹੇ ਅਜੋਕੇ ਸਮਾਜ ਨੂੰ ਸੰਬੋਧਿਤ ਹਨ। ਕਹਾਣੀਆਂ ਦੇ ਵਿਸ਼ਾ ਵਸਤੂ ਨੂੰ ਬਦਲਦੇ ਹਾਲਾਤ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਹਰ ਰਚਨਾ ਪੜ੍ਹਦਾ ਹੋਇਆ ਪਾਠਕ ਗਲਪ ਆਨੰਦ ਮਹਿਸੂਸ ਕਰਦਾ ਹੈ। ਇਸ ਕਹਾਣੀ ਸੰਗ੍ਰਹਿ ਦੀ ਆਮਦ ਨਾਲ ਜਸਵੀਰ ਸਿੰਘ ਰਾਣਾ ਦੀ ਗਲਪ ਸਿਰਜਣਾ ਦਾ ਜਲੌ ਹੋਰ ਗੂੜ੍ਹਾ ਹੋਇਆ ਹੈ।



## ਲੀਹੋਂ ਹਟਵੇਂ ਵਿਹਾਰ ਦੀ ਵਿਭਿੰਨਤਾ ਦਾ ਦਰਪਣ : ਖਿੱਤੀਆਂ ਘੁੰਮ ਰਹੀਆਂ ਨੇ

**ਡਾ. ਤਰਲੋਕ ਬੰਧੂ**

ਪਹਿਲੇ ਕਹਾਣੀ ਸੰਗ੍ਰਹਿ 'ਸਿਖਰ ਦੁਪਹਿਰਾ' (2003) ਨਾਲ ਪੰਜਾਬੀ ਕਥਾ ਜਗਤ ਵਿਚ ਨਿਵੇਕਲਾ ਸਥਾਨ ਬਣਾ ਚੁੱਕੇ ਨੌਜਵਾਨ ਕਥਾਕਾਰ ਜਸਵੀਰ ਸਿੰਘ ਰਾਣਾ ਨਵੇਂ ਕਹਾਣੀ ਸੰਗ੍ਰਹਿ 'ਖਿੱਤੀਆਂ ਘੁੰਮ ਰਹੀਆਂ ਨੇ' (2008) ਨਾਲ ਮੁੜ ਹਾਜ਼ਰ ਹੈ। ਛੜਿਆਂ ਦੇ ਰਾਹਾਂ ਦੀ 'ਪਵਿੱਤਰਤਾ' ਅਤੇ ਔਰਤ ਦੇ ਸਾਥ ਦੀ ਅਪ੍ਰਾਪਤੀ ਕਾਰਨ ਪੈਦਾ ਹੋਈ ਸੋਚ ਦੀ ਮੌਲਿਕ ਬੁਲੰਦੀ ਦੇ ਸਨਮੁਖ ਕਰਦੀ ਹਥਲੇ ਸੰਗ੍ਰਹਿ ਦੀ ਪਹਿਲੀ ਕਹਾਣੀ ਹੈ 'ਚੂੜੇ ਵਾਲੀ ਬਾਂਹ'। ਕਹਾਣੀ ਵਿਚਲੇ ਪਾਤਰਾਂ ਨੂੰ ਰੋਟੀ ਦੀ ਭੁੱਖ ਨਾਲੋਂ 'ਕਿਸੇ ਹੋਰ ਭੁੱਖ' ਦੀ ਤੰਗੀ ਮਨ ਮਸਤਕ 'ਤੇ ਭਾਰੂ ਹੈ। ਇਸੇ ਤੰਗੀ ਨੂੰ ਪੁਰ ਕਰਨ ਦੀ ਪ੍ਰਬਲ ਇੱਛਾ ਦਾ ਆਲਮ ਇਹ ਹੈ ਕਿ ਚਿਲਮ ਦੇ ਹਰ ਸੂਟੇ ਨਾਲ ਉਨ੍ਹਾਂ ਦੇ ਦਿਮਾਗ ਵਿਚ ਗਿੱਧਾ ਪੈਣ ਲੱਗਦਾ ਹੈ, ਸੜਕ ਤੇ ਪਈ ਧੂੜ ਵਿਚ ਸੁਰਮਾ ਨਜ਼ਰੀਂ ਆਉਂਦਾ ਹੈ, ਉਨ੍ਹਾਂ ਨੂੰ ਆਪਣਾ ਦੁੱਖ ਮੌਤ ਨਾਲੋਂ ਵੀ ਵੱਡਾ ਲੱਗਦਾ ਹੈ, ਹਰ ਵਾਰੀ ਪੱਗ ਦਾ ਆਖਰੀ ਲੜ ਛੋਟਾ ਰਹਿ ਜਾਂਦਾ ਹੈ, ਲੋਕਾਂ ਦੇ ਘਰਾਂ ਅੰਦਰ ਲਹਿੰਦੇ ਪਰੌਂਠਿਆਂ ਦੀ ਮਹਿਕ ਉਨ੍ਹਾਂ ਦੀਆਂ ਗੁੱਲੀਆਂ ਟੇਢੀਆਂ ਕਰ ਦਿੰਦੀ ਹੈ, ਦਾਲਾਂ ਸਬਜ਼ੀਆਂ ਨੂੰ ਲੱਗ ਰਿਹਾ ਤੜਕਾ ਉਨ੍ਹਾਂ ਨੂੰ ਧੁਰ ਅੰਦਰ ਤੱਕ ਛਲਕਾ ਜਾਂਦਾ ਹੈ ਅਤੇ ਉਹ ਗਾਉਂਦੇ ਫਿਰਦੇ ਨੇ 'ਜਿੰਦ ਵੇਚ ਕੇ ਮਿਲੇ ਜੇ ਤੂੰ, ਫੇਰ ਵੀ ਪੁੱਗਦੀ ਏਂ...।' ਔਰਤ ਦਾ ਭਰਪੂਰ ਸਾਥ ਮਾਨਣ ਦਾ ਹਰ ਹੀਲਾ ਹਰਬਾ ਵਰਤਣ ਦੀ ਅਸਫਲਤਾ ਤੋਂ ਬਾਅਦ ਉਹ ਔਰਤ ਦਾ ਸਾਥ ਕਿਸੇ ਹੋਰ ਰੂਪ ਜਿਵੇਂ ਫੁੱਲ ਜਾਂ ਤਾਰਾ ਬਣ ਕੇ ਪ੍ਰਾਪਤ ਕਰਨ ਦੀ ਇੱਛਾ ਵੀ ਰੱਖਦੇ ਹਨ ਪਰ ਇਸ ਸਭ (ਕੁਝ) ਦੇ ਬਾਵਜੂਦ ਉਨ੍ਹਾਂ ਨੂੰ 'ਅੰਦਰਲੇ ਮਨੋਂ' ਕਿਸੇ ਬਾਹਰਲੇ ਸਥੂਲ ਰਿਸ਼ਤੇ ਦੀ ਤਲਾਸ਼ ਹੈ। ਇਸ ਲਈ ਕਹਾਣੀ ਦੇ ਅੰਤ ਤੇ ਬੱਗੇ ਨੂੰ ਲੱਗਦਾ ਹੈ ਕਿ 'ਸ਼ਾਇਦ ਕੋਈ ਬਾਹਰਲਾ ਦਰਵਾਜ਼ਾ ਖੜਕਾ ਰਿਹਾ ਹੈ।'

ਕਹਾਣੀ 'ਜਮਾਂਦਰੂ ਛੜਾ ਅਤੇ 'ਵਿਆਹਿਆ ਹੋਇਆ ਛੜਾ' ਦੇ ਸੰਕਲਪ ਰਾਹੀਂ ਇਹ ਪ੍ਰਸਤੁਤ ਕਰਦੀ ਹੈ ਕਿ ਔਰਤ ਦੀ ਛੋਹ ਵਿਹੂਣੇ ਇਹ ਪਾਤਰ ਇੰਝ ਨਹੀਂ ਕਿ ਜ਼ਿੰਦਗੀ ਨੂੰ ਭਰਪੂਰਤਾ ਨਾਲ ਨਹੀਂ ਜਿਉਣਾ ਚਾਹੁੰਦੇ। ਜੇ ਉਨ੍ਹਾਂ ਨੂੰ ਔਰਤ ਦੀ ਤਲਾਸ਼ ਹੈ ਤਾਂ ਉਹ ਉਨ੍ਹਾਂ ਮੁਤਾਬਕ ਸੰਪੂਰਨ ਔਰਤ ਦੀ ਹੈ। ਇਸੇ ਲਈ ਗੁਰਦੀਪ ਦਾ ਵਿਆਹ ਸਿਰਫ਼ ਇੱਕ ਰਾਤ ਦਾ ਵਿਆਹ ਹੋ ਕੇ ਰਹਿ ਜਾਂਦਾ ਹੈ, ਉਸ ਨੂੰ ਤੀਵੀਂ ਵਿੱਚੋਂ ਤੀਵੀਂ ਨਹੀਂ ਲੱਭਦੀ। ਇਸੇ ਤਰ੍ਹਾਂ ਬੱਗੇ ਨੂੰ ਚੰਨੀ ਦਾ ਸਾਥ ਉਪਲਬਧ ਹੈ ਪਰ ਰਿਸ਼ਤੇ 'ਚੋਂ ਆਰਥਿਕ ਲਾਹੇ ਤੱਕਦੀ ਚੰਨੀ ਉਸ ਨੂੰ ਮਨਜ਼ੂਰ ਨਹੀਂ। ਬੱਗੇ ਨੂੰ ਚੰਨੀ ਦਾ 'ਡੰਗ' ਮਿਲਣ ਦੇ ਬਾਵਜੂਦ ਉਹ ਉਸ ਨਾਲ ਕੋਈ ਰਿਸ਼ਤਾ ਨਹੀਂ ਰੱਖਣਾ ਚਾਹੁੰਦਾ। 'ਹਰਾਮ ਦਾ ਹੋਊ ਜਿਹੜਾ ਅੱਗੇ ਤੋਂ ਉਹਦੇ ਘਰੇ ਜਾਊ' ਆਖ ਉਹ ਆਪਣੇ ਆਪ ਨੂੰ ਲਾਹਣਤਾਂ ਪਾਉਂਦਾ ਹੈ।

ਇਸ ਲਈ ਸਰੀਰਕ ਲੋੜ ਨਿਰੋਲ ਸਰੀਰਕ ਨਾ ਹੋ ਕੇ ਮਾਨਸਿਕ ਲੋੜ ਵੀ ਬਣਦੀ ਹੈ ਅਤੇ ਉਪਰੋਂ ਨਜ਼ਰੀ ਪੈਂਦੇ ਸਧਾਰਨ ਵਰਤਾਰੇ ਨੂੰ ਜਟਿਲ ਬਣਾਉਂਦੀ ਹੈ। ਸਰੀਰਕ-ਮਾਨਸਿਕ ਕਾਰਨਾਂ ਤੋਂ ਇਲਾਵਾ 'ਘਰ' ਬਣਾਉਣ ਦੇ ਚੱਕਰ ਵਿਚੋਂ ਇਕ ਹੋਰ ਪੱਖ ਜੋ ਕਹਾਣੀ ਵਿਚ ਉੱਭਰਦਾ ਹੈ, ਉਹ ਹੈ ਆਰਥਿਕਤਾ। ਜਦੋਂ ਕੇਸਰ ਕਹਿੰਦਾ ਹੈ 'ਨਾ ਲੋਕਾਂ ਨੂੰ ਸਾਕ ਲਈ ਕਿਹੜੇ ਮੂੰਹ ਨਾਲ ਕਹਾਂ। ...ਇਹ ਦੱਸਾਂ ਬਈ ਸਾਡਾ ਬਾਪ ਅਮਲੀ ਸੀ. ...ਭਾਈ ਸ਼ਰੀਕ ਨਾਲ ਸੀਰੀ ਰਲਿਆ ਹੋਇਆ। ...ਸਾਲਿਆ ਬੇਗਾਨੀ ਧੀ ਨੂੰ ਖਲਾਏਂਗਾ ਕੀ ? ...ਨਸ਼ਿਆਂ ਦਾ ਤੂੰ ਖਾਧਾ

ਪਿਐਂ!'

ਇਸ ਤਰ੍ਹਾਂ ਛੜਿਆਂ ਦੇ ਰਾਹਾਂ ਵਿਚ ਰੋੜੇ ਅਟਕਾਉਂਦੇ ਸਮਾਜਿਕ-ਮਾਨਸਿਕ-ਆਰਥਿਕ ਕਾਰਨਾਂ ਦਾ ਖੂਬਸੂਰਤ ਮਿਸ਼ਰਣ ਉਭਾਰਦੀ ਹੈ ਇਹ ਕਹਾਣੀ, ਪਰ ਓੜਕ ਨੂੰ ਜੋ ਗੱਲ ਪਾਤਰਾਂ ਨੂੰ ਫਿਰਕੀ ਵਾਂਗ ਘੁਮਾਈ ਫਿਰਦੀ ਹੈ, ਉਹ ਔਰਤ ਨਾਲ ਨੇੜਲਾ ਸੰਬੰਧ ਮਾਣਨ ਦੀ ਤੀਬਰ ਇੱਛਾ ਹੈ ਅਤੇ ਉਹ ਵੀ ਉਸ ਨਾਲ ਜੋ ਮਨ 'ਚ ਚਿਤਵੀ ਤੀਵੀਂ ਦੇ ਹਾਣ ਦੀ ਹੋਵੇ। ਸਾਰ ਤੱਤ ਵਜੋਂ ਕਹਾਣੀ ਚੁੱਲ੍ਹੇ ਦੀ ਅੱਗ ਅਤੇ ਸਰੀਰ ਦੀ ਅੱਗ ਦੇ ਜੋੜ ਮੇਲ ਨੂੰ ਉਭਾਰਦੀ ਹੈ ਅਤੇ ਕੁਦਰਤੀ ਕਾਮ ਪ੍ਰਵਿਰਤੀ ਨੂੰ ਜ਼ਿੰਦਗੀ ਦੇ ਕਾਰ-ਵਿਹਾਰ ਵਿਚ ਮੁੱਖ ਮਨੋ ਸ਼ਕਤੀ ਦੇ ਰੂਪ ਵਿਚ ਸਥਾਪਿਤ ਕਰਦੀ ਹੈ। ਇਸ ਲਈ ਰਾਮ ਆਸਰਾ, ਸੀਤਾ ਤਾਇਆ, ਕੇਸਰ, ਗੁਰਦੀਪ ਡਰਾਈਵਰ, ਬੱਗਾ ਅਤੇ ਹੋਰ ਪਤਾ ਨਹੀਂ ਅਜਿਹੇ ਕਿੰਨੇ ਹੀ ਬੱਗੇ ਸਮਾਜ ਸਿਰ ਉਲਾਂਭਾ ਦਿੰਦੇ ਹਨ ਕਿ 'ਚਾਰ ਸੌ ਵੀਹ ਤਾਂ ਸਮਾਜ ਨੇ ਉਨ੍ਹਾਂ ਨਾਲ ਕੀਤੀ ਹੈ।'

ਵਿਆਹ ਦੀ ਮਰਿਯਾਦਾ ਨੂੰ ਇਕ ਸੰਸਥਾ ਵਜੋਂ ਦੇਖਣ ਦੇ ਨਜ਼ਰੀਏ ਤੇ ਵਾਰ ਕਰਨਾ ਕਿ ਜਾਇਜ਼ ਰਿਸ਼ਤੇ ਹੀ ਨਾਜਾਇਜ਼ ਹੁੰਦੇ ਨੇ ਜਾਂ ਨਾਜਾਇਜ਼ ਰਿਸ਼ਤੇ ਹੀ ਜਾਇਜ਼ ਹੁੰਦੇ ਹਨ ਨੇ ਇਕ ਵੱਡਾ ਪ੍ਰਸ਼ਨ ਖੜ੍ਹਾ ਕੀਤਾ ਹੈ, ਜੋ ਕਹਾਣੀ ਨੂੰ ਗੁਣਾਤਮਕ ਅਤੇ ਦਾਰਸ਼ਨਿਕ ਬਲ ਬਖਸ਼ਦਾ ਹੈ।

'ਖਿੱਤੀਆਂ ਘੁੰਮ ਰਹੀਆਂ ਨੇ' ਕਹਾਣੀ ਪਲ ਪਲ ਮੌਤ ਨਾਲ ਲਬਰੇਜ਼ ਹਾਲਤਾਂ 'ਚੋਂ ਜ਼ਿੰਦਗੀ ਭਾਲਣ ਲਈ ਤਾਂਘਦੇ ਮਨ ਦੀ ਅਦਭੁਤ ਗਾਥਾ ਬਿਆਨ ਕਰਦੀ ਹੈ। ਔਰਤ ਦੇ ਮਨ ਦੇ ਲਚਕੀਲੇਪਣ ਦਾ ਦਾਇਰਾ ਜੇਕਰ ਦੇਖਣਾ ਹੋਵੇ, ਜੇ ਉਸ ਅੰਦਰ ਜ਼ਿੰਦਗੀ ਦੀ ਧੜਕਣ ਨੂੰ ਮਹਿਸੂਸ ਕਰਨਾ ਹੋਵੇ ਤਾਂ ਉਹ 'ਜਸ਼ਨ' ਜਾਂ 'ਸ਼ਿਫਾਲੀ' ਰਾਹੀਂ ਸਾਫ਼ ਦੇਖਿਆ ਜਾ ਸਕਦਾ ਹੈ। ਇੰਝ ਲੱਗਦਾ ਹੈ ਜਿਵੇਂ ਇਸਤਰੀ ਮਨ ਦੀ ਸ਼ਕਤੀ ਹੀ ਖਿੱਤੀਆਂ ਦੇ ਘੁੰਮਣ ਜਿਹੇ ਬ੍ਰਹਿਮੰਡੀ ਵਰਤਾਰਿਆਂ ਨੂੰ ਚਲਾਉਣ 'ਚ ਸਹਾਈ ਹੋਵੇ। ਕਹਾਣੀ ਦੇ ਹਰ ਮੋੜ 'ਤੇ ਜਸ਼ਨ ਵਿਚ ਜ਼ਿੰਦਗੀ ਨਾਲ ਢਲਨ ਦੀ ਸਮਰੱਥਾ ਦੇਖਣ ਵਾਲੀ ਹੈ। ਚੜ੍ਹਦੀ ਉਮਰ ਦੇ ਪਹਿਲੇ ਪਿਆਰ ਨਾਲ ਵਿਆਹ ਨਾ ਹੋ ਸਕਣਾ, ਉਸ ਦਾ ਆਪਣੇ ਦਿਲੋਂ ਚਾਹੇ ਸਾਥੀ ਦੇ ਪਿਆਰ ਸੰਸਾਰ ਤੋਂ ਵਿਰਵੇ ਰਹਿਣਾ ਅਤੇ ਉਸ ਦਾ ਹੇਰਵਾ ਝੱਲਣਾ, ਉਸ ਦੀ ਮੌਤ ਨੂੰ ਸਹਾਰਨਾ, ਉਸ ਤੋਂ ਵੱਖ ਹੋ ਕੇ ਜਿਉਣ ਦੀ ਅਦਭੁਤ ਸ਼ਕਤੀ ਪ੍ਰਗਟਾਉਣਾ, ਸੁਖਚੈਨ ਨਾਲ ਸਮਾਜ ਪ੍ਰਵਾਨਿਤ ਵਿਆਹ ਕਰਵਾ ਕੇ ਉਸ ਲਈ ਸਮਰਪਿਤ ਹੋਣਾ, ਸਹੁਰੇ ਅਤੇ ਸੱਸ ਦੇ ਕਰੂਰਤਾ ਭਰੇ ਅਨੈਤਿਕ ਵਿਵਹਾਰ ਦੇ ਅਨੁਕੂਲ ਹੋ ਕੇ ਚੱਲਣਾ, ਸੁਖਚੈਨ ਦਾ ਜਸ਼ਨ ਲਈ ਅਲਗਰਜ ਹੋਣਾ, ਜਸ਼ਨ ਦੇ ਮਾਪਿਆਂ ਦਾ ਉਸ ਤੋਂ ਮੂੰਹ ਫੇਰ ਜਾਣਾ ਆਦਿ ਅਨੇਕਾਂ ਘਟਨਾਵਾਂ ਦੇ ਵੇਰਵੇ ਉਸ ਦੇ ਕੁਦਰਤੀ ਸੁਭਾਅ ਦੇ ਪ੍ਰਤੀਕੂਲ ਸਥਿਤੀਆਂ ਪੈਦਾ ਕਰਦੇ ਹਨ ਪਰ ਉਹ ਡੋਲਦੀ ਨਹੀਂ। ਇੱਥੋਂ ਤੱਕ ਕਿ ਇਹ ਪਤਾ ਲੱਗਣ 'ਤੇ ਕਿ ਉਸ ਦਾ ਪਤੀ ਏਡਜ਼ ਵਰਗੀ ਨਾਮੁਰਾਦ ਬਿਮਾਰੀ ਤੋਂ ਪੀੜਿਤ ਹੈ, ਉਹ ਜ਼ਿੰਦਗੀ ਨੂੰ ਇੱਕ ਵਾਰ ਫੇਰ ਮੁੱਢ ਤੋਂ ਸ਼ੁਰੂ ਕਰਨਾ ਚਾਹੁੰਦੀ ਹੈ। ਇਸਤਰੀ ਮਨ ਦੇ ਫੈਲਾਅ ਨੂੰ ਉਜਾਗਰ ਕਰਨ ਵਿਚ ਇਹ ਕਹਾਣੀ ਇਕ ਵਿਲੱਖਣ ਰੋਲ ਅਦਾ ਕਰਦੀ ਹੈ ਅਤੇ 'ਰੌਸ਼ਨੀ ਸਦਾ ਹਨੇਰਿਆਂ ਦੇ ਗਰਭ ਵਿਚੋਂ ਜਨਮ ਲੈਂਦੀ ਹੈ' ਨੂੰ ਸਾਕਾਰ ਰੂਪ ਬਖ਼ਸ਼ਦੀ ਹੈ।

ਪਿਛਲ ਝਾਤ ਵਿਧੀ ਦੁਆਰਾ ਵਰਣਿਤ ਇਹ ਕਹਾਣੀ ਜਸ਼ਨ ਦੇ ਡਾਇਰੀ ਪੜ੍ਹਨ ਅਨੁਸਾਰ ਚੱਲਦੀ ਹੈ। ਅੰਦਰਲੀਆਂ ਕੁੰਠਿਤ ਭਾਵਨਾਵਾਂ ਬਾਹਰ ਕੱਢਣ ਲਈ, ਮਨ ਤੋਂ ਵਜ਼ਨ ਲਾਹੁਣ ਲਈ, ਛਣ-ਛਣ ਕਰਦੀਆਂ ਚੂੜੀਆਂ ਦੀ ਅਵਾਜ਼ 'ਕਿਸੇ' ਨੂੰ ਸੁਣਾਉਣ ਲਈ, ਹਰ ਅਹਿਸਾਸ 'ਕਿਸੇ' ਨਾਲ ਸਾਂਝਾ ਕਰਨ ਲਈ (ਜਦੋਂ ਕੋਈ ਦਰਦ ਸਾਂਝਾ ਕਰਨ ਵਾਲਾ ਬਾਹਰ ਸਥੂਲ



ਰੂਪ ਵਿਚ ਹਾਜ਼ਰ ਨਾ ਹੋਵੇ) ਅੰਦਰਲੇ ਤਣਾਅ ਨੂੰ ਖਾਰਜ ਕਰਨ ਲਈ ਅਤੇ ਮਨ ਦਾ ਸੰਤੁਲਨ ਕਾਇਮ ਰੱਖਣ ਲਈ ਡਾਇਰੀ ਲਿਖਣਾ, ਦਰਪੇਸ਼ ਸਮੱਸਿਆਵਾਂ ਨੂੰ ਟੱਕਰਨ ਦੇ ਵਿਗਿਆਨਕ ਯੋਗ ਪ੍ਰਬੰਧ ਵਜੋਂ ਉਭਰਦਾ ਹੈ।

ਕਹਾਣੀ ਦੀ ਮੁੱਖ ਪਾਤਰ ਜਸ਼ਨ, ਪਰਿਵਾਰ ਵਲੋਂ ਬਣਾਏ ਮਰਿਯਾਦਾ ਵਿਆਹ ਬੰਧਨ ਵਿਚ ਸਭ ਕੁਝ ਭੁਲਾ ਕੇ ਪੂਰੀ ਤਰ੍ਹਾਂ ਰਚ-ਮਿਚ ਜਾਂਦੀ ਹੈ। ਪਹਿਲੇ ਪਿਆਰ ਯੁੱਧਵੀਰ ਨੂੰ ਉਹ ਉਦੋਂ ਹੀ ਯਾਦ ਆਉਣ ਦਿੰਦੀ ਹੈ, ਜਦੋਂ ਉਹ ਸਹੁਰੇ ਵੱਲੋਂ ਆਪਣੀ ਸਰੀਰਕ ਹਿਰਸ ਨੂੰ ਪੂਰਨ ਹਿਤ ਪੇਸ਼ ਪ੍ਰਤੱਖ ਪ੍ਰਸਤਾਵ ਦੇ ਰੂ ਬਰੂ ਹੁੰਦੀ ਹੈ। ਇਸ ਘਟਨਾ ਤੋਂ ਬਾਅਦ ਹੀ ਉਸ ਨੂੰ ਪੇਕਾ ਪਿੰਡ 'ਬੁਰਜ ਬਘੇਲ ਸਿੰਘ ਵਾਲਾ' ਦੀ ਯਾਦ ਆਉਂਦੀ ਹੈ, ਜੋ ਉਸ ਦੇ ਪਹਿਲੇ ਪਵਿੱਤਰ ਪਿਆਰ ਦਾ ਬੁਰਜ ਹੈ। ਪ੍ਰਵਾਨਿਤ ਰਿਸ਼ਤਿਆਂ 'ਚ ਦੱਬਿਆ ਇਹ ਬੁਰਜ ਪ੍ਰਸਥਿਤੀਆਂ ਅਨੁਸਾਰ ਉੱਚਾ ਤੇ ਸੁੱਚਾ ਨਜ਼ਰ ਆਉਣ ਲੱਗਦਾ ਹੈ। ਆਖਿਰ ਤੇ ਜਸ਼ਨ ਦੀ ਸੁਰਤੀ ਉਸ ਦੇ ਪਹਿਲੇ ਪਿਆਰ ਯੁੱਧਵੀਰ ਦੀ ਯਾਦ ਵਿਚ ਬਣੇ ਗੇਟ 'ਤੇ ਆ ਟਿਕਦੀ ਹੈ। ਸਮਾਜਿਕ, ਨੈਤਿਕ ਮੁੱਲਾਂ ਦੇ ਦਬਾਅ ਹੇਠ ਹਾਲਤਾਂ ਅਨੁਸਾਰ ਢਲਨ ਤੋਂ ਬਾਅਦ ਪਹਿਲੇ ਪਿਆਰ ਵਾਲੇ ਉਹੀ ਅਹਿਸਾਸ ਫਿਰ ਉਭਰਦੇ ਹਨ, ਜੋ ਕੁਦਰਤੀ ਹਨ, ਮਨ ਦੀ ਲੋਚਾ ਅਨੁਸਾਰ ਸਹੀ ਹਨ ਅਤੇ ਧੁਰ ਅੰਦਰੋਂ ਮੇਲ ਖਾਂਦੇ ਹਨ। ਸਮਾਜਿਕ ਵਾਤਾਵਰਣ ਅਤੇ ਪ੍ਰਸਥਿਤੀਆਂ ਹੀ ਮਨੁੱਖ ਨੂੰ ਆਪਣੇ ਅਸਲ ਆਪੇ ਨਾਲੋਂ ਤੋੜਦੀਆਂ ਹਨ ਅਤੇ ਇਕ ਪੱਧਰ ਤੇ ਉਸ ਨੂੰ ਆਪਣੇ ਅਸਲ ਆਪੇ ਨਾਲ ਜੋੜਦੀਆਂ ਵੀ ਹਨ, ਸ਼ਾਇਦ ਇਹੀ ਉਹ ਸੱਚਾਈ ਹੈ ਜਿਸ ਨੂੰ ਇਹ ਕਹਾਣੀ ਸਫ਼ਲਤਾ ਪੂਰਵਕ ਪੇਸ਼ ਕਰਦੀ ਹੈ।

ਇਕ ਹੋਰ ਕਰੂਰ ਸੱਚਾਈ ਦੇਸ਼ ਦੀ ਵੰਡ ਮੌਕੇ ਹੋਏ ਦੰਗਿਆਂ ਦੌਰਾਨ ਮਨੁੱਖਤਾ ਦੇ ਵੰਡੇ ਜਾਣ ਦੀ ਹੈ। ਇਸ ਘਾਣ ਬਾਰੇ ਲਿਖੇ ਸਾਹਿਤ ਰਾਹੀਂ ਮਨੁੱਖੀ ਵਿਹਾਰ ਦੇ ਨਵੇਂ ਪੱਖ ਉਜਾਗਰ ਹੁੰਦੇ ਰਹੇ ਹਨ। ਅੱਜ ਵੀ ਜੇ ਉਨ੍ਹਾਂ ਕਾਲੇ ਦਿਨਾਂ ਬਾਰੇ ਜਦੋਂ ਕੋਈ ਗਲਪ ਰਚਨਾ ਸਾਹਮਣੇ ਆਉਂਦੀ ਹੈ ਤਾਂ ਘਟਨਾ ਕ੍ਰਮ ਤੁਹਾਨੂੰ ਇਸ ਅਤਿ ਅਸਧਾਰਨ ਸਥਿਤੀ ਨਾਲ ਜੁੜੇ ਵਿਹਾਰ ਦੇ ਨਵੇਂ ਕੋਣਾਂ ਦੇ ਸਨਮੁਖ ਲਿਆ ਖੜ੍ਹਾ ਕਰਦਾ ਹੈ। ਦੰਗਿਆਂ ਦੀ ਕਰੂਰਤਾ ਬਾਰੇ ਅਤੇ ਮਨੁੱਖ ਦੁਆਰਾ ਕੀਤੇ/ਹੰਢਾਏ ਜ਼ੁਲਮ ਨੂੰ ਨਿਵੇਕਲੇ ਢੰਗ ਨਾਲ ਪੇਸ਼ ਕਰਦੀ ਹੈ ਕਹਾਣੀ 'ਸੁਰਜੀਤ ਕਤਲ ਕਾਂਡ'। ਅਕਾਸ਼ਦੀਪ ਜੋ ਇਕ ਗਾਇਕ ਹੈ, ਵਾਹਘਾ ਬਾਰਡਰ 'ਤੇ ਗਾਉਂਦੇ ਹੋਏ ਵੱਖੋ-ਵੱਖਰੇ ਪਾਤਰਾਂ ਰਾਹੀਂ ਦੇਸ਼ ਵੰਡ ਵੇਲੇ ਦੇ ਘਟਨਾ ਕ੍ਰਮ ਨਾਲ ਜੁੜੀਆਂ ਗੱਲਾਂ ਬਾਰੇ ਸੋਚਦਾ ਹੈ। ਕਹਾਣੀ 'ਸੁਰ + ਜੀਤ = ਸੁਰਜੀਤ', 'ਮੈਂ ਉਰਫ ਦਸੌਂਧੀਆ ਖਾਨ', 'ਲਾਹੌਰ ਜੇਲ੍ਹ ਤੋਂ ਨਿਰਭੈ ਸਿੰਘ', 'ਬੜੀ ਮਾਂ ਦਾ ਬਿਆਨ' ਅਤੇ 'ਢਾਈ ਅੱਖਰਾਂ ਦੀ ਸਰਗਮ' ਦੇ ਸਿਰਲੇਖਾਂ ਦੇ ਚੌਖਟੇ ਹੇਠ ਪੰਜ ਵੱਖੋ ਵੱਖਰੇ ਪੜਾਵਾਂ ਵਿੱਚੋਂ ਗੁਜ਼ਰਦੀ ਹੈ, ਹਰ ਸਿਰਲੇਖ ਹਾਜ਼ਰ ਪਾਤਰ ਦੀ ਇਕ ਵੱਖਰੀ ਕਹਾਣੀ ਬਿਆਨ ਕਰਦਾ ਹੈ ਪਰ ਸਮੁੱਚੇ ਤੌਰ 'ਤੇ ਕਹਾਣੀ ਇਕੋ ਲੜੀ ਵਿਚ ਪਰੋਈ ਲੱਗਦੀ ਹੈ। ਕਹਾਣੀ ਸੰਤਾਲੀ ਦੀ ਵੰਡ ਤੋਂ ਸ਼ੁਰੂ ਹੋਈ ਨਫ਼ਰਤ ਅਤੇ ਧਾਰਮਿਕ ਤੰਗ-ਨਜ਼ਰੀ ਨੂੰ ਅਜੋਕੇ ਸਮਾਜ ਅੰਦਰ ਵਾਪਰੇ ਚੁਰਾਸੀ ਦੇ ਦੰਗਿਆਂ, ਅੱਤਵਾਦ ਵੱਖਵਾਦ, ਬਾਬਰੀ ਮਸਜਿਦ ਦੇ ਢਾਹੇ ਜਾਣ ਅਤੇ ਗੋਧਰਾ ਕਾਂਡ ਨਾਲ ਲਿਆ ਜੋੜਦੀ ਹੈ।

ਭਾਵੇਂ ਸੰਤਾਲੀ ਦੀ ਦੇਸ਼ ਵੰਡ ਦੇ ਬੋਏ ਨਫ਼ਰਤ ਦੇ ਬੀਜਾਂ ਦਾ ਅਸਰ ਹੁਣ ਤੱਕ ਵੀ ਟੋਨੀ ਅਤੇ ਸ਼ਿਵਾ ਦੇ ਰੂਪ ਵਿਚ ਬਾਹਰ ਆ ਰਿਹਾ ਹੈ ਪਰ 'ਮੁਹੱਬਤ ਦੀ ਸਾਂਝ ਸਭ ਸਾਂਝਾਂ ਤੋਂ ਉੱਚੀ ਹੁੰਦੀ ਹੈ' ਦਾ ਸੰਦੇਸ਼ ਪ੍ਰਸਾਰਿਤ ਕਰਦੀ ਇਹ ਕਹਾਣੀ ਧਰਮ, ਜਾਤ ਗੋਤ ਰਹਿਤ ਮਨੁੱਖ ਦੀ ਮਨੁੱਖ ਨਾਲ ਸਦੀਆਂ ਪੁਰਾਣੀ ਸਦੀਵੀ ਸਾਂਝ ਦੇ ਹੱਕ ਵਿਚ ਭੁਗਤਦੀ ਹੈ। 'ਸੁਰਜੀਤ ਕਤਲ

ਕਾਂਡ' ਵਿਚ ਸੁਰਜੀਤ ਕਤਲ ਨਹੀਂ ਹੁੰਦਾ, ਸੁਰ ਅਤੇ ਜੀਤ ਦਾ ਸੰਗਮ ਬਣ ਕੇ ਸੁਰਜੀਤ ਹੀ ਰਹਿੰਦਾ ਹੈ। ਸੁਰਜੀਤ, ਜੋ ਚੰਗੇ ਅਤੇ ਨਰੋਏ ਮਾਨਵੀ ਮੁੱਲਾਂ ਦਾ ਪਹਿਰੇਦਾਰ ਹੈ, ਜਿਸ ਨੂੰ ਠੀਕ ਗੱਲ ਦੀ ਪਛਾਣ ਮਨੁੱਖੀ ਧਰਮ ਅਨੁਸਾਰ ਹੈ ਅਤੇ ਜੋ ਸਹੀ ਅਰਥਾਂ ਵਿਚ ਅਸਲ ਮਨੁੱਖ ਹੈ। ਉਸ ਦੀ ਚੰਗਿਆਈ ਦੀ ਯਾਤਰਾ ਅਕਾਸ਼ਦੀਪ-ਸਰਗਮ-ਅਨਹਦ ਦੇ ਰੂਪ ਵਿਚ ਜਾਰੀ ਰਹਿੰਦੀ ਹੈ।

ਸੰਗ੍ਰਹਿ ਦੀ ਅਗਲੀ ਕਹਾਣੀ 'ਦੋ ਸਾਹਾਂ ਵਿਚਲਾ ਠਹਿਰਾਅ' ਮਨੁੱਖ ਦੀ ਅਧਿਆਤਮਿਕਤਾ ਵੱਲ ਸੇਧਿਤ ਯਾਤਰਾ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਵੱਲ ਰੁਚਿਤ ਹੈ। ਇੰਜ ਲੱਗਦਾ ਹੈ ਜਿਵੇਂ ਮਨ ਦੀਆਂ ਉਲਝਣਾਂ, ਅਣਸੁਲਝੇ ਸਵਾਲਾਂ, ਭਟਕਣਾਂ, ਬੇਅਰਾਮੀਆਂ ਦਾ ਉੱਤਰ ਕੁਟੀਆ ਜਾਂ ਆਸ਼ਰਮਾਂ ਵਿਚ ਨਹੀਂ, ਸਗੋਂ ਆਸ਼ਰਮ ਵੀ ਇਕ ਭਟਕਣ ਹੀ ਪੈਦਾ ਕਰਦੇ ਹਨ। ਸਵੈ ਨੂੰ ਸਮਝਣ, ਜਿੱਤਣ ਹਾਰਨ ਦਾ ਰਾਹ ਆਸ਼ਰਮਾਂ, ਵਲੀ ਫਕੀਰਾਂ ਦੀਆਂ ਸਿੱਧ ਗੋਸ਼ਟਾਂ, ਘੋਟੀ ਹੋਈ ਭੰਗ ਦੇ ਕੌਲਿਆਂ ਬਾਟਿਆਂ ਜਾਂ ਮਘਦੀਆਂ ਚਿਲਮਾਂ ਵਿਚ ਨਹੀਂ, ਸਗੋਂ 'ਦੋ ਸਾਹਾਂ ਦੇ ਠਹਿਰਾਅ' ਵਿਚ ਵੀ ਸੰਭਵ ਹੈ, ਗੱਲ ਸਿਰਫ਼ ਅੰਤਰ ਧਿਆਨ ਅਤੇ ਇਕਾਗਰ-ਚਿੱਤ ਹੋਣ ਦੀ ਹੈ। ਇੰਦਰੀਆਂ ਦੇ ਪ੍ਰਕ੍ਰਿਤਿਕ ਅਤੇ ਸਹਿਜ ਵਿਹਾਰ ਉੱਤੇ ਬੇਲੋੜੀਆਂ ਬੰਦਿਸ਼ਾਂ ਕਾਰਨ ਕਾਮ-ਵਿਕ੍ਰਿਤੀਆਂ ਪੈਦਾ ਹੁੰਦੀਆਂ ਹਨ, ਭਟਕਣ ਵਧਦੀ ਹੈ ਅਤੇ ਅਖੌਤੀ ਅਸਾਧਾਰਨ ਵਿਹਾਰ ਉਪਜਦਾ ਹੈ। ਇੱਕ ਗੱਲ ਦਾ ਉੱਤਰ ਲੱਭਦਾ ਹੋਇਆ ਆਦਮੀ ਦੂਜੇ ਗੰਭੀਰ ਪ੍ਰਸ਼ਨ ਦੇ ਰੂ ਬਰੂ ਜਾ ਖਲੋਂਦਾ ਹੈ ਅਤੇ ਪਹਿਲਾਂ ਤੋਂ ਖੜ੍ਹੇ ਪ੍ਰਸ਼ਨ ਹੋਰ ਉਲਝ ਜਾਂਦੇ ਹਨ ਅਤੇ ਵਾਲਾਂ ਦੇ ਗੁੱਛੇ ਵਾਂਗ ਪੀਡੀਆਂ ਗੁੰਝਲਾਂ ਬਣ ਜਾਂਦੀਆਂ ਹਨ।

ਸਮਾਜਿਕ ਹੱਠ-ਧਰਮ ਕਰਕੇ ਜਾਂ ਉਸ ਤੋਂ ਰਾਹਤ ਪਾਉਣ ਹਿਤ ਆਦਮੀ ਕੁਟੀਆ, ਜੰਗਲ ਜਾਂ ਆਸ਼ਰਮ ਵੱਲ ਭੱਜਦਾ ਹੈ ਪਰ ਖੁਦ ਨੂੰ ਸਮਾਜਿਕ ਬੰਧਨਾਂ ਅਤੇ ਕੁਦਰਤੀ ਪ੍ਰਵਿਰਤੀਆਂ ਦੇ ਅੰਦਰਲੇ ਹੜ੍ਹ ਤੋਂ ਵੱਖ ਨਹੀਂ ਕਰ ਸਕਦਾ। ਸਿਰਫ਼ ਦੋ ਸਾਹਾਂ ਵਿਚਲੇ ਠਹਿਰਾਵਾਂ ਨਾਲ ਇਕਸੁਰ ਹੋਣ ਤੇ ਵੀ ਤੁਹਾਡੀ ਆਪਣੇ ਆਪ ਨੂੰ ਸਮਝਣ ਦੀ ਜੋਤ ਜਗ ਸਕਦੀ ਹੈ ਅਤੇ ਇਹਨਾਂ ਹੀ ਦੋ ਸਾਹਾਂ ਨਾਲ ਬੁਝ ਵੀ ਸਕਦੀ ਹੈ। ਐਨੀ ਇਕਾਗਰਤਾ ਕੁਦਰਤੀ ਪ੍ਰਵਿਰਤੀਆਂ ਦੀ ਸੰਤੁਸ਼ਟੀ ਤੋਂ ਬਿਨਾਂ ਅਸੰਭਵ ਜਾਪਦੀ ਹੈ। ਕੁਟੀਆ ਦੇ ਮਾਹੌਲ 'ਚੋਂ ਟੱਲ, ਸ਼ੰਖ, ਡਮਰੂ ਦਾ ਬਾਰ-ਬਾਰ ਸੂਰਜ ਦੇਵ ਦੇ ਜ਼ਿਹਨ ਵਿਚ ਆਉਣਾ ਲਿੰਗ ਰੂਪ ਦੀ ਪ੍ਰਬਲਤਾ ਅਤੇ ਮਨ ਅੰਦਰ ਕੁਦਰਤੀ ਰੂਪ ਵਿਚ ਮੌਜੂਦ ਪਸ਼ੂ ਬਿਰਤੀਆਂ ਦੀ ਪ੍ਰਮੁਖਤਾ ਵੱਲ ਇਸ਼ਾਰਾ ਕਰਦਾ ਹੈ।

ਇੱਕ ਪੱਧਰ ਤੇ ਸਾਧਣੀ ਬਣੀ ਸੰਦਲਾ ਦੇ ਬਸਤਰਾਂ ਵਿਚ ਉਲਝਿਆ ਸੂਰਜ ਦੇਵ ਦਾ ਸੰਦਲੀ ਚੋਲਾ ਉਸ ਦੇ ਮਾਂ-ਬਾਪ ਦੇ ਵਿਆਹ ਬੰਧਨ 'ਚ ਪਰਨਾਉਣ ਤੋਂ ਬਿਨਾਂ ਸਥਾਪਿਤ ਕੀਤੇ ਸਰੀਰਿਕ ਸੰਬੰਧ ਨੂੰ ਸੰਕੇਤਕ ਤੌਰ 'ਤੇ ਯੋਗ ਠਹਿਰਾਉਂਦਾ ਹੈ ਅਤੇ ਦੂਜੇ ਪਾਸੇ ਤ੍ਰਿਕਾਲ ਦੇਵ ਵੀ ਉਸੇ ਦਿਸ਼ਾ ਵਿਚ ਅਗਰਸਰ ਹੈ। ਕੁਦਰਤੀ ਪ੍ਰਵਿਰਤੀਆਂ ਦੀ ਪੂਰਤੀ ਦੀ ਪਹਿਲ ਦੀ ਗੱਲ ਇਹ ਕਹਾਣੀ ਜ਼ੋਰਦਾਰ ਢੰਗ ਨਾਲ ਕਰਦੀ ਹੈ। ਇਹਨਾਂ ਪ੍ਰਵਿਰਤੀਆਂ ਦੀ ਪੂਰਤੀ/ਅਪੂਰਤੀ ਨਾਲ ਜੁੜੇ ਰਹਿਣਾ/ਅਲੱਗ ਹੋਣਾ ਹੀ ਸ਼ਾਇਦ ਜ਼ਿੰਦਗੀ ਦਾ ਮੂਲ ਧੁਰਾ ਹੈ।

ਲੇਖਕ ਦੀ ਕੁਟੀਆ ਜਗਤ ਦੇ ਵਿਭਿੰਨ ਵਰਤਾਰੇ ਜਿਵੇਂ ਜੋਤ ਜਗਾਉਣਾ, ਸ਼ਿਵਲਿੰਗ ਨੂੰ ਦੁੱਧ ਨਾਲ ਇਸ਼ਨਾਨ ਕਰਾਉਣਾ, ਆਸਣ ਕਰਨਾ, ਗੁਰੂ ਚੇਲਾ ਪਰੰਪਰਾ ਵਿਚ ਪ੍ਰਸ਼ਨ-ਉੱਤਰ ਕਰਨ ਆਦਿ ਇਸ ਤਰ੍ਹਾਂ ਪ੍ਰਗਟ ਕੀਤੇ ਹਨ ਕਿ ਪੂਰਨ ਰੂਪ ਵਿਚ ਚੰਦਨ ਨਾਲ ਸੁਗੰਧਤ ਕੁਟੀਆ ਵਿਚ ਬੈਠਣ ਵਰਗਾ ਅਹਿਸਾਸ ਹੁੰਦਾ ਹੈ। ਦੇਖਣ ਨੂੰ ਪੂਰਾ ਮਾਹੌਲ ਸਮਾਜਿਕ ਵਰਤਾਰਿਆਂ ਤੋਂ ਅਲਹਿਦਾ ਹੈ ਪਰ ਪਸ਼ੂ ਬਿਰਤੀਆਂ ਦੀ ਹੋਂਦ ਤੋਂ ਮੁਕਤ ਨਹੀਂ। ਸ਼ਾਇਦ ਇਹ ਕਿਸੇ ਵੀ ਮਾਹੌਲ ਵਿਚ ਮਨਫ਼ੀ ਨਹੀਂ ਹੋ ਸਕਦੀਆਂ। ਗਿਆਨ ਪ੍ਰਾਪਤੀ ਲਈ ਦੋ ਸਾਹਾਂ ਵਿਚ ਠਹਿਰਾਅ ਕੁਟੀਆ



ਜਗਤ ਵਿਚ ਪੈਦਾ ਕਰਨਾ ਹੈ ਜਾਂ ਨਿੱਤ ਪ੍ਰਤੀ ਕੰਮ ਧੰਦੇ ਕਰਦੇ ਹੋਏ ਸਮਾਜਿਕ ਜਗਤ ਵਿਚ 'ਕਰਮ' ਕਰਦੇ ਹੋਏ ਪੈਦਾ ਕਰਨਾ ਹੈ, ਇਹ ਸਵੈ ਜਿੱਤ ਪ੍ਰਾਪਤ ਕਰਨ ਵਾਲੇ ਦੀ ਆਪਣੀ ਸਿਆਣਪ ਹੈ।

ਖੁਰ ਰਹੇ ਵਾਤਾਵਰਣ ਅਤੇ ਉਸ ਤੋਂ ਪੈਦਾ ਹੋਣ ਵਾਲੀਆਂ ਪ੍ਰਸਥਿਤੀਆਂ ਕੀ ਹੋਣ ਵਾਲੀਆਂ ਨੇ, ਜੇ ਮਨੁੱਖ ਦਾ ਕੁਦਰਤ ਨਾਲ ਖਿਲਵਾੜ ਇਸੇ ਤਰ੍ਹਾਂ ਜਾਰੀ ਰਿਹਾ- ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਂਦੀ ਅਤੇ ਆਲਮੀ ਤਪਸ਼, ਪਾਣੀਆਂ ਤੇ ਪਲੀਤ ਹੋਣ, ਧਰਤੀ ਹੇਠਲੇ ਪਾਣੀ ਦੇ ਹੋਰ ਡੂੰਘੇ ਉਤਰ ਜਾਣ ਆਦਿ ਬਾਰੇ ਅਤਿਅੰਤ ਗੰਭੀਰ ਸਵਾਲ ਖੜ੍ਹੇ ਕਰਦੀ ਕਹਾਣੀ ਹੈ 'ਡਾਰਕ-ਜ਼ੋਨ'। ਮਨੁੱਖ ਦੇ ਕੁਦਰਤ ਦਾ ਘਾਣ ਕਰਨ ਕਰਕੇ, ਗੈਰ ਕੁਦਰਤੀ ਵਰਤਾਰਿਆਂ ਕਰਕੇ ਨੇੜਲੇ ਭਵਿੱਖ ਵਿਚ ਦਰਪੇਸ਼ ਚੁਨੌਤੀਆਂ ਕਿਸ ਤਰ੍ਹਾਂ ਉਭਰਨ ਵਾਲੀਆਂ ਹਨ, ਇਸ ਬਾਰੇ ਬਹੁਤ ਵਧੀਆ ਚਿੱਤਰ ਸਾਹਮਣੇ ਆਉਂਦਾ ਹੈ। ਕਹਾਣੀ ਦੀ ਸੋਚਵਾਨ ਅਤੇ ਸੰਜੀਦਾ ਪਾਤਰ 'ਨੀਤੀ' ਆਪਣੀ ਸੋਚ ਰਾਹੀਂ ਸੰਭਾਵਿਤ 'ਹੋਣੀ' ਨੂੰ ਚਿਤਵਦੀ ਹੈ। ਹੈਰਾਨੀ ਦੀ ਗੱਲ ਹੈ ਕਿ ਉਸ ਦੇ ਘਰ ਦੇ ਹੋਰ ਮੈਂਬਰ ਦਾ ਰੁਝਾਨ ਉਹ ਨਹੀਂ ਜੋ ਨੀਤੀ ਦਾ ਹੈ। ਵਾਤਾਵਰਣ ਸੰਬੰਧੀ ਉਸ ਦੀ ਇਹ ਜਾਗਰੂਕਤਾ ਅਤੇ ਸੰਵੇਦਨਾ ਘਰ ਦੇ ਮਾਹੌਲ ਵਿਚੋਂ ਸਿੱਖੀ ਹੋਈ ਨਹੀਂ ਅਤੇ ਨਾ ਹੀ ਸਕੂਲ ਦਾ ਕੁੱਲ ਮਾਹੌਲ ਇਹੋ ਜਿਹਾ ਹੈ ਜਿੱਥੋਂ ਉਸ ਨੇ ਕੁਝ ਇਸ ਤਰ੍ਹਾਂ ਦਾ ਗ੍ਰਹਿਣ ਕੀਤਾ ਹੋਵੇ। ਉਹ ਵਾਤਾਵਰਣ ਸੰਬੰਧੀ ਉਸਾਰੂ ਊਰਜਾ ਆਪਣੀ ਮਾਂ ਦੀ ਸਹੀ ਸੋਚ ਤੋਂ ਗ੍ਰਹਿਣ ਕਰਦੀ ਨਜ਼ਰ ਆਉਂਦੀ ਹੈ। ਜੇ ਤੁਹਾਡੇ ਕੋਲ ਇਹ ਊਰਜਾ ਹੈ ਤਾਂ ਫਿਰ 'ਪਾਲੀ' ਅਤੇ 'ਡਾ. ਤ੍ਰਿਪਾਠੀ' ਵਰਗੇ ਹਮਖ਼ਿਆਲ ਲੋਕ ਤੁਹਾਨੂੰ ਮਿਲ ਜਾਣਗੇ, ਕਾਫ਼ਲਾ ਜ਼ਰੂਰ ਬਣੇਗਾ ਜੋ ਮੰਜ਼ਲ ਨੂੰ ਸਰ ਕਰਨ ਲਈ ਅੱਗੇ ਵਧੇਗਾ। ਪੰਜਾਬੀ ਕਹਾਣੀ ਵਿਚ ਇਸ ਤਰ੍ਹਾਂ ਦਾ ਵਿਸ਼ਾ ਪੇਸ਼ ਹੋਣਾ ਆਪਣੇ ਆਪ ਵਿਚ ਹੀ ਇੱਕ ਪ੍ਰਾਪਤੀ ਕਿਹਾ ਜਾ ਸਕਦਾ ਹੈ। ਕਹਾਣੀ ਦੀ ਬਣਤਰ ਅਤੇ ਬੁਣਤਰ ਭਾਵੇਂ ਮੁੱਦੇ ਨੂੰ ਉਭਾਰਨ ਵਿਚ ਸਫ਼ਲ ਹੈ ਪਰ ਜਦੋਂ ਮੁੱਦਾ ਹੀ ਧਰਤੀ ਦੀ ਹੋਂਦ ਨਾਲ ਜੁੜਿਆ ਹੋਵੇ ਤਾਂ ਵਿਸ਼ੇ ਦੀ ਮਹੱਤਤਾ ਮਾਤਰ ਹੀ ਹੋਰ ਗੱਲਾਂ ਨੂੰ ਪਿੱਛੇ ਪਾ ਦਿੰਦੀ ਹੈ।

ਧਰਤੀ ਦੀ ਹੋਂਦ ਨਾਲ ਜੁੜੇ ਮੁੱਦੇ ਤੋਂ ਬਾਅਦ ਮਨੁੱਖ ਦੀ ਹੋਂਦ ਨਾਲ ਜੁੜੇ ਮੁੱਦੇ ਨੂੰ 'ਜਰਾ ਬੱਚ ਕੇ ਮੋੜ ਤੋਂ' ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ। 'ਦਾਰਾ' ਮੁੱਖ ਪਾਤਰ ਹੈ ਜੋ ਕਹਾਣੀ ਸੁਣਾ ਰਿਹਾ ਹੈ, ਆਪਣੀ ਹੀ ਕਿਸਮ ਦੀ ਨਿਵੇਕਲੀ ਕਹਾਣੀ, ਜਿਸ ਵਿਚ ਗੱਲਾਂ 'ਚੋਂ ਗੱਲ ਉੱਧੜਦੀ ਤੁਰੀ ਜਾਂਦੀ ਹੈ। ਹਰ ਗੱਲ ਏਨੀ ਗਹਿਰ-ਗੰਭੀਰ ਕਿ ਅਜੋਕੇ ਸਮਾਜਿਕ ਵਰਤਾਰਿਆਂ ਬਾਰੇ ਦਾਰਾ ਸਧਾਰਨ ਗੱਲਾਂ ਰਾਹੀ ਸੂਖ਼ਮ ਅਤੇ ਦਾਰਸ਼ਨਿਕ ਟਿੱਪਣੀਆਂ ਕਰੀ ਜਾਂਦਾ ਹੈ। ਛਿੰਦੇ ਜਿਹੇ ਸੂਦਖ਼ੋਰਾਂ ਦਾ ਲੋਕਾਂ ਉੱਤੇ ਗਲਬਾ ਪਾਉਣ ਦੀ ਗੱਲ ਹੋਵੇ, ਗਲੋਬਲੀਕਰਨ, ਸ਼ਹਿਰੀਕਰਨ ਦੀ ਗੱਲ ਹੋਵੇ, ਵਿਆਹ ਮੌਕੇ ਬਰਾਤੀਆਂ ਦੀਆਂ ਆਪਹੁਦਰੀਆਂ ਦੀ ਹੈਂਕੜ ਹੋਵੇ, ਸਭ ਕੁਝ ਬਾਰੇ ਦਾਰਾ ਅਖਾਣਾਂ ਭਰੇ ਚੁਸਤ ਫਿਕਰੇ ਰਾਕਟ ਵਾਂਗ ਉਡਾਉਂਦਾ ਹੈ। ਕਹਾਣੀ ਨਾ ਕਿਤੋਂ ਸ਼ੁਰੂ ਹੋਈ ਲੱਗਦੀ ਹੈ ਅਤੇ ਨਾ ਹੀ ਖਤਮ, ਬੱਸ ਦਾਰੇ ਦੀ ਮਨਬਚਨੀ ਦੇ ਫਾਇਰ ਤਾੜ-ਤਾੜ ਹੁੰਦੇ ਰਹਿੰਦੇ ਹਨ। ਉਂਝ ਜਸਵੀਰ ਰਾਣਾ ਦੀਆਂ ਕਹਾਣੀਆਂ ਦੀ ਇਹ ਖ਼ਾਸੀਅਤ ਹੈ ਕਿ ਹਰ ਇਕ ਪੈਰੇ ਦੇ ਅੰਤ ਦਾ ਦੂਜੇ ਪਹਿਰੇ ਦੀ ਸ਼ੁਰੂਆਤ ਨਾਲ ਬੜਾ ਗੁੰਦਵਾਂ ਮੇਲ ਹੈ। ਚਾਸ਼ਣੀ ਦੀਆਂ ਲੇਸਾਂ ਵਾਂਗ ਹਰ ਕਹਾਣੀ ਜੁੜੀ ਹੋਈ ਹੈ ਪਹਿਰਾ-ਦਰ-ਪਹਿਰਾ। ਪਰ 'ਜਰਾ ਬਚ ਕੇ ਮੋੜ ਤੋਂ' ਤਾਂ ਇਸ ਦੀ ਸਿਖਰ ਹੈ। ਬਾਹਰੀ ਅਤੇ ਅੰਦਰੂਨੀ ਜਾਗਰੂਕਤਾ ਨਾਲ ਇਕਮਿਕ ਦਾਰਾ ਸੁਤੇ ਸਿੱਧ ਜ਼ਿੰਦਗੀ ਨਾਲ ਜੁੜੀਆਂ ਸਧਾਰਨ ਪਰ ਬੇਹੱਦ ਗੰਭੀਰ ਸੱਚਾਈਆਂ ਉਜਾਗਰ ਕਰਦਾ ਹੈ। ਸਧਾਰਨ ਲੋਕਾਂ ਦੀ ਬੋਲੀ ਵਿਚ ਦਾਰਾ ਗਰਨ ਗਰਨ ਗੱਲਾਂ ਸਿੱਟੀ ਤੁਰਿਆ ਆਉਂਦਾ

ਹੈ, ਪਾਠਕ ਨੂੰ ਸਾਹ ਨਹੀਂ ਲੈਣ ਦਿੰਦਾ ਅਤੇ ਨਾ ਹੀ ਪਾਠਕ ਸਾਹ ਲੈਣਾ ਚਾਹੁੰਦਾ ਹੈ। ਉਹ ਤਾਂ ਮੰਤਰ ਮੁਗਧ ਹੈ ਦਾਰੇ ਦੀਆਂ ਗੱਲਾਂ ਨਾਲ ਜੋ ਇੱਟ ਵਰਗੀਆਂ ਪੱਕੀਆਂ ਹਨ। ਉਸ ਦੀਆਂ ਇਹਨਾਂ ਗੱਲਾਂ ਤੋਂ ਮੁਨਕਰ ਹੋਣਾ ਮੁਸ਼ਕਲ ਜਾਪਦਾ ਹੈ :

–'ਮੈਂ ਕਿਹਾ ਗੱਲ ਉਸ ਪਾਸੇ ਨੂੰ ਜਾ ਰਹੀ ਹੈ ਜਿੱਧਰ ਸਾਡੀ ਜਮੀਨ ਚਲੀ ਗਈ, ਕਿੱਧਰ ਚਲੀ ਗਈ? ਉਸ ਨੂੰ ਬਜ਼ਾਰ ਖਾ ਗਿਆ ਜਨਾਬ! ਉਹੀ ਬਜ਼ਾਰ ਜਿਸਦੇ ਥੋਨੂੰ ਸੁਪਨੇ ਆਉਂਦੇ ਨੇ। ...ਮੈਨੂੰ ਬਜ਼ਾਰ ਦੈਂਤ ਬਣ ਕੇ ਦਿਖਾਈ ਦਿੰਦਾ।'

–'ਜਦੋਂ ਮਾੜੇ ਦਿਨ ਆਉਂਦੇ ਨੇ ਕਹਿੰਦੇ ਊਂਠ 'ਤੇ ਬੈਠੇ ਨੂੰ ਵੀ ਕੁੱਤਾ ਵੱਢ ਜਾਂਦਾ ਹੈ।'

–'ਇਹ ਛਿੰਦਾ ਕੋਈ ਆਮ ਬੰਦਾ ਨਹੀਂ। ਇਹਦੇ ਅੰਦਰ ਇਕ ਬਾਣੀਆ ਰਹਿੰਦਾ। ਉਸ ਬਾਣੀਏ ਅੰਦਰ ਬਜ਼ਾਰ ਹੈ। ਜਿੱਧਰ ਬਾਣੀਆ ਜਾਂਦਾ। ਉੱਧਰ ਹੀ ਬਜ਼ਾਰ ਜਾਂਦਾ।'

–'ਦੇਖੋ ਬਾਈ ਜੀ ਕਈ ਵਾਰੀ ਜਿਹੜਾ ਕੁਸ਼ ਲੱਗਦਾ ਹੁੰਦਾ ਉਹ ਹੁੰਦਾ ਨਹੀਂ। ਜਿਹੜਾ ਕੁਸ਼ ਹੁੰਦਾ ਉਹ ਲੱਗਦਾ ਨਹੀਂ ਹੁੰਦਾ।'

–'ਥੋੜੇ ਵਾਂਗ ਮੈਂ ਬਥੇਰਾ ਆਖਣਾ ਕਿ ਬੰਦੇ ਤੋਂ ਬੜਾ ਭੂਤ ਕੋਈ ਨਹੀਂ।'

–'ਉਹ ਬੰਦਾ ਹੀ ਕਾਹਦਾ ਜਿਹੜਾ ਪੈਰ ਛੱਡ ਗਿਆ। ਬੰਦਾ ਤਾਂ ਉਹ ਹੁੰਦਾ ਜਿਸ ਦਾ ਪੈਰ ਗੜ੍ਹਕੇ ਨਾਲ ਉੱਠੇ।'

ਛਿੰਦੇ ਬਾਰੇ (ਦਾਰੇ ਮੁਤਾਬਕ ਜਿਸ ਅੰਦਰ ਬਾਣੀਆ ਰਹਿੰਦਾ ਹੈ) ਗੱਲ ਕਰਦਾ ਦਾਰਾ ਬੜੀ ਗੰਭੀਰ ਟਿੱਪਣੀ ਕਰਦਾ ਹੈ, 'ਉਹਦੀ ਸ਼ਕਲ ਅਮਰੀਕਾ ਦੇ ਨਕਸ਼ੇ ਵਰਗੀ ਹੁੰਦੀ ਹੈ। ਉਹ ਪਿੰਡ ਨੂੰ ਟੋਚਨ ਪਾਈ ਬਜ਼ਾਰ ਵੱਲ ਨੂੰ ਖਿੱਚੀ ਜਾ ਰਿਹਾ ਹੁੰਦਾ। ਬਜ਼ਾਰ ਪਿੰਡ ਵੱਲ ਨੂੰ ਆ ਰਿਹਾ ਹੁੰਦਾ।'

ਕਹਾਣੀ ਪੜ੍ਹਦੇ ਪੜ੍ਹਦੇ ਪਾਠਕ ਨੂੰ ਕਹਾਣੀ ਦੇ ਹਰ ਮੋੜ ਨਾਲ ਖਹਿ ਕੇ ਲੰਘਣਾ ਪੈਂਦਾ ਹੈ। ਕਹਾਣੀ ਵਿਚ ਅਨੇਕਾਂ ਮੋੜ ਹਨ ਪਰ ਦਾਰਾ ਕਹਾਣੀ ਦੀ ਇਕਸੁਰਤਾ ਨਹੀਂ ਖੁੱਸਣ ਦਿੰਦਾ।

ਕਹਾਣੀ ਦੀ ਮੁੱਖ ਦੇਣ ਦਾਰੇ ਵਰਗਾ ਅਣਗੌਲਿਆ ਪਾਤਰ ਸਿਰਜ ਕੇ ਉਸ ਦੀ ਸ਼ਖ਼ਸੀਅਤ ਦੀ ਹੋਂਦ ਬਾਰੇ ਤਾਂ ਦੱਸਣਾ ਹੀ ਹੈ ਅਤੇ ਨਾਲ ਹੀ ਸਮਾਜਿਕ ਤਾਣੇ-ਬਾਣੇ ਬਾਰੇ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਨਾ ਵੀ ਹੈ। ਦਾਰੇ ਦੀ ਆਪਣੀ ਹੋਂਦ ਇਹਨਾਂ ਗੱਲਾਂ ਕਰਕੇ ਹੀ ਹੈ। ਉਸ ਦੀਆਂ ਇਹਨਾਂ ਗੱਲਾਂ ਦੀ ਸਮਾਜਿਕ ਪ੍ਰਵਾਨਗੀ ਕਾਰਨ, ਦਾਰੇ ਦਾ ਵਿਹਾਰ ਪੁਰਸਕ੍ਰਿਤ ਹੋਇਆ ਰਹਿੰਦਾ ਹੈ, ਜਿਸ ਕਾਰਨ ਉਹ ਇਹਨਾਂ ਗੱਲਾਂ ਨੂੰ, ਗੱਲਾਂ ਦੇ ਮੋੜਾਂ ਨੂੰ, ਸੱਚਾਈਆਂ ਨੂੰ ਹੋਰ ਸਵਾਦਲਾ ਬਣਾਉਂਦਾ ਜਾਂਦਾ ਹੈ। ਭਾਵੇਂ ਇਸ ਤਰ੍ਹਾਂ ਦੀ ਯੋਗਤਾ ਦੇ ਜਮਾਂਦਰੂ ਹੋਣ ਬਾਰੇ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਦਾਰਾ ਇਸ ਨੂੰ ਆਪਣੀ ਹੋਂਦ, ਸਮਾਜਿਕ ਪਛਾਣ ਵਜੋਂ ਵਰਤਦਾ ਹੈ। ਕਹਾਣੀਕਾਰ ਨੇ ਇਸ ਪਾਤਰ ਰਾਹੀਂ ਹੋਂਦ ਸਥਾਪਤੀ ਦੇ ਇੱਕ ਹੋਰ ਢੰਗ ਹੇਠ ਗੂੜ੍ਹੀ ਲੀਕ ਖਿੱਚੀ ਹੈ। ਜੇ ਯੋਗਤਾ ਹੈ ਤਾਂ ਤੁਹਾਡੇ ਅੰਦਰਲਾ 'ਦਾਰਾ' ਤੁਹਾਨੂੰ ਹੋਂਦ ਦਾ ਸੰਕਟ ਪੈਦਾ ਨਹੀਂ ਹੋਣ ਦੇਵੇਗਾ। ਸਮਾਜ ਦੇ ਹਰ ਵਰਤਾਰੇ ਨਾਲ ਜੁੜੀਆਂ ਗੱਲਾਂ ਦੇ ਥਾਨ ਦਾਰੇ ਕੋਲ ਹਨ ਅਤੇ ਉਹ ਇਹ ਰੰਗ ਬਿਰੰਗੇ ਥਾਨ ਖੋਲ੍ਹ ਖੋਲ੍ਹ ਫੈਲਾਉਂਦਾ ਜਾਂਦਾ ਹੈ।

ਮਨੁੱਖ ਦੀ ਹੋਂਦ ਦੇ ਪ੍ਰਸ਼ਨ ਨਾਲ ਇਕ ਹੋਰ ਪੱਖ ਤੋਂ ਜੁੜੀ ਹੈ ਕਹਾਣੀ 'ਦੌੜ ਸ਼ੁਰੂ ਹੈ' ਜੋ ਜ਼ਿੰਦਗੀ ਦੀ ਚੂਹੇ ਦੌੜ 'ਚ ਸ਼ਾਮਿਲ ਆਮ ਆਦਮੀ ਦੀ ਅਸਹਿ ਅਤੇ ਅਕਹਿ ਹੋ ਰਹੀ ਹਾਲਤ ਦਾ ਰੂਹ ਝਿੰਜੋੜਵਾਂ ਚਿਤਰਣ ਕਰਦੀ ਹੈ।' ਆਰਥਿਕ ਮੰਦਹਾਲੀ ਨੇ ਆਮ ਚਾਲੇ ਚੱਲਦੀ



ਜ਼ਿੰਦਗੀ ਨੂੰ ਕੀ ਦਾ ਕੀ ਬਣਾ ਦਿੱਤਾ ਹੈ, ਜੋ ਇਨਸਾਨ ਕਰਜ਼ਿਆਂ ਹੇਠ ਦੱਬਿਆ ਹੋਇਆ ਖ਼ੁਦਕੁਸ਼ੀਆਂ ਦੇ ਰਾਹ ਤੁਰ ਪਿਆ ਹੈ। ਆਰਥਿਕ ਤੰਗੀ, ਨੌਜਵਾਨਾਂ ਵਿਚ ਫੈਲੀ ਬੇਰੁਜ਼ਗਾਰੀ, ਇਸ 'ਚੋਂ ਉਪਜੀ ਨਸ਼ਿਆਂ ਦੀ ਅਲਾਮਤ, ਪੈਸੇ ਖਾਤਰ ਦੇਸ਼ ਤੋਂ ਬਾਹਰ ਜਾਣ ਦੀ ਲਾਲਸਾ ਆਦਿ ਮੌਜੂਦਾ ਸਮਾਜਿਕ ਹਾਲਤਾਂ ਨੂੰ ਵੱਖ-ਵੱਖ ਪੱਖਾਂ ਤੋਂ ਪੇਸ਼ ਕੀਤਾ ਗਿਆ ਹੈ। ਖ਼ੂਬਸੂਰਤੀ ਇਹ ਹੈ ਕਿ ਗੱਲ ਆਮ ਆਦਮੀ ਦੇ ਹਾਂ ਪੱਖੀ ਵਰਤਾਰੇ ਵੱਲ ਸੇਧਿਤ ਹੈ, ਸਭ ਕੁਝ ਦੇ ਬਾਵਜੂਦ ਆਸ ਦੀ ਕਿਰਨ ਮੌਜੂਦ ਹੈ। ਜਿੰਮੀ ਆਪਣੀਆਂ ਹੱਕੀ ਮੰਗਾਂ ਲਈ ਜਾਗਰੂਕ ਹੈ ਅਤੇ ਨਿਸ਼ਾਨ ਸਿੰਘ ਦੇ ਮਨ ਮਸਤਕ ਵਿਚ ਫਿਰ ਤੋਂ ਛੋਟੇ-ਛੋਟੇ ਦੌੜਾਕ ਵੱਛਿਆਂ ਦੀ ਜੋੜੀ ਉਭਰਨ ਲੱਗੀ ਹੈ। ਥੁੜਾਂ ਮਾਰੇ ਅਤੇ ਸਾਧਨ ਵਿਹੂਣੇ ਇਹ ਪਾਤਰ ਜ਼ਿੰਦਗੀ ਵਿਚ ਸੰਘਰਸ਼ ਤੋਂ ਹਾਰਦੇ ਨਹੀਂ ਸਗੋਂ ਪੱਕੇ ਪੈਰੀਂ ਹੋ ਕੇ ਜ਼ਿੰਦਗੀ ਨੂੰ ਸੰਵਾਰਨ ਹਿਤ, ਰਹਿਣ ਯੋਗ ਅਤੇ ਜਿਊਣ ਯੋਗ ਬਣਾਉਣ ਲਈ ਫੇਰ ਸੰਘਰਸ਼ ਵਿਚ ਉੱਤਰਦੇ ਹਨ। ਸਥਾਪਤੀ ਦਾ ਲੋਕ ਵਿਰੋਧੀ ਅਤੇ ਅਮੀਰ ਪੱਖੀ ਚਿਹਰਾ ਵੀ ਕਹਾਣੀ ਵਿਚ ਬਾਖ਼ੂਬੀ ਰੂਪਮਾਨ ਹੋਇਆ ਹੈ।

ਕਹਾਣੀ ਵਿਚ ਕਿਸਾਨਾਂ ਦੇ ਆਤਮ ਹੱਤਿਆ ਕਰਨ ਦੇ ਕਾਰਨਾਂ ਨੂੰ ਇਕ ਹੋਰ ਨੁਕਤੇ ਤੋਂ ਵੀ ਦੇਖਿਆ ਗਿਆ ਹੈ। ਕਿਸਾਨ ਸਿਰਫ਼ ਛੋਟੀ ਕਿਸਾਨੀ ਦੇ ਖੁਰ ਜਾਣ ਖੁਣੋਂ ਹੀ ਕਰਜ਼ਾਈ ਨਹੀਂ ਹੋ ਰਹੇ ਸਗੋਂ ਆਪਣਾ ਸਮਾਜਿਕ ਰੁਤਬਾ ਸ਼ਰੀਕਾਂ ਨੂੰ ਦਿਖਾਉਣ ਹਿਤ ਸਮਾਜਿਕ ਰੀਤੀ ਰਸਮਾਂ, ਵਿਆਹਾਂ ਤੇ ਖਰਚ ਕਰਨ ਕਾਰਨ ਵੀ ਕਰਜ਼ਾਈ ਹੋਣ ਕਰਕੇ ਵੀ ਖੁਦ ਖੁਸ਼ੀਆਂ ਕਰ ਰਹੇ ਹਨ।

ਇਹਨਾਂ ਕਹਾਣੀਆਂ ਦੇ ਪਾਤਰ ਜ਼ਿੰਦਗੀ ਦੇ ਸੁਭਾਵਿਕ ਵਹਿਣ ਅਧੀਨ ਆਪਣੀਆਂ ਮੂਲ ਪ੍ਰਵਿਰਤੀਆਂ ਨੂੰ ਪੂਰਨ ਹਿਤ ਖੁੰਝੇ ਹੋਣ ਅਤੇ ਮੌਕਾ ਵਿਹੀਣ ਹੁੰਦੇ ਹੋਏ ਵੀ ਜ਼ਿੰਦਗੀ ਦਾ ਭਰਪੂਰ ਆਨੰਦ ਮਾਣਨਾ ਚਾਹੁੰਦੇ ਹਨ। ਜੇ ਉਨ੍ਹਾਂ ਦੀਆਂ ਕੁਦਰਤੀ ਇੱਛਾਵਾਂ ਦਮਿਤ ਹੋਈਆਂ ਤਾਂ ਇਹ ਅਖੌਤੀ ਮੁੱਲ ਪ੍ਰਧਾਨ ਸਮਾਜ ਦੇ ਬੰਧਨਾਂ ਕਾਰਨ ਹੀ ਹੋਈਆਂ ਸੋ ਉਹ ਆਪਣੇ ਸੀਮਿਤ ਦਾਇਰੇ ਅੰਦਰ ਆਪਣਾ ਇਕ ਵੱਖਰਾ ਸਮਾਜ ਸਿਰਜਦੇ ਹਨ। ਜਿੱਥੇ ਕਿਸੇ ਕਿਸਮ ਦੀ ਕੋਈ ਰੋਕ-ਟੋਕ ਨਹੀਂ, ਉਨ੍ਹਾਂ ਦਾ ਆਪਣਾ ਘੜਿਆ ਹੋਇਆ 'ਸਿਸਟਮ' ਹੈ ਜਿਸ ਰਾਹੀਂ ਉਹ ਆਂਤਰਿਕ ਸੰਤੁਸ਼ਟੀ ਲੱਭਦੇ ਹਨ। ਉਨ੍ਹਾਂ ਦੇ ਆਪਣੇ ਸੀਮਿਤ ਸਮਾਜ ਵਿਚ ਸਭ ਕੁੱਝ ਖੁੱਲ੍ਹਾ ਹੈ, ਹਰ ਤਰ੍ਹਾਂ ਦੇ ਵਿਚਾਰਾਂ ਦਾ ਅਤੇ ਉਹਨਾਂ ਦੇ ਪ੍ਰਗਟਾ ਲਈ ਮਾਹੌਲ ਹੈ, ਮਨ ਪ੍ਰਸੰਨ ਕਰਨ ਲਈ ਆਪਣੇ ਹੀਲੇ ਹਨ। ਪਰ ਉਹ ਆਪਣੇ ਸਵੈ ਅਭਿਮਾਨ ਉੱਤੇ ਚੋਟ ਬਰਦਾਸ਼ਤ ਨਹੀਂ ਕਰਦੇ। ਸਵੈ ਅਭਿਮਾਨ, ਭਾਵਨਾਵਾਂ ਦੇ ਪ੍ਰਗਟਾਅ 'ਚ ਇਮਾਨਦਾਰੀ ਅਤੇ ਦੋਸਤੀ ਦੇ ਸੁੱਚੇ ਜਜ਼ਬੇ ਜਿਹੇ ਬ੍ਰਹਿਮੰਡੀ ਗੁਣਾਂ ਦੀ ਮਾਲਕੀਅਤ ਦੇ ਉਹ ਸਦਕੇ ਜਾਂਦੇ ਹਨ ਤੇ ਸ਼ਖ਼ਸੀਅਤ ਦੇ ਇਹ ਸਰਵ ਵਿਆਪੀ ਗੁਣ ਉਨ੍ਹਾਂ ਦੀਆਂ ਦਮਿਤ ਭਾਵਨਾਵਾਂ, ਖ਼ਾਹਸ਼ਾਂ, ਪ੍ਰਵਿਰਤੀਆਂ ਦੀ ਪੂਰਤੀ ਕਰਨ ਹਿਤ ਉੱਠੇ ਕਦਮਾਂ ਦੇ ਰਾਹ ਵਿਚ ਵੀ ਉੱਪਰਲਾ ਦਰਜਾ ਰੱਖਦੇ ਹਨ। ਕਾਮ ਸੰਬੰਧਾਂ ਪ੍ਰਤੀ ਉਹ ਅੰਤਾਂ ਦੀ ਲਾਲਸਾ ਰੱਖਦੇ ਹਨ ਪਰ ਇਹਨਾਂ ਦੀ ਉਪਲਬਧਤਾ ਹੋਣ ਤੇ ਉਹ ਸ਼ਖ਼ਸੀਅਤ ਦੇ ਸਰਵ ਵਿਆਪੀ ਮੁੱਲਾਂ ਤੋਂ ਆਪਣੇ ਸੰਭਾਵੀ ਆਨੰਦ ਨੂੰ ਵਾਰ ਦਿੰਦੇ ਹਨ।

ਜਸਵੀਰ ਰਾਣਾ ਦੁਆਰਾ ਸਿਰਜੇ ਪਾਤਰਾਂ ਵਿਚ ਅਚੇਤਨ ਦੇ ਢੇਰਾਂ ਨੂੰ ਪ੍ਰਗਟ ਕਰਨ ਦੀ ਜੁਰਅਤ ਹੈ, ਅਚੇਤਨ 'ਚ ਦਮਿਤ ਭਾਵਨਾਵਾਂ ਦੀ ਪੂਰਤੀ ਕਰਨ ਹਿਤ ਬਦਲਣ ਯੋਗ ਹੱਲ ਲੱਭਣ ਦੀ ਮਨੁੱਖੀ ਮਨ ਦੀ ਮੂਲ ਪ੍ਰਵਿਰਤੀ ਦਾ ਬੇਰੋਕ ਪ੍ਰਗਟਾ ਹੈ, ਆਪਣੇ ਢੰਗ ਨਾਲ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਉਣ ਲਈ ਪਛਾਣ ਲੱਭ ਲੈਣ ਦੀ ਹਿੰਮਤ ਹੈ।

**ਬਾਕੀ ਦੇਖੋ ਪੰਨਾ ਨੰ : 19 'ਤੇ**

# ਸਮਕਾਲੀ ਪੰਜਾਬੀ ਕਹਾਣੀ ਵਿਚ ਪੰਜਾਬੀ ਬੰਦੇ ਦੇ ਬਹੁ-ਪਾਸਾਰੀ ਕਥਾ-ਬਿੰਬ

ਪ੍ਰੋ. ਜੇ. ਬੀ. ਸੇਖੋਂ

ਪੰਜਾਬੀ ਸਾਹਿਤ ਸਿਰਜਣਾ ਦੇ ਸਮਕਾਲੀ ਮੰਚ 'ਤੇ ਕਹਾਣੀ ਅਜਿਹੇ ਰੂਪਾਕਾਰ ਵਜੋਂ ਬਹੁ-ਚਰਚਿਤ ਹੋ ਰਹੀ ਹੈ ਜਿਹੜਾ ਆਪਣੇ ਥੀਮਗਤ ਸਰੋਕਾਰਾਂ, ਦ੍ਰਿਸ਼ਟੀਮੂਲਕ ਚੇਤਨਾ ਅਤੇ ਵਿਲੱਖਣ ਸੰਚਾਰ-ਪ੍ਰਬੰਧ ਕਾਰਨ ਪੰਜਾਬੀ ਬੰਦੇ ਦੇ ਚੇਤਨ/ਅਵਚੇਤਨ ਯਥਾਰਥ, ਵਿਅਕਤੀਕ੍ਰਿਤ ਸੰਵੇਦਨਾ, ਅੰਤਰਮੁੱਖਤਾ ਨੂੰ ਸੰਸਕ੍ਰਿਤਕ ਵਿਗਠਨ ਅਤੇ ਵਿਵਸਥਕ ਟੁੱਟ-ਭੱਜ ਦੇ ਕਥਾ-ਸੰਦਰਭਾਂ ਦੁਆਰਾ ਰੂਪਮਾਨ ਕਰ ਰਹੀ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਸੁਲਗਦੇ ਵਿਸ਼ਵਵਿਆਪੀਕਰਣ ਦੇ ਵਰਤਾਰੇ, ਸੂਚਨਾ ਤਕਨਾਲੋਜੀ ਦੇ ਤੇਜ਼-ਤਰਾਰ ਯੁੱਗ ਅਤੇ ਨਵ-ਪੂੰਜੀਵਾਦ ਦੇ ਕਰੂਡ ਪਰਪੰਚ ਨੇ ਮਨੁੱਖੀ ਸਮਾਜ ਦੀ ਇਤਿਹਾਸਕ ਗਤੀ ਨੂੰ ਗਹਿਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਗਲੋਬਲ ਪਿੰਡ ਦੇ ਅਖੌਤੀ ਵਿਕਾਸ ਮਾਡਲਾਂ ਨੇ ਜਿਸ ਕਿਸਮ ਦੇ ਵਿਸ਼ਵ ਸਤਰੀ ਆਰਥਿਕ ਮੰਦਵਾੜੇ, ਧਾਰਮਿਕ ਮੂਲਵਾਦ, ਸਭਿਆਚਾਰਕ ਗਿਰਾਵਟ ਤੇ ਵਿਚਾਰਧਾਰਕ ਭੰਬਲਭੂਸੇ ਦੀਆਂ ਸਥਿਤੀਆਂ ਉਪਜੀਆਂ ਹਨ ਉਹਨਾਂ ਵੰਗਾਰਾਂ ਨੂੰ ਪੰਜਾਬੀ ਕਹਾਣੀ ਨੇ ਆਪਣੀ ਬਿਰਤਾਂਤਕ ਸਮਰਥਾ ਤੇ ਸੰਚਾਰਯੋਗਤਾ ਨਾਲ ਬਾਖੂਬੀ ਨਜਿੱਠਿਆ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚ ਕਹਾਣੀ ਦੀ ਵਿਧਾ ਆਪਣੀ ਵਿਲੱਖਣ ਤੇ ਗਤੀਸ਼ੀਲ ਹੋਂਦ ਵਿਧੀ ਨਾਲ ਪੰਜਾਬੀ ਬੰਦੇ ਦੀ ਮਾਨਸਿਕ/ਬੌਧਿਕ ਤੇ ਭਾਵੁਕ ਚੇਤਨਾ ਨੂੰ ਸ਼ਕਤੀਸ਼ਾਲੀ ਉਚਾਰ-ਵਿਧੀਆਂ ਨਾਲ ਸਪਲੀਮੈਂਟ ਕਰ ਰਹੀ ਹੈ।

ਮੌਜੂਦਾ ਦੌਰ ਦੀ ਪੰਜਾਬੀ ਕਹਾਣੀ ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ ਇਲਾਵਾ ਭਾਰਤ ਦੇ ਦੂਜੇ ਪ੍ਰਾਂਤਾਂ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਵਸਦੇ ਲੇਖਕਾਂ ਦੇ ਰਚਨ-ਸਥਲਾਂ ਵਿਖੇ ਪੰਜਾਬੀ ਬੰਦੇ ਨੂੰ ਦਰਪੇਸ਼ ਚੁਣੌਤੀਆਂ ਦਾ ਬਹੁਪਰਤੀ ਬਿਰਤਾਂਤ ਸਿਰਜ ਰਹੀ ਹੈ। ਪੜ੍ਹਾਅ-ਦਰ-ਪੜ੍ਹਾਅ ਕਹਾਣੀ ਦੀ ਸਿਰਜਣ-ਪ੍ਰਕਿਰਿਆ ਤੇ ਰਚਨਾ-ਪਰੰਪਰਾ ਦਾ ਅਧਿਐਨ ਕਰਨਾ ਹੋਵੇ ਤਾਂ ਸਮਕਾਲ ਦੀ ਕਥਾ-ਚੇਤਨਾ ਦੀ ਡੋਰ ਤੀਜੇ ਤੇ ਚੌਥੇ ਪੜ੍ਹਾਅ ਦੇ ਕਹਾਣੀਕਾਰ ਦੇ ਹੱਥ ਮਜ਼ਬੂਤੀ ਨਾਲ ਫੜੀ ਦਿੱਸਦੀ ਹੈ। ਇਹਨਾਂ ਕਹਾਣੀਕਾਰਾਂ ਵਿਚ ਪਿਆਰਾ ਸਿੰਘ ਭੋਗਲ ਤੋਂ ਲੈ ਕੇ ਸੁਖਪਾਲ ਥਿੰਦ, ਤਸਕੀਨ ਤੇ ਅਵਤਾਰ ਸਿੰਘ ਦੇ ਨਾਮ ਲਏ ਜਾ ਸਕਦੇ ਹਨ। ਤੀਜੇ ਪੜਾਅ ਦੇ ਪ੍ਰੌਢ ਕਥਾਕਾਰ ਵਰਿਆਮ ਸੰਧੂ, ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ, ਅਤਰਜੀਤ, ਗੁਰਬਚਨ ਭੁੱਲਰ ਆਦਿ ਲਗਾਤਾਰ ਹਾਜ਼ਰੀ ਭਰ ਰਹੇ ਹਨ। ਉਕਤ ਕਥਾਕਾਰਾਂ ਦੇ ਵਿਚਕਾਰ ਚੌਥੇ ਪੜ੍ਹਾਅ ਦੇ ਅਨੇਕਾਂ ਨੌਜੁਆਨ ਕਹਾਣੀਕਾਰ ਉਤਰ-ਆਧੁਨਿਕ ਸੰਵੇਦਨਾ ਦੇ ਜਟਿਲ ਜੀਵਨ-ਯਥਾਰਥ ਨਾਲ ਜੂਝਦੇ ਨਿਵੇਕਲੇ ਕਥਾ-ਨਕਸ਼ ਸਿਰਜ ਰਹੇ ਹਨ। ਇਹਨਾਂ ਕਹਾਣੀਕਾਰਾਂ ਦੀਆਂ ਰਚਨਾਵਾਂ ਵਿਚ ਪੰਜਾਬੀ ਬੰਦੇ ਦਾ ਬਿੰਬ ਅਨੇਕਾਂ ਪਛਾਣਾਂ ਸਮੇਤ ਹਾਜ਼ਰ ਹੈ। ਇਹ ਕਥਾਕਾਰ ਵਿਚਾਰਧਾਰਕ ਚਿੰਤਨ ਪੱਖੋਂ ਬੇਸ਼ੱਕ ਦਲਿਤ-ਚੇਤਨਾ, ਉੱਤਰ-ਪ੍ਰਗਤੀਵਾਦ, ਔਰਤ-ਮਰਦ ਸੰਬੰਧਾਂ, ਹਾਸ਼ੀਅਤ ਪਛਾਣਾਂ, ਮੱਧਵਰਗੀ ਜੀਵਨ-ਜਟਿਲਤਾ ਆਦਿ ਨੂੰ ਤਤਕਾਲੀ ਸਮਾਜਿਕ ਸਭਿਆਚਾਰਕ ਸਥਿਤੀਆਂ ਦੀ ਗਤੀਸ਼ੀਲਤਾ ਦੇ ਅੰਗ-ਸੰਗ ਰੱਖ ਕੇ ਪੇਸ਼ ਕਰ ਰਹੇ ਹਨ ਪਰ ਵਿਚਾਰਾਧਾਰਾਈ ਵਿਭਿੰਨਤਾ ਤੇ ਬਿਰਤਾਂਤ ਜੁਗਤਾਂ ਦੀ ਨਵੀਨਤਾ, ਮੌਲਿਕਤਾ ਦੇ ਬਾਵਜੂਦ ਇਹਨਾਂ ਕਥਾਕਾਰਾਂ ਦੀ ਗਲਪੀ-ਚੇਤਨਾ ਦਾ ਸਾਂਝਾ ਮੁਹਾਂਦਰਾ ਵੀ ਦਿਸਦਾ ਹੈ। ਇਹ ਮੁਹਾਂਦਰਾ ਸਮਕਾਲ ਦੀਆਂ ਗੁੰਝਲਦਾਰ ਤੇ ਸੰਕਟਸ਼ੀਲ ਸਥਿਤੀਆਂ ਵਿਚ ਜੀਵਨ-ਯਥਾਰਥ ਨਾਲ ਭਿੜਦੀਆਂ ਪੰਜਾਬੀ ਬੰਦੇ ਦੀਆਂ ਬਹੁਭਾਂਤੀ ਪਛਾਣਾਂ



ਨਾਲ ਜੁੜਦਾ ਹੈ। ਪੰਜਾਬੀ ਮਨੁੱਖ ਦੀ ਵਿਗਠਤ ਮਾਨਸਿਕਤਾ, ਕੁੰਠਿਤ ਜੀਵਨ-ਵਿਹਾਰ, ਭੋਗੀ ਬਿਰਤੀ, ਖੰਡਿਤ ਆਪਾ ਤੇ ਦਵੰਦਮੁਖੀ ਦ੍ਰਿਸ਼ਟੀਕੋਣ ਸਮਕਾਲੀ ਕਹਾਣੀ ਦਾ ਕੇਂਦਰ ਮੱਲ ਰਿਹਾ ਹੈ। ਇਹੋ ਪੰਜਾਬੀ ਮਨੁੱਖ ਨਪੀੜੇ ਤੇ ਦੱਬੇ ਕੁਚਲੇ ਜਾਤੀਗਤ ਸਮੂਹਾਂ ਦਾ ਸਾਂਝਾ ਉਚਾਰ ਬਣ ਕੇ ਆਪਣੇ ਅਸਤਿਤਵ ਦੀ ਤਲਾਸ਼ ਨਾਲ ਜੂਝਦਾ ਹੈ। ਸ਼ਹਿਰੀ ਤੇ ਕਸਬਈ ਮੱਧ ਸ਼੍ਰੇਣੀ ਦਾ ਹਿੱਸਾ ਬਣ ਕੇ ਸਮਾਜਿਕ ਤੇ ਆਰਥਿਕ ਬਦਲਾਅ ਦੀ ਘੁੰਮਣਘੇਰੀ ਵਿਚ ਉਲਝਿਆ ਗੁੰਮਨਾਮੀ ਤੇ ਦਮਿਤ ਜੀਵਨ ਸ਼ੈਲੀ ਦਾ ਅਨੁਸਾਰੀ ਹੋ ਉੱਠਦਾ ਹੈ। ਕਿਰਸਾਨੀ ਦੇ ਨਵੀਨ ਸੰਕਟਾਂ ਨਾਲ ਭਿੜਦਾ ਇਹੋ ਪੰਜਾਬੀ ਮਨੁੱਖ ਨਵ-ਪੂੰਜੀਵਾਦ ਦੇ ਘਿਣਾਉਣੇ ਪ੍ਰਬੰਧ ਕਾਰਨ ਟੁੱਟਦੀਆਂ ਸੰਸਕ੍ਰਿਤਕ ਸਾਂਝਾਂ, ਸਮਾਜਕ ਸੰਰਚਨਾਵਾਂ, ਪਰੰਪਰਾਗਤ ਜੀਵਨ ਮੁੱਲਾਂ ਕਾਰਨ ਵਿਖੰਡਤ ਮਾਨਸਿਕਤਾ ਭੋਗਦਾ ਹੈ। ਇਸੇ ਪੰਜਾਬੀ ਬੰਦੇ ਦੀ ਪਰਵਾਸੀ ਸੰਵੇਦਨਾ ਪਾਰ-ਸਭਿਆਚਾਰਕ ਮਸਲਿਆਂ ਨੂੰ ਕਥਾ ਦਾ ਕੇਂਦਰ ਬਣਾਉਂਦੀ ਪੰਜਾਬੀਅਤ ਦੀ ਸ਼ਨਾਖਤ ਦੇ ਮਸਲੇ ਨਾਲ ਜੂਝਦੀ ਹੈ। ਇਹੋ (ਮਨੁੱਖ) ਨਾਰੀ ਦੀ ਸਵੈ-ਪਛਾਣ, ਸਵੈ-ਪ੍ਰਗਟਾਵੇ ਤੇ ਆਜ਼ਾਦ ਅਸਤਿਤਵ ਨਾਲ ਜੁੜੇ ਮਸਲਿਆਂ ਨੂੰ ਅਗਰਭੂਮਿਤ ਕਰਦਾ ਮਰਦਮੂਲਕ ਸੱਤਾ ਪ੍ਰਬੰਧ ਨੂੰ ਵੰਗਾਰਦਾ ਹੈ। ਇਸੇ ਪੰਜਾਬੀ ਬੰਦੇ ਦੇ ਜਿਹਨੀ ਤੇ ਜਿਨਸੀ ਸਰੋਕਾਰ ਸਮੁੱਚੀ ਕਹਾਣੀ ਦਾ ਕੇਂਦਰ ਹਨ ਜਿਹੜੇ ਸਮਕਾਲ ਦੀ ਨਿੱਜਮੁੱਖੀ, ਉਪਭੋਗੀ, ਹਿੰਸਾਮਈ, ਕਾਮੀ ਤੇ ਖੁਦਗਰਜ਼ ਚੇਤਨਾ ਨੂੰ ਯਥਾਰਥਕ ਧਰਾਤਲਾਂ ਤੋਂ ਪੇਸ਼ ਕਰਨ ਦੇ ਆਹਰ ਵਿਚ ਹਨ।

ਇਹਨਾਂ ਪ੍ਰਸੰਗਾਂ ਵਿਚ ਹੀ ਸਮਕਾਲ ਦੀ ਪੰਜਾਬੀ ਕਹਾਣੀ ਜਿੱਥੇ ਵਿਸ਼ੇ ਅਨੁਰੂਪ ਬਿਰਤਾਂਤ ਦੀਆਂ ਮੌਲਿਕ ਵਿਧੀਆਂ ਅਖਤਿਆਰ ਕਰਦੀ ਹੈ ਉੱਥੇ ਹੀ ਕਥਾ-ਨਾਇਕਤਵ ਦੇ ਪੂਰਵਲੇ ਪ੍ਰਤਿਮਾਨਾਂ ਦਾ ਵਿਖੰਡਨ ਕਰਦੀ ਹੋਈ ਆਧੁਨਿਕ ਯੁੱਗ ਦੇ ਮਹੱਤਵਅਕਾਂਖੀ ਪੰਜਾਬੀ ਲਘੂ ਮਨੁੱਖ ਨੂੰ ਆਪਣੇ ਬਿਰਤਾਂਤ ਦਾ ਕੇਂਦਰ ਬਣਾਉਂਦੀ ਹੈ। ਇਹ ਨਾਇਕ ਰੋਮਾਨੀ ਆਦਰਸ਼ਾਂ ਤੋਂ ਨਿਰਲੇਪ ਰਹਿ ਕੇ ਜਟਿਲ ਸਮਾਜਿਕ-ਸਭਿਆਚਾਰਕ ਪਰਿਸਥਿਤੀਆਂ ਵਿਚ ਆਪਣੀ ਸਮਰੱਥਾ ਅਨੁਕੂਲ ਸੰਘਰਸ਼ ਕਰਦਾ ਹੈ, ਛਪਟਾਉਂਦਾ ਹੈ ਅਤੇ ਆਪਣੀ ਲਘੂਤਮ ਪਛਾਣ ਦੇ ਗਲਪੀ ਪ੍ਰਮਾਣ ਸਿਰਜਦਾ ਹੈ। ਪ੍ਰੇਮ ਪ੍ਰਕਾਸ਼ ਦਾ ਸਮੁੱਚਾ ਕਥਾ-ਪ੍ਰਬੰਧ ਆਧੁਨਿਕ ਸਮਿਆਂ ਦੇ ਦੁਚਿਤੀਪੂਰਨ ਮਨੁੱਖ ਦੀ ਮਹੱਤਵਅਕਾਂਖਿਆ ਦੀ ਪਰਿਕਰਮਾ ਕਰਦਾ ਉਸਦੀ ਲਘੂਤਾ ਨੂੰ ਘੜੀ-ਮੁੜੀ ਪ੍ਰਕਾਸ਼ਤ ਕਰਦਾ ਹੈ। ਵਰਿਆਮ ਸੰਧੂ 'ਰਿਮਝਿਮ ਪਰਬਤ' ਅਤੇ 'ਜਮਰੌਦ' ਕਹਾਣੀ ਤੱਕ ਪੁੱਜਦਿਆਂ ਪੰਜਾਬ ਸੰਕਟ ਨੂੰ ਵਿਚਾਰਧਾਰਕ ਨਿਸ਼ਚੇਵਾਦ ਤੇ ਪਾਤਰ ਉਸਾਰੀ ਦੇ ਆਦਰਸ਼ਵਾਦ ਦੁਆਰਾ ਪੇਸ਼ ਕਰਦਾ ਪੰਜਾਬੀ ਮਨੁੱਖ ਦੀ ਜਹਾਲਤ ਨਾਲ ਜੁੜੇ ਚਰਿੱਤਰ ਅਧਾਰਿਤ ਬਿੰਬ ਸਿਰਜਦਾ ਹੈ। ਗੁਰਬਚਨ ਭੁੱਲਰ, ਰਘਬੀਰ ਢੰਡ ਤੇ ਗੁਰਪਾਲ ਲਿੱਟ ਨੇ ਪ੍ਰਤੀਕੂਲ ਵਸਤੂ-ਸਥਿਤੀਆਂ ਵਿਚ ਸਮਾਜਿਕ ਹੋਂਦ ਲਈ ਜੂਝਦੇ ਪੰਜਾਬੀ ਮਨੁੱਖ ਨੂੰ ਕਥਾ-ਨਾਇਕ ਬਣਾਇਆ ਹੈ। ਜਰਨੈਲ ਸਿੰਘ, ਜਸਬੀਰ ਭੁੱਲਰ, ਪ੍ਰਗਟ ਸਿੰਘ ਸਿੱਧੂ ਨੇ ਪੰਜਾਬੀ ਬੰਦੇ ਦੇ ਫੌਜੀ ਜੀਵਨ ਨੂੰ ਅਨੁਭਵੀ ਕਥਾ-ਸ਼ੈਲੀ ਨਾਲ ਪੇਸ਼ ਕਰਕੇ ਕਥਾ-ਨਾਇਕ ਦੇ ਆਦਰਸ਼ਕ ਤੇ ਅਲੌਕਿਕ ਪ੍ਰਤਿਮਾਨ ਸਿਰਜੇ। ਪੰਜਾਬੀ ਦੀਆਂ ਨਾਰੀ ਕਥਾਕਾਰਾਂ ਨੇ ਨਿਵੇਕਲੀ ਹੋਂਦ ਲਈ ਤਾਂਘਦੀ ਪੰਜਾਬੀ ਔਰਤ ਦੇ ਨਾਇਕਤਵੀ-ਸਰੂਪ ਨੂੰ ਇਕ ਧਰੁਵੀ ਕਥਾ-ਪੈਟਰਨਾਂ ਦੁਆਰਾ ਸਿਰਜਿਆ।

ਪਰ ਪਿਛਲੇ ਦਹਾਕੇ ਵਿਚ ਪੰਜਾਬੀ ਮਨੁੱਖ ਦਾ ਜਿਹੜਾ ਕਥਾ-ਬਿੰਬ ਸਮਕਾਲੀ ਕਹਾਣੀ ਵਿਚ ਦ੍ਰਿਸ਼ਟੀਗੋਚਰ ਹੋਇਆ ਹੈ ਉਹ ਵੱਖਰੇ ਅਧਿਐਨ-ਪਾਸਾਰਾਂ ਦੀ ਮੰਗ ਕਰਦਾ ਹੈ। ਚੌਥੇ ਪੜਾਅ ਦੇ ਨੌਜੁਆਨ ਕਥਾਕਾਰਾਂ ਨੇ ਇਸ ਬੰਦੇ ਦੇ ਗਲਪੀ-ਬਿੰਬ ਨੂੰ ਵਿਭਿੰਨ ਕੋਣਾਂ ਤੋਂ ਵਿਚਾਰਧਾਰਕ ਆਧਾਰ ਪ੍ਰਦਾਨ ਕੀਤੇ ਹਨ। ਇਥੋਂ ਤੱਕ ਕਿ ਸਮਕਾਲ ਦੀਆਂ ਅਸਲੋਂ ਨਿਵੇਕਲੀਆਂ

ਕਥਾ-ਜੁਗਤਾਂ ਦਾ ਸੰਬੰਧ ਵੀ ਪੰਜਾਬੀ ਮਨੁੱਖ ਦੀ ਇਸੇ ਗਲਪੀ-ਰੂਪਾਂਤਰਤਾ ਨਾਲ ਜੁੜਿਆ ਹੈ। ਸਾਹਿਤ-ਚਿੰਤਕਾਂ ਵੱਲੋਂ ਇਸਨੂੰ ਵਿਸ਼ਵੀਕਰਨ ਦੇ ਗਲਪੀ-ਪ੍ਰਵਚਨ ਵਜੋਂ ਮਾਨਤਾ ਦਿੱਤੀ ਜਾ ਰਹੀ ਹੈ। ਇਸ ਪ੍ਰਵਚਨ ਅੰਦਰ ਪੰਜਾਬੀ ਬੰਦੇ ਦੇ ਵਿਭਿੰਨ ਅਵਤਾਰ ਆਪਣਾ ਰੂਪ ਧਾਰ ਰਹੇ ਹਨ। ਵਿਸ਼ਵੀਕਰਨ ਦੇ ਪਿਛੋਕੜ ਵਿਚ ਕਾਰਜਸ਼ੀਲ ਨਵ-ਬਸਤੀਵਾਦੀ ਵਰਤਾਰੇ ਦੇ ਅਖੌਤੀ ਵਿਕਾਸ-ਮਾਡਲਾਂ ਤੋਂ ਉਪਜੀ ਚਕਾਚੌਂਧ ਉੱਨਤੀ ਤੇ ਵਿਕਾਸਵਾਦੀ ਮ੍ਰਿਗਤ੍ਰਿਸ਼ਨਾ ਦਾ ਬਹੁ ਪਰਤੀ ਚਿਹਰਣ ਮੌਜੂਦਾ ਪੰਜਾਬੀ ਕਹਾਣੀ ਦਾ ਮਰਕਜ਼ ਬਣਿਆ ਹੈ। ਸੰਸਾਰੀਕਰਣ ਦੇ ਫੈਲਾਅ ਨਾਲ ਇਥੋਂ ਦੀਆਂ ਨੈਤਿਕ, ਸਮਾਜਿਕ ਤੇ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਖੋਰਾ ਲੱਗਿਆ ਹੈ, ਖਪਤਵਾਦੀ ਰੁਚੀਆਂ ਵਧੀਆਂ ਹਨ। ਬਹੁ-ਕੌਮੀ ਕੰਪਨੀਆਂ ਦੀ ਆਮਦ, ਵਿਕਸਤ ਤਕਨਾਲੋਜੀ, ਮਲਟੀ-ਚੈਨਲਾਂ ਦੇ ਪ੍ਰਭਾਵ, ਬਾਜ਼ਾਰਵਾਦੀ ਰੁਝਾਨਾਂ ਕਾਰਨ ਸਮਾਜਿਕ, ਆਰਥਿਕ ਤੇ ਸਭਿਆਚਾਰਕ ਸੰਤੁਲਨ ਵਿਗੜਿਆ ਹੈ। ਮੱਧ ਸ਼੍ਰੇਣੀ ਦੀ ਦਿਸ਼ਾਹੀਣਤਾ, ਪੱਛਮੀ ਰੁਚੀਆਂ ਦੇ ਅਨੁਸਾਰਣ, ਵਰਜਿਤ ਰਿਸ਼ਤਿਆਂ ਦੇ ਵਿਗਾੜ, ਧਾਰਮਿਕ ਮੂਲਵਾਦ, ਕਿਰਤੀ-ਕਿਰਸਾਨਾਂ ਦੇ ਦੁਖਾਂਤ, ਨੈਤਿਕ ਮੁੱਲਾਂ ਦੀ ਗਿਰਾਵਟ ਆਦਿ ਦੇ ਸਮਕਾਲੀ ਸਮਾਜਿਕ ਦ੍ਰਿਸ਼ਾਂ ਦੇ ਪਰਿਵੇਸ਼ ਵਿਚ ਪੰਜਾਬੀ ਕਹਾਣੀ ਆਪਣੀ ਵਿਸ਼ੇਗਤ ਚੇਤਨਾ ਤੇ ਰੂਪਗਤ-ਮੁਹਾਂਦਰਾ ਅਖਤਿਆਰ ਕਰ ਰਹੀ ਹੈ। ਉਕਤ ਰੁਝਾਨ ਬੇਸ਼ੱਕ 1990 ਤੋਂ ਪਿੱਛੋਂ ਪੰਜਾਬੀ ਕਹਾਣੀ ਦਾ ਕੇਂਦਰ ਮੱਲਦੇ ਆ ਰਹੇ ਹਨ ਪਰ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਰਚੀ ਪੰਜਾਬੀ ਕਹਾਣੀ ਨੇ ਸਮਕਾਲ ਦੇ ਜਟਿਲ ਤੇ ਲੁਪਤ ਯਥਾਰਥ ਨੂੰ ਵਿਭਿੰਨ ਕਲਾਗਤ-ਜੁਗਤਾਂ ਨਾਲ ਰੂਪਮਾਨ ਕੀਤਾ ਹੈ। ਅਜਿਹੇ ਪ੍ਰਸੰਗਾਂ ਵਿਚ ਹੀ ਪੰਜਾਬੀ ਕਹਾਣੀ ਨੇ ਜਾਤੀਗਤ ਹੀਣਤਾ ਹੰਢਾਉਂਦੇ, ਕਾਮ ਲਈ ਹਾਬੜੇ, ਵਰਜਿਤ ਰਿਸ਼ਤੇ ਭੋਗਦੇ, ਸੱਤਾ ਦਾ ਬਹੁਪਰਤੀ ਦਮਨ ਝੱਲਦੇ, ਮਾਨਸਿਕ ਗੰਢਾਂ, ਨੈਤਿਕ ਅਭਾਵਾਂ, ਅਤ੍ਰਿਪਤੀਆਂ ਦੇ ਸ਼ਿਕਾਰ ਪੰਜਾਬੀ ਮਨੁੱਖ ਨੂੰ ਉਸਦੇ ਗੁਣਾਂ ਤੇ ਕਮੀਨਗੀਆਂ ਸਮੇਤ ਪੇਸ਼ ਕੀਤਾ ਹੈ। ਇਸ ਪੇਸ਼ਕਾਰੀ ਨੂੰ ਯਥਾਰਥਕ ਬਣਾਉਣ ਲਈ ਪੰਜਾਬੀ ਬੰਦੇ ਦੀ ਅੰਤਰਮੁੱਖਤਾ, ਸਵੈ-ਘੋਲ, ਦਬਾਓ, ਤਣਾਓ, ਕਸ਼ਮਕਸ਼, ਦਵੰਦ, ਅਰਧ-ਚੇਤਨ ਸਥਿਤੀ, ਸੁਪਨ-ਸੰਵਾਦ, ਮਨੋਲੋਗ ਆਦਿ ਨੂੰ ਕਥਾ ਦੇ ਕੈਨਵਸ 'ਤੇ ਫੈਲਾਇਆ ਜਾ ਰਿਹਾ ਹੈ ਜਿਸ ਕਰਕੇ ਮੌਜੂਦਾ ਪੰਜਾਬੀ ਕਹਾਣੀ ਦਾ ਬਿਰਤਾਂਤ-ਸਥਲ, ਪੰਜਾਬੀ ਮਨ ਬਣ ਰਿਹਾ ਹੈ।

ਪਿਛਲੇ ਦਹਾਕੇ ਦੀ ਕਹਾਣੀ ਨੂੰ ਪੂਰਵਲੀ ਆਲੋਚਨਾ-ਪਰੰਪਰਾ ਵਾਂਗ ਕਿਸੇ ਮਕੈਨੀਕਲ ਵਰਗ-ਵੰਡ ਵਿਚ ਨਾ ਰੱਖ ਕੇ ਇਸ ਕਹਾਣੀ ਵਿਚ ਵਿਭਿੰਨ ਪਛਾਣਾਂ ਸਮੇਤ ਹਾਜ਼ਰ ਪੰਜਾਬੀ ਬੰਦੇ ਦੇ ਸੰਕਟਾਂ ਤੇ ਸਰੋਕਾਰਾਂ ਨੂੰ ਦ੍ਰਿਸ਼ਟੀਗੋਚਰ ਕਰਨਾ ਬਣਦਾ ਹੈ। ਇਸ ਕਥਾ ਦਾ ਪੰਜਾਬੀ ਬੰਦਾ ਸਰਬ ਸਾਂਝੇ ਜੀਵਨ-ਯਥਾਰਥ ਵਿਚ ਜਟਿਲ ਸਥਿਤੀਆਂ ਨਾਲ ਗਹਿਗੱਚ ਹੈ। ਉਹ ਗੁੰਝਲਦਾਰ ਤੇ ਦਵੰਦਮਈ ਜੀਵਨ ਭੋਗਦਾ ਕਿਤੇ ਸ਼ੋਸ਼ਤ ਕਿਤੇ ਸ਼ੋਸ਼ਕ ਧਿਰ ਵਜੋਂ ਹਾਜ਼ਰ ਹੈ। ਇਹਨਾਂ ਬਹੁਭਾਂਤੀ ਪਛਾਣਾਂ ਦੇ ਵਿਭਿੰਨ ਮਸਲਿਆਂ/ਸੰਕਟਾਂ ਦੀ ਗਲਪੀ-ਰੂਪਾਂਤਰਤਾ ਵਿਚੋਂ ਹੀ ਆਪਣਾ ਸਰੂਪ ਕਾਇਮ-ਦਾਇਮ ਰੱਖਣਾ ਇਸ ਪੰਜਾਬੀ ਬੰਦੇ ਦੀ ਖਾਸੀਅਤ ਹੈ। ਇਸ ਸਰੂਪ ਦੀ ਬਹਾਲੀ ਲਈ ਕਥਾਕਾਰ ਪੰਜਾਬ ਦੇ ਸਮਾਜਕ-ਸਭਿਆਚਾਰ ਪ੍ਰਸੰਗਾਂ/ਸਥਿਤੀਆਂ ਦੀ ਟੁੱਟ-ਭੱਜ ਦੇ ਗਲਪੀ-ਹਵਾਲਿਆਂ ਨਾਲ ਖੰਡਿਤ ਮਾਨਸਿਕਤਾ, ਅਖੌਤੀ ਸੰਘਰਸ਼ਸ਼ੀਲਤਾ ਤੋਂ ਰਹਿਤ, ਰਿਸ਼ਤਿਆਂ ਦੇ ਵਿਗਠਨ, ਡਿਪੈਰਸ਼ਨ ਭੋਗਦੇ ਨਸ਼ੇੜੀ, ਕਾਮੀ ਤੇ ਭੋਗੀ ਬੰਦੇ ਦੇ ਗਲਪੀ-ਚਿੱਤਰ ਪੇਸ਼ ਕਰ ਰਹੇ ਹਨ। ਪੰਜਾਬੀ ਕਹਾਣੀ ਵਿਚਲੇ ਇਹ ਰੁਝਾਨ ਕਈ ਕਹਾਣੀਕਾਰਾਂ ਦੇ ਹੱਥਾਂ ਵਿਚ ਅਖੌਤੀ ਕਥਾਕਾਰੀ ਦੀਆਂ ਨਵੀਨ ਕਥਾ-ਜੁਗਤਾਂ ਤੇ 'ਫੈਸ਼ਨਮੁਖੀ' ਵਿਚਾਰ-ਚੇਤਨਾ ਦੁਆਰਾ ਅਗਰਭੂਮਿਤ ਹੋ ਰਹੇ ਹਨ ਜਿਸ ਨਾਲ ਕਹਾਣੀ ਦੇ ਧਰਮੀ-ਸਰੂਪ ਨੂੰ ਸੱਟ ਵੱਜਣ ਦੇ ਨਾਲ-ਨਾਲ ਸਾਹਿਤ ਦੀ ਨਿਰਪੱਖਤਾ,



ਸਮਾਜਿਕ ਭੂਮਿਕਾ ਤੇ ਪੰਜਾਬੀ ਖਮੀਰ ਵਾਲੇ ਪਾਤਰਾਂ ਨਾਲ ਸਿੱਧਾ ਧਰੋਹ ਹੋ ਰਿਹਾ ਹੈ। ਫਿਰ ਵੀ ਸਮਕਾਲੀ ਪੰਜਾਬੀ ਕਹਾਣੀ ਦੀਆਂ ਤੰਦਾਂ ਚਾਹੇ ਮੱਧਵਰਗੀ ਵਰਗ, ਦਲਿਤ ਜੀਵਨ, ਨਾਰੀ-ਚੇਤਨਾ, ਪਰਵਾਸੀ ਤੇ ਕਿਰਸਾਨੀ ਆਦਿ ਸਰੋਕਾਰਾਂ ਨਾਲ ਬੱਝੀਆਂ ਹੋਈਆਂ ਹਨ ਪਰ ਇਹਨਾਂ ਕਥਾਵਾਂ ਦੀ ਕੇਂਦਰੀ ਧੁਨੀ ਪੰਜਾਬੀ ਜਨਜੀਵਨ ਵਿਚ ਆ ਰਿਹਾ ਸਭਿਆਚਾਰਕ ਰੂਪਾਂਤਰਣ ਹੈ ਜਿਸਦਾ ਕੇਂਦਰ ਪੰਜਾਬੀ ਬੰਦਾ ਹੈ। ਇਹ ਬੰਦਾ ਪੰਜਾਬੀ ਕਹਾਣੀ ਦੇ ਆਰੰਭਲੇ ਸਰੋਕਾਰਾਂ ਵਾਂਗ ਸਮਾਜਕ-ਸੁਧਾਰਕ ਤੇ ਆਦਰਸ਼ਵਾਦ ਨਹੀਂ, ਪ੍ਰਗਤੀਵਾਦੀ ਕਥਾ-ਚੇਤਨਾ ਵਾਂਗ ਬੇਲੋੜਾ ਤੇ ਬੇਮਾਇਨਾ ਸੰਘਰਸ਼ਸ਼ੀਲ ਨਹੀਂ। ਇਹ ਮਨੁੱਖ ਆਪਣੇ ਸੁਚੇਤਨ, ਅਵਚੇਤਨ ਤੇ ਅਰਧ ਚੇਤਨ ਸਰੋਕਾਰਾਂ ਸਮੇਤ ਸਮਕਾਲ ਤੇ ਪੂਰਵਕਾਲ ਦੇ ਸੰਕਟਾਂ/ਮਸਲਿਆਂ ਨੂੰ ਸੰਬੋਧਤ ਹੈ ਜਿਸ ਨਾਲ ਇਹ ਕਹਾਣੀ ਪੰਜਾਬੀ ਬੰਦੇ ਦੀਆਂ ਉਲਝਣਾਂ, ਮਸਲਿਆਂ, ਸੰਕਟਾਂ ਤੇ ਦੁਬਿਧਾਵਾਂ ਨੂੰ ਯਥਾਰਥਕ ਧਰਾਤਲਾਂ ਤੋਂ ਸਮਝਣ-ਸਮਝਾਉਣ-ਦਿਖਾਉਣ ਦੇ ਆਹਰ ਵਿਚ ਹੈ।

ਇਸ ਪ੍ਰਸੰਗ ਵਿਚ ਕਥਾਕਾਰ ਅਜਮੇਰ ਸਿੱਧੂ ਗੌਰਜਾਂ, ਸਵੋਰਡ ਆਫ ਬੰਦਾ ਬਹਾਦਰ, ਇਕਬਾਲ ਹੁਸੈਨ ਮੋਇਆ ਨਹੀਂ, ਨਚੀਕੇਤਾ ਦੀ ਮੌਤ ਤੋਂ ਜਹਾਜ਼ ਵਾਲੀ ਟੈਂਕੀ, ਇਵਾਨ ਇਲੀਚ ਦੀ ਦੂਜੀ ਮੌਤ ਅਤੇ ਕਬਰ ਵਿੱਚ ਦਫਨ ਹਜ਼ਾਰ ਵਰ੍ਹੇ ਵਰਗੀਆਂ ਗਲਪੀ-ਰਚਨਾਵਾਂ ਦੁਆਰਾ ਪੰਜਾਬੀ ਬੰਦੇ ਦੇ ਸਮਕਾਲੀ ਸਮਾਜਕ-ਸਭਿਆਚਾਰਕ ਸਥਿਤੀਆਂ ਵਿਚ ਚੇਤਨ/ਅਵਚੇਤਨ ਸਰੋਕਾਰਾਂ ਨੂੰ ਬਹੁ-ਪਾਸਾਰੀ ਵਿਚਾਰਧਾਰਾਈ ਧਰਾਤਲਾਂ ਤੋਂ ਪੇਸ਼ ਕਰਦਾ ਹੈ। ਉਸਦੀ ਕਥਾ ਦੇ ਮੈਟਾਫਰ ਪੰਜਾਬੀ ਬੰਦੇ ਦੀ ਤਾਰਪੀਢੋ ਹੋਈ ਮਾਨਸਿਕਤਾ ਨੂੰ ਵਿਭਿੰਨ ਧਰਾਤਲਾਂ ਤੋਂ ਫੜਦੇ ਹਨ। ਇਤਿਹਾਸਕ ਦਬਾਵਾਂ, ਸਮਾਜਕ-ਸਭਿਆਚਾਰਕ ਤਣਾਵਾਂ ਤੇ ਦੁਬਿਧਾਵਾਂ ਭੋਗਤਾ ਪੰਜਾਬੀ ਮਨੁੱਖ ਉਸਦੀ ਕਥਾ-ਚੇਤਨਾ ਦਾ ਕੇਂਦਰ ਹੈ।

ਇਸੇ ਪ੍ਰਸੰਗ ਵਿਚ ਜਿੰਦਰ ਦੀਆਂ ਕਹਾਣੀਆਂ ਵਿਚਲਾ ਪੰਜਾਬੀ ਬੰਦਾ ਜਟਿਲ ਮਨੋ-ਭਾਵਾਂ ਦੀ ਭੂਮੀ 'ਤੇ ਘਿਸਰਦਾ ਡੂੰਘੇ ਸਮਾਜਕ ਸਰੋਕਾਰਾਂ ਨੂੰ ਬੜੀ ਸਹਿਜਤਾ ਨਾਲ ਪੇਸ਼ ਕਰਦਾ ਹੈ। ਇਹ ਬੰਦਾ ਪ੍ਰਗਤੀਵਾਦੀਆਂ ਦੇ ਫੈਸ਼ਨਨੁਮਾ ਸੰਘਰਸ਼ ਤੋਂ ਦੂਰ ਹੈ, ਕੁਝ ਦਲਿਤ ਲੇਖਕਾਂ ਦੀਆਂ ਕਹਾਣੀਆਂ ਵਾਂਗ ਤਰਸੇਵੇਂ ਤੇ ਹਮਦਰਦੀ ਲਈ ਵੀ ਨਹੀਂ ਜਿਬਕਦਾ ਸਗੋਂ ਪੂਰਨ ਸਹਿਜਤਾ ਤੇ ਸੰਤੁਲਨ ਵਿਚ ਰਹਿੰਦਾ ਹੋਇਆ ਵੀ ਆਪਣੇ ਮਾਨਸਿਕ-ਵਾਵਰੋਲਿਆਂ ਨੂੰ ਪਾਠਕਾਂ ਨਾਲ ਸਾਂਝੇ ਕਰ ਲੈਂਦਾ ਹੈ। ਗਲੋਬ, ਆਤਮ ਪੁਰਾਣ, ਪ੍ਰੇਮ ਵਿਆਹ ਕਹਾਣੀਆਂ ਵਿਚ ਆਧੁਨਿਕ ਔਰਤ ਦੀ ਵਿਖਰੀ ਮਾਨਸਿਕਤਾ ਨੂੰ ਪੇਸ਼ ਕਰਨ ਦੇ ਨਾਲ ਨਾਲ ਉਹ ਸੌਰੀ, ਦੋ ਮਿੰਟ ਹੋਰ ਰੁਕ ਜਾ, ਹਮਜ਼ਾਦ, ਜ਼ਖ਼ਮ, ਕੈਲਕੂਲੇਸ਼ਨ ਤੇ ਕਤਲ ਵਰਗੀਆਂ ਕਥਾਵਾਂ ਲਿਖ ਕੇ ਸਮਕਾਲੀ ਜੀਵਨ-ਯਥਾਰਥ ਅੰਦਰ ਪੰਜਾਬੀ ਬੰਦੇ ਅੰਦਰ ਬੈਠੇ ਅਨੇਕਾਂ ਬੰਦਿਆਂ ਦੀ ਗਲਪੀ-ਨਿਸ਼ਾਨਦੇਹੀ ਕਰਦਾ ਹੈ। 'ਕਤਲ' ਕਹਾਣੀ ਦਾ ਬਹੁਪਰਤੀ ਅਰਥ-ਸੰਸਾਰ ਉਹਦਾ ਹਾਸਿਲ ਹੈ।

ਮੌਜੂਦਾ ਕਹਾਣੀ ਵਿਚ ਪੰਜਾਬ ਦੀ 'ਜ਼ਮੀਨ' ਨਾਲ ਜੁੜੇ ਬੰਦੇ ਦੀ ਸਿਸਟਮ ਦੇ ਸਾਹਮਣੇ ਦਮਿਤ ਹੋਂਦ ਨੂੰ ਅਨੇਕਾਂ ਕਹਾਣੀਕਾਰਾਂ ਨੇ ਜ਼ੁਬਾਨ ਦਿੱਤੀ ਹੈ। ਭਗਵੰਤ ਰਸੂਲਪੁਰੀ ਦੀ ਕਹਾਣੀ 'ਕੀੜਾ' ਵਿਚਲਾ ਹਾਸ਼ੀਆਗ੍ਰਸਤ ਬੰਦਾ ਸਦੀਵੀਂ ਦਮਨਕਾਰੀ ਦੇ ਨਵੇਂ ਕਾਂਡ ਖੋਲ੍ਹਦਾ ਹੈ, ਜਤਿੰਦਰ ਹਾਂਸ ਦੀ ਕਹਾਣੀ 'ਰਾਹੂ-ਕੇਤ' ਦਾ ਚੰਦ ਸਿੰਹੁ ਵੀ ਸੱਤਾ ਦੇ ਬਹੁਪਰਤੀ ਦਮਨ ਦਾ ਸ਼ਿਕਾਰ ਪੰਜਾਬੀ-ਬੰਦੇ ਨੂੰ ਚਿਹਨਤ ਕਰਦਾ ਹੈ, ਬਲਦੇਵ ਸਿੰਘ ਧਾਲੀਵਾਲ ਦੀ ਕਹਾਣੀ 'ਕਾਰਗਿਲ' ਵਿਚਲਾ ਰਣਬੀਰ ਪਾਤਰ ਪੰਜਾਬ ਦੀ ਨਿਮਨ ਕਿਰਸਾਨੀ ਦੇ ਸਟੇਟ ਨਾਲ ਟਕਰਾਅ ਨੂੰ ਕਾਰਗਿਲ ਦੇ ਮੈਟਾਫਰ ਨਾਲ ਪੇਸ਼ ਕਰਦਾ ਹੈ। ਬਲਜਿੰਦਰ ਨਸਰਾਲੀ ਦੀ ਜੇ ਆਪਣੀ ਕਥਾ ਬਿਰਤਾ ਕਹੂੰ, ਹਰਜਿੰਦਰ ਸੂਰੇਵਾਲੀਆ ਦੀ ਤੂੰ ਕਲ੍ਹ ਨਾ ਆਵੀਂ, ਜਸਪਾਲ ਮਾਨਖੇੜਾ ਦੀ ਟੁੱਟਦੇ ਤਾਰੇ,

ਅਵਤਾਰ ਸਿੰਘ ਬਿਲਿੰਗ ਦੀ ਸੁਫਨਾ ਤੇ ਸੱਚ, ਜਸਵਿੰਦਰ ਸਿੰਘ ਦੀ ਖੂਹ ਖਾਤੇ, ਘਰ ਦਾ ਜੀਅ, ਬੇਰ ਵਰਗਾ ਫੁੱਲ, ਰਸੂਲਪੁਰੀ ਦੀ ਪਿੰਜਰ, ਪਰਵਾਨਾ ਦੀ ਚੱਕਰਵਿਊ ਆਦਿ ਕਹਾਣੀਆਂ ਕਿਸਾਨੀ ਜੀਵਨ ਦੇ ਸਮਕਾਲੀ ਮਸਲਿਆਂ ਨੂੰ ਉਭਾਰਦੀਆਂ ਉਹਨਾਂ ਕਾਰਨਾਂ ਤੇ ਪ੍ਰੇਰਕਾਂ ਦੀ ਨਿਸ਼ਾਨਦੇਹੀ ਵੀ ਕਰਦੀਆਂ ਹਨ ਜਿਹਨਾਂ ਕਰਕੇ ਪੰਜਾਬੀ ਮਨੁੱਖ ਦਾ ਕਿਰਸਾਨੀ ਜੀਵਨ ਸੰਕਟਮਈ ਤੇ ਵਕਰਾਲ ਪ੍ਰਸਥਿਤੀਆਂ ਦੇ ਵੱਸ ਪਿਆ ਹੈ।

ਜਸਵੀਰ ਰਾਣਾ ਤੇ ਜਤਿੰਦਰ ਹਾਂਸ ਆਦਿ ਕਥਾਕਾਰ ਨਿਮਨ ਕਿਰਸਾਨੀ ਦੇ ਸੰਕਟਸ਼ੀਲ ਹਾਲਾਤਾਂ ਨੂੰ ਭਾਰੂ ਪਾਤਰ ਕੇਂਦਰਤ ਬਿਰਤਾਂਤ-ਜੁਗਤਾਂ ਦੁਆਰਾ ਰੂਪਮਾਨ ਕਰਦੇ ਹਨ। ਰਾਣਾ ਦੀ ਕਹਾਣੀ ਦੌੜ ਸ਼ੁਰੂ ਹੈ, ਚੂੜੇ ਵਾਲੀ ਬਾਂਹ, ਜਰਾ ਬੱਚ ਕੇ ਮੋੜ ਤੋਂ ਦੇ ਕਥਾ-ਪਾਸਾਰ ਖਪਤ ਕਲਚਰ ਵਿਚ ਅਖੌਤੀ ਹੈਂਕੜ ਸਹਾਰੇ ਦਿਨ ਕਟੀ ਕਰਦੇ ਜ਼ਿਮੀਂਦਾਰ ਪਾਤਰਾਂ ਦੇ ਚੇਤਨ/ਅਵਚੇਤਨ ਸਰੋਕਾਰਾਂ ਨੂੰ ਪੇਸ਼ ਕਰਦੇ ਹਨ। ਚੂੜੇ ਵਾਲੀ ਬਾਂਹ ਦੇ ਸਮੁੱਚੇ ਪਾਤਰ, ਦੌੜ ਸ਼ੁਰੂ ਹੈ ਤੇ ਜਰਾ ਬੱਚ ਕੇ ਮੋੜ ਤੋਂ ਦੇ ਬਿਰਤਾਂਤਕਾਰ ਪਾਤਰ ਪੰਜਾਬੀ ਕਿਸਾਨਾਂ ਦੇ ਸਮਕਾਲੀ ਜੀਵਨ-ਯਥਾਰਥ ਨਾਲ ਭਿੜਦੇ ਕਥਾ-ਬਿੰਬ ਵਿਉਂਤਦੇ ਹਨ। ਕਿਤੇ ਇਹ ਪੰਜਾਬੀ ਬੰਦਾ ਵਿਆਹ ਪ੍ਰਬੰਧ ਤੋਂ ਖਾਰਜ ਹੋ ਕੇ ਨਸ਼ੇੜੀ, ਕਾਮੀ ਵਾਤਾਵਰਣ ਸਿਰਜਦਾ ਦਮਿਤ ਜੀਵਨ ਸ਼ੈਲੀ ਭੋਗਦਾ ਹੈ (ਚੂੜੇ ਵਾਲੀ ਬਾਂਹ) ਕਿਤੇ ਇਹੀ ਬੰਦਾ ਕਿਰਸਾਨੀ ਛੱਡ ਕੇ ਮੈਰਿਜ ਪੈਲਸਾਂ ਵਿਚ ਬੈਰ੍ਹਾ ਬਣੀ ਖੜਾ ਹੈ। (ਜਰਾ ਬੱਚ ਕੇ ਮੋੜ ਤੋਂ) ਅਤੇ ਕਿਤੇ ਇਸੇ ਪੰਜਾਬੀ ਬੰਦੇ ਦੀ ਦੌੜ ਬਲਦਾਂ ਦੇ ਮੈਟਾਫਰ ਦੁਆਰਾ ਜ਼ਿੰਦਗੀ ਦੀ ਰੇਸ ਨੂੰ ਬਿਆਨ ਕਰਦੀ ਹੈ (ਦੌੜ ਸ਼ੁਰੂ ਹੈ) ਜਤਿੰਦਰ ਹਾਂਸ ਦੇ ਹੱਥਾਂ ’ਚੋਂ ਨਿਕਲਿਆ ਇਹੀ ਮਨੁੱਖ ਚੰਦ ਸਿਹੁੰ ਬਣ ਕੇ ਸਮੁੱਚੇ ਸਿਸਟਮ ਅੱਗੇ ਘੀਸੀ ਹੋਈ ਫਿਰਦਾ ਹੈ। (ਰਾਹੂ ਕੇਤੂ)

ਸਮਕਾਲੀ ਕਹਾਣੀ ਵਿਚ ਪੰਜਾਬ ਸੰਕਟ ਦੇ ਚੇਤਨੀ/ਅਵਚੇਤਨ ਸਰੋਕਾਰ ਜਿਨ੍ਹਾਂ ਕਹਾਣੀਆਂ ਦਾ ਮਰਕਜ਼ ਬਣੇ ਹਨ ਉਹਨਾਂ ਵਿਚ ਕਹਾਣੀਕਾਰਾਂ ਨੇ ਨਿਕਟ ਕਾਲੀ ਇਤਿਹਾਸ ਅੰਦਰ ਉੱਠੀਆਂ ਧਾਰਮਿਕ, ਇਨਕਲਾਬੀ ਤੇ ਸਮਾਜਿਕ ਲਹਿਰਾਂ ਵਿਚ ਘਿਸਰੇ ਪੰਜਾਬੀ ਬੰਦੇ ਦੇ ਦੁਖਾਂਤਕ ਪਹਿਲੂਆਂ ਨੂੰ ਪੇਸ਼ ਕੀਤਾ ਹੈ। ਮਨਿੰਦਰ ਕਾਂਗ ਨੇ ‘ਕੁੱਤੀ ਵਿਹੜੇ’ ਦੇ ਅੱਡਆਕਾਰੀ ਪ੍ਰਵਚਨ ਦੁਆਰਾ ਦਲਿਤ ਚੇਤਨਾ ਦੇ ਸਿੱਖ ਜੀਵਨ-ਦ੍ਰਿਸ਼ਟੀ ਨਾਲ ਵਿਰੋਧਾਭਾਸਕ ਅੰਤਰ-ਸੰਬੰਧਾਂ ਨੂੰ ਉਲੀਕ ਕੇ ਸਦੀਆਂ ਤੋਂ ਦਮਿਤ ਜੀਵਨ-ਸ਼ੈਲੀ ਭੋਗਦੇ ਪੰਜਾਬੀ ਮਨੁੱਖ ਦੀ ਹਾਸ਼ੀਅਤ ਸਥਿਤੀ ਬਿਆਨੀ ਹੈ। ਬਲਵਿੰਦਰ ਸਿੰਘ ਗਰੇਵਾਲ ਉਪਰੋਕਤ ਚਿੰਤਨ-ਚੇਤਨਾ ਨੂੰ ‘ਇਕ ਘਰ ਆਜ਼ਾਦ ਹਿੰਦੀਆਂ ਦਾ’ ਦੁਆਰਾ ਮੌਲਿਕ ਗਲਪੀ-ਚਿੰਨ੍ਹਕਾਰੀ ਦੁਆਰਾ ਦ੍ਰਿਸ਼ਟਮਾਨ ਕਰਦਾ ਹੈ। ਕਾਂਗ ‘ਭਾਰ’ ਤੇ ‘ਤੈਨੂੰ ਮੈਂ ਨਾ ਮੁਕਰਦੀ’ ਕਹਾਣੀਆਂ ਦੁਆਰਾ ਇਨਕਲਾਬੀ ਤਹਿਰੀਕਾਂ ਵਿਚ ਪੰਜਾਬੀ ਬੰਦੇ ਦੀ ਹੋਣੀ ਨੂੰ ਸਟੇਟ ਦੀਆਂ ਦਮਨਮੂਲਕ ਇਕਾਈਆਂ ਨਾਲ ਲਗਾਤਾਰ ਸਿੱਧ ਕਰਦਾ ਹੈ। ਇਤਿਹਾਸ ਨੂੰ ਰੂਪਮਾਨ ਕਰਨ ਦੇ ਯਤਨ ਵਿਚ ਸਰੂਪ ਸਿਆਲਵੀ ‘ਕਾਲ ਕਾਲਾਂਤਰ’, ‘ਸੂਤ ਪੁੱਤਰ ਕਰਨ’ ਵਰਗੀਆਂ ਕਹਾਣੀਆਂ ਲਿਖ ਕੇ ਦਲਿਤ ਪਾਤਰਾਂ ਦੀ ਤਵਾਰੀਖ ਵਿਚ ਹਾਸ਼ੀਅਤ ਸਥਿਤੀ ਨੂੰ ਫਰੋਲਦਾ ਹੈ ਪਰ ਆਧੁਨਿਕ-ਭਾਵ-ਬੋਧ ਦੀਆਂ ਕਥਾਵਾਂ ਵਿਚ ਉਹ ਦਲਿਤ ਚਿੰਤਨ ਨੂੰ ਪਾਰਟੀ ਪ੍ਰੋਗਰਾਮਕ ਨਜ਼ਰੀਏ ਤੋਂ ਪੇਸ਼ ਕਰਦਾ ਦੁਹਰਾਅ ਦੀ ਸਥਿਤੀ ਹੰਢਾਉਂਦਾ ਹੈ। ਮਨਮੋਹਨ ਬਾਵਾ ਇਤਿਹਾਸਕ-ਮਿਥਿਹਾਸ ਦੀ ਸੰਤੁਲਤ ਪੇਸ਼ਕਾਰੀ ਕਰਦਾ ਅਜਾਤ ਸੁੰਦਰੀ, ਚਿੱਟੇ ਘੋੜੇ ਦਾ ਸਵਾਰ, ਨਰਬਲੀ ਆਦਿ ਕਥਾ-ਸੰਗ੍ਰਹਿਾਂ ਵਿਚ ਸਭਿਆਚਾਰਕ ਵਿਰਾਸਤ ਨੂੰ ਸਮਾਜਕ ਤੇ ਰਾਜਨੀਤਕ ਨਜ਼ਰੀਏ ਤੋਂ ਨਵੀਨ ਅਰਥ ਦਿੰਦਾ ਇਹਨਾਂ ਦੀ ਸਮਕਾਲੀ ਪ੍ਰਸੰਗਤਾ ਉਭਾਰਦਾ ਹੈ।

ਸੰਤਾਲੀ ਦੀ ਵੰਡ ਦੇ ਨਸੂਰ ਭੋਗਦੇ ਪੰਜਾਬੀ ਮਨੁੱਖ ਦੇ ਬਿੰਬ ਸਾਂਵਲ ਧਾਮੀ ਦੀ ਕਹਾਣੀ ਮੱਲ੍ਹਮ, ਅਜਮੇਰ ਸਿੱਧੂ ਦੀ ਇਕਬਾਲ ਹੁਸੈਨ ਮੋਇਆ ਨਹੀਂ, ਜਿੰਦਰ ਦੀ ਜ਼ਖ਼ਮ,



ਤਲਵਿੰਦਰ ਦੀ ਧਰਤ ਸੁਹਾਣੀ ਆਦਿ ਵਿਚ ਭਰਵੇਂ ਰੂਪ ਦੁਆਰਾ ਉਜਾਗਰ ਹੁੰਦੇ ਹਨ। ਤਲਵਿੰਦਰ ਪੰਜਾਬ ਦੇ ਸਿੱਖ-ਮੁਸਲਿਮ ਪਾਤਰਾਂ ਦੀ ਮਨੋ-ਸੰਰਚਨਾ ਨੂੰ ਗਹਿਰਾਈ ਨਾਲ ਚਿਤਰਦਾ ਹੈ, ਜਿੰਦਰ ’47 ਦੇ ਦੁਖਾਂਤ ਨੂੰ ਪਿੰਡੇ ’ਤੇ ਹੰਢਾਏ ਬਜੁਰਗ ਪਾਤਰ ਦੀ ਖੰਡਿਤ-ਮਾਨਸਿਕਤਾ ਦੁਆਰਾ ਰੂਪਮਾਨ ਕਰਦਾ ਪੰਜਾਬੀ ਬੰਦੇ ਦੇ ਦਿਲਾਂ ਵਿਚ ਉਕਰੇ ‘ਜ਼ਖ਼ਮ’ ਨੂੰ ਗਲਪੀ ਸਮਰੱਥਾ ਨਾਲ ਪੇਸ਼ ਕਰਦਾ ਹੈ। ਅਜਮੇਰ ਸਿੱਧੂ ਦੀ ਕਹਾਣੀ ‘ਇਕਬਾਲ ਹੁਸੈਨ ਮੋਇਆ ਨਹੀਂ”, ਜਮੀਲਾਂ ਨਾਂ ਦੀ ਔਰਤ ਪਾਤਰ ਦੇ ਮਾਧਿਅਮ ਨਾਲ ਪੰਜਾਬੀ ਬੰਦੇ ਦੇ ਅਵਚੇਤਨ ਵਿਚ ਧਰਮ ਦੇ ਡੂੰਘੇ ਗਲਬੇ ਨੂੰ ਪੇਸ਼ ਕਰਦੀ ਰਚਨਾ ਹੈ ਜਿੱਥੇ ਜ਼ਿੰਦਗੀ ਕੱਟਣ ਲਈ ਅਲਪਕਾਲੀ ਸਮਝੌਤਾ ਹੋ ਸਕਦਾ ਹੈ ਪਰ ਇਸ ਸਮਝੌਤੇ ਦੀ ਤਹਿ ਵਿਚ ਮਨੁੱਖੀ ਅਵਚੇਤਨ ਸਦਾ ਗੂੰਜਦਾ ਰਹਿੰਦਾ ਹੈ।

ਮੌਜੂਦਾ ਕਹਾਣੀ ਵਿਚ ਪੰਜਾਬ ਦੇ ਪੜ੍ਹੇ ਲਿਖੇ, ਮੱਧਵਰਗੀ ਨੌਕਰੀ ਪੇਸ਼ਾ ਬੰਦੇ ਦੀ ਮਨੋ ਸੰਰਚਨਾ ਨੂੰ ਜਿੰਦਰ, ਤਲਵਿੰਦਰ, ਕੁਲਵੰਤ ਗਿੱਲ, ਬਲਬੀਰ ਪਰਵਾਨਾ, ਸੁਰਿੰਦਰ ਨੀਰ, ਜਸਵਿੰਦਰ ਸਿੰਘ ਆਦਿ ਕਹਾਣੀਕਾਰ ਪੇਸ਼ ਕਰ ਰਹੇ ਹਨ। ਬਲਬੀਰ ਪਰਵਾਨਾ ਅਚਾਨਕ ਸਾਹਮਣੇ ਮੇਰੇ ਹਿੱਸੇ ਦੀ ਜ਼ਿੰਦਗੀ, ਆਪਣੇ-ਆਪਣੇ ਜਖੀਰੇ, ਘਰ, ਤਰਸੇਵਾਂ, ਕਿਤੇ ਕੋਈ, ਪਿਤਾ ਆਦਿ ਕਹਾਣੀਆਂ ਵਿਚ ਮੱਧ ਵਰਗੀ ਜੀਵਨ ਸ਼ੈਲੀ ਭੋਗਦੇ ਪੰਜਾਬੀ ਬੰਦੇ ਦੇ ਖੰਡਿਤ ਆਪੇ, ਕਾਮੁਕਤਾ, ਔਰਤ-ਮਰਦ ਸੰਬੰਧਾਂ ਦੀ ਡਾਵਾਂਡੋਲਤਾ ਆਦਿ ਨੂੰ ਸਨਸਨੀਖੇਜ਼ ਕਥਾ-ਸੰਦਰਭਾਂ ਦੁਆਰਾ ਰੂਪਮਾਨ ਕਰਦਾ ਹੈ। ਮਨੁੱਖ ਦੇ ਦੇਹੀ ਮਸਲਿਆਂ ਨੂੰ ਰਿਸ਼ਤਿਆਂ ਦੀ ਵਿਭਿੰਨ ਵਿਆਕਰਣ ਵਿਚ ਪੇਸ਼ ਕਰਕੇ ਉਹ ਪੰਜਾਬੀ ਮਨੁੱਖ ਦੀ ਕਾਮੁਕ ਮਾਨਸਿਕਤਾ ਨੂੰ ਆਪਣੇ ਬਿਰਤਾਂਤ-ਪ੍ਰਵਚਨਾਂ ਦਾ ਆਧਾਰ ਹੀ ਮਿੱਥ ਲੈਂਦਾ ਹੈ। ਕੁਲਵੰਤ ਗਿੱਲ ਘੋਰੜੂ, ਵਹਿੰਗੀ, ਦਾਦੇ ਮਗਾਉਣਾ, ਨਿੰਮ ਵਾਲੀ ਗਲੀ ਵਰਗੀਆਂ ਚਰਚਿਤ ਕਹਾਣੀਆਂ ਰਚ ਕੇ ਸਮਕਾਲੀ ਮਨੁੱਖ ਦੇ ਜਾਤੀ/ਜਮਾਤੀ ਪੱਧਰ ਦੇ ਗੁੰਝਲਦਾਰ ਮਸਲਿਆਂ ਨੂੰ ਸੰਘਣੀ ਬਿਰਤਾਂਤਕ-ਬੁਣਤੀ ਨਾਲ ਪੇਸ਼ ਕਰਦਾ ਹੈ। ਗੋਲ ਗੋਲ ਘੁੰਮਦਿਆਂ ਸਿਗਰਟ ਜਿਹੀ ਜ਼ਿੰਦਗੀ ਉਸਦਾ ਅਹਿਮ ਹਾਸਲ ਹੈ। ਔਰਤ-ਮਰਦ ਰਿਸ਼ਤਿਆਂ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਦਿਆਂ ਜਿੰਦਰ ਦੀ ਕਹਾਣੀ ‘ਆਤਮ ਪੁਰਾਣ’ ਸਮਕਾਲੀ ਯੁੱਗ ਦੀਆਂ ਔਰਤਾਂ ਦੇ ਭਟਕਾਅ ਤੇ ਖੰਡਿਤ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਦੇਹੀ ਮਸਲਿਆਂ ਦੇ ਔਰਤ-ਮਰਦ ਰਿਸ਼ਤਿਆਂ ਨੂੰ ਸ਼ਰਨ ਮੱਕੜ, ਰਸ਼ਿਮ, ਸੁਖਵੰਤ ਕੌਰ ਮਾਨ, ਗੁਰਚਰਨ ਕੌਰ, ਪ੍ਰਵੇਜ਼ ਸੰਧੂ, ਵਿਸ਼ਵ ਜਯੋਤੀ ਧੀਰ, ਤ੍ਰਿਪਤਾ ਕੇ ਸਿੰਘ, ਵੀਨਾ ਵਰਮਾ, ਬਲਬੀਰ ਕੌਰ ਰੀਹਲ ਆਦਿ ਔਰਤ ਕਥਾਕਾਰਾਂ ਇਸ ਪਾਸੇ ਵੱਖਰਾ ਇਜਾਫਾ ਕਰਦੀਆਂ ਹਨ। ਇਹਨਾਂ ਦੀਆਂ ਰਚਨਾਵਾਂ ਵਿਚ ਪੰਜਾਬੀ ਔਰਤ ਦਾ ਆਤਮ ਤੇ ਪਰਵਾਸ ਵਿਚਲਾ ਸਮਕਾਲੀ ਕਥਾ-ਬਿੰਬ ਜਟਿਲ ਸਮੱਸਿਆਵਾਂ ਨੂੰ ਮੁਖਾਤਬ ਹੈ ਜਿੱਥੇ ਮਰਦਾਵੇਂ ਸੱਤਾ ਪ੍ਰਬੰਧ ਨੂੰ ਵਿਰੋਧੀ ਇਕਾਈ ਵਜੋਂ ਸਿਰਜ ਕੇ ਔਰਤ ਦੇ ਵੱਖਰੇ ਪ੍ਰਵਰਗ ਨੂੰ ਸਥਾਪਤ ਕੀਤਾ ਗਿਆ ਹੈ। ਔਰਤ ਦੀ ਪੰਜਾਬੀ ਸਮਾਜ ਵਿਚ ਹਾਸੀਅਤ ਸਥਿਤੀ ਨੂੰ ਸਿਰਜਣ ਵਿਚ ਤਿਲ ਕੁ ਕਾਲਖ (ਰਸ਼ਿਮ), ਜੀ ਬੀਬੀ ਜੀ (ਸੁਖਜੀਤ), ਬੇਰਵਾਜਾ ਸੂਟ (ਹਾਂਸ), ਔੜ (ਹਰਜੀਤ ਅਟਵਾਲ), ਯੁੱਧ ਖੇਤਰ (ਗਰੇਵਾਲ), ਮਾਇਆ ਜਾਲ, ਖਾਲੀ ਮਕਾਨ (ਤਲਵਿੰਦਰ), ਮਾਤ੍ਰੇ ਸ਼੍ਰੀ (ਜਿੰਦਰ), ਮਹਾਂਨਗਰ (ਐਸ. ਬਲਵੰਤ) ਆਦਿ ਕਹਾਣੀਆਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬ ਦੇ ਦਲਿਤ ਮਨੁੱਖ ਦੀ ਹਾਸ਼ੀਅਤ ਸਥਿਤੀ ਨੂੰ ਜਮਾਤੀ ਸ਼ੋਸ਼ਣ ਨਾਲੋਂ ਵੀ ਗਹਿਰਾ, ਵਿਆਪਕ ਤੇ ਅਟਲ ਸਿੱਧ ਕਰਨ ਵਿਚ ਅਤਰਜੀਤ, ਪ੍ਰੇਮ ਗੋਰਖੀ, ਨਸਰਾਲੀ, ਰਸੂਲਪੁਰੀ, ਸਰੂਪ ਸਿਆਲਵੀ, ਮੋਹਨ ਲਾਲ ਫਿਲੋਰੀਆ, ਗੁਰਮੀਤ ਕੜਿਆਲਵੀ, ਦੇਸ ਰਾਜ ਕਾਲੀ, ਕਿਰਪਾਲ ਕਜ਼ਾਕ, ਨਛੱਤਰ ਆਦਿ ਰਚਨਾਕਾਰਾਂ ਨੇ ਅਨੇਕਾਂ ਮਹੱਤਵਪੂਰਨ ਕਹਾਣੀਆਂ ਰਚੀਆਂ ਹਨ। ਇਹਨਾਂ ਰਚਨਾਵਾਂ ਵਿਚ ਪੰਜਾਬੀ ਬੰਦੇ ਦੀ ਜਾਤੀਗਤ ਚੇਤਨਾ ਨੂੰ ਕਥਾ ਦੇ ਸਮੁੱਚੇ ਕੈਨਵਸ

'ਤੇ ਫੈਲਾਇਆ ਗਿਆ ਹੈ ਤੇ ਦਲਿਤ ਜੀਵਨ-ਯਥਾਰਥ ਭੋਗਦੇ ਪਾਤਰਾਂ ਦੇ ਮਨੋ-ਵੇਰਵੇ, ਸੰਤਾਪ, ਅਪਮਾਨ, ਜ਼ਿੱਲਤ, ਅਨਿਆਵਾਂ ਨੂੰ ਉਜਾਗਰ ਕੀਤਾ ਗਿਆ ਹੈ।

ਮੌਜੂਦਾ ਕਹਾਣੀ ਵਿਚ ਖਪਤਵਾਦੀ ਰੁਚੀਆਂ ਦੇ ਅਮਲ ਕਾਰਨ ਸਭਿਆਚਾਰਕ ਜੀਵਨ ਮੁੱਲਾਂ, ਸਮਾਜਿਕ-ਪ੍ਰਬੰਧਾਂ, ਪਰੰਪਰਕ ਰਿਸ਼ਤਾ ਪ੍ਰਬੰਧ ਦੇ ਡਗਮਗਾ ਜਾਣ ਦੇ ਬਿਰਤਾਂਤ ਸ਼ਾਮਿਲ ਹੋਣ ਨਾਲ ਪੰਜਾਬੀ ਮਨੁੱਖ ਦੀਆਂ ਵਿਅਕਤੀਗਤ ਅਕਾਂਖਿਆਵਾਂ, ਤਣਾਵਾਂ, ਦੁਬਿਧਾਵਾਂ ਆਦਿ ਦਾ ਭਰਵਾਂ ਪਰਿਦ੍ਰਿਸ਼ ਵੇਖਣ ਨੂੰ ਮਿਲ ਰਿਹਾ ਹੈ। ਬਿੰਦਰ ਬਸਰਾ ਦੀ ਤਣਾਓ ਮੁਕਤ, ਸੁਖਜੀਤ ਦੀ ਬਰਫ, ਨਿਰਮਲ ਜਸਵਾਲ ਦੀ ਕਾਕਟੇਲ, ਵੀਨਾ ਵਰਮਾ ਦੀ ਮੁੱਲ ਦੀ ਤੀਵੀਂ, ਜਸਬੀਰ ਰਾਣਾ ਦੀ ਚਾਦਰ, ਸੁਰਪ ਸਿਆਲਵੀ ਦੀ ਸ਼ੀਲੋ, ਤਲਵਿੰਦਰ ਦੀ ਵਿਚਲੀ ਔਰਤ, ਕਾਲੀ ਦੀ ਕੱਥ ਕਾਲੀ, ਰਸੂਲਪੁਰੀ ਦੀ ਕਸੂਰਵਾਰ, ਪਰਵਾਨਾ ਦੀ ਤਰਸੇਵਾ, ਗਰੇਵਾਲ ਦੀ ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ, ਅਜਮੇਰ ਸਿੱਧੂ ਦੀ ਸ਼ਾਇਦ ਰੰਮੀ ਮੰਨ ਜਾਏ, ਜਿੰਦਰ ਦੀ ਕਤਲ, ਅਨੇਮਨ ਸਿੰਘ ਦੀ ਐਵੇਂ ਹੀ, ਨਿਰਾਲਾ ਦੀ ਆਈਸਬਰਗ, ਬਲਬੀਰ ਕੌਰ ਰੀਹਲ ਦੀ ਸਿਕਸ ਨਾਈਨ, ਧਾਲੀਵਾਲ ਦੀ ਅਰਧ ਕੁੰਭ, ਜਸਵਿੰਦਰ ਦੀ ਆਓ ਜੀ ਚੱਲੀਏ, ਹਰਜਿੰਦਰ ਸੂਰੇਵਾਲੀਆ ਦੀ ਬੱਸ ਹੁਣ ਹੋਰ ਨਾ ਪੁਛੀਂ, ਨਸਰਾਲੀ ਦੀ ਸੂਰਜਵੰਸ਼ੀ, ਅਮਨਪਾਲ ਸਾਰਾ ਦੀ ਲਾਟਰੀ, ਜਗਰੂਪ ਦਾਤੇਵਾਸ ਦੀ ਬੰਜਰ, ਹਾਂਸ ਦੀ ਨੰਗੇਜ਼ ਆਦਿ ਕਹਾਣੀ ਪੰਜਾਬੀ ਬੰਦੇ ਦੇ ਡੋਲਦੇ ਨੈਤਿਕ-ਅਨੈਤਿਕ, ਪ੍ਰਵਾਨਿਤ-ਵਰਜਿਤ, ਸਵੀਕ੍ਰਿਤ-ਅਸਵੀਕ੍ਰਿਤ ਸਰੋਕਾਰਾਂ ਦੀ ਥਾਹ ਪਾਉਂਦੀਆਂ ਹਨ। ਪੰਜਾਬੀ ਮਨੁੱਖ ਦੀ ਮਾਨਸਿਕ ਕਸ਼ਮਕਸ਼, ਤਣਾਓ, ਸੰਘਰਸ਼, ਦਵੰਦ ਤੇ ਦੁਬਿਧਾ ਨੂੰ ਇਸ ਕਿਸਮ ਦੇ ਲੁਪਤ ਯਥਾਰਥ ਦੇ ਨਵੇਂ ਵਿਚਾਰਧਾਰਾਈ-ਆਧਾਰ ਦਿੱਤੇ ਹਨ। ਇਸ ਪ੍ਰਸੰਗ ਵਿਚ ਔਰਤ-ਮਰਦ ਦੇ ਵੈਧ-ਅਵੈਧ ਸੰਬੰਧਾਂ ਦਾ ਬਿਰਤਾਂਤਕ ਤਰਕ ਉਸਾਰਨ ਲਈ ਅਨੇਕਾਂ ਲੇਖਕਾਂ ਨੇ ਰਿਸ਼ਤਿਆਂ ਦੀ ਵਰਜਿਤ ਸਥਿਤੀ ਨੂੰ ਮਹਿਜ਼ ਫੈਸ਼ਨਮੁਖੀ ਤੇ ਸਨਸਨੀਖੇਜ਼ ਬਿਰਤਾਂਤ ਦੁਆਰਾ ਪੇਸ਼ ਕਰਨ ਦੇ ਯਤਨ ਵੀ ਕੀਤੇ ਹਨ ਪਰ ਇਹਨਾਂ ਵਿਚੋਂ ਅਨੇਕਾਂ ਕਥਾਕਾਰ ਨਵ-ਯਥਾਰਥ ਦੇ ਪ੍ਰੇਰਕਾਂ, ਕਾਰਨਾਂ ਤੇ ਬਿਰਤਾਂਤਕ-ਵਿਵੇਕ ਨੂੰ ਸੰਤੁਲਨ ਵਿਚ ਰੱਖਦੇ ਹੋਏ ਮੁੱਲਾਂ ਤੇ ਮਨਾਹੀਆਂ ਤੋੜਦੇ ਪੰਜਾਬੀ ਬੰਦੇ ਦੇ ਬਹੁਅਰਥੀ ਤੇ ਬਹੁਪਾਸਾਰੀ ਕਥਾ ਬਿੰਬ ਉਭਾਰ ਰਹੇ ਹਨ। ਕਥਾਕਾਰ ਗੁਰਸੇਵਕ ਸਿੰਘ ਪ੍ਰੀਤ 'ਮੈਂ ਇਹੋ ਜਿਹਾ ਨਹੀਂ ਦੇਵ' ਵਰਗੀਆਂ ਵੱਡੇ ਕੈਨਵਸ ਵਾਲੀਆਂ ਕਹਾਣੀਆਂ ਨਾਲ ਮੱਧਵਰਗੀ ਮਨੁੱਖ ਦੀ ਵਿਖਰੀ ਮਾਨਸਿਕਤਾ ਤੇ ਗੜਬੜਾ ਗਏ ਰਿਸ਼ਤਾ ਪ੍ਰਬੰਧ ਨੂੰ ਰੌਚਿਕਤਾ ਨਾਲ ਪੇਸ਼ ਕਰਦਾ ਹੈ।

ਕਹਾਣੀ ਦੇ ਸਮਕਾਲੀ ਵਹਿਣ ਵਿਚ ਕਹਾਣੀਕਾਰ ਸੁਖਜੀਤ ਦੀ ਆਪਣੀ ਥਾਂ ਹੈ। ਉਸ ਦੀਆਂ ਕਹਾਣੀਆਂ ਦੀ ਯਾਤਰਾ ਬਰਫ਼, ਅੰਤਰਾ, ਆਦਮਖੋਰ ਤੋਂ ਲੈ ਕੇ ਹਜ਼ਾਰ ਕਹਾਣੀਆਂ ਦਾ ਬਾਪ, ਮੈਂ ਰੇਪ ਨੂੰ ਇੰਜੁਆਇ ਕਰਦੀ ਆਂ ਤੇ ਮੌਨ ਦੀ ਬਾਬਾ ਦਾਰਾ ਤੱਕ ਫੈਲੀ ਹੋਈ ਹੈ। ਇਹਨਾਂ ਕਹਾਣੀਆਂ ਦੇ ਨਾਇਕ ਤੇ ਨਾਇਕਾਵਾਂ ਜਟਿਲ ਗੁੰਝਲਾਂ ਵਿਚ ਉਲਝੇ ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਸੰਸਥਾਵਾਂ ਵਿਚ ਪੰਜਾਬੀ ਬੰਦੇ ਦੀ ਸੰਕਟਸ਼ੀਲ ਬੰਦਿਆਈ ਨੂੰ ਬਹੁਅਰਥਕ ਭਾਸ਼ਾਈ ਕੋਡਾਂ ਨਾਲ ਰੂਪਮਾਨ ਕਰਦੇ ਹਨ।

ਇਹਨਾਂ ਤੋਂ ਇਲਾਵਾ ਕਥਾਕਾਰ ਲਾਲ ਸਿੰਘ ਗੜ੍ਹੀ ਬਖ਼ਸ਼ਾ ਸਿੰਘ, ਜਬਾੜੇ, ਗਦਰ, ਐਚਕਨ ਵਰਗੀਆਂ ਕਹਾਣੀਆਂ ਲਿਖ ਕੇ ਪੰਜਾਬ ਦੇ ਵਿਸ਼ੇਸ਼ ਇਤਿਹਾਸਕ ਯੁੱਗ ਅੰਦਰ ਅਵਸਰਵਾਦ ਦੀ ਭੇਂਟ ਚੜ੍ਹ ਰਹੀਆਂ ਖੱਬੇ ਪੱਖੀ ਤੇ ਲੋਕ ਹਿਤ ਪ੍ਰਤੀਬੱਧਤਾਵਾਂ ਨੂੰ ਪੰਜਾਬੀ ਮਨੁੱਖ ਦੀ ਦੱਬੀ-ਘੁੱਟੀ ਤੇ ਨਪੀੜੀ ਮਾਨਸਿਕਤਾ ਦੁਆਰਾ ਪੇਸ਼ ਕਰਦਾ ਹੈ। ਲਾਲ ਸਿੰਘ ਦੀਆਂ ਕਥਾਵਾਂ ਦਾ ਕੇਂਦਰੀ ਫਿਕਰ ਵੀ ਇਨਕਲਾਬੀ ਬੰਦੇ ਦੀ ਸਿਧਾਂਤਕ ਤੇ ਵਿਹਾਰਕ ਵਿੱਥ ਨੂੰ ਮੁਖਤਾਬ ਹੈ



ਜਿਹੜੀ ਮੌਜੂਦਾ ਪ੍ਰਸੰਗਾਂ ਵਿਚ ਹੋਰ ਵਿਕਰਾਲ ਹੋ ਰਹੀ ਹੈ। ਪਰਵਾਨਾ 'ਦੀਨ ਕੇ ਹੇਤ' ਕਹਾਣੀ ਲਿਖ ਕੇ ਪੰਜਾਬੀ ਮਨੁੱਖ ਦੇ ਇਹਨਾਂ ਸੰਕਟਾਂ ਨੂੰ ਲਹਿਰਾਂ ਦੀ ਸਿਧਾਂਤਕਤਾ ਤੇ ਮੌਜੂਦਾ ਸਮਾਜੀ-ਸਭਿਆਚਾਰਕ ਪ੍ਰਸੰਗਾਂ ਦੇ ਅੰਗ ਸੰਗ ਰੱਖ ਕੇ ਪੇਸ਼ ਕਰਦਾ ਹੈ। ਨਸਰਾਲੀ ਦੀ ਕਹਾਣੀ ਕ੍ਰਾਂਤੀ ਕਿਉਂ ਨਹੀਂ ਆਉਂਦੀ, ਕੁਲਵੰਤ ਗਿੱਲ ਦੀ ਸਿਗਰਟ ਜਿਹੀ ਜ਼ਿੰਦਗੀ ਦਾ ਗਲਪੀ-ਬਿੰਬ ਵੀ ਪੰਜਾਬੀ ਮਨੁੱਖ ਦੇ ਉਕਤ ਦੁਬਿਧਾਪੂਰਨ ਤੇ ਸੰਕਟਮੁਖੀ ਹਾਲਾਤਾਂ ਨੂੰ ਵੱਖਰੇ ਜਾਣੀਏ ਤੋਂ ਪੇਸ਼ ਕਰਦਾ ਹੈ। ਪੰਜਾਬੀ ਕਹਾਣੀ ਵਿਚ ਪੰਜਾਬੀ ਡਾਇਸਪੋਰੇ ਦੀਆਂ ਅਤੀ ਗੁੰਝਲਦਾਰ ਸਥਿਤੀਆਂ ਨੂੰ ਵਿਭਿੰਨ ਕਥਾ-ਦ੍ਰਿਸਟੀਆਂ ਨਾਲ ਪੇਸ਼ ਕਰਦਿਆਂ ਪਰਵਾਸੀ ਲੇਖਕਾਂ ਨੇ ਅਜਿਹੇ ਪੰਜਾਬੀ ਬੰਦੇ ਦੇ ਗਲਪੀ-ਬਿੰਬ ਉਲੀਕੇ ਹਨ ਜਿਹੜਾ ਭੂ-ਹੇਰਵੇ, ਅਜਨਬੀਅਤਾ, ਮੂਲਵਾਸੀ ਮੋਹ ਵਰਗੇ ਅਨੁਭਵਾਂ ਤੋਂ ਅੱਗੇ ਨਿਕਲ ਕੇ ਪੱਛਮੀ ਨਵ-ਬਸਤੀਵਾਦੀ ਨੀਤੀਆਂ ਨਾਲ ਉਭਰੇ ਸੰਸਕ੍ਰਿਤਕ ਸੰਕਟਾਂ, ਪਾਰ-ਸਭਿਆਚਾਰਕ ਸਰੋਕਾਰਾਂ, ਬਹੁਮੁਖੀ ਪਛਾਣਾਂ ਦੇ ਸੰਕਟਾਂ ਨਾਲ ਜੂਝ ਰਿਹਾ ਹੈ। ਜਗਜੀਤ ਬਰਾੜ ਦੀ ਕਹਾਣੀ ਝੰਡੇ ਨੂੰ ਲੱਗੀ ਮੈਲ, ਜਰਨੈਲ ਸਿੰਘ ਦੀ ਟਾਵਰਜ਼, ਰਾਣੀ ਨਗੇਂਦਰ ਦੀ ਕਰਫਿਊ ਜਾਰੀ ਹੈ, ਕਰਮ ਸਿੰਘ ਦੀ ਫੈਂਸ, ਹਰਭਜਨ ਸਿੰਘ ਦੀ ਗਰਾਉਂਡ ਜ਼ੀਰੋ, ਹਰਪ੍ਰੀਤ ਸੇਖਾ ਦੀ ਸਭਿਆਚਾਰ ਦੇ ਰਖਵਾਲੇ, ਵੀਨਾ ਵਰਮਾ ਦੀ ਅੱਧੀ ਬੋਤਲ ਆਦਿ ਕਹਾਣੀਆਂ ਇਸ ਪੱਖੋਂ ਪੂਰਬੀ ਤੇ ਪੱਛਮੀ ਸਭਿਆਚਾਰ ਦੇ ਪੈਂਡੂਲਮ 'ਤੇ ਝੂਲਦੇ ਪਰਵਾਸੀ ਪੰਜਾਬੀਆਂ ਦੀ ਹੋਂਦ ਤੇ ਹੋਣੀ ਨੂੰ ਪੇਸ਼ ਕਰਦੀਆਂ ਹਨ। ਜਰਨੈਲ ਸਿੰਘ ਦੀਆਂ ਕਹਾਣੀਆਂ ਦੋ ਟਾਪੂ, ਪਛਾਣ, ਜੜ੍ਹਾਂ, ਟਾਵਰਜ਼, ਪੱਤਿਆਂ ਨਾਲ ਢੱਕੇ ਜਿਸਮ ਆਦਿ ਨਾਲ ਪਰਵਾਸੀ ਪੰਜਾਬੀ ਕਹਾਣੀ ਦਾ ਵਿਚਾਰਧਾਰਕ ਕੈਨਵਸ ਹੋਰ ਵਿਸਤ੍ਰਿਤ ਹੋਇਆ ਹੈ। ਸੰਤੋਖ ਧਾਲੀਵਾਲ ਦੀ 'ਤੇ ਕਾਨ੍ਹੂੰ ਮਰ ਗਿਆ' ਵੀ ਇਸ ਪ੍ਰਸੰਗ ਵਿਚ ਮੁੱਲਵਾਨ ਰਚਨਾ ਹੈ।

ਪਾਕਿਸਤਾਨੀ ਪੰਜਾਬੀ ਵਿਚ ਰਚੀ ਜਾ ਰਹੀ ਪੰਜਾਬੀ ਕਹਾਣੀ ਪਾਤਰਾਂ ਦੇ ਅੰਦਰਲੇ ਸੰਸਾਰ ਨੂੰ ਪ੍ਰਤੀਕਮੁੱਖੀ ਅਰਥ ਦਿੰਦੀ ਪੰਜਾਬੀ ਬੰਦੇ ਦੀਆਂ ਬਹੁ-ਪੱਖੀ ਸ਼ਨਾਖਤਾਂ ਨਾਲ ਵਾਬਸਤਾ ਹੈ। ਪਿਛਲੇ ਸਮੇਂ ਵਿਚ ਚੜ੍ਹਦੇ ਪੰਜਾਬ ਵਿਚ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਲਿਪੀਅੰਤਰ ਹੋਏ ਕਥਾ ਸੰਗ੍ਰਿਹਾਂ ਧੋਤੇ ਪੰਨਿਆਂ ਦੀ ਇਬਾਰਤ, ਬਨੇਰੇ ਤੇ ਗਲੀਆਂ, ਵਟਾਂਦਰਾ, ਅੰਨਾ ਖੂਹ, ਸਾਂਝੀ ਪੀੜ, ਥੱਕਿਆਂ ਪੈਰਾਂ ਦਾ ਪੰਧ, ਕੱਚੇ ਕੋਠਿਆਂ ਦਾ ਗੀਤ ਆਦਿ ਵਿਚ ਪਾਕਿਸਤਾਨੀ ਪੰਜਾਬੀ ਬੰਦੇ ਦੀ ਸ਼ਨਾਖਤ ਦੇ ਮਸਲੇ ਨੂੰ ਤਤਕਾਲੀ ਸਮਾਜਕ-ਸਭਿਆਚਾਰਕ ਦਬਾਵਾਂ, ਇਤਿਹਾਸਕ ਤਣਾਵਾਂ ਦੇ ਹਵਾਲਿਆਂ ਨਾਲ ਉਭਾਰਿਆ ਗਿਆ ਹੈ।

ਇੰਝ ਇਹ ਧਾਰਨਾ ਉਭਰਦੀ ਹੈ ਕਿ ਪੰਜਾਬੀ ਕਹਾਣੀ ਵਿਸ਼ਵੀਕਰਨ ਦੇ ਪ੍ਰਭਾਵਾਂ ਤੇ ਨਵ-ਬਸਤੀਵਾਦ ਦੇ ਵਿਰੋਧੀ-ਪ੍ਰਵਚਨਾਂ ਦੇ ਮਾਧਿਅਮ ਨਾਲ ਪੰਜਾਬੀ ਬੰਦੇ ਨੂੰ ਦਰਪੇਸ਼ ਬਹੁਪੱਖੀ ਚੁਣੌਤੀਆਂ ਦਾ ਕਥਾ-ਸੰਸਾਰ ਸਿਰਜ ਰਹੀ ਹੈ ਤੇ ਕਹਾਣੀਕਾਰ ਪੰਜਾਬ ਦੀ ਰਹਿਤਲ-ਬਹਿਤਲ ਤੇ ਅਵਚੇਤਨ ਨੂੰ ਡੂੰਘਾਈ ਨਾਲ ਫਰੋਲ ਕੇ ਨਵੀਨ ਕਥਾ-ਬਿੰਬਾਂ ਦੀ ਘਾੜਤ ਘੜ ਰਹੇ ਹਨ।

## ਕੜਦਾ ਦੁੱਧ

(ਗਲਪ ਰਚਨਾ)

ਮੁਖਤਿਆਰ ਸਿੰਘ

ਪ੍ਰਕਾਸ਼ਨ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

**ਕਹਾਣੀਆਂ**

# ਸਕਿਊਰਟੀ ਗਾਰਡ/ਕੁਲਜੀਤ ਮਾਨ

ਅੱਜ ਬਹੁਤ ਚਿਰ ਪਿੱਛੋਂ ਅਰਾਮ ਮਿਲਿਆ ਹੈ। ਕੰਮ ਤੋਂ ਵੀ ਛੁੱਟੀ ਸੀ। 'ਨੋ ਓਵਰ ਟਾਈਮ' ਤੇ ਸਕਿਊਰਟੀ ਦੀ ਜੌਬ ਦੇ ਸਕੈਜੂਅਲ ਅਨੁਸਾਰ ਵੀ ਇਹ ਵੀਕਐਂਡ ਔਫ ਸੀ। ਅਸੀਂ ਰਾਤ ਹੀ ਪ੍ਰੋਗਰਾਮ ਬਣਾ ਲਿਆ ਸੀ ਕਿ ਕਿਤੇ ਲੌਂਗ ਡਰਾਈਵ ਤੇ ਚਲਾਂਗੇ ਕਲ੍ਹ ਨੂੰ।

ਰਾਤ ਤੇ ਪ੍ਰਸਿੰਨੀ ਵੀ ਖ਼ੁਸ਼ ਸੀ। ਉਸਦੀ ਮੋਰਨੀ ਵਰਗੀ ਚਾਲ ਤੋਂ ਹੀ ਮੈਂ ਅੰਦਾਜ਼ਾ ਲਗਾ ਸਕਦਾ ਹਾਂ ਕਿ ਆਉਣ ਵਾਲਾ ਮੌਸਮ ਕਿਹੋ ਜਿਹਾ ਹੋਵੇਗਾ। ਪਰਿਵਾਰ ਦਾ ਵੈਦਰ ਚਾਰਟ ਵਿਗੜਿਆ ਪਿਆ ਸੀ ਪਰ ਪ੍ਰਸਿੰਨੀ ਦੱਸ ਰਹੀ ਸੀ ਕਿ ਦਿਆਲ ਆਇਆ ਸੀ ਤੇ ਯਾਰਡ ਦਾ ਘਾਹ ਕੱਟ ਗਿਆ ਹੈ। ਅਜੇ ਸਾਲ ਵੀ ਨਹੀਂ ਹੋਇਆ ਹੋਣਾ, ਉਸਨੂੰ ਗਏ ਨੂੰ। ਜਾਣ ਲਗਿਆਂ ਲਗਦਾ ਨਹੀਂ ਸੀ ਕਿ ਕਦੇ ਵਾਪਸ ਆਇਗਾ। ਇਤਨੇ ਚਿਰ ਵਿੱਚ ਤਾਂ ਬੰਦੇ ਦਾ ਹਨੀਮੂਨ ਪੀਰਡ ਵੀ ਨਹੀਂ ਮੁਕਦਾ। ਸਤਾਂ ਮਹੀਨਿਆਂ ਬਾਦ ਉਸਦਾ ਆਉਣਾ ਜਾਣਾ ਸ਼ੁਰੂ ਸੀ ਪਰ ਉਹ ਕੋਸ਼ਿਸ਼ ਕਰਦਾ ਮੇਰੇ ਨਾਲ ਸਾਹਮਣਾ ਨਾ ਹੋਵੇ। ਆਪਣੀ ਮੌਮ ਨੂੰ ਹੀ ਆਕੇ ਮਿਲਦਾ ਤੇ ਹੌਲਾ ਭਾਰਾ ਕੰਮ ਵੀ ਕਰ ਜਾਂਦਾ। ਮੇਰੇ ਦਿਲ ਵਿੱਚ ਫੁਰ ਗਈ ਸੀ ਕਿ ਅਸਲ ਵਿੱਚ ਗੱਲ ਕੀ ਹੈ। ਇਹ ਸਭ ਹਾਰਪਰ ਦੀ ਮੇਹਰਬਾਨੀ ਸੀ। ਪਿਛਲੇ ਸ਼ਨੀਵਾਰ ਮੇਰੇ ਆਉਂਦਿਆਂ ਨੂੰ ਸਾਰਾ ਗੈਰਾਜ਼ ਥਾਂ ਸਿਰ ਸੀ। ਮੈਂ ਅੱਜਕਲ੍ਹ ਕਰਦਿਆਂ ਨੇ ਛੇ ਮਹੀਨੇ ਲੰਘਾ ਦਿੱਤੇ ਸਨ ਪਰ ਟਾਈਮ ਹੀ ਨਹੀਂ ਲਗਦਾ ਸੀ ਸਫ਼ਾਈ ਕਰਨ ਦਾ। ਘਾਹ ਵੱਖ ਗੋਡੇ ਗੋਡੇ ਚੜ੍ਹ ਗਿਆ ਸੀ। ਪ੍ਰਸਿੰਨੀ ਦੇ ਬੁਲ੍ਹ ਵੀ ਫਰਕਦੇ ਸਨ ਕੁੱਝ ਕਹਿਣ ਲਈ। ਪਿਛਲੇ ਹਫਤੇ ਨੀਲਮ ਵੀ ਆਈ ਸੀ। ਦੋਵੇਂ ਨੌਂਹ ਸੱਸ ਕਾਸਟਕੋ ਗਈਆਂ ਗਰੋਸਰੀ ਕਰਨ। ਮੈਂ ਕਿਹੜਾ ਚਾਹੁੰਦਾ ਨਹੀਂ ਸੀ ਪਰ ਮੈਂ ਚੁੱਪ ਸੀ। ਮੇਰੀ ਚੁੱਪ ਵੀ ਸੁਖਾਂ ਲੱਧੀ ਸੀ ਪਰ ਮੈਂ ਕੋਈ ਵੀ ਫੈਸਲਾ ਜਲਦੀ ਵਿੱਚ ਨਹੀਂ ਕਰਨਾ ਚਾਹੁੰਦਾ ਸੀ। ਇਹ ਵੀ ਹੋ ਸਕਦਾ ਹੈ ਕਿ ਜੋ ਮੈਂ ਸੋਚਦਾ ਹਾਂ ਉਹ ਮੇਰਾ ਵਹਿਮ ਹੀ ਹੋਵੇ। ਵੈਸੇ ਆਲੇ ਦੁਆਲੇ 'ਘਰ ਵਾਪਸੀ' ਤੇ ਸ਼ੁਰੂ ਹੋ ਹੀ ਚੁੱਕੀ ਸੀ। ਮੌਸਮੀ ਬਰਸਾਤ ਵਾਂਗ ਆਈਆਂ ਇਹ ਬਹਾਰਾਂ ਪੱਕਾ ਵਸੇਬਾ ਹੋ ਨਿਬੜਨ ਫਿਰ ਤਾਂ ਚੰਗਾ ਹੈ ਪਰ ਜੇ ਬਰਸਾਤੀ ਛਰਾਟਾ ਹੀ ਨਿਕਲਿਆ ਫਿਰ ਤਾਂ ਗੱਲ ਨਹੀਂ ਬਣਨੀ। ਅਜ਼ੇ ਤਾਂ ਦਿਆਲ ਕਿਆਂ ਦੇ ਕਾਫੀ ਖਰਚਿਆਂ ਨੂੰ ਮੈਂ ਤਿਲਾਂਜਲੀ ਨਹੀਂ ਦਿੱਤੀ ਸੀ ਤੇ ਉਹ ਵੀ ਕੁਸਕੇ ਨਹੀਂ ਸਨ। ਇੱਕ ਚੁੱਪ ਨਾਲ ਹੀ ਸਾਰੀ ਜਾਂਦੇ ਸਨ।

ਬਾਕੀ ਸਭ ਤਾਂ ਟਿਚਨ-ਮਿਚਨ ਸੀ, ਸਿਰਫ ਇੱਕੋ ਗੱਲ ਤੇ ਥੋੜ੍ਹਾ ਜਿਹਾ ਰੌਲਾ ਸੀ। ਸਾਡਾ ਵਿਚਾਰ ਸੀ ਕਿ ਪਰਾਉਂਠਿਆਂ ਦੇ ਨਾਲ ਮਸਾਲੇ ਵਾਲੇ ਸੁੱਕੇ ਆਲੂ ਬਣਾ ਲਏ ਜਾਣ ਤੇ ਨਿਹਾਲ ਕਹਿੰਦਾ ਸੀ ਕਿ ਨਹੀਂ, ਮੈਂ ਨਾ ਆਪ ਖਾਣੇ ਹਨ ਤੇ ਨਾ ਹੀ ਤੁਹਾਨੂੰ ਪਕਾਉਣ ਦੇਣੇ ਹਨ। ਇੱਕ ਤਾਂ ਮੈਨੂੰ ਕਮਰਾ ਬੰਦ ਕਰਨਾ ਪਊ ਤੇ ਉੱਤੋਂ ਮੇਰੇ ਕਪੜਿਆਂ ਵਿੱਚ ਆਲੂ ਵੜ ਜਾਣੇ ਹਨ। ਇੱਕ ਤਾਂ ਇਹ ਨਿਆਣਿਆਂ ਕਰਕੇ ਪਰਾਉਂਠੇ ਤੇ ਮਸਾਲੇ ਵਾਲੇ ਆਲੂ ਖਾਣ ਤੋਂ ਵੀ ਤਰਸੇ ਪਏ ਹਾਂ। ਜਦੋਂ ਮਾੜਾ ਜਿਹਾ ਮਸਾਲਾ ਭੁੰਨਿਆਂ ਨਹੀਂ, ਇਹ ਸਾਡੇ ਵੱਲ ਇਸਤਰ੍ਹਾਂ ਦੇਖਦੇ ਹਨ ਜਿਵੇਂ ਅਸੀਂ ਕੋਈ ਸਰਕਾਰੀ ਸਾਹਣ ਹੋਈਏ ਜੋ ਉਨ੍ਹਾਂ ਦੇ ਢੁਡਾਂ ਮਾਰਦਾ ਹੈ। ਮੈਂ ਤਾਂ ਕਈ ਵਾਰ ਪ੍ਰਸਿੰਨੀ ਨੂੰ ਕਹਿੰਦਾ ਵੀ ਹਾਂ, "ਚਲ ਆਪਾਂ ਵੀ ਕਿਤੇ ਅਪ-ਨੌਰਥ ਚਲੀਏ, ਉੱਥੇ ਜਾਕੇ ਕੋਈ ਕਾਟਿਜ਼ ਰੈਂਟ ਤੇ ਕਰੀਏ। ਆਪਾਂ ਸਿਰਫ ਦੋਵੇਂ ਹੋਈਏ। ਜਿੱਥੇ ਕੋਈ ਪਰਿੰਦਾ ਵੀ ਪਰ ਨਾ ਮਾਰਦਾ ਹੋਵੇ। ਉੱਥੇ ਬਹਿਕੇ ਆਲੂ ਵਾਲੇ ਪਰਾਂਠੇ ਪਕਾਈਏ। ਮਸਾਲੇ ਵਾਲੇ ਆਲੂ ਤੇ ਅੰਬ ਦੇ ਅਚਾਰ ਨਾਲ ਖਾਈਏ। ਦੁਪਹਿਰੇ ਸਾਗ ਧਰ ਲਵਾਂਗੇ ਤੇ ਰਾਤ ਨੂੰ ਬਕਰੇ ਦਾ ਮੀਟ, ਉਹ ਵੀ ਮਸਾਲੇ ਵਾਲਾ। ਰਾਤ ਨੂੰ ਸੌਣ ਤੋਂ ਪਹਿਲਾਂ ਗਰਮ ਗਰਮ ਦੁੱਧ ਪੀਵਾਂਗੇ ਦੇਸੀ ਘਿਉ ਪਾਕੇ, ਫਿਰ ਤੂੰ ਮੇਰੀਆਂ ਲੱਤਾਂ ਘੁਟੀਂ।"



"ਜੀ ਇਹ ਲੱਤਾਂ ਘੁਟਣ ਵਾਲੀ ਗੱਲ ਨਹੀਂ ਹੋਣੀ। ਮੇਰੀ ਮਾਂ ਨੇ ਮੈਨੂੰ ਤੁਰਨ ਤੋਂ ਪਹਿਲਾਂ ਹੀ ਸਮਝਾ ਦਿੱਤਾ ਸੀ ਕਿ ਆਦਮੀ ਨੂੰ ਬਹੁਤਾ ਸਿਰ ਤੇ ਨਹੀਂ ਚੜ੍ਹਾਈਦਾ, ਐਵੇਂ ਚਾਂਬਲ ਜਾਂਦੇ ਹਨ। ਜੇ ਬਹੁਤਾ ਮਛਰ ਜਾਣ ਤਾਂ ਜਾਨ ਬਚਾਉਣੀ ਮੁਸ਼ਕਲ ਹੋ ਜਾਂਦੀ ਹੈ।" "ਚੱਲ ਲੱਤਾਂ ਨਾ ਘੁੱਟੀਂ, ਦੁੱਧ ਤਾਂ ਪਿਲਾਇੰਗੀ ਹੀ?"

"ਤੇ ਜੀ ਜੇ ਕੋਈ ਜੰਗਲੀ ਜਾਨਵਰ ਆ ਗਿਆ ਫੇਰ?"

"ਉਹ ਦਿਆਲ ਤੇ ਨਿਹਾਲ ਹੁਣਾਂ ਤੋਂ ਤੇ ਭੈੜਾ ਨਹੀਂ ਹੋਊ। ਕੀ ਕਰੂ ਵੱਧ ਤੋਂ ਵੱਧ, ਮਾਰ ਹੀ ਦੇਊ, ਅੱਗੇ ਕਿਹੜਾ ਆਪਾਂ ਜੀਂਦੇ ਹਾਂ? ਜਦੋਂ ਉਸਨੂੰ ਪਤਾ ਲਗੂ ਕਿ ਆਪਾਂ ਇੰਨਸ਼ੋਰੈਂਸ ਕਰਾਈ ਹੈ, ਉਹਨੇ ਉਦਾਂ ਹੀ ਭੱਜ ਜਾਣਾ। ਇਹ ਕੈਨੇਡਾ ਵਾਲੇ ਬੜੇ ਚਲਾਕ ਜਾਨਵਰ ਨੇ, ਇਹ ਨਹੀਂ ਖਾਂਦੇ ਕਿਸੇ ਐਸੇ ਬੰਦੇ ਨੂੰ ਜਿਸਨੇ ਆਪਣਾ ਇੰਤਜ਼ਾਮ ਪਹਿਲਾਂ ਹੀ ਕੀਤਾ ਹੋਵੇ।"

"ਨਹੀਂ ਮੈਂ ਨੀ ਜਾਣਾ, ਨਿਆਣਿਆਂ ਨੂੰ ਛੱਡ ਕੇ"। ਪ੍ਰਸਿੰਨੀ ਨੇ ਕੋਰਾ ਜੁਆਬ ਦੇ ਦਿੱਤਾ ਤੇ ਅਸੀਂ ਭੱਜ ਨੱਠ ਕਰਕੇ ਚੋਰੀ-ਚਕਾਰੀ ਨਾਲ ਹੀ ਸੁਆਦੀ ਚੀਜ਼ਾਂ ਬਣਾਉਂਦੇ ਤੇ ਨਿਆਣਿਆਂ ਤੋਂ ਚੋਰੀ ਖਾਕੇ ਕੰਮ ਨਿਬੇੜਦੇ।

"ਤੈਨੂੰ ਤੇ ਪ੍ਰਸਿੰਨੀਏਂ ਤੜਕਾ ਲਾਉਣਾ ਵੀ ਭੁੱਲਦਾ ਜਾਂਦਾ ਹੈ"। ਪ੍ਰਸਿੰਨੀ ਨੇ ਦਿਆਲੇ ਤੇ ਨਿਹਾਲੇ ਵੱਲ ਵੇਖਿਆ ਤੇ ਗੁੱਝੀ ਗੱਲ ਤੇ ਮੁਸਕਰਾ ਪਈ।

ਪ੍ਰਸਿੰਨੀ ਨੇ ਸਵੇਰੇ ਛੇ ਵਜੇ ਦਾ ਅਲਾਰਮ ਕਦੋਂ ਲਾਇਆ ਕਿਸੇ ਨੂੰ ਨਹੀਂ ਪਤਾ। ਉਸਨੇ ਸਵੇਰੇ ਉੱਠਕੇ ਪਰੌਂਠੇ ਪਕਾ ਲਏ, ਆਲੂ ਬਣਾ ਲਏ ਤੇ ਬਕਸੇ ਵਿੱਚ ਬੰਦ ਕਰਕੇ ਉੱਤੇ ਮਾਸਕਿੰਗ ਟੇਪਾਂ ਜੜ੍ਹ ਦਿੱਤੀਆਂ ਕਿਤੇ ਇਨ੍ਹਾਂ ਦੀ ਹਵਾੜ ਵੀ ਬਾਹਰ ਨਾ ਆ ਜਾਏ ਫਿਰ ਉਹ ਨਹਾ ਧੋਕੇ ਮੇਕ-ਅੱਪ ਕਰਨ ਲੱਗ ਪਈ। ਅੱਠ ਵਜਦੇ ਨੂੰ ਉਹ ਪੂਰੀ ਤਿਆਰ ਸੀ। ਅਸੀਂ ਦੋਵੇਂ ਪਿਉ-ਪੁੱਤ ਅੱਠ ਵਜੇ ਉੱਠੇ, ਚਾਹ ਪੀਤੀ ਤੇ ਸਲਾਹ ਕਰਨ ਲਗੇ ਕਿ ਕਿਧਰ ਨੂੰ ਜਾਇਆ ਜਾਏ। ਨਿਹਾਲ ਦਾ ਵਿਚਾਰ ਸੀ ਕਿ ਬੇਰੀ ਵੱਲ ਚਲਦੇ ਹਾਂ, ਜਿੱਥੇ ਕਿਤੇ ਵਧੀਆ ਜਗ੍ਹਾ ਲੱਭੀ ਪੜਾ ਕਰ ਲਵਾਂਗੇ। ਪ੍ਰਸਿੰਨੀ ਦਿਲੋਂ ਚਾਹੁੰਦੀ ਸੀ ਕਿ ਦਿਆਲ ਨੂੰ ਵੀ ਫੋਨ ਮਾਰ ਲਈਏ ਪਰ ਮੇਰੇ ਨਾਲ ਸਲਾਹ ਕਰਨ ਤੋਂ ਝਕਦੀ ਸੀ। ਉਸਨੂੰ ਪਤਾ ਸੀ ਕਿ ਜਿਸਤਰ੍ਹਾਂ ਮੈਂ ਸੋਚਦਾ ਹਾਂ ਉਸਤਰ੍ਹਾਂ ਕੋਈ ਨਹੀਂ ਸੋਚਦਾ ਤੇ ਮੇਰੀ ਸੋਚ ਪ੍ਰਸਿੰਨੀ ਲਈ ਇਲਾਹੀ ਹੁਕਮ ਵਾਂਗ ਸੀ। ਮੇਰੇ ਮੰਨਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ। ਇਹ ਗੱਲ ਬਿਲਕੁਲ ਠੀਕ ਨਹੀਂ ਕਿ ਮੈਂ ਚਾਹੁੰਦਾ ਨਹੀਂ ਸੀ ਪਰ ਮੈਂ ਹਰ ਉਸ ਗੱਲ ਦੇ ਖਿਲਾਫ ਹਾਂ ਜੋ ਤੁਹਾਡੇ ਸਵੈਮਾਣ ਨੂੰ ਠੇਸ ਪਹੁਚਾਉਂਦੀ ਹੋਵੇ। ਨਿਆਣਿਆਂ ਨਾਲੋਂ ਕੀ ਚੰਗਾ ਹੈ ਪਰ ਉਸ ਸੋਚ ਦਾ ਵੀ ਕੀ ਕਰੀਏ ਜੋ ਨਿਆਣਿਆਂ ਤੋਂ ਪਹਿਲਾਂ ਜੰਮੀ ਹੈ। ਮੇਰੇ ਘਰੋਂ ਦਿਆਲੇ ਦੀ ਕਿਹੜਾ ਕੋਈ ਚੋਰੀ ਹੋਈ ਸੀ ਕਿ ਮੈਂ ਐਵੇਂ ਪੈੜਾਂ ਦੀ ਖੋਜ ਕਰਦਾ ਫਿਰਾਂ? ਮੈਂ ਇੱਕ ਮਜ਼ਦੂਰ ਹਾਂ ਕੋਈ ਖੋਜੀ ਨਹੀਂ।

"ਨਿਹਾਲ ਨੇ ਕਹਿ ਦਿੱਤਾ ਕਿ ਜਿਸਤਰ੍ਹਾਂ ਡੈਡ ਕਹੇ ਉਦਾਂ ਹੀ ਕਰਨਾ ਹੈ। ਜਦੋਂ ਦਾ ਦਿਆਲਾ ਘਰੋਂ ਗਿਆ ਸੀ ਨਿਹਾਲ ਕੁੱਝ ਸੁਧਰ ਗਿਆ ਸੀ। ਨਹੀਂ ਤਾਂ ਪਹਿਲੇ ਤੇ ਦੋਵਾਂ ਨੇ ਸਾਡਾ ਲਹੂ ਪੀਤਾ ਹੋਇਆ ਸੀ। ਦਿਆਲ ਦੇ ਘਰੋਂ ਜਾਣ ਤੋਂ ਬਾਦ, ਨਿਹਾਲ ਨੇ ਮੇਰਾ ਉਹ ਮੁੱਖ ਦੇਖ ਲਿਆ ਸੀ ਜੋ ਉਸਨੇ ਪਹਿਲੋਂ ਕਦੇ ਵੀ ਨਹੀਂ ਦੇਖਿਆ ਸੀ, ਜਦੋਂ ਕਿ ਪਹਿਲਾਂ ਵੀ ਮੈਂ ਇਸੇ ਮੁੱਖ ਨਾਲ ਹੀ ਤੁਰਿਆ ਫਿਰਦਾ ਸੀ। ਹੁਣ ਤੇ ਉਹ ਕੋਈ ਵੀ ਸੁਆਲ ਪਾਉਣ ਤੋਂ ਪਹਿਲੇ ਪੁੱਛਦਾ ਕਿ ਡੈਡ ਤੁਸੀਂ ਬਿਜ਼ੀ ਤੇ ਨਹੀਂ ਹੋ? ਤੁਸੀਂ ਚਾਹ ਤੇ ਨਹੀਂ ਪੀਣੀ? ਮੈਂ ਵੇਟ ਕਰ ਸਕਦਾ ਹਾਂ। ਮਸੂਮ ਦਿਲ ਨੇ ਮੇਰੀ ਦਿਲ ਦੀ ਹੂਕ ਪਛਾਣ ਲਈ ਸੀ। ਕਿਸੇ ਹੱਦ ਤੱਕ ਉਹ ਵੀ ਦਿਆਲ ਨੂੰ ਭਟਕਿਆ ਹੋਇਆ ਹੀ ਸਮਝਦਾ ਸੀ। ਕਈ ਵਾਰ ਉਹ ਮੈਨੂੰ ਵੀ ਕਹਿ ਚੁੱਕਾ ਸੀ ਕਿ ਡੈੱਡ ਮੈਂ ਤੈਨੂੰ ਛੱਡ ਕੇ ਕਦੇ ਵੀ ਕਿਤੇ ਨਹੀਂ ਜਾਵਾਂਗਾ। ਯੂ ਨੋ ਆਈ ਜਸਟ ਲਵ ਯੂ।

ਠੀਕ ਸਾਢੇ ਅੱਠ ਵਜੇ ਫੋਨ ਦੀ ਘੰਟੀ ਵਜੀ। ਦੋ ਕੁ ਰਿੰਗਾਂ ਬਾਦ ਆਪੇ ਹੀ ਬੰਦ ਹੋ ਗਿਆ। ਅੱਜ ਕਲ੍ਹ ਵੋਟਾਂ ਵਾਲੇ ਵੀ ਭੱਜੇ ਫਿਰਦੇ ਸਨ। ਤਿੰਨੇ ਪਾਰਟੀਆਂ ਹਰਲ ਹਰਲ ਕਰਦੀਆਂ ਫਿਰਦੀਆਂ ਸਨ। ਅਖੇ ਸਾਡਾ ਸਾਈਨ ਬੋਰਡ ਲਵਾ ਲਵੋ ਆਪਣੇ ਯਾਰਡ ਵਿਚ। ਪਿਛਲੀ ਵਾਰ ਤਾਂ ਮੈਂ ਦੋ ਨੂੰ ਇਜਾਜ਼ਤ ਦੇ ਦਿੱਤੀ ਸੀ। ਪਹਿਲਾਂ ਲਿਬਰਲ ਵਾਲੇ ਆਏ ਤੇ ਕਹਿੰਦੇ ਅਸੀਂ ਜੀ.ਐਸ.ਟੀ.ਹਟਾ ਦੇਣੀ ਹੈ। ਖ਼ੁਸ਼ ਹੋਕੇ ਮੈਂ ਹਾਂ ਕਰ ਦਿੱਤੀ ਤੇ ਉਨ੍ਹਾਂ ਨੇ ਸਾਈਨ ਬੋਰਡ ਲਾ ਦਿੱਤਾ ਲਾਲ ਰੰਗ ਦਾ। ਘੰਟੇ ਕੁ ਪਿੱਛੋਂ ਹੀ ਟੋਰੀ ਆ ਗਏ ਨੀਲੇ ਰੰਗ ਵਾਲੇ। ਅਖੇ "ਯਾਰ ਆ ਕੀ ਆਪਣਾ ਮਲਵਈ ਭਰਾ ਹੋਕੇ ਦੁਆਬੀਆਂ ਨਾਲ ਤੁਰਿਆ ਫਿਰਦਾ ਹੈਂ?" ਮੈਂ ਕਿਹਾ, "ਭਰਾਵੋ ਅਜੇ ਤਾਂ ਸਟਰੀਟ ਦਾ ਮੋੜ ਵੀ ਨਹੀਂ ਮੁੜੇ, ਤੁਸੀਂ ਐਂ ਕਰੋ ਤੁਸੀਂ ਵੀ ਆਪਣਾ ਰਾਂਝਾ ਰਾਜ਼ੀ ਕਰ ਲਵੋ" ਤੇ ਉਹ ਵੀ ਆਪਣਾ ਫੱਟਾ ਲਾਕੇ ਰਾਹੇ ਪਏ ਤੇ ਮੈਂ ਦੋਗਲਾ ਜਿਹਾ ਹੋਕੇ ਅੰਦਰ ਆ ਗਿਆ। ਲਗਦੈ ਇਹ ਫੋਨ ਦੀ ਘੰਟੀ ਵੀ ਉਨ੍ਹਾਂ ਦੀ ਹੀ ਹੋਣੀ ਹੈ ਪਰ ਮੈਂ ਐਤਕੀਂ ਪੱਕਾ ਫੈਸਲਾ ਕੀਤਾ ਸੀ ਕਿ ਵੋਟ ਹਾਰਪਰ ਨੂੰ ਹੀ ਦੇਣੀ ਹੈ। ਇੱਕ ਤਾਂ ਉਹ ਸੋਹਣਾ ਬੜਾ, ਜਚਦਾ ਹੈ ਜਦ ਵੀ ਕੋਈ ਬਾਹਰਲੇ ਮੁਲਕ ਦਾ ਬਸ਼ਿੰਦਾ ਆਉਂਦਾ ਹੈ, ਉਹਦੇ ਨਾਲ ਖੜਾ ਹੋਕੇ ਉਸਤੇ ਭਾਰੂ ਪੈ ਜਾਂਦਾ ਹੈ। ਤੇ ਇੱਕ ਉਸਨੇ ਉਹ ਕੀਤਾ ਹੈ ਜੋ ਕੋਈ ਨਹੀਂ ਕਰ ਸਕਦਾ। ਲਿਬਰਲਾਂ ਨੇ ਤਾਂ ਸਾਡੇ ਨਿਆਣੇ ਭੱਜਾ ਦਿੱਤੇ ਤੇ ਹਾਰਪਰ ਨੇ ਸਾਡੇ ਨਿਆਣੇ ਸਾਨੂੰ ਕੁੱਝ ਮੋੜ ਦਿੱਤੇ ਹਨ ਤੇ ਬਾਕੀ ਦੇ ਵੀ ਮੋੜ ਦੇਵੇਗਾ। ਪਿਛਲੇ ਰੀਸੈਸ਼ਨ ਦਾ ਤਾਂ ਹੁਣ ਕੁੱਝ ਯਾਦ ਨਹੀ ਪਰ ਇਹ ਰੀਸੈਸ਼ਨ ਲੰਬਾ ਹੋਣ ਕਰਕੇ ਸਾਨੂੰ ਤਾਂ ਦੇਸੀ ਘਿਉ ਵਾਂਗ ਲੱਗਾ ਹੈ। ਹਾਰਪਰ ਨੇ ਵੇਖਦੇ ਵੇਖਦੇ ਇਸਨੂੰ ਹੋਰ ਡੂੰਘਾ ਕਰ ਦੇਣਾ ਹੈ। ਇਕੋਨਮੀ ਦਾ ਭੱਠਾ ਬੈਠੂ ਤਾਂ ਹੀ ਸਾਡੇ ਨਿਆਣਿਆਂ ਨੂੰ ਸੁਰਤ ਆਊਗੀ।

"ਗੱਲ ਸੁਣੋ ਉਏ ਸਾਰੇ," ਮੈਂ ਸਾਰਿਆਂ ਨੂੰ ਸੰਬੋਧਨ ਕਰਕੇ ਕਿਹਾ, "ਜੇ ਕੋਈ ਵੋਟਾਂ ਵਾਲਾ ਆਇਆ ਨਾ ਫਟਾ ਲਾਉਣ ਤੇ ਸਿਰਫ ਹਾਰਪਰ ਦਾ ਫਟਾ ਲਾਉਣਾ ਹੋਰ ਕਿਸੇ ਦਾ ਨਹੀਂ, ਸਮਝ ਗਏ ਸਾਰੇ? ਇਹ ਮੇਰਾ ਘਰ ਹੈ ਤੇ ਇੱਥੇ ਮੇਰੀ ਹੀ ਚਲਣੀ ਹੈ ਜਿਵੇਂ ਕੈਨੇਡਾ ਵਿੱਚ ਹਾਰਪਰ ਦੀ ਚਲਦੀ ਹੈ"। ਫੋਨ ਦੀ ਘੰਟੀ ਫਿਰ ਵਜੀ।

"ਜੀ ਸੁਣਿਓ ਜ਼ਰਾ ਉੱਤੇ ਆਇਉ!"

"ਆਇਆ ਫੋਨ ਸੁਣ ਲਵਾਂ ਜ਼ਰਾ"। ਫੋਨ ਤੇ ਪੀਟਰ ਸੀ ਤੇ ਉਹ ਮੈਨੂੰ ਕਹਿ ਰਿਹਾ ਸੀ ਜੇ ਮੈਂ ਵੇਹਲਾ ਹਾਂ ਤਾਂ ਉਸ ਕੋਲ ਲਗਾਤਾਰ ਚੌਵੀ ਘੰਟੇ ਹਨ ਡਿਊਟੀ ਦੇ। ਦੁਪਹਿਰ ਦੇ ਬਾਰਾਂ ਵਜੇ ਤੋਂ ਲੈਕੇ ਅਗਲੇ ਦਿਨ ਬਾਰਾਂ ਵਜੇ ਤੱਕ"। ਮੈਂ ਫੌਰਨ ਹਾਂ ਕਰ ਦਿੱਤੀ। ਮੈਂ ਖ਼ੁਸ਼ ਹੋ ਗਿਆ। ਰਾਤ ਸੌਂ ਕੇ ਲੰਘ ਜਾਣੀ ਸੀ। ਨਵੇਂ ਘਰਾਂ ਦੇ ਫੇਸ ਨੰਬਰ ਤਿੰਨ ਵਿੱਚ ਜਾਣਾ ਸੀ। ਵਿਰਲਾ ਟਾਵਾਂ ਵਰਕਰ ਵੀ ਹੋਣਾ ਸੀ। ਮੌਜਾਂ ਹੀ ਮੌਜਾਂ, ਵਾਈਨ ਪੀਵੋ, ਰੇਡੀਉ ਸੁਣੋ, ਸੌਂਵੋਂ ਤੇ ਸਵੇਰੇ ਉੱਠਕੇ ਥੋੜ੍ਹੀ ਸੈਰ ਕਰਾਂਗੇ। ਸ਼ੂਗਰ ਵੀ ਟਿਕਾਣੇ ਸਿਰ ਹੋ ਜਾਇਗੀ ਤੇ ਦੁਪਹਿਰੇ ਘਰ। ਮੈਂ ਹਾਂ ਕਰਕੇ ਉੱਪਰ ਬੈੱਡ-ਰੂਮ ਵਿੱਚ ਚਲੇ ਗਿਆ ਜਿੱਥੇ ਪ੍ਰਸਿੰਨੀ ਟਾਹਰਾਂ ਮਾਰ ਰਹੀ ਸੀ। ਮੈਂ ਰੂਮ ਵਿੱਚ ਗਿਆ ਤਾਂ ਪ੍ਰਸਿੰਨੀ ਨੇ ਸਾਰਾ ਬੈੱਡ ਸੂਟਾਂ ਨਾਲ ਭਰਿਆ ਪਿਆ ਸੀ। ਵਖੋ ਵਖਰੀਆਂ ਕਢਾਈਆਂ ਵਾਲੇ ਸੂਟ, ਵਖੋ ਵਖਰੇ ਰੰਗ। ਸੂਟ ਦੇ ਰੰਗਾਂ ਨਾਲ ਦੀਆਂ ਚੂੜੀਆਂ ਪਰਾਂਦੇ, ਸਭ ਇਸਤਰ੍ਹਾਂ ਖਿਲਰਿਆ ਪਿਆ ਸੀ ਜਿਵੇਂ ਪ੍ਰਸਿੰਨੀ ਨੇ ਫਲੀ ਮਾਰਕੀਟ ਲਾਈ ਹੋਵੇ। ਮੈਨੂੰ ਆਏ ਨੂੰ ਵੇਖਕੇ ਪੁੱਛਣ ਲੱਗੀ, "ਜੀ ਦਸੋ, ਇਨ੍ਹਾਂ ਵਿਚੋਂ ਕਿਹੜਾ ਸੂਟ ਪਾਵਾਂ?"

"ਨਾ ਤੂੰ ਪਿਕਨਿਕ ਤੇ ਚਲੀਂ ਹੈਂ ਕਿ ਨਾਨਕੇ? ਉੱਥੇ ਤੇਰੀ ਭੂਆ ਬੈਠੀ ਹੈ, ਸੂਟ ਵੇਖਣ ਨੂੰ? ਨਾਲੇ ਸਾਂਭ ਸਾਰਾ ਇਹ ਸਿੜ੍ਹੀ ਸਿਆਪਾ, ਆਪਾਂ ਨਹੀਂ ਜਾ ਰਹੇ, ਪੀਟਰ ਦਾ ਫੋਨ ਆਇਆ ਸਕਿਊਰਟੀ ਵਾਲੇ ਦਾ, ਮੈਂ ਕੰਮ ਤੇ ਜਾ ਰਿਹਾ ਹਾਂ ਬਾਰਾਂ ਵਜੇ"।



ਇਹ ਖ਼ਬਰ ਸੁਣਕੇ ਪ੍ਰਸਿੰਨੀ ਵੀ ਖ਼ੁਸ਼ ਹੋ ਗਈ ਤੇ ਬੋਲੀ, "ਆ ਤੇ ਬਾਹਲਾ ਹੀ ਵਧੀਆ ਹੋ ਗਿਆ ਮੇਰੇ ਸਿਰ ਤੋਂ ਤਾਂ ਸਾਰਾ ਬੋਝ ਹੀ ਲਥ ਗਿਆ। ਐਵੇਂ ਸਾਰਾ ਦਿਨ ਖੱਜਲ ਖ਼ੁਆਰ ਹੋਣਾ ਸੀ। ਹੁਣ ਅਰਾਮ ਨਾਲ ਘਰੇ ਬੈਠਾਂਗੇ। ਤੁਸੀਂ ਵੀ ਘਰ ਨਹੀਂ ਹੋਣਾ, ਮੌਜਾਂ ਹੀ ਮੌਜਾਂ। ਮੈਂ ਤੇ ਅਰਾਮ ਨਾਲ ਸਲਮਾਨ ਦੀ ਮੂਵੀ ਵੇਖੂੰ ਸੋਫੇ ਤੇ ਬਹਿਕੇ।" ਨਿਹਾਲ ਨੂੰ ਵੀ ਦੂਜੇ ਕਮਰੇ ਵਿੱਚ ਬੈਠੇ ਨੂੰ ਬਿੜਕ ਆ ਗਈ। ਉਹ ਉੱਥੇ ਬੈਠਾ ਮਿਊਜ਼ਿਕ ਸੁਣ ਰਿਹਾ ਸੀ। ਉਹ ਵੀ ਸਾਡੇ ਕਮਰੇ ਵਿੱਚ ਆ ਗਿਆ ਜਿੱਥੇ ਪ੍ਰਸਿੰਨੀ ਨੇ ਆਪਣਾ ਮਾਲ-ਅਸਬਾਬ ਖਿਲਾਰਿਆ ਪਿਆ ਸੀ, ਬੋਲਿਆ, "ਵਟ ਨੈਕਸਟ।"

"ਨੋ ਗੋਇੰਗ," ਪ੍ਰਸਿੰਨੀ ਨੇ ਕਿਹਾ।

"ਥੈਂਕ ਗੌਡ," ਨਿਹਾਲ ਕਹਿਕੇ ਆਪਣੇ ਕਮਰੇ ਵਿੱਚ ਚਲੇ ਗਿਆ।

"ਆਪਾਂ ਇਦਾਂ ਕਰਾਂਗੇ ਕਿਸੇ ਦਿਨ ਦੁਪਹਿਰੇ ਕਿਸੇ ਪਾਰਕ 'ਚ ਚਲ ਵੜਾਂਗੇ, ਚਾਰ ਫੋਟੋਆਂ ਹੀ ਖਿਚਣੀਆਂ ਹਨ ਐਵੇਂ ਕਾਹਨੂੰ ਐਨਾ ਗੈਸ ਫੂਕਣਾ, ਕਿਸੇ ਨੂੰ ਕੀ ਪਤਾ ਲਗਣਾ ਕਿ ਇਹ ਬੇਰੀ ਹੈ ਕਿ ਬੇਰ"।

"ਚਲ ਹੁਣ ਤੂੰ ਬਹੁਤਾ ਖ਼ੁਸ਼ ਨਾ ਹੋ, ਮੈਂ ਜ਼ਰਾ ਸ਼ੌਵਰ ਲੈਕੇ ਫਰੈਸ਼ ਹੋ ਲਵਾਂ ਤੇ ਤੂੰ ਮੇਰਾ ਸਮਾਨ ਪੈੱਕ ਕਰ ਦੇ ਤੇ ਨਾਲੇ ਚਾਹ ਬਣਾ ਲੈ, ਪੀਕੇ ਜਾਊਂ"।

"ਸ਼ੌਵਰ ਲੈਣ ਨੂੰ ਕੀ ਤੁਸੀਂ ਲਾਮ ਨੂੰ ਚਲੇ ਹੋ? ਇੱਥੇ ਨਾ ਸੁੱਤੇ ਉੱਥੇ ਸੁਤੇ। ਚਾਹ ਮੈਂ ਬਣਾ ਦਿੰਨੀ ਹਾਂ"।

ਲਿਵਿੰਗ-ਰੂਮ ਵਿੱਚ ਆਕੇ ਮੈਂ ਆਪਣੇ ਬੈਗ ਵਿੱਚ ਪਈਆਂ ਚੀਜ਼ਾਂ ਚੈੱਕ ਕੀਤੀਆਂ। ਪ੍ਰਸਿੰਨੀ ਨੇ ਪਿਕਨਿਕ ਵਾਲੇ ਡਬੇ ਦੀਆਂ ਮਾਸਕਿੰਗ ਟੇਪਾਂ ਲਾਹਕੇ ਵਿਚੋਂ ਚਾਰ ਪਰੌਂਠੇ ਧੂਹ ਲਏ ਸਨ। ਇੱਕ ਪਰੌਂਠੇ ਦੀ ਤੇ ਕੰਨੀ ਵੀ ਵਿਚੇ ਹੀ ਰਹਿ ਗਈ ਸੀ ਪਰ ਇਹਦੇ ਵਿੱਚ ਕਿਹੜਾ ਕੋਈ ਗੁੱਸਾ ਕਰਨ ਵਾਲੀ ਗੱਲ ਸੀ। ਮੈਂ ਖਾਣੇ ਹੀ ਸਨ ਕਿਹੜਾ ਵੇਚਣੇ ਸਨ? ਆਲੂ, ਕੁਕੀਆਂ, ਮੱਠੀਆਂ, ਸ਼ਕਰਪਾਰੇ, ਚਾਹ ਵਾਲੀ ਕੇਤਲੀ, ਹਵਾ ਵਾਲਾ ਸਿਰਹਾਣਾ, ਮੋਚਨਾ, ਖੰਡ ਪੱਤੀ, ਟੁਥ-ਬੁਰਸ਼, ਪਜਾਮਾ, ਟਰਾਂਜਿਸਟਰ, ਪਤਨੀ ਨੂੰ ਵੱਸ ਵਿੱਚ ਕਰਨ ਵਾਲੇ ਨੁਸਖਿਆਂ ਦੀ ਕਿਤਾਬ, ਡਬੀਆਂ ਵਾਲੀ ਖੇਸੀ, ਸਟੀਲ ਦਾ ਗਲਾਸ ਸਭ ਕੁੱਝ ਟਿਚਨ ਸੀ। ਹੁਣ ਸਭ ਤੋਂ ਜ਼ਰੂਰੀ ਕੰਮ ਹੀ ਰਹਿ ਗਿਆ ਸੀ। ਮੈਂ ਸਾਈਟ ਤੇ ਫੋਨ ਮਾਰਿਆ। "ਹੈਲੋ," ਕੁਲਦੀਪ ਨੇ ਕਿਹਾ।

"ਕੀ ਗੱਲ ਸਰਦਾ ਨਹੀਂ ਮੇਰੇ ਬਗੈਰ?" ਮੈਂ ਪੁੱਛਿਆ।

"ਬਲੇ ਉਏ ਵੱਡੇ ਭਾਈ, ਤੂੰ ਆ ਰਿਹਾ ਹੈਂ? ਦਰਸ਼ਨ ਅੱਜ ਛੁੱਟੀ ਕਰ ਗਿਆ।"

"ਚਲ ਦੱਸ ਹੁਣ ਚਾਬੀਆਂ ਦੇ ਨੰਬਰ ਕੀ ਹਨ?"

"ਵੀਰਾ ਚਾਬੀਆਂ ਨੇ ਗਿਣਤੀ ਦੀਆਂ ਸੱਤ। ਮੇਰੇ ਕੋਲ ਪੰਜ ਹੀ ਹਨ। ਮੈਂ ਤਾਂ ਸਾਰੀ ਰਾਤ ਦੋ ਚਾਬੀਆਂ ਪੰਚ ਕਰਨ ਖਾਤਰ ਖਪਦਾ ਰਿਹਾ। ਛੇ ਤੇ ਅੱਠ ਨੰਬਰ ਦੀ ਚਾਬੀ ਮੇਰੇ ਕੋਲ ਹੈਨੀਂ ਤੇ ਇਹ ਹੈ ਵੀ ਐਨ ਸਿਰੇ ਤੇ, ਰੱਬ ਦੀ ਧੁੰਨੀ 'ਚ, ਜੇ ਤੇਰੇ ਕੋਲ ਹਨ ਤੇ ਲੈਂਦਾ ਆਈਂ। ਨਾਲੇ ਤੂੰ ਸੌਖਾ ਰਹੇਂਗਾ ਤੇ ਕਲ੍ਹ ਨੂੰ ਫੇਰ ਮੈਂ ਬਾਰਾਂ ਵਜੇ ਤੈਨੂੰ ਰਲੀਵ ਕਰਨਾ ਹੈ ਤੇ ਮੈਨੂੰ ਦੇ ਦੇਈਂ ਵੀਰ ਬਣਕੇ, ਮੈਂ ਵਾਪਸ ਕਰ ਦੇਵਾਂਗਾ। ਯਾਰ ਕਿਸੇ ਤਰ੍ਹਾਂ ਪੂਰਾ ਸੈੱਟ ਹੀ ਇੱਕਠਾ ਕਰੀਏ। ਪੰਦਰਾਂ ਤੋਂ ਉਪਰਲਾ ਨੰਬਰ ਹੈਨੀਂ ਇਨ੍ਹਾਂ ਪਰੋਬ ਵਾਲਿਆਂ ਕੋਲ।"

"ਚਲ ਕਰ ਲਵਾਂਗੇ, ਮੈਂ ਫਿਰ ਦੋ ਹੀ ਲਿਆਵਾਂ?"

"ਹਾਂ ਦੋ ਹੀ, ਬਾਕੀ ਸਭ ਵਾਹਿਗੁਰੂ ਦੀ ਅਪਾਰ ਕਿਰਪਾ ਹੈ।"

"ਚਲੋ ਤੁਸੀਂ ਤੇ ਕਰੋ ਜਾਕੇ ਅਰਾਮ, ਘਰ ਦੇ ਕੰਮਾਂ ਤੋਂ ਵੀ ਛੁਟੇ। ਸਾਰੀ ਰਾਤ ਕਰੀ ਜਾਇਉ ਚਾਬੀਆਂ ਨਾਲ ਕੁਚ-ਕੁਚ।" ਪ੍ਰਸਿੰਨੀ ਨੇ ਕਿਹਾ।

ਇਸ ਸਾਈਟ ਦਾ ਅਕਾਰ ਵੀ ਬੜਾ ਵੱਡਾ ਸੀ। ਤਿੰਨ ਸੌਂ ਘਰ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਸਾਰੀ ਸਾਈਟ ਦੇ ਵਖੋ ਵਖਰੇ ਕੋਨਿਆਂ ਤੇ ਸੱਤ ਚਾਬੀਆਂ ਪਕੀਆਂ ਲਾਈਆਂ ਹੋਈਆਂ ਸਨ। ਹਰ ਦੋ ਘੰਟੇ ਬਾਦ ਕਲਾਕ ਲੈਕੇ ਜਾਣਾ ਪੈਂਦਾ ਸੀ। ਚਾਬੀ ਕੋਲ ਜਾਕੇ ਚਾਬੀ ਨੂੰ ਕਲਾਕ ਦੀ ਮੋਰੀ ਵਿੱਚ ਘੁੰਮਾਉਣਾ ਪੈਂਦਾ ਸੀ, ਇਸਤਰ੍ਹਾਂ ਕਲਾਕ ਵਿਚਲੇ ਪੇਪਰ ਤੇ ਟਾਈਮ ਕਲਿਕ ਹੋ ਜਾਂਦਾ ਸੀ ਤੇ ਫਿਰ ਦੂਜੇ ਤੀਜੇ ਤੇ ਸਤਵੇਂ ਤੇ ਜਾਕੇ ਗੇੜਾ ਮੁਕੰਮਲ ਹੁੰਦਾ ਸੀ। ਚਾਬੀਆਂ ਟਿੱਕ ਕਰਦਿਆਂ ਹੀ ਘੰਟਾ ਲੰਘ ਜਾਂਦਾ ਸੀ ਤੇ ਫਿਰ ਆਪਣੇ ਕੈਬਿਨ ਵਿੱਚ ਆ ਜਾਉ। ਘੰਟੇ ਬਾਦ ਫਿਰ ਸਰਕਲ ਸ਼ੁਰੂ ਹੋ ਜਾਂਦਾ ਸੀ। ਜੇ ਇਸਤਰ੍ਹਾਂ ਇਮਾਨਦਾਰੀ ਨਾਲ ਕਰਨਾ ਹੋਵੇ ਤਾਂ ਸਾਰੀ ਰਾਤ ਹੀ ਕੁੱਤਿਆਂ ਵਾਂਗ ਬਿਨ੍ਹਾਂ ਭੌਂਕਿਉਂ ਤੁਰੇ ਫਿਰੋ। ਪਹਿਲਾਂ ਪਹਿਲ ਤਾਂ ਪੰਜਾਬੀਆਂ ਨੇ ਇਹ ਕੀਤਾ ਪਰ ਫਿਰ ਸਕੀਮਾਂ ਲੜਾਈਆਂ ਕਿ ਇਹ ਤਾਂ ਕੋਈ ਕੰਮ ਨਾ ਹੋਇਆ। ਜਦੋਂ ਮੌਕਾ ਲਗਦਾ ਕਿਸੇ ਸਾਈਟ ਤੋਂ ਇੱਕ ਅੱਧੀ ਚਾਬੀ ਪੁੱਟ ਲਈ ਜਾਂਦੀ ਤੇ ਫਿਰ ਦੂਜੀ। ਖਾਸ ਕਰਕੇ ਜਦੋਂ ਸਾਈਟ ਤੇ ਕੰਮ ਖਤਮ ਹੋਣ ਤੇ ਆਉਂਦਾ ਤਾਂ ਜੀਹਦਾ ਦਾਅ ਲਗਦਾ, ਉਹ ਹੀ ਚਾਬੀ ਖਿਸਕਾ ਕੇ ਲੈ ਜਾਂਦਾ। ਅਸੀਂ ਤੇ ਪਿਉ ਪੁੱਤ ਨੇ ਪੂਰਾ ਸੈੱਟ ਹੀ ਬਣਾ ਲਿਆ ਸੀ। ਮੈਂ ਤੇ ਤੀਜੀ ਪੀੜੀ ਨੂੰ ਵੀ ਕਿਹਾ ਸੀ ਕਿ ਕੰਜਰੋ ਇਹ ਕੰਮ ਬੜਾ ਸੌਖਾ ਹੈ, ਕਰ ਲਵੋ ਪਾਰਟ ਟਾਈਮ। ਪਰ ਦਿਆਲ ਕਹਿੰਦਾ, "ਦਿਸ ਇਜ਼ ਨੋ ਗੁਡ।" ਸਾਲਾ ਨੋ ਗੁਡ ਦਾ। ਨਾ ਕੰਮ ਨਾ ਕਾਰ ਜਦੋਂ ਕਹਿੰਦਾ 'ਡੈਡ ਯੂ ਹੈਵ ਸਮ ਮਨੀ ਔਨ ਯੂ' ਉਹ ਨੋ ਗੁਡ ਨਹੀਂ ? ਖੇਜਾਂ ਤਾਂ ਕਰਨੀਆਂ ਹੀ ਪੈਂਦੀਆਂ ਹਨ।

ਦਸੰਬਰ ਦੀ ਗੱਲ ਹੈ। ਭਾਪਾ ਜੀ ਨੇ ਸਾਈਟ ਤੇ ਜਾਣਾ ਸੀ। ਮੈਂ ਪੰਜ ਵਜਦੇ ਨੂੰ ਛੱਡ ਆਇਆ। ਸ਼ਨੀਵਾਰ ਦਾ ਦਿਨ ਸੀ। ਨਿਆਣੇ ਨਿੱਕੇ ਆਪਣੇ ਨਾਨਕੇ ਗਏ ਹੋਏ ਸਨ। ਨਾਲ ਰਹਿੰਦਾ ਰਫਿਊਜੀ ਮੁਲਤਾਨੀ ਵੀ ਅੱਜ ਘਰ ਨਹੀਂ ਸੀ। ਬੱਸ ਸਮਝੋ ਜੀ ਰੱਬ ਨੇ ਪੂਰੀ ਬਰਕਤ ਬਖਸ਼ੀ ਹੋਈ ਸੀ। ਅਸੀਂ ਫਰੈਸ਼ ਹੋ ਹੀ ਰਹੇ ਸਾਂ ਕਿ ਬੈੱਲ ਹੋਈ। ਬੂਹਾ ਖੋਲ੍ਹਿਆ ਤਾਂ ਭਾਪਾ ਜੀ ਬਾਹਰ ਖੜੇ ਸਨ। ਮੈਂ ਪੁੱਛਿਆ, "ਕੀ ਗੱਲ ਡਿਊਟੀ ਔਫ ਹੋ ਗਈ ?" ਬੜੀ ਗੁਡ ਸਾਈਟ ਸੀ। ਹਾਈ-ਰਾਈਜ਼ ਅਪਾਰਟਮੈਂਟ ਬਿਲਡਿੰਗ ਬਣਦੀ ਸੀ। ਕੋਈ ਕਲਾਕ ਦਾ ਵੀ ਰੌਲਾ ਨਹੀਂ ਸੀ। ਪੰਜ ਵਜੇ ਡਿਊਟੀ ਸ਼ੁਰੂ ਹੁੰਦੀ, ਛੇ ਵਜੇ ਨੂੰ ਸੁਪਰਡੈਂਟ ਵੀ ਚਲੇ ਜਾਂਦਾ। ਬੱਸ ਜੀ ਸਾਰੀ ਰਾਤ ਮਜ਼ੇ ਨਾਲ ਸੌਂਵੋ। ਇਹੋ ਜੇਹੀ ਡਿਊਟੀ ਤੇ ਕਿਸੇ ਮਨਿਸਟਰ ਦੀ ਵੀ ਨਹੀਂ ਹੋਣੀ, ਜਿੱਥੇ ਸੌਣ ਦੇ ਵੀ ਡਾਲਰ ਮਿਲਦੇ ਹੋਣ। ਮੇਰੇ ਪੁੱਛਣ ਤੇ ਭਾਪਾ ਜੀ ਬੋਲੇ, "ਮੇਰੇ ਕੋਲੋਂ ਨਹੀਂ ਭੁੰਜੇ ਰੱਗ ਤੇ ਸੁੱਤਾ ਜਾਂਦਾ। ਤੂੰ ਮੈਨੂੰ ਸਵੇਰੇ ਛੇ ਵਜੇ ਛੱਡ ਆਈਂ। ਮੈਂ ਤੇ ਆਪਣੇ ਬੈੱਡ ਤੇ ਰਜਾਈ ਵਿੱਚ ਹੀ ਸੌਂਵਾਂਗਾ"।

"ਜੇ ਪਿਛੋਂ ਕੋਈ ਆ ਗਿਆ ?" ਮੇਰੇ ਪੁੱਛਣ ਤੇ ਬੋਲੇ, "ਵੱਧ ਤੋਂ ਵੱਧ ਫਾਇਰ ਹੀ ਕਰ ਦੇਣਗੇ, ਮੈਂ ਕਿਹੜਾ ਗਵਰਨਰ ਲਗਾਂ ਜੋ ਡਰਾਂ ?" 'ਹਾਂ ਤੁਹਾਨੂੰ ਕੀ ਲੋੜ ਹੈ ਡਰਨ ਦੀ', ਮੈਂ ਦਿਲ ਵਿੱਚ ਹੀ ਸੋਚਿਆ। ਡਰਾਂ ਤਾਂ ਮੈਂ ਜਿਨ੍ਹੇ ਕਿਰਾਇਆ ਵੀ ਦੇਣਾ, ਗਰੋਸਰੀ ਵੀ ਕਰਨੀ, ਨਿਆਣੇ ਵੀ ਪਾਲਣੇ। ਸਾਡੀ ਮਸਤੀ ਤੇ ਨੀਂਦ ਦੋਵੇਂ ਉੱਡ ਗਏ। ਮੈਂ ਤੇ ਇੱਕ ਲੰਡੂ ਜਿਹਾ ਲਾਕੇ ਸੌਂ ਗਿਆ ਤੇ ਪ੍ਰਸਿੰਨੀ ਪਤਾ ਨਹੀਂ ਕਦੋਂ ਸੁਤੀ ਹੋਊ।

ਉਹੋ ਗੱਲ ਹੋਈ ਅੱਧੀ ਰਾਤ ਨੂੰ ਫੋਨ ਖੜਕ ਪਿਆ। ਭਾਪਾ ਜੀ ਨੇ ਮੈਨੂੰ ਉਠਾਇਆ। ਅਸੀਂ ਡਰਦੇ ਫੋਨ ਨੂੰ ਹੱਥ ਨਾ ਲਾਈਏ। ਪਤਾ ਨਹੀਂ ਕਿਹੋ ਜਿਹਾ ਬੰਬ ਚਲੂ ? ਕਿਤੇ ਅੱਗ ਹੀ ਨਾ ਲੱਗ ਗਈ ਹੋਵੇ ? ਅਸੀਂ ਦੋਵੇਂ ਪਿਉ ਪੁੱਤ 'ਤੂੰ ਚੁੱਕ ਤੂੰ ਚੁੱਕ' ਕਰਦੇ ਬਹਿਸ ਰਹੇ ਸੀ ਜਦੋਂ ਪ੍ਰਸਿੰਨੀ ਨੇ ਫੋਨ ਚੁੱਕਕੇ ਹੈਲੋ ਕਿਹਾ। ਅਗੋਂ ਨਿਹਾਲ ਸੀ, ਬੋਲਿਆ, "ਮੌਮ ਗੁਡ ਨਾਈਟ"। ਐਨਾ ਆਖਕੇ ਉਸਨੇ ਫੋਨ ਰੱਖ ਦਿੱਤਾ। ਸਾਡੀ ਜਾਨ ਵਿੱਚ ਜਾਨ ਆਈ। ਵਧੇ ਬਲਡ ਪਰੈਸ਼ਰ ਨਾਲ ਨਾ ਭਾਪੇ ਨੂੰ ਨੀਂਦ ਆਵੇ ਤੇ ਨਾ ਮੈਨੂੰ। ਭਾਪਾ ਕਹਿੰਦਾ, ਚਲ ਚਾਹ ਹੀ ਬਣਾ ਲੈ। ਚਾਹ ਪੀਂਦਿਆਂ ਕਰਦਿਆਂ ਨੂੰ



ਚਾਰ ਵੱਜ ਗਏ। ਮੈਂ ਕਿਹਾ "ਚਲ ਭਾਪਾ ਤੁਹਾਨੂੰ ਛੱਡ ਆਵਾਂ"।

ਭਾਪੇ ਨੇ ਘੜੀ ਵੇਖੀ ਤੇ ਬੋਲਿਆ, "ਅਜੇ ਤਾਂ ਘੰਟਾ ਰਹਿੰਦਾ ਹੈ"। ਮੈਂ ਦਿਲ ਵਿੱਚ ਸੋਚਿਆ ਕਿ ਘੰਟੇ ਦੀ ਚੋਰੀ ਲਈ ਅਜੇ ਹੋਰ ਤਿੰਨ ਜਣਿਆਂ ਦੀ ਨੀਂਦ ਖਰਾਬ ਕਰੇਂਗਾ ਭਾਪਾ ? ਅੱਗੋਂ ਭਾਪਾ ਹੋਰ ਹੀ ਸੋਚੀ ਬੈਠਾ ਸੀ। ਉਹਦੇ ਸੋਚਣ ਦਾ ਢੰਗ ਬੜਾ ਸਿਆਣਾ ਸੀ। ਉਹ ਸੋਚਦਾ ਸੀ ਕਿ ਪੰਜ ਵਜੇ ਘਰੋਂ ਤੁਰਾਂਗੇ। ਸਾਢੇ ਪੰਜ ਵਜੇ ਪਹੁੰਚਾਂਗੇ। ਮੈਂ ਇਹਨੂੰ ਕਹੂੰ ਜਾ ਕਿਤੋਂ ਕਾਫ਼ੀ ਦਾ ਕੱਪ ਫੜਕੇ ਲਿਆ। ਜਿਨ੍ਹਾਂ ਚਿਰ ਨੂੰ ਇਹ ਕਾਫ਼ੀ ਦਾ ਕੱਪ ਲੈਕੇ ਆਵੇਗਾ, ਟਾਈਮ ਸਾਢੇ ਛੇ ਦੇ ਨੇੜ ਤੇੜ ਹੋ ਜਾਣਾ ਹੈ। ਕਾਫ਼ੀ ਪੀਂਦਿਆਂ ਨੂੰ ਵੀ ਦਸ ਮਿੰਟ ਲਗਣਗੇ। ਹੌਲੀ ਹੌਲੀ ਪੰਦਰਾਂ ਮਿੰਟ ਵੀ ਲੱਗ ਸਕਦੇ ਹਨ। ਫਿਰ ਮੈਂ ਇਸਨੂੰ ਕਹਾਂਗਾ ਚਲ ਤੂੰ ਪਤੰਦਰਾ ਕਾਰ ਵਿੱਚ ਬੈਠ, ਮੈਂ ਜ਼ਰਾ ਰਿਪੋਰਟ ਲਿਖ ਲਵਾਂ, ਉਨੇ ਚਿਰ ਨੂੰ ਦੂਜਾ ਸਕਿਉਰਟੀ ਗਾਰਡ ਆ ਜਾਵੇਗਾ ਤੇ ਆਪਾਂ ਇੱਕਠੇ ਹੀ ਘਰ ਨੂੰ ਚਲਾਂਗੇ। ਬੱਸ ਦੀ ਟਿਕਟ ਵੀ ਬਚ ਜਾਊ। ਮੈਂ ਭਾਪੇ ਤੇ ਬਾਹਲਾ ਸ਼ੱਕ ਨਹੀਂ ਕਰਦਾ ਭਾਵੇਂ ਘਿਉ ਦਾ ਪੀਪਾ ਰੁੜ ਜਾਏ ਪਰ ਜਦੋਂ ਉਸਨੇ ਮੈਨੂੰ ਕਾਫ਼ੀ ਲੈਣ ਤੋਰਿਆ ਤਾਂ ਮੈਨੂੰ ਸ਼ੱਕ ਪਈ ਕਿ ਭਾਪੇ ਦੀ ਸਕੀਮ ਕੀ ਹੈ ? ਉਹੋ ਗੱਲ ਹੋਈ, ਅਸੀਂ ਇੱਕਠੇ ਹੀ ਘਰ ਆਏ ਤੇ ਉਨ੍ਹਾਂ ਚਿਰ ਨੂੰ ਪ੍ਰਸਿੰਨੀ ਨੇ ਆਪਣੀ ਰਹਿੰਦੀ ਖੂੰਹਦੀ ਨੀਂਦ ਪੂਰੀ ਕਰ ਲਈ ਸੀ। ਭਾਪਾ ਖ਼ੁਸ਼ ਸੀ ਕਿ ਮੈਂ ਗੋਰਿਆਂ ਨੂੰ ਬੇਵਕੂਫ ਬਣਾ ਲਿਆ। ਮੈਂ ਖ਼ੁਸ਼ ਸੀ ਕਿ ਮੈਂ ਸਾਰੀ ਰਾਤ ਭਾਪੇ ਦੀ ਸੇਵਾ ਕਰਦਾ ਰਿਹਾ ਪਰ ਮੈਨੂੰ ਅੱਜ ਤੱਕ ਸਮਝ ਨਹੀਂ ਲੱਗੀ ਕਿ ਪ੍ਰਸਿੰਨੀ ਕਿਉਂ ਖ਼ੁਸ਼ ਸੀ ? ਕੀ ਇਹ ਉਹਦੇ ਸਹੁਰੇ ਪਰਿਵਾਰ ਪ੍ਰਤੀ ਸੰਸਕਾਰ ਸਨ ਜਾਂ ਕੋਈ ਹੋਰ ਗੱਲ ਸੀ। ਇਹ ਵੀ ਹੋ ਸਕਦਾ ਹੈ, ਉਹ ਸੋਚਦੀ ਹੋਵੇ ਕਿ ਇਦਾਂ ਉਹਦੇ ਆਪਣੇ ਭਾਪੇ ਦੇ ਬੇਰ ਡੁਲਣੋਂ ਬਚ ਜਾਂਦੇ ਹਨ। ਉਹ ਵੀ ਤੇ ਜੱਗੋਂ ਤੇਰਵੀਂ ਚੀਜ਼ ਹੈ। ਚਲੋ ਖ਼ੁਸ਼ੀ ਤਾਂ ਖ਼ੁਸ਼ੀ ਹੈ, ਕਾਰਣ ਕੋਈ ਵੀ ਹੋਵੇ।

ਮੈਂ ਆਪਣਾ ਬੈੱਗ ਚੁੱਕਿਆ, ਕਾਰ ਦੀ ਡਿਕੀ ਵਿੱਚ ਰੱਖਿਆ ਤੇ ਕਾਰ ਗਰਮ ਕਰਨ ਲਈ ਸਟਾਰਟ ਕਰਕੇ ਅੰਦਰ ਆ ਗਿਆ। ਮੈਂ ਪ੍ਰਸਿੰਨੀ ਨੂੰ ਪੁੱਛਿਆ, "ਤੂੰ ਮੋਚਨਾ ਰੱਖਣ ਲੱਗੀ ਨੇ ਛੋਟਾ ਸ਼ੀਸ਼ਾ ਪਾ ਦਿੱਤਾ ਸੀ ਬੈੱਗ ਵਿੱਚ ਕਿ ਨਹੀਂ ?"

"ਨਹੀਂ ਜੀ, ਪਿਛਲੀ ਵਾਰ ਤੁਸੀਂ ਕਹਿੰਦੇ ਸੀ ਕਿ ਕੈਬਿਨ ਵਿੱਚ ਸ਼ੀਸ਼ਾ ਹੈਗਾ।"

"ਹੈਗਾ ਤਾਂ ਹੈ ਪਰ ਉਸ ਸ਼ੀਸ਼ੇ ਲਈ ਖੜਨਾ ਪੈਂਦਾ। ਮੈਂ ਕਹਿਨਾ ਬਈ ਛੋਟਾ ਸ਼ੀਸ਼ਾ ਹੋਵੇ ਹੈਂਡੀ ਜਿਹਾ, ਬੰਦਾ ਕੁਰਸੀ ਤੇ ਬਹਿਕੇ ਆਪਣਾ ਕੰਮ ਕਰਦਾ ਰਹੇ ਜਦੋਂ ਅੱਧ-ਅਚਧੀ ਤਸਲੀ ਹੋ ਜਾਏ ਫੇਰ ਹੀ ਖੜਾ ਹੋਕੇ ਵੱਡਾ ਸ਼ੀਸ਼ਾ ਵੇਖੇ। ਨਾਲੇ ਛੋਟੇ ਸ਼ੀਸ਼ੇ ਨਾਲ ਵਾਹਵਾ ਟਾਈਮ ਪਾਸ ਹੋ ਜਾਂਦਾ।" ਪ੍ਰਸਿੰਨੀ ਨੇ ਆਪਣੇ ਪਰਸ ਵਿਚੋਂ ਛੋਟਾ ਜਿਹਾ ਸ਼ੀਸ਼ਾ ਜਿਸਦੀ ਸ਼ਕਲ 'ਲਵ' ਵਰਗੀ ਸੀ ਮੈਨੂੰ ਫੜਾ ਦਿੱਤਾ। ਮੈਂ ਸ਼ੀਸ਼ਾ ਲੈਕੇ ਕਾਰ ਵਿੱਚ ਬੈਠ ਗਿਆ ਤੇ ਕਾਰ ਤੋਰ ਲਈ। ਰਾਹ ਵਿੱਚ ਜਾਂਦਿਆਂ ਦੋਚਿੱਤੀ ਵਿੱਚ ਪੈ ਗਿਆ, ਕੀ ਕਰਾਂ ਤੇ ਕੀ ਨਾਂ ਕਰਾਂ। ਇੱਕ ਦਿਲ ਕਰੇ ਕਿ ਰਾਹ ਵਿਚੋਂ ਬਕਾਰਡੀ ਦੀ ਮਿਕੀ ਫੜ ਲਵਾਂ ਤੇ ਇੱਕ ਦਿਲ ਕਰੇ ਰਹਿਣ ਦੇਵਾਂ। ਜੇ ਤੇ ਜਾਂਦਿਆਂ ਨੂੰ ਮਿਲ ਪਿਆ ਫਰੈਂਕ, ਫਿਰ ਤਾਂ ਲੋੜ ਨਹੀਂ ਕਿਸੇ ਚੀਜ਼ ਦੀ। ਪਿਛਲੀ ਵਾਰ ਜਦੋਂ ਮੈਂ ਸਾਈਟ ਤੇ ਕਾਰ ਲਾਈ ਸੀ ਤਾਂ ਸਾਰੇ ਵਰਕਰ ਜਾ ਚੁੱਕੇ ਸਨ। ਸਿਰਫ ਫਰੈਂਕ ਹੀ ਪਤਾ ਨਹੀਂ ਕੀ ਕੰਮ ਕਰ ਰਿਹਾ ਸੀ। ਉਸਨੇ ਦੁਆ ਸਲਾਮ ਤੋਂ ਬਾਦ ਮੈਨੂੰ ਘਰ ਦੀ ਬਣੀ ਵਾਈਨ ਦਾ ਗਲਾਸ ਭਰ ਦਿੱਤਾ। ਮੈਂ ਸਭ ਤੋਂ ਪਹਿਲਾਂ ਕੈਬਿਨ ਵਿੱਚ ਜਾਕੇ ਰਿਪੋਰਟ ਭਰੀ ਤੇ ਫੇਰ ਵਾਈਨ ਦਾ ਗਲਾਸ ਦੋ ਤਿੰਨ ਘੁਟਾਂ ਵਿੱਚ ਪੀ ਲਿਆ।

ਵਾਈਨ ਦੇ ਅਸਰ ਨਾਲ ਮੈਨੂੰ ਅੱਧੇ ਘੰਟੇ ਵਿੱਚ ਹੀ ਨੀਂਦ ਆ ਗਈ। ਮੈਂ ਕਾਰ ਦੀ ਸੀਟ ਥੱਲੇ ਸੁੱਟ ਲਈ ਤੇ ਸੌਂ ਗਿਆ। ਜਦੋਂ ਮੈਨੂੰ ਜਾਗ ਆਈ, ਚਾਰ ਤੋਂ ਉਪਰ ਟਾਈਮ ਹੋ ਗਿਆ ਸੀ। ਮੈਂ ਕਾਰ ਤੋਂ ਬਾਹਰ ਨਿਕਲਕੇ ਲੱਤਾਂ ਸਿੱਧੀਆਂ ਕੀਤੀਆਂ। ਮੈਨੂੰ ਜਾਗਿਆ ਵੇਖਕੇ ਫਰੈਂਕ ਫਿਰ ਮੇਰੇ ਕੋਲ ਆ

ਗਿਆ, ਪੰਜ ਕੁ ਮਿੰਟ ਗੱਲਾਂ ਕਰਕੇ ਉਹ ਫਿਰ ਗਲਾਸ ਭਰ ਲਿਆਇਆ, ਮੈਂ ਉਹ ਵੀ ਪੀ ਲਿਆ ਤੇ ਫਿਰ ਸੌਂ ਗਿਆ। ਮੈਨੂੰ ਛੇ ਵਜੇ ਫਰੈਂਕ ਨੇ ਉਠਾਇਆ ਤੇ ਬੋਲਿਆ, "ਚੰਗਾ ਦੋਸਤ, ਹੁਣ ਮੈਂ ਚਲਦਾ ਹਾਂ, ਮੇਰਾ ਕੰਮ ਹੋ ਗਿਆ ਹੈ।" ਮੈਂ ਕਾਰ 'ਚੋਂ ਨਿਕਲਕੇ ਉਸ ਨਾਲ ਹੱਥ ਮਿਲਾਇਆ ਤੇ ਉਸਨੇ ਅੱਧੀ ਬੋਤਲ ਵਾਈਨ ਦੀ ਹੋਰ ਫੜਾ ਦਿੱਤੀ। ਮੇਰੀ ਰਾਤ ਵੀ ਸੌਖੀ ਲੰਘ ਗਈ। ਅਗਲੇ ਦਿਨ ਸਵੇਰੇ ਦੋ ਤਿੰਨ ਚਕਰ ਲਾਏ, ਰਿਪੋਰਟ ਲਿਖੀ ਪਰ ਉਹਦੇ ਵਿੱਚ ਮੈਂ ਫਰੈਂਕ ਦਾ ਕੋਈ ਜ਼ਿਕਰ ਨਾ ਕੀਤਾ ਤੇ ਘਰ ਨੂੰ ਆ ਗਿਆ। ਘਰ ਆਏ ਦੀ ਸੇਵਾ ਪ੍ਰਸਿੰਨੀ ਨੇ ਕਰ ਦਿੱਤੀ। ਉਹ ਵਿਚਾਰੀ ਸੋਚਦੀ ਸੀ ਕਿ ਮੈਂ ਚੌਵੀ ਘੰਟੇ ਲਗਾ ਕੇ ਆਇਆ ਹਾਂ, ਥਕਿਆ ਹਾਂ। ਚੰਗੀ ਭਲੀ ਸੇਵਾ ਕਰਦੀ ਪ੍ਰਸਿੰਨੀ, ਮੈਂ ਆਪ ਹੀ ਖਰਾਬ ਕਰ ਲਈ। ਪਤਾ ਨਹੀਂ ਕਦੋਂ ਤੇ ਕਿਉਂ ਮੈਂ ਉਸਨੂੰ ਸਾਰਾ ਕਿੱਸਾ ਦੱਸ ਦਿੱਤਾ ਕਿ ਅਸੀਂ ਬਹਿ ਖਲੋਕੇ ਤੇ ਸੌਂ ਕੇ ਆ ਜਾਂਦੇ ਹਾਂ। ਉਸਤੋਂ ਬਾਦ ਉਹ ਇਸਤਰ੍ਹਾਂ ਵਿਵਹਾਰ ਕਰਨ ਲੱਗ ਪਈ ਜਿਵੇਂ ਮੈਂ ਡਿਊਟੀ ਤੋਂ ਨਹੀਂ ਬਲਕਿ ਆਪਣੀ ਭੂਆ ਨੂੰ ਮਿਲਕੇ ਆਇਆ ਹੋਵਾਂ। ਨਿਹਾਲਾ ਤੇ ਦਿਆਲਾ ਦੋਵੇਂ ਘਰੇ ਸਨ ਪਰ ਲਗਦਾ ਨਹੀਂ ਸੀ ਕਿ ਉਹ ਘਰੇ ਰਹਿਣਗੇ। ਮੁਲਤਾਨੀ ਕੇਸੀ ਨਹਾਕੇ ਵਾਲ ਸੁਕਾ ਰਿਹਾ ਸੀ ਤੇ ਭਾਪਾ ਜੀ ਪਾਠ ਕਰ ਰਹੇ ਸਨ।

ਪਰ ਅੱਜ ਪਤਾ ਨਹੀਂ ਫਰੈਂਕ ਮਿਲੇ ਜਾਂ ਨਾ ਮਿਲੇ। ਜੇ ਨਾ ਮਿਲਿਆ ਤਾਂ ਰਾਤ ਕਿਵੇਂ ਲੰਘੂ, ਇਹ ਸੋਚਕੇ ਮੈਂ ਰਾਹ ਵਿਚੋਂ ਮਿੱਕੀ ਲੈ ਹੀ ਲਈ, ਰਿਜ਼ਰਵ ਕੋਟੇ ਲਈ। ਕੁਲਦੀਪ ਮੇਰੀ ਇੰਤਜ਼ਾਰ ਕਰ ਰਿਹਾ ਸੀ। ਮੈਂ ਉਸਦੀ ਰਿਪੋਰਟ ਪੜ੍ਹੀ। ਰਿਪੋਰਟ ਵਿੱਚ ਦਰਜ਼ ਸੀ ਕਿ ਚਾਬੀ ਨੰਬਰ ਚਾਰ ਮਿਸਿੰਗ ਹੈ। "ਚੱਕ ਤੇ ਫੱਟੇ ਚਾਰ ਨੰਬਰ ਦੇ?"

"ਨਹੀਂ ਮੈਂ ਨਹੀਂ ਕੁੱਝ ਕੀਤਾ। ਉਹ ਤਾਂ ਪਹਿਲਾਂ ਹੀ ਮਿਸ ਸੀ, ਜਦੋਂ ਮੈਂ ਆਇਆ ਪਿਛਲੀ ਰਿਪੋਰਟ ਵਿੱਚ ਇਹੋ ਲਿਖਿਆ ਸੀ। ਮੈਂ ਸਾਰੀਆਂ ਪਿਛਲੀਆਂ ਰਿਪੋਰਟਾਂ ਤੇ ਝਾਤੀ ਮਾਰੀ ਸੀ, ਚਾਬੀ ਬੁੱਧਵਾਰ ਦੀ ਮਿਸਿੰਗ ਹੈ ਮੇਰੇ ਖਿਆਲ ਵਿੱਚ ਐਤਕੀਂ ਡਰੋਮ ਦਾਅ ਲਾ ਗਿਆ ਹੈ।"

"ਚਲੋ ਸਿਖਾਈ ਚਲੋ ਇਨ੍ਹਾਂ ਗੋਰਿਆਂ ਨੂੰ ਵੀ ਆਪਣੀਆਂ ਸਕਿਲਾਂ, ਇਹ ਵੀ ਕੀ ਯਾਦ ਕਰਨਗੇ।" ਮੈਂ ਆਪਣਾ ਟਾਈਮ ਭਰ ਕੇ ਰਿਪੋਰਟ ਦੀ ਪਹਿਲੀ ਲਾਈਨ ਲਿਖ ਦਿੱਤੀ। ਮੌਸਮ ਅੱਜ ਬਹੁਤ ਹੀ ਸੁਹਾਉਣਾ ਸੀ। ਕੋਈ ਵੀ ਵਰਕਰ ਕੰਮ ਤੇ ਨਹੀਂ ਸੀ। ਸੁਪਰਡੈਂਟ ਵੀ ਜਾ ਚੁੱਕਾ ਸੀ। ਅੱਜ ਸੁਪਰ ਬਾਲ ਦੀ ਗੇਮ ਆ ਰਹੀ ਸੀ। ਇਸੇ ਕਰਕੇ ਚਾਰੇ ਪਾਸੇ ਵਿਰਾਨੀ ਛਾਈ ਹੋਈ ਸੀ। ਮੈਂ ਕੁਲਦੀਪ ਕੋਲੋਂ ਚਾਬੀਆਂ ਲਈਆਂ ਤੇ ਆਪਣੀ ਜੇਬ ਵਿਚੋਂ ਦੋ ਚਾਬੀਆਂ ਕਢਕੇ, ਉਹ ਵੀ ਰਲਾ ਲਈਆਂ। ਕੁਲਦੀਪ ਨੇ ਕਾਹਲੀ ਕਰਦਿਆਂ ਕਾਰ ਚੁੱਕੀ ਤੇ ਘਰ ਨੂੰ ਤੁਰ ਪਿਆ। ਉਹ ਮਾਈ ਗੌਡ, ਮੈਂ ਮੱਥੇ ਤੇ ਹੱਥ ਮਾਰਿਆ। ਮੈਂ ਕੁਲਦੀਪ ਨੂੰ ਚਾਬੀਆਂ ਦੀ ਸੀਕੁੰਅਸ ਤਰਤੀਬ ਪੁੱਛਣੀ ਤਾਂ ਭੁੱਲ ਹੀ ਗਿਆ ਸੀ। ਹੁਣ ਕੀ ਹੋਊ? ਹੁਣ ਘਟੋ ਘਟ ਇੱਕ ਚੱਕਰ ਤਾਂ ਲਾਉਣਾ ਹੀ ਪੈਣਾ ਸੀ। ਮੇਰੀ ਵੀ ਕਿਸਮਤ ਖਰਾਬ ਹੈ, ਸੋਚਦਿਆਂ ਮੈਂ ਕਲਾਕ ਦੀ ਪੇਟੀ ਨੂੰ ਗਰਦਨ ਦੁਆਲੇ ਪਾਇਆ ਤੇ ਕਾਪੀ ਪੈਨ ਲੈਕੇ ਚਲ ਪਿਆ। ਚਾਬੀਆਂ ਦੀ ਲੋਕੇਸ਼ਨ ਵਾਲਾ ਪੇਪਰ ਮੈਂ ਟੇਬਲ ਤੋਂ ਚੁੱਕ ਲਿਆ। ਮੇਰੇ ਗਲੇ ਵਿੱਚ ਕਲਾਕ ਇਸਤਰ੍ਹਾਂ ਪਿਆ ਸੀ ਜਿਵੇਂ ਰਾਮ ਜੀ ਭੁੱਜੇ ਛੋਲੇ ਵੇਚਣ ਸਾਡੇ ਮਹਲੇ ਵਿੱਚ ਆਉਂਦਾ ਹੁੰਦਾ ਸੀ। ਕਸਰ ਸਿਰਫ ਇਤਨੀ ਸੀ ਕਿ ਉਹ ਸੈਲਫ ਅਮਪਲਾਇਡ ਸੀ ਤੇ ਮੈਂ ਇੱਕ ਵਰਕਰ। ਨਕਸ਼ੇ ਮੁਤਾਬਕ ਪਲਾਟ ਨੰਬਰ 87 ਦੇ ਗੈਰਾਜ਼ ਦੇ ਖੱਬੇ ਪਾਸੇ ਚਾਬੀ ਦਾ ਲਟਕਿਆ ਹੋਣਾ ਜ਼ਰੂਰੀ ਸੀ। ਮੈਂ ਗੈਰਾਜ਼ ਵਿੱਚ ਜਾਕੇ ਚਾਬੀ ਨੂੰ ਕਲਾਕ ਵਿੱਚ ਵਾੜਕੇ ਘੁੰਮਾਇਆ ਤੇ ਬਾਹਰ ਆ ਗਿਆ। ਅਜੇ ਮੈਂ ਪੰਜ ਸੱਤ ਕਦਮ ਹੀ ਤੁਰਿਆ ਸਾਂ ਕਿ ਮੈਨੂੰ ਚੇਤਾ ਆਇਆ ਕਿ ਚਾਬੀ ਦਾ ਨੰਬਰ ਤੇ ਮੈਂ ਚੈੱਕ ਹੀ ਨਹੀਂ ਕੀਤਾ ਸੀ। ਮੈਂ ਫਿਰ ਵਾਪਸ ਮੁੜਿਆ ਤੇ ਦੇਖਿਆ ਸੱਤ ਨੰਬਰ ਚਾਬੀ ਸੀ। ਮੈਂ ਆਪਣੀ ਕਾਪੀ ਤੇ ਨੋਟ ਕਰ ਲਿਆ। ਇਸਤਰ੍ਹਾਂ ਪੂਰਾ ਚੱਕਰ ਲਾਕੇ ਮੈਂ ਸਾਰੀਆਂ ਚਾਬੀਆਂ ਦੇ ਨੰਬਰ ਨੋਟ ਕਰ ਲਏ। ਪੂਰੇ



ਘੰਟੇ ਦਾ ਚੱਕਰ ਸੀ। ਚਲ ਫੀਲਡ ਵਰਕ ਮੁੱਕਾ। ਹੁਣ ਮੈਨੂੰ ਬਾਹਰ ਜਾਣ ਦੀ ਲੋੜ ਨਹੀਂ ਸੀ। ਹਰ ਦੋ ਘੰਟੇ ਬਾਦ ਮੈਂ ਜੇਬੇ ਪਈਆਂ ਚਾਬੀਆਂ ਨੂੰ ਵਾਰੀ ਵਾਰੀ ਕੱਢਣਾ ਸੀ ਤੇ ਹਰ ਦਸ ਮਿੰਟ ਦੇ ਫਰਕ ਨਾਲ ਇੱਕ ਚਾਬੀ ਪੰਚ ਕਰ ਦੇਣੀ ਸੀ। ਇਹ ਵੀ ਪੰਗਾ ਹੀ ਸੀ। ਸਾਰੀ ਰਾਤ ਜਾਗਦੇ ਰਹੋ। ਘੰਟੇ ਡੇਢ ਘੰਟੇ ਲਈ ਕੌਣ ਸੌਂ ਸਕਦਾ ਹੈ?

ਭਾਪੇ ਨੇ ਇਸਦਾ ਵੀ ਹੱਲ ਲੱਭ ਲਿਆ ਸੀ। ਜਿਵੇਂ ਨਾਸਾ ਵਾਲਿਆਂ ਨੇ ਮੰਗਲ ਗ੍ਰਹਿ ਲਭ ਲਿਆ ਸੀ, ਸਾਡੇ ਭਾਪੇ ਨੇ ਵੀ ਬੜਾ ਕੁੱਝ ਸੋਚ ਵਿਚਾਰ ਕੇ ਇੱਕ ਖੋਜ ਕਰ ਲਈ ਸੀ। ਉਨ੍ਹਾਂ ਸੋਚਿਆ ਕਿ ਹਰ ਦੋ ਘੰਟੇ ਬਾਦ ਕਲਾਕ ਪੰਚ ਕਰਨ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਉਨ੍ਹਾਂ ਸੋਚਿਆ ਕਿ ਕਿਉਂ ਨਾ ਕਲਾਕ ਹੀ ਖੋਲ੍ਹਣ ਦਾ ਪ੍ਰਬੰਧ ਕੀਤਾ ਜਾਵੇ? ਜੇ ਕਲਾਕ ਲਗ ਜਾਵੇ ਤਾਂ ਉਸ ਵਿੱਚ ਪਏ ਟਾਈਮ ਵਰਕੇ ਨੂੰ ਇਕੋ ਵਾਰ ਹੱਥ ਨਾਲ ਘੁੰਮਾਕੇ ਪੰਚ ਕਰਕੇ ਕੰਮ ਮੁਕਾਇਆ ਜਾਵੇ। ਉਨ੍ਹਾਂ ਇੱਕ ਦਿਨ ਘਰੋਂ ਦੋ ਤਿੰਨ ਤਾਰਾਂ, ਇੱਕ ਹੈਂਗਰ ਤੇ ਕੈਨੇਡੀਅਨ ਟਾਇਰ ਤੋਂ ਦੋ ਰੇਤੀਆਂ ਖਰੀਦ ਲਈਆਂ। ਕਿਸੇ ਵੀ ਚੰਗੇ ਕੰਮ ਲਈ ਇਨਵੈਸਟਮੈਂਟ ਤਾਂ ਕਰਨੀ ਹੀ ਪੈਂਦੀ ਹੈ। ਇੱਕ ਰੱਫ ਰੇਤੀ ਤੇ ਇੱਕ ਫਾਈਨ। ਸਾਰੀ ਰਾਤ ਕਲਾਕ ਦੇ ਲੌਕ ਵਿੱਚ ਤਾਰਾਂ ਪਾਕੇ ਸੈੱਟ ਕਰਦੇ ਰਹੇ ਪਰ ਕਲਾਕ ਦਾ ਲੌਕ ਨਾ ਖੁੱਲ੍ਹਿਆ। ਭਾਪਾ ਜੀ ਡਾਹਢੇ ਪ੍ਰੇਸ਼ਾਨ ਹੋ ਗਏ। ਅਗਲੇ ਦਿਨ ਮੈਨੂੰ ਕਹਿੰਦੇ, "ਚਲ ਮੇਰੇ ਨਾਲ ਕੈਨੇਡੀਅਨ ਟਾਇਰ, ਮੈਂ ਕੁੱਝ ਟੂਲ ਖਰੀਦਣੇ ਹਨ।" ਧਰਮ ਦੀ ਸੌਂਹ ਭਾਪੇ ਦਾ ਪੱਕਾ ਇਰਾਦਾ ਵੇਖਕੇ ਮੈਨੂੰ ਆਪਣੀ ਸਾਰੀ ਕੌਮ ਤੇ ਮਾਣ ਹੋਣ ਲੱਗਾ। ਅਸੀਂ ਤਾਂ ਲੋਹੇ ਦੀਆਂ ਕੰਧਾਂ ਉਖਾੜ ਦਿੱਤੀਆਂ। ਵੱਡੇ ਵੱਡੇ ਕਿਲ੍ਹੇ ਭੰਨ ਦਿੱਤੇ ਆ ਸਾਲਾ ਕਲਾਕ ਦਾ ਲੌਕ ਕੀ ਚੀਜ਼ ਹੈ?

ਮੈਨੂੰ ਕਹਿਣ ਲੱਗੇ, "ਮੇਰੀ ਬਣਾਈ ਤਾਰ ਕਲਾਕ ਦੇ ਲੌਕ ਵਿੱਚ ਜਾਕੇ ਕਲਿਕ ਤਾਂ ਕਰਦੀ ਹੈ ਪਰ ਕਿਤੇ ਜਾਕੇ ਅੜ ਜਾਂਦੀ ਹੈ। ਮੈਂ ਬਥੇਰਾ ਤਾਰ ਨੂੰ ਵੱਡਾ ਛੋਟਾ ਕਰਕੇ ਵੇਖਿਆ ਪਰ ਗੱਲ ਨਹੀਂ ਬਣੀ। ਹੁਣ ਮੇਰਾ ਧਿਆਨ ਦੂਜੇ ਪਾਸੇ ਗਿਆ ਹੈ।"

"ਉਹ ਕੀ ਭਾਪਾ ਜੀ?"

"ਉਹ ਇਦਾਂ ਬੇਟਾ ਕਿ ਕਿਉਂ ਨਾ ਤਾਰ ਦੀ ਚਾਬੀ ਦੀ ਬਜਾਇ ਕਲਾਕ ਦੇ ਲੌਕ ਤੇ ਕੰਮ ਕਰਕੇ ਵੇਖਿਆ ਜਾਵੇ? ਜੇ ਕਿਤੇ ਕੈਨੇਡੀਅਨ ਟਾਇਰ ਵਿਚੋਂ ਬਹੁਤ ਬਰੀਕ ਗੋਲ ਰੇਤੀ ਮਿਲ ਜਾਏ ਤਾਂ ਉਹਦੇ ਨਾਲ ਲੌਕ ਦੇ ਅੰਦਰਲੇ ਹਿੱਸੇ ਨੂੰ ਥੋੜ੍ਹਾ ਰਗੜ ਕੇ ਵੇਖੀਏ। ਹੋ ਸਕਦਾ ਹੈ ਲੌਕ ਹੀ ਮੰਨ ਜਾਏ।"

ਤੇ ਸੱਚੀਂ ਹੀ ਕਲਾਕ ਖੁੱਲ੍ਹ ਗਿਆ। ਹੁਣ ਬਹੁਤ ਮੌਜ ਬਣ ਗਈ ਸੀ। ਜਾਂਦਿਆਂ ਸਾਰ ਕਲਾਕ ਖੋਲ੍ਹੋ। ਟਾਈਮ ਪੇਪਰ ਨੂੰ ਘੁੰਮਾਉ ਤੇ ਪੰਦਰਾਂ ਮਿੰਟ ਵਿੱਚ ਸਾਰਾ ਕਲਾਕ ਪੰਚ ਕਰਕੇ ਵੇਹਲੇ ਹੋ ਜਾਉ ਤੇ ਫਿਰ ਸਾਰੀ ਰਾਤ ਲੱਤ ਤੇ ਲੱਤ ਧਰਕੇ ਸੌਂ ਜਾਉ।

"ਪਰ ਇੱਕ ਤੌਖਲਾ ਤੇ ਅਜੇ ਵੀ ਹੈ ਭਾਪਾ ਜੀ?"

"ਉਹ ਕੀ?" ਭਾਪੇ ਨੇ ਬੜੇ ਵਿਸ਼ਵਾਸ ਨਾਲ ਕਿਹਾ ਕਿ ਐਸਾ ਕਿਹੜਾ ਤੌਖਲਾ ਹੈ ਜਿਸਦੇ ਫਟੇ ਨਹੀਂ ਚਕੇ ਜਾ ਸਕਦੇ?

"ਉਹ ਇੰਝ ਹੈ ਕਿ ਜੇ ਰਾਤ ਨੂੰ ਪੀਟਰ ਜਾਂ ਕੋਈ ਹੋਰ ਸੁਪਰਵਾਇਜ਼ਰ ਆਕੇ, ਕਲੌਕ ਚੈੱਕ ਕਰ ਲਵੇ ਫਿਰ?"

"ਲੈ ਤੂੰ ਤੇ ਕਮਲਾ ਹੋ ਗਿਆ ਹੈਂ। ਉਨ੍ਹਾਂ ਨੂੰ ਸੁਪਨਾ ਆਉਣਾ ਕਲਾਕ ਚੈੱਕ ਕਰਨ ਦਾ? ਚਲੋ ਜੇ ਕਰ ਵੀ ਲਿਆ ਫੇਰ ਕੀ ਹੋਊ? ਵਧ ਤੋਂ ਵਧ ਫਾਇਰ ਹੀ ਕਰ ਦੇਣਗੇ। ਆਪਾਂ ਕਿਹੜੇ ਗਵਰਨਰ ਲੱਗੇ ਹਾਂ? ਜੋ ਡਰਦੇ ਫਿਰੀਏ। ਨਾਲੇ ਬੇਟਾ ਜੀ ਦੋ ਹੀ ਗੱਲਾਂ ਹੁੰਦੀਆਂ ਹਨ, ਜਿੱਤ ਜਾਂ

ਹਾਰ, ਹਾਰ ਦੇ ਡਰੋਂ ਬੰਦਾ ਕਰਮ ਕਰਨਾ ਤੇ ਨਹੀਂ ਛੱਡ ਦਿੰਦਾ"। ਤੇ ਸੱਚ ਹੀ ਮੈਂ ਆਪਣੇ ਆਪ ਨੂੰ ਹੌਂਸਲਾ ਦਿੱਤਾ ਤੇ ਆਪਣੇ ਆਪ ਨੂੰ ਕਿਹਾ 'ਮੈਂ ਵਾਕਿਆ ਹੀ ਡਰਪੋਕ ਹਾਂ।' ਗਦਰੀ ਬਾਬਿਆਂ ਦੇ ਵਾਰਸ ਅੱਜ ਕਿਤਨੇ ਬੇਈਮਾਨ ਤੇ ਡਰਪੋਕ ਹੋ ਗਏ ਹਨ। ਹੁਣ ਕਲਾਕ ਤਾਂ ਖੋਲ੍ਹ ਲੈਂਦੇ ਸਾਂ, ਅਸੀਂ ਪਿਉ-ਪੁੱਤ ਪਰ ਇੱਕ ਹੋਰ ਹੀ ਪੰਗਾ ਪੈ ਗਿਆ।

ਘਰ ਵਿੱਚ ਨਿਆਣਿਆਂ ਨੇ ਬਗਾਵਤ ਕਰ ਦਿੱਤੀ। ਦਿਆਲਾ ਤੇ ਨਿਹਾਲਾ ਦੋਵੇਂ ਭਾਪੇ ਤੋਂ ਬਹੁਤ ਦੁਖੀ ਹੋ ਗਏ। ਭਾਪਾ ਤਾਂ ਆਪਣੇ ਵੱਲੋਂ ਦੋਵੇਂ ਪੋਤਰਿਆਂ ਨੂੰ ਆਪਣੇ ਕਲਚਰ ਨਾਲ ਜੋੜਨ ਦੀ ਜੀ ਤੋੜ ਕੋਸ਼ਿਸ਼ ਕਰ ਰਿਹਾ ਸੀ ਪਰ ਪੋਤਰਿਆਂ ਦੀ ਬਰਦਾਸ਼ਤ ਕਰਨ ਦੀ ਹੱਦ ਬਹੁਤ ਥੋੜ੍ਹੀ ਸੀ। ਮੈਂ ਆਪ ਤੇ ਕਦੇ ਇਸ ਤਰ੍ਹਾਂ ਸੋਚ ਹੀ ਨਹੀਂ ਸਕਦਾ ਸੀ। ਮੇਰੀ ਬਰਦਾਸ਼ਤ ਕਰਨ ਦੀ ਹੱਦ ਬਹੁਤ ਦੂਰ ਦੂਰ ਤੱਕ ਫੈਲੀ ਹੋਈ ਸੀ। ਮੇਰੇ ਤਾਂ ਸੰਸਕਾਰ ਹੀ ਐਸੇ ਸਨ ਕਿ ਕਦੇ ਵੀ ਵੱਡਿਆਂ ਦਾ ਕਿਹਾ ਨਹੀਂ ਮੋੜਨਾ। ਭਾਪੇ ਦੀਆਂ ਅਜੀਬੋ-ਗਰੀਬ ਸੋਚਾਂ ਨੇ ਮੈਨੂੰ ਵੀ ਕਈ ਵਾਰ ਸੋਚੀਂ ਪਾਇਆ ਸੀ ਪਰ ਪਰਿਵਾਰ ਵਿੱਚ ਸੋਚਣਾ ਮੇਰਾ ਕੰਮ ਨਹੀਂ ਸੀ। ਮੇਰਾ ਕੰਮ ਸੀ ਕਿ ਜੇ ਬਹੁਤਾ ਹੀ ਔਖਾ ਹੈਂ ਤਾਂ ਦੋ ਦਰਾਮ ਵਧ ਪੀ ਲੈ। ਜਿਸਦੀ ਮੈਨੂੰ ਇਜਾਜ਼ਤ ਵੀ ਸੀ। ਭਾਪੇ ਦੀਆਂ ਸੋਚਾਂ, ਮੇਰੇ ਦੋ ਦਰਾਮ ਤੇ ਪ੍ਰਸਿੰਨੀ ਦੀ ਬੁੜ ਬੁੜ ਨੇ ਕਈ ਕੁੱਝ ਭੰਨ ਤੋੜਕੇ ਇੱਕ ਵਖਰੀ ਹੀ ਦੁਨੀਆਂ ਵਸਾ ਲਈ ਸੀ। ਉਹ ਵੀ ਸੱਚੇ ਸਨ। ਭਾਰਤ ਤੋਂ ਪੁੱਟੀਆਂ ਆਪਣੀਆਂ ਜੜ੍ਹਾਂ ਨੂੰ ਉਹ ਕੈਨੇਡਾ ਵਰਗੀ ਨਰਮ ਧਰਤੀ ਤੇ ਸਹਿਜ ਭਾਅ ਹੀ ਲਾਉਣਾ ਚਾਹੁੰਦੇ ਸਨ। ਮੈਨੂੰ ਤਾਂ ਉਹ ਰਬੜ ਵਾਂਗ ਖਿਚਕੇ ਵੱਡਾ ਕਰ ਲੈਂਦੇ। ਪਹਿਲਾਂ ਖਿਚੀ ਰਬੜ ਫਿਰ ਆਨੇ ਸਿਰ ਆ ਜਾਂਦੀ ਪਰ ਹੌਲੀ ਹੌਲੀ ਰਬੜ ਦਾ ਰਕਬਾ ਵਧ ਹੀ ਜਾਂਦਾ ਤੇ ਮੇਰੀ ਬਰਦਾਸ਼ਤ ਦੀ ਸੁੰਗੜ ਰਹੀ ਹੋਂਦ ਦੇ ਖੱਤੇ ਨਾਲ ਖੱਤਾ ਜੁੜਦਾ ਗਿਆ ਤੇ ਭਾਪੇ ਦੀ ਰਿਆਸਤ ਵੱਡੀ ਹੁੰਦੀ ਜੋ ਦਿਸ ਰਹੀ ਸੀ ਅਸਲ ਵਿੱਚ ਉਹ ਇੱਕ ਅਫਰਾ ਤਫਰੀ ਹੀ ਸੀ। ਭਾਪੇ ਨੇ ਅਸ਼ਵਮੇਧ ਦਾ ਘੋੜਾ ਛੱਡਿਆ ਹੋਇਆ ਸੀ। ਚਕਰਵਰਤੀ ਰਾਜਾ ਬਨਣ ਦੇ ਜੱਗ ਵਿੱਚ ਉਨ੍ਹਾਂ ਦੇ ਅਥਰੇ ਘੋੜੇ ਨੂੰ ਦਿਆਲੇ ਤੇ ਨਿਹਾਲੇ ਨੇ ਫੜ ਲਿਆ। ਬੱਸ 'ਨੋ ਮੋਰ' ਜਾਂ ਭਾਪਾ ਜੀ ਜਾਂ ਅਸੀਂ ਦਾ ਫੁਰਮਾਨ ਜਾਰੀ ਹੋ ਗਿਆ। ਨਿਆਣਿਆਂ ਵੱਲੋਂ ਉਨ੍ਹਾਂ ਦੀ ਸੈਨਾਪਤੀ ਪ੍ਰਸਿੰਨੀ ਨੇ ਮੈਨੂੰ ਵੀ ਬਿਗਲ ਵਜਾਕੇ ਲਲਕਾਰ ਦਿੱਤਾ। ਪਹਿਲਾਂ ਪਹਿਲ ਤੇ ਮੈਂ ਚਲਾਕੀਆਂ ਕਰਦਾ ਰਿਹਾ। ਤੂੰ ਵੀ ਠੀਕ ਹੈਂ ਤੇ ਮੈਂ ਵੀ ਗਲਤ ਨਹੀਂ ਪਰ ਜਦੋਂ ਲਕੀਰ ਹੀ ਖਿਚੀ ਗਈ ਤਾਂ ਉਸ ਲਕੀਰ ਨੂੰ ਨਰੈਣ ਸਿੰਘ ਨੇ ਵੀ ਵੇਖ ਲਿਆ। ਨਰੈਣ ਸਿੰਘ ਵੱਟ ਖਾ ਗਿਆ ਤੇ ਆਪਣੀ ਸਫ ਵਲੇਟ ਕੇ ਆਪਣੇ ਕਿਸੇ ਬੇਲੀ ਨਾਲ ਰਹਿਣ ਲੱਗ ਪਿਆ। ਦਿਆਲੇ ਤੇ ਨਿਹਾਲੇ ਨੇ ਭਾਵੇਂ ਭਾਪਾ ਤਾਂ ਭਜਾ ਦਿੱਤਾ ਸੀ ਪਰ ਨੁਕਸਾਨ ਮੇਰਾ ਹੋ ਗਿਆ।

ਮੈਂ ਭਾਪੇ ਕੋਲੋਂ ਕਲਾਕ ਖੋਲ੍ਹਣ ਦੀ ਟੈਕਨੀਕ ਨਾ ਸਿਖ ਸਕਿਆ। ਇੱਕ ਦੋ ਵਾਰ ਮੈਂ ਵੀ ਗੋਲ ਰੇਤੀ ਲੈਕੇ ਕਲਾਕ ਦੇ ਲੌਕ ਵਿੱਚ ਫਸਾ ਲਈ। ਰੇਤੀ ਦਾ ਗੋਲ ਹੋਣਾ ਹੀ ਕਾਫੀ ਨਹੀਂ ਸੀ। ਇੱਕ ਵਾਰ ਤਾਂ ਰੇਤੀ ਹੀ ਫਸ ਗਈ, ਸਾਲੀ ਬਾਹਰ ਹੀ ਨਾ ਆਵੇ। ਉਹ ਤੇ ਸ਼ੁਕਰ ਹੈ ਕਿ ਪੀਟਰ ਨੇ ਦੋ ਹਫਤੇ ਕਲਾਕ ਚੈੱਕ ਹੀ ਨਹੀਂ ਕੀਤਾ ਤੇ ਜਦੋਂ ਕੀਤਾ ਉਦੋਂ ਤੱਕ ਬਹੁਤ ਪਾਣੀ ਪੁਲਾਂ ਥੱਲਿਉਂ ਲੰਘ ਚੁੱਕਾ ਸੀ। ਪਤਾ ਤਾਂ ਲੱਗ ਗਿਆ ਕਿ ਕਲਾਕ ਨਾਲ ਛੇੜ ਛਾੜ ਹੋਈ ਹੈ ਪਰ ਕੀਹਨੇ ਕੀਤੀ ਇਹਦਾ ਪਤਾ ਨਹੀਂ ਲੱਗ ਸਕਿਆ। ਮੈਂ ਬਥੇਰੇ ਵਾਸਤੇ ਪਾਏ ਆਪਣੀ ਸੇਵਾ ਦੇ ਪਰ ਭਾਪੇ ਨੇ ਮੈਨੂੰ ਗੁਰ ਨਾ ਦੱਸਿਆ। ਉਹ ਤੇ ਹੁਣ ਮੇਰੇ ਕੋਲੋਂ ਰਾਈਡ ਵੀ ਨਹੀਂ ਲੈਂਦਾ ਸੀ। ਛੇ ਕੁ ਮਹੀਨੇ ਪਹਿਲਾਂ ਰਿਟਾਇਰ ਵੀ ਹੋ ਗਿਆ ਪਰ ਗੁਝਾ ਭੇਤ ਮੈਨੂੰ ਨਹੀਂ ਦੱਸਿਆ। ਇਹੋ ਤਾਂ ਦੋਸ਼ ਹੈ ਸਾਡੀ ਕੌਮ ਵਿਚ, ਅਸੀਂ ਆਪਣਾ ਹੁਨਰ ਅਗਲੀ ਪੀੜ੍ਹੀ ਨੂੰ ਨਹੀਂ ਦੱਸਦੇ ਤੇ ਕੀਤੀਆਂ ਖੋਜਾਂ ਵਕਤ ਦੀ ਧੂੜ ਵਿੱਚ ਗੁਆਚ ਜਾਂਦੀਆਂ ਹਨ।



ਮੈਂ ਕੈਬਿਨ ਵਿੱਚ ਬੈਠਕੇ ਰੇਡੀਉ ਲਾ ਲਿਆ। ਲਾਉਂਦੇ ਸਾਰ ਹੀ ਕੋਈ ਇਨਸ਼ੋਰੈਂਸ ਵਾਲਾ ਲੋਕਾਂ ਨੂੰ ਡਰਾ ਧਮਕਾ ਰਿਹਾ ਸੀ। ਰੇਡੀਉ ਹੋਸਟ ਵੀ ਡਾਂਗ ਫੜੀ ਉਹਦੇ ਨਾਲ ਹੀ ਖਲੋਤਾ ਸੀ। ਐਸੇ ਐਸੇ ਸੁਆਲ ਪੁੱਛਦਾ ਕਿ ਲੋਕਾਂ ਦਾ ਤ੍ਰਾਹ ਨਿਕਲ ਜਾਂਦਾ। ਵਿਚੇ ਜਿਹੇ ਹੀ ਕਹਿ ਦਿੰਦਾ ਕਿ ਤੁਹਾਨੂੰ ਚਮਕੀਲੇ ਦਾ ਗਾਣਾ ਸੁਣਾਉਂਦੇ ਹਾਂ। ਲੋਕ ਅਜੇ ਗਾਣੇ ਨੂੰ ਹੀ ਤਰਸੇ ਹੁੰਦੇ ਕਿ ਕਿਸੇ ਅਫਰੀਕਾ ਦੇ ਸ਼ੇਰ ਦੀ ਗੱਲ ਸੁਨਾਉਣ ਲੱਗ ਪੈਂਦਾ ਕਿ ਉਸਨੇ ਕਿਵੇਂ ਆਦਮੀ ਦੇ ਨਿਆਣੇ ਨੂੰ ਪਾਲਿਆ ਸੀ, ਇਹ ਗੱਲ ਤੁਹਾਨੂੰ ਬਰੇਕ ਤੋਂ ਬਾਦ ਵਿੱਚ ਸੁਣਾਵਾਂਗੇ। ਇਨਸ਼ੋਰੈਂਸ਼ ਦੀ ਦਸ ਮਿੰਟ ਲੰਬੀ ਗੱਲਬਾਤ ਦੇ ਵਿਚਾਲੇ ਕਹਿਣ ਲੱਗਾ ਕਿ ਹੁਣ ਜ਼ਰਾ ਇੱਕ ਰਿਕਾਰਡਡ ਕਮਰਸ਼ੀਅਲ ਲੈਂਦੇ ਹਾਂ। ਇੱਕ ਦੋ ਕਮਰਸ਼ੀਅਲ ਤੋਂ ਬਾਦ ਫਿਰ ਤੁਹਾਡੀ ਸੇਵਾ ਵਿੱਚ ਹਾਜ਼ਰ ਹੁੰਦੇ ਹਾਂ। ਇਹ ਕਮਰਸ਼ੀਅਲ ਕਾਹਦੀ ਸੀ ਮਰਿਆ ਸੱਪ ਹੀ ਗਲ਼ ਪੈਣ ਵਾਲੀ ਗੱਲ ਸੀ। ਸਰੋਤਾ ਭਾਵੇਂ ਨਹਾਕੇ ਮੁੜ ਆਵੇ ਤੇ ਹੋਸਟ ਭਾਵੇਂ ਲੰਚ ਕਰਨ ਤੋਂ ਬਾਦ ਕਾਫ਼ੀ ਵੀ ਪੀ ਲਵੇ, ਇਹ ਬਰੇਕ ਨਹੀਂ ਮੁੱਕਦੀ ਸੀ। ਕਈ ਵਾਰ ਤਾਂ ਇੰਡੀਆ ਦੀ ਫਿਲਮ ਯਾਦ ਆ ਜਾਂਦੀ ਜਿਹੜੀ ਬਿਜਲੀ ਜਾਣ ਤੋਂ ਬਾਦ ਜਨਰੇਟਰ ਚੱਲੇ ਤੇ ਹੀ ਦੁਬਾਰਾ ਸ਼ੁਰੂ ਹੁੰਦੀ ਸੀ ਉਹ ਵੀ ਪੱਖਿਆਂ ਤੋਂ ਬਗੈਰ। ਖੈਰ, ਬਰੇਕ ਖਤਮ ਹੋਣ ਤੋਂ ਬਾਦ ਇਨਸ਼ੋਰੈਂਸ ਦੀਆਂ ਆਖਰੀ ਟਿਪਸ ਸ਼ੁਰੂ ਹੋ ਗਈਆਂ ਜਿਸ ਨਾਲ ਐਸਾ ਨਜ਼ਾਰਾ ਬਝਿਆ ਕਿ ਬੰਦੇ ਨੂੰ ਆਪਣੇ ਮਰਨ ਤੋਂ ਬਾਦ ਆਪਣੀ ਬੀਵੀ ਦੀ ਖੁਸ਼ਹਾਲੀ ਚੇਤੇ ਆਉਣ ਲਗ ਪੈਂਦੀ। ਚਮਕੀਲੇ ਦੀ ਆਸ ਵਿੱਚ ਕਈ ਕੁੱਝ ਹੋਰ ਵੀ ਸੁਨਣਾ ਪਿਆ ਪਰ ਮੈਂ ਸਦਕੇ ਜਾਂਦਾ ਹਾਂ ਆਪਣੇ ਸਿਦਕ ਦੇ ਫਿਰ ਵੀ ਰੇਡੀਉ ਬੰਦ ਨਹੀਂ ਕਰਦਾ। ਗੋਡੇ ਵੀ ਦੁਖਣ ਲੱਗ ਪਏ ਹਨ। ਚਮਕੀਲੇ ਦਾ ਗੀਤ ਸ਼ੁਰੂ ਹੋਇਆ ਤਾਂ ਗੀਤ ਦੇ ਨਾਲ ਨਾਲ ਹੀ ਹੋਸਟ ਚਮਕੀਲੇ ਦੀ ਜੀਵਨੀ ਵੀ ਸੁਨਾਉਣ ਲੱਗ ਪਿਆ। ਮੈਂ ਅਫਰੀਕਨ ਸ਼ੇਰ ਵਾਲੀ ਗੱਲ ਭੁੱਲ ਕੇ ਸਤਨਾਮ ਨੂੰ ਫੋਨ ਘੁੰਮਾ ਲੈਂਦਾ ਹਾਂ।

ਉਹ ਵਿਚਾਰਾ ਅੱਜਕਲ੍ਹ ਬਹੁਤ ਦੁਖੀ ਹੈ। ਉਸਨੇ ਅਜੇ ਹੇਲੋ ਕਿਹਾ ਸੀ ਕਿ ਹੋਸਟ ਬੋਲ ਪਿਆ, "ਅਫਰੀਕਾ ਦੇ ਜੰਗਲਾਂ ਵਿੱਚ ਇੱਕ ਸ਼ੇਰ ਰਹਿੰਦਾ ਸੀ," ਅਜੇ ਇਕੋ ਲਾਈਨ ਹੀ ਬੋਲੀ ਸੀ ਕਿ ਕਹਿਣ ਲੱਗਾ "ਸਾਡੀ ਇੰਡੀਆ ਲਾਈਨ ਮਿਲ ਚੁੱਕੀ ਹੈ, ਪਹਿਲਾਂ ਖ਼ਬਰਾਂ ਸੁਣ ਲਵੋ"। ਤੇ ਖ਼ਬਰਾਂ ਤੋਂ ਪਹਿਲਾਂ ਉਸਨੇ ਫਿਰ ਰਿਕਾਰਡਡ ਕਮਰਸ਼ੀਅਲਾਂ ਦੀ ਝੜੀ ਲਗਾ ਦਿੱਤੀ।

"ਹਾਂ ਬਈ ਕਿ ਹੋ ਰਿਹਾ ਹੈ ਅੱਜਕਲ੍ਹ ?"

"ਓਏ ਬਲੇ ਭਾਅ ਲਗਦੈ, ਅੱਜ ਫਿਰ ਪਟਵਾਰੀ ਲੱਗਾ ਹੋਇਆ ਹੈਂ ?"

"ਹਾਂ ਯਾਰ ਮੈਂ ਸੋਚਿਆ ਘਰ ਵੀ ਐਵੇਂ ਕੀ ਕਰਨਾ, ਚਲੋ ਕੰਮ ਤੇ ਚਲਦੇ ਹਾਂ, ਮੈਂ ਪੀਟਰ ਨੂੰ ਫੋਨ ਕਰ ਲਿਆ। ਉਹ ਅਗੋਂ ਕਹਿੰਦਾ ਤੂੰ ਪਹਿਲਾਂ ਦੱਸਣਾ ਸੀ, ਹੁਣ ਮੈਂ ਅੱਧੇ ਘੰਟੇ ਵਿੱਚ ਕੀ ਕਰ ਸਕਦਾ ਹਾਂ ? ਮੈਂ ਵੀ ਕਿਹਾ ਦੇਖ ਲੈ ਪੀਟਰਾ ਸਾਡੇ ਚੱਟੇ ਦਰਖ਼ਤ ਨਹੀਂ ਹਰੇ ਹੁੰਦੇ, ਫਿਰ ਨਾ ਕਹੀਂ ਜੇ ਅਸੀਂ ਆਪਣਾ ਕੋਈ ਅਗਨ ਬਾਣ ਛੱਡ ਦਿੱਤਾ। ਲੱਗ ਪਿਆ ਯਈਂ ਯਈਂ ਕਰਨ ਕਹਿੰਦਾ, ਮੈਨੂੰ ਦਸ ਮਿੰਟ ਦੇ। ਸਤਨਾਮ ਸਿਆਂ ਪੀਟਰ ਮੇਰੇ ਤੋਂ ਐਨਾ ਚਲਦਾ ਜਿਵੇਂ ਕਾਂ ਗੁਲੇਲੇ ਤੋਂ। ਉਹਨੂੰ ਡਰ ਹੈ ਕਿ ਮੈਂ ਕਿਤੇ ਉਹਦੀ ਜੌਬ ਹੀ ਨਾ ਖੋਹ ਲਵਾਂ। ਮੈਨੂੰ ਵੀ ਪੰਜ ਸਾਲ ਹੋ ਗਏ ਹਨ ਕੰਮ ਕਰਦੇ ਨੂੰ। ਫਿਰ ਮੈਂ ਸੋਚਦਾਂ ਆਪਣਾ ਕੰਮ ਵਧੀਆ ਕਾਹਨੂੰ ਕਿਸੇ ਦੇ ਰਿਜ਼ਕ ਵਿੱਚ ਲੱਤ ਮਾਰਨੀ ਹੈ। ਤਿੰਨਾਂ ਮਿੰਟਾਂ ਬਾਦ ਹੀ ਫੋਨ ਆ ਗਿਆ, "ਮਿਸਟਰ ਬਬੂ ਲੈ ਫੜ ਚੌਵੀ ਘੰਟੇ ਤੇ ਐਸ਼ ਕਰ। ਹੋਰ ਸੁਣਾ ਤੇਰਾ ਕੀ ਹਾਲ ਹੈ ?"

"ਯਾਰ ਮੇਰਾ ਹਾਲ ਤਾਂ ਮਾੜਾ ਹੀ ਹੈ। ਨਿਆਣਿਆਂ ਨੇ ਮਤ ਮਾਰੀ ਹੋਈ ਹੈ, ਮੇਰਾ ਤਾਂ ਨੱਕ 'ਚ ਦੱਮ ਆਇਆ ਹੋਇਆ ਹੈ। ਇੱਕ ਦਿਲ ਕਰਦਾ ਚਰਨੇ ਨੂੰ ਜੁੱਤੀਆਂ ਮਾਰ ਮਾਰ ਇੰਡੀਆ ਤੱਕ ਛੱਡ ਕੇ ਆਵਾਂ।"

"ਫੇਰ ਦੇਰ ਕਾਹਦੀ ਕਰੀ ਜਾਨੈ ?"

"ਯਾਰ ਕਰਾਂ ਕੀ, ਇਕੋ ਹੀ ਹੈ ਜੇ ਦੋ ਵੀ ਹੁੰਦੇ ਤਾਂ ਮੈਂ ਕਰਨਾ ਐਦਾਂ ਹੀ ਸੀ। ਇਧਰੋਂ ਆਇਆ, ਫਰਿਜ਼ ਖੋਲ੍ਹ ਲਿਆ। ਵੱਡਾ ਗਲਾਸ ਭਰ ਕੇ ਹੋਮੋ ਦੁੱਧ ਪੀ ਗਿਆ, ਪੰਦਰਾਂ ਮਿੰਟਾਂ ਬਾਦ ਫਿਰ ਹੋਮੋ ਦੀ ਸ਼ਾਮਤ। ਮੈਂ ਤਾਂ ਦੁੱਧ ਢੋਂਹਦਾ ਹੀ ਮਰ ਜਾਂਣਾ। ਸਾਲ ਦੇ ਤਿੰਨ ਸੌ ਪੈਂਠ ਦਿਨ ਹੁੰਦੇ ਹਨ ਤੇ ਸਾਡੇ ਘਰ ਤਿੰਨ ਸੌ ਛੇਆਠ ਗਿਫਟ ਪੈਕ ਹੁੰਦੇ ਹਨ। ਕਦੇ ਇਥੇ ਕਦੇ ਉੱਥੇ"।

"ਯਾਰ ਕਮਲਿਆ ਨਿਆਣਿਆਂ ਦਾ ਦੁੱਧ ਨਹੀਂ ਨੌਲੀਦਾ"।

"ਹੈ ਤੇ ਠੀਕ ਪਰ ਜਿਹੜਾ ਭਾਰ ਵਧੀ ਜਾਂਦਾ ਦੋਵਾਂ ਜੀਆਂ ਦਾ। ਰਾਤ ਨੂੰ ਨੌ ਵਜੇ ਖਾ ਪੀਕੇ ਬੈੱਡ-ਰੂਮ ਵਿੱਚ ਵੜ ਜਾਂਦੇ ਹਨ, ਜੂਠੇ ਭਾਂਡੇ ਵੀ ਮਾਂ ਧੋਵੇ। ਬੰਦਾ ਸੈਰ ਸੂਰ ਕਰੇ। ਸੌਣ ਦੀ ਪਤਾ ਨਹੀਂ ਕਾਹਲੀ ਕਿਉਂ ਹੁੰਦੀ ਹੈ ? ਤੈਨੂੰ ਪਤਾ ਦੋ ਸੌ ਪੌਂਡ ਦਾ ਹੋ ਗਿਆ ਤੇ ਨੌਂਹ ਰਾਣੀ ਤਾਂ ਉਹਦੇ ਤੋਂ ਵੀ ਦੋ ਰਤੀਆਂ ਵਧ ਹੀ ਹੋਊ। ਗੋਂਗਲੂ ਜਿਹੇ ਬਾਰਾਂ ਬਾਰਾਂ ਆਂਡਿਆਂ ਦਾ ਆਮਲੇਟ ਇਦਾਂ ਖਾ ਜਾਂਦੇ ਹਨ ਜਿਵੇਂ ਫੁਫੜ ਦੇ ਵਿਆਹ ਤੇ ਆਏ ਹੋਣ।"

"ਹਾਂ ਸੱਚ ਸਤਨਾਮ ਯਾਰ ਚਰਨੇ ਦੀ ਭੂਆ ਦਾ ਕੀ ਬਣਿਆਂ ? ਮੈ ਤਾਂ ਸੁਣਿਆਂ ਉਹਦੀ ਸੱਤ ਇਕਵੰਜਾ ਹੋ ਗਈ ਸੀ ਚਰਨੇ ਦੇ ਫੁਫੜ ਨਾਲ।"

"ਵੀਰ ਮੇਰਿਆ ਉਹ ਗੱਲ ਲੋਟ ਆਉਂਦੀ ਨਹੀਂ ਦੀਹਦੀ।"

"ਇੱਕ ਮਿੰਟ ਠਹਿਰੀਂ ਜ਼ਰਾ ਆ ਰੇਡੀਉ ਤੇ ਜ਼ਰਾ ਸ਼ੇਰ ਵਾਲੀ ਗੱਲ ਸੁਣ ਲਵਾਂ, ਮੈਂ ਤੈਨੂੰ ਦੁਬਾਰਾ ਫੋਨ ਮਾਰਦਾ ਹਾਂ।"

"ਹਾਂ ਤੇ ਅਫਰੀਕਾ ਦੇ ਜੰਗਲਾਂ ਵਿੱਚ ਇੱਕ ਸ਼ੇਰ ਰਹਿੰਦਾ ਸੀ, ਸ਼ੇਰ ਕਾਹਦਾ ਬੱਬਰ ਸ਼ੇਰ ਸੀ। ਦਹਾੜ ਮਾਰਕੇ ਲੂੰਬੜੀਆਂ ਭਜਾ ਦਿੰਦਾ ਸੀ। ਇੱਕ ਦਿਨ ਕੀ ਹੋਇਆ, ਹੁਣ ਟਾਈਮ ਵੀ ਖਤਮ ਹੋਈ ਜਾਂਦਾ ਤੇ ਉਧਰੋਂ ਇੰਡੀਆ ਨਾਲ ਫਿਰ ਲਾਈਨ ਜੁੜ ਗਈ ਹੈ। ਬੱਸ ਜੀ ਸਾਡੇ ਕੋਲ ਸਿਰਫ ਅੱਧਾ ਮਿੰਟ ਹੈ ਤੁਸੀਂ ਅੱਧੇ ਮਿੰਟ ਵਿੱਚ ਕੀ ਕਹਿਣਾ ਚਾਹੋਗੇ ਉਹਦੇ ਬਾਰੇ ਜਿਹੜਾ ਦਿੱਲੀ ਵਿੱਚ ਸਿਆਪਾ ਪਿਆ ਹੈ। ਹਾਂ ਜੀ ਮਾਫ ਕਰਨਾ ਤੁਹਾਡੀ ਆਵਾਜ਼ ਕਟਕੇ ਆ ਰਹੀ ਹੈ। ਹਾਂ ਜੀ ਮੁਆਫ ਕਰਨਾ ਜਿਹੜਾ ਹੁਣ ਸਿਆਪਾ ਪਿਆ ਹੈ, ਇਸ ਨੂੰ ਜ਼ਰਾ ਹੋਰ ਤੂਲ ਫੜ ਲੈਣ ਦਿਉ ਕਲ੍ਹ ਫਿਰ ਇਸ ਵਕਤ ਮਿਲਾਂਗੇ" ਤੇ ਪ੍ਰੋਗਰਾਮ ਖਤਮ ਹੋ ਗਿਆ। 'ਡੋਂਟ ਡਰਿੰਕ ਐਂਡ ਡਰਾਈਵ।'

ਮੈਂ ਸਤਨਾਮ ਨੂੰ ਦੁਬਾਰਾ ਫੋਨ ਕੀਤਾ, ਅਜੇ ਉਸਨੇ ਹੈਲੋ ਹੀ ਕਿਹਾ ਸੀ ਕਿ ਵਿਚੋਂ ਦੂਸਰੀ ਲਾਈਨ ਆ ਗਈ। ਮੈਂ ਸਤਨਾਮ ਨੂੰ ਹੋਲਡ ਕਰਾਕੇ ਦੂਸਰੀ ਲਾਈਨ ਲੈ ਲਈ। ਪੀਟਰ ਨੂੰ ਟਰਕਾ ਕੇ ਮੈਂ ਫਿਰ ਸਤਨਾਮ ਵਾਲੀ ਲਾਈਨ ਖੋਲ੍ਹ ਲਈ।

"ਹਾਂ ਭਾਅ ਗੱਲ ਚਲਦੀ ਪਈ ਸੀ ਨਿਆਣਿਆਂ ਦੀ, ਵੀਰਾ ਗੱਲ ਇਸਤਰ੍ਹਾਂ ਹੈ ਕਿ ਧੂੰਆਂ ਭਾਵੇਂ ਕਿਸੇ ਚੀਜ਼ ਦਾ ਵੀ ਹੋਵੇ ਉਸਨੇ ਆਲੇ ਦੁਆਲੇ ਨੂੰ ਧੁਆਂਖਣਾ ਹੀ ਹੁੰਦਾ ਹੈ। ਤੇ ਇਹ ਜਿਹੜੇ ਧੂੰਏਂ ਹੁੰਦੇ ਹਨ ਨਾ, ਬੰਦੇ ਦੇ ਆਲੇ ਦੁਆਲੇ, ਇਹ ਉਸਦੇ ਆਪਣੇ ਸਿਰਜੇ ਨਹੀਂ ਹੁੰਦੇ। ਵੇਖ ਭਾਅ ਬਬੂ, ਕੌਣ ਚਾਹੁੰਦਾ ਹੈ ਕਿ ਉਹ ਕਮੀਨੀਆਂ ਗੱਲਾਂ ਕਰੇ ? ਮੈਂ ਕਿਤੇ ਚਾਹੁੰਦਾ ਨਹੀਂ ਕਿ ਨਿਆਣੇ ਖ਼ੁਸ਼ ਰਹਿਣ ਤੇ ਮੈਂ ਵੀ ਖ਼ੁਸ਼ ਰਹਾਂ, ਮੇਰੀ ਘਰ ਦੀ ਅਨੂਪ ਵੀ ਖ਼ੁਸ਼ ਰਹੇ ਪਰ ਇਹ ਸ਼ੀ ਮੈਂ ਲਿਆਵਾਂ ਕਿੱਥੋਂ ? ਇੱਕ ਦਿਨ ਇਨ੍ਹਾਂ ਦੇ ਕਮਰੇ ਦਾ ਟੈਲੀਵੀਜ਼ਨ ਚਲਦਾ ਪਿਆ ਸੀ, ਮੈਂ ਸੋਚਿਆ ਕਿ ਅੰਦਰ ਹੀ ਹੋਊ। ਬਾਹਰ ਆਕੇ ਦੇਖਿਆ ਤਾਂ ਆਈਸ ਕਰੀਮ ਟੱਰਕ ਤੋਂ ਆਈਸ ਕਰੀਮ ਲੈਕੇ ਮੌਜਾਂ ਪਈ ਕਰਦੀ ਸੀ। ਲੈ ਪੰਮੀ ਤੂੰ ਤੇ ਇੱਥੇ ਆਂ ਤੇ ਮੈਂ ਸਮਝਿਆ ਤੂੰ ਅੰਦਰ ਬੈਠੀ ਟੈਲੀਵੀਜਨ ਦੇਖਦੀ ਹੈਂ ? ਨਾ ਮੈਂ ਬਬੂ ਕੀ ਗਲਤ ਕਹਿ ਦਿੱਤਾ ? ਰਾਤ ਨੂੰ ਮੁੰਡਾ ਮੇਰੇ ਕੋਲ ਆ ਗਿਆ। ਡੈਡ ਅਗੇ ਤੋਂ ਹਾਈਡਰੋ ਦਾ ਬਿਲ ਮੈਂ ਦਿਆ ਕਰਾਂਗਾ, ਨਾ ਜੰਮ ਜੰਮ ਦੇ, 'ਕਲਾ ਹਾਈਡਰੋ ਕਿਉਂ ਬਾਕੀ



ਦੇ ਵੀ ਦੇ, ਤੇਰੇ ਪਿਉ ਨੂੰ ਕਿਤੇ ਸੁਖ ਦਾ ਸਾਹ ਆਵੇ।"

"ਚਲ ਛੱਡ ਆ ਪਰਸੋਂ ਕੀ ਰੌਲਾ ਪੈ ਗਿਆ ਸੀ ? ਬੜੇ ਹੂਟਰ ਪਏ ਵਜਦੇ ਸਨ ਤੁਹਾਡੇ ਘਰ ਮੂਹਰੇ ?"

"ਹੁਣਾਂ ਕੀ ਹੈ ਉਹੋ ਤੇ ਮੈਂ ਦੱਸਣ ਲੱਗਾ ਸੀ, ਤੂੰ ਹੋਰ ਹੀ ਘਾਣੀਆਂ ਜਿਹੀਆਂ ਪਾਕੇ ਬਹਿ ਗਿਆ। ਅਸੀਂ ਸਾਰੇ ਆਪੋ ਆਪਣੇ ਸੇਕਾਂ ਵਿੱਚ ਹੀ ਤੁਰੇ ਫਿਰਦੇ ਹਾਂ। ਸੇਕਾਂ ਨੂੰ ਤਾਂ ਕੰਟਰੋਲ ਕਰ ਲਈਦਾ ਹੈ ਪਰ ਧੁਆਂਖ ਨਹੀਂ ਜਾਂਦੀ। ਉਹੋ ਧੁਆਂਖ ਸਾਡੇ ਘਰੇ ਵਾਪਰੀ। ਲੈ ਮੈਂ ਤੈਨੂੰ ਸਾਰੀ ਗੱਲ ਸੁਣਾਉਂਦਾ ਹਾਂ ਤੂੰ ਮੈਨੂੰ ਦੱਸੀਂ ਕਿ ਗਲਤੀ ਕਿਸਦੀ ਸੀ ? ਬਸੰਤ ਪੰਚਮੀ ਤੇ ਕਿਹੜਾ ਪਤਾ ਲਗਦਾ ਸੀ ਕਿ ਕੀਹਦੀ ਗੁੱਡੀ ਕੀਹਦੇ ਨਾਲ ਪੇਚਾ ਪਾਕੇ ਬਹਿ ਗਈ ਹੈ। ਪਤਾ ਤਾਂ ਉਦੋਂ ਲਗਦਾ ਜਦੋਂ ਤੁਹਾਡੀ ਡੋਰ ਲਮਕ ਪੈਂਦੀ ਹੈ।"

"ਹਾਂ ਅੱਗੇ ਗੱਲ ਕਰ, ਇਨ੍ਹਾਂ ਪੇਚਿਆਂ ਪੂਚਿਆਂ ਨੂੰ ਛੱਡ।" ਮੈਨੂੰ ਗੱਲ ਜਾਨਣ ਦੀ ਕਾਹਲੀ ਸੀ। ਇਹ ਵੀ ਪਤਾ ਨਹੀਂ ਕਿਉਂ ? ਕੀ ਪਤਾ ਅਗਲੇ ਦੀ ਅੱਗ ਵੱਡੀ ਵੇਖਕੇ ਆਪਣੀ ਛੋਟੀ ਲੱਗੇ ਤੇ ਦਿਲ ਨੂੰ ਕੁੱਝ ਧਰਵਾਸ ਆਵੇ।

"ਲੈ ਵੱਡਾ ਭਾਅ ਗਿਆ ਸੀ ਟਰਕ ਲੈਕੇ ਤੇ ਉਹ ਮੁੜਿਆ ਪੰਜਾਂ ਦਿਨਾਂ ਬਾਦ। ਆਉਂਦੇ ਨੂੰ ਘਰ ਛੋਟੀ ਕੁੜੀ ਦਾ ਮੂੰਹ ਸੁਜਿਆ ਪਿਆ ਸੀ। ਉਸਨੇ ਸਰਸਰੀ ਪੁੱਛਿਆ ਪਰ ਭਾਬੀ ਕੁੱਝ ਬੋਲੀ ਹੀ ਨਹੀਂ। ਭਾਅ ਨੂੰ ਕੁੱਝ ਤੈਸ਼ ਆ ਗਿਆ ਤੇ ਉਹ ਬੋਲਿਆ ਕਿ ਤੂੰ ਕੂੰਦੀ ਕਿਉਂ ਨਹੀਂ ? ਜੁਆਬ ਕੋਈ ਆਇਆ ਨਾ ਤੇ ਉਸਨੇ ਦੋ ਪੈੱਗ ਲਾ ਲਏ। ਭਾਬੀ ਨੂੰ ਵੀ ਪਤਾ ਲੱਗ ਗਿਆ ਕਿ ਬਿਗਲ ਵੱਜ ਗਿਆ ਹੈ। ਉਸਨੇ ਸੱਚੀ ਗੱਲ ਦੱਸੀ ਕਿ ਇਹ ਤੇਰੇ ਪੇ ਨੇ ਥਪੜ ਮਾਰਿਆ ਹੈ। ਲੈ ਹੁਣ ਬਬੂ ਤੂੰ ਹੀ ਦੱਸ ਜੇ ਭਾਬੀ ਦਾ ਕੋਈ ਕਸੂਰ ਨਹੀਂ ਵੀ ਸੀ ਪਰ ਉਸਨੂੰ ਬਾਪੂ ਕਹਿਣ ਦੀ ਥਾਂ ਪੇ ਕਹਿਣ ਦੀ ਕੀ ਲੋੜ ਸੀ ? ਭਾਅ ਕਮਰੇ ਵਿੱਚ ਬਾਪੂ ਕੋਲ ਚਲੇ ਗਿਆ। ਹੁਣ ਬਾਪੂ ਨੇ ਵੀ ਆਪਣਾ ਵਕੀਲ ਕੀਤਾ ਹੋਇਆ ਸੀ, ਪਹਿਲਾਂ ਹੀ। ਉਹ ਥਪੜ ਮਾਰੇ ਤੋਂ ਤੇ ਨਹੀਂ ਮੁਕਰਿਆ ਪਰ ਉਸਨੇ ਆਪਣੀ ਸੈਲਫ਼ ਡੀਫੈਂਸ ਵਿੱਚ ਇਹ ਕਹਿ ਦਿੱਤਾ ਕਿ ਤੇਰੀ ਰੰਨ ਨੂੰ ਨਿਆਣੇ ਪਾਲਣੇ ਨਹੀਂ ਆਉਂਦੇ। ਹੁਣ ਬਾਪੂ ਦਾ ਵਕੀਲ ਵੀ ਜੇ ਸਿਆਣਪ ਤੋਂ ਕੰਮ ਲੈਂਦਾ ਤਾਂ ਉਹ ਵੀ ਨੂੰਹ ਰਾਣੀ ਨੂੰ ਰੰਨ ਕਹਿਣ ਤੋਂ ਟਾਲਾ ਵੱਟ ਸਕਦਾ ਸੀ। ਇਹ ਤਾਂ ਭਾਅ ਦੀ ਅਦਾਲਤ ਦੀ ਤੌਹੀਨ ਸੀ। ਪਰ ਤੈਨੂੰ ਪਤਾ ਇਹ ਵਕੀਲ ਕਿਸੇ ਦੇ ਸਕੇ ਨਹੀਂ ਹੁੰਦੇ। ਹੁਣ ਭਾਅ ਤੇ ਦੋਵਾਂ ਪਾਸਿਆਂ ਤੋਂ ਹਮਲਾ ਹੋ ਗਿਆ ਸੀ। ਭਾਅ ਦੇ ਸਿਰ ਵਿੱਚ ਪਏ ਉਹ ਸਾਰੇ ਸੱਪ ਰੀਂਗਣ ਲੱਗੇ ਜੋ ਮਸੋਸੇ ਜਿਹੇ ਪਏ ਸਨ। ਉਨ੍ਹਾਂ ਵਿਚੋਂ ਇੱਕ ਤਾਂ ਬਬੂ ਬਾਹਲਾ ਹੀ ਜ਼ਹਿਰੀ ਹੈ। ਉਹ ਹੈ ਵੀ ਸ਼ਰਾਬੀ ਕਬਾਬੀ। ਇਹ ਸਾਰੇ ਪੁਆੜੇ ਉਸੇ ਦੇ ਪਾਏ ਹਨ। ਉਸਨੇ ਭਾਅ ਨੂੰ ਹੁਕਮ ਕੀਤਾ ਕਿ ਪਹਿਲਾਂ ਰਸੋਈ ਵਿੱਚ ਜਾਕੇ ਮੈਨੂੰ ਦੁੱਧ ਪਿਆ। ਇਹ ਸਾਲਾ ਸੱਪ, ਸ਼ਰਾਬ ਨੂੰ ਵੀ ਦੁੱਧ ਹੀ ਦੱਸਦਾ ਹੈ। ਭਾਅ ਉਸਦੇ ਆਖੇ ਲੱਗਕੇ ਤੁਰਿਆ ਜਾਂਦਾ ਸੀ ਸਹਿ ਸੁਭਾਅ, ਆਪਣੇ ਧਿਆਨ ਰਸੋਈ ਵੱਲ ਕਿ ਰਾਹ ਵਿੱਚ ਉਹਨੂੰ ਮੈਂ ਮਿਲ ਪਿਆ। ਮੈਂ ਕਿਹਾ ਵੀ ਵੱਡੇ ਭਾਅ ਕੋਈ ਐਸੀ ਵੈਸੀ ਗੱਲ ਨਹੀਂ। ਤੂੰ ਥਕਿਆ ਆਇਆ ਹੈਂ। ਬਹਿ ਘੜੀ ਅਰਾਮ ਨਾਲ, ਜੇ ਪੈੱਗ ਹੀ ਲਾਉਣਾ ਹੈ ਤਾਂ ਸੱਪਾਂ ਦੇ ਆਖੇ ਨਾ ਲੱਗ ਮੇਰੇ ਆਖੇ ਲੱਗ। ਆ ਆਪਾਂ ਦੋਵੇਂ ਭਾਈ ਛਿਟ ਛਿਟ ਲਾਉਂਦੇ ਹਾਂ। ਰੋਟੀ ਪਾਣੀ ਖਾਕੇ ਅਰਾਮ ਨਾਲ ਸੌਂ, ਰੀਲੈਕਸ ਹੋ, ਸਵੇਰੇ ਗੱਲ ਕਰ ਲਵਾਂਗੇ। ਅਗੋਂ ਭਾਅ ਪਤਾ ਕੀ ਕਹਿੰਦਾ ?" ਸਤਨਾਮ ਨੇ ਗੱਲ ਰੋਕਕੇ ਮੇਰੇ ਕੋਲੋਂ ਹੁੰਗਾਰਾ ਮੰਗਿਆ, ਤੇ ਇਹ ਵੀ ਪੱਕ ਕਰਨਾ ਚਾਹਿਆ ਕਿ ਫੋਨ ਕੰਮ ਵੀ ਕਰਦਾ ਹੈ ਜਾਂ ਨਹੀਂ। ਮੈਂ ਵੀ ਹੂੰ ਹਾਂ ਨਹੀਂ ਕੀਤੀ ਸੀ ਕਿੰਨਾਂ ਹੀ ਚਿਰ ਤੋਂ।

"ਹਾਂ ਹਾਂ ਮੈਂ ਸੁਣਦਾ ਹਾਂ," ਮੈਂ ਸਤਨਾਮ ਦਾ ਤੌਖਲਾ ਦੂਰ ਕੀਤਾ। ਤੇ ਉਹ ਬੋਲਿਆ, "ਫਿਰ

ਨਾ ਕਹੀਂ ਕਿ ਸੀਤਾ ਲਛਮਣ ਦੀ ਕੀ ਲਗਦੀ ਸੀ ? ਹਾਂ ਤੇ ਬਬੂ ਸਿੰਆਂ ਭਾਅ ਨੇ ਪਤਾ ਪੈਂਦੀ ਸਟੇ ਕੀ ਕਿਹਾ ? ...ਕਹਿੰਦਾ ਉਏ ਕੰਜਰਾ ਤੂੰ ਤੇ ਰੰਨ ਦੇ ਥੱਲੇ ਲਗਾ ਹੋਇਆਂ ਹੈਂ, ਮੈਂ ਤਾਂ ਪਾਉਂ ਮੋਛੇ। ਲਉ ਜੀ ਉਹਨੇ ਦੋ ਫਰੰਟ ਇੱਕਠੇ ਹੀ ਹੋਰ ਖੋਲ੍ਹ ਦਿੱਤੇ। ਮੈਨੂੰ ਵੀ ਮਾਸੂਮ ਜਿਹਾ ਗੁੱਸਾ ਆ ਗਿਆ ਤੇ ਪ੍ਰੀਤੋ ਨੂੰ ਵੀ। ਉਹ ਵੀ ਆਮ ਰੰਨਾਂ ਵਰਗੀ ਰੰਨ ਨਹੀਂ।"

"ਇਹ ਹੈਲੋ, ਹੈਲੋ, ਸਤਨਾਮ ਸਿੰਘ ਜੀ, ਤੁਹਾਡੇ ਘਰ ਰੰਨ ਕਿਸੇ ਦੀ ਛੇੜ ਹੈ ਜਾਂ ਉਂਝ ਹੀ ਤੁਹਾਡੇ ਪਰਿਵਾਰ ਦਾ ਤਕਲੀਆ ਕਲਾਮ ਹੈ ?"

"ਕੀ ਮਤਲਬ," ਸਤਨਾਮ ਨੂੰ ਮੇਰੀ ਗੱਲ ਸਮਝ ਨਹੀਂ ਸੀ ਆਈ।

"ਆ ਜਿਹੜਾ ਹਰ ਕੋਈ ਹਰ ਕਿਸੇ ਨੂੰ ਰੰਨ ਹੀ ਕਹੀ ਜਾਂਦਾ। ਮੈਨੂੰ ਲਗਦਾ ਤੁਹਾਡੇ ਘਰ ਤੇ ਹੂਟਰ ਬਹੁਤ ਪਹਿਲਾਂ ਵੱਜ ਜਾਣਾ ਚਾਹੀਦਾ ਸੀ।"

ਸਤਨਾਮ ਨੇ ਹੱਸਕੇ ਕਿਹਾ, "ਉਈਂ ਮੈਂ ਗੱਲ ਕਰਦਾਂ, ਤੂੰ ਅੱਗੇ ਸੁਣਨੀ ਹੈ ਜਾਂ ਨਹੀਂ ?"

"ਨਹੀਂ ਤੂੰ ਸੁਣਾ ਯਾਰ। ਮੈਂ ਵੀ ਉਂਝ ਹੀ ਕਹਿ ਰਿਹਾ ਸੀ। ਰੰਨ ਹੋਣਾ ਕੋਈ ਮਾੜੀ ਗੱਲ ਤੇ ਨਹੀਂ। ਨਾਲੇ ਮੈਂ ਤੁਹਾਡੇ ਘਰ ਵਿੱਚ ਦਖਲ ਦਿੰਦਾ ਕਿਹੜਾ ਚੰਗਾ ਲਗੂੰਗਾ ?"

"ਲੈ ਬਈ ਬਬੂ, ਘਰ ਵਿੱਚ ਇਸਤਰੀਆਂ ਦਾ ਮਾਹੌਲ ਬਣ ਗਿਆ ਜਿਵੇਂ ਰੈਸਲਿੰਗ ਵਿੱਚ ਕਿਤਨੇ ਹੀ ਭਲਵਾਨ ਹੋਣ ਤੇ ਮੁਕਾਬਲਾ ਇਹ ਹੋਵੇ ਕਿ ਬਾਕੀਆਂ ਨੂੰ ਰਿੰਗ 'ਚੋਂ ਬਾਹਰ ਸੁੱਟਕੇ ਕਿਹੜਾ ਬਚਦਾ ਹੈ ? ਹੁਣ ਤੂੰ ਦੱਸ ਆਪਾਂ ਵੀ ਸਾਈਟ ਤੇ ਕੋਈ ਚੋਰ ਉੱਚਕਾ ਆ ਜਾਏ ਤਾਂ ਉਸਨੂੰ ਕੁੱਝ ਨਹੀਂ ਕਹਿ ਸਕਦੇ। ਪਰ ਸਾਡੇ ਘਰ ਸਾਰੇ ਹੀ ਸਕਿਊਰਟੀ ਗਾਰਡ ਤੋਂ ਪੁਲਸੀਏ ਬਣੇ ਪਏ ਸਨ। ਭਾਪਾ ਸਮਝਦਾ ਸੀ ਕਿ ਮੈਂ ਮਰਨੀਂ ਮਰਜੂੰ ਰਿਟਾਇਰ ਨਹੀਂ ਹੋਣਾ। ਤੀਵੀਆਂ ਸਮਝਦੀਆਂ ਕਿ ਅਸੀਂ ਪਤਾ ਨਹੀਂ ਕਿਹੜੀ ਗੱਲੋਂ ਚੁੱਪ ਹਾਂ ? ਪਰ ਉਨ੍ਹਾਂ ਦੀ ਚੁੱਪ ਵੀ ਗੜੁਪ ਵਰਗੀ ਹੈ, ਪੂਰੀ ਫੂਲੀ ਹੋਈ। ਮਾੜੀ ਜਿਹੀ ਸੂਈ ਦੀ ਚੋਭ ਵੀ ਨਹੀਂ ਸਹਾਰਦੀਆਂ। ਬੱਚੇ ਵਿਚਾਰੇ ਸਮਝਦੇ ਹਨ ਕਿ ਅਸੀਂ ਪਤਾ ਨਹੀਂ ਕਿਨ੍ਹਾਂ ਦੇ ਘਰ ਜੰਮ ਪਏ ? ਰਹਿ ਗਏ ਅਸੀਂ ਦੋਵੇਂ ਭਰਾ ਵਿਚਾਰੇ, ਪਤਾ ਹੀ ਨਹੀਂ ਲਗਦਾ ਕਿਧਰ ਜਾਈਏ। ਹੁਣ ਰਸੋਈ ਦੇ ਕਵਰਡ ਵੱਲ ਨਾ ਭਜੀਏ ਤਾਂ ਕੀ ਕਰੀਏ ?

ਲਉ ਜੀ ਪਤਾ ਨਹੀਂ ਸੱਚ ਹੈ ਕਿ ਝੂਠ, ਵੱਡਾ ਭਾਅ ਰਸੋਈ ਵਿੱਚ ਗਿਆ ਤੇ ਉਸਨੇ ਵੱਡੀ ਕਰਦ ਚੁੱਕ ਲਈ। ਹੁਣ ਕਰਦ ਨੂੰ ਅਸੀਂ ਤੇ ਹਥਿਆਰ ਸਮਝਦੇ ਹੀ ਨਹੀਂ ਪਰ ਪੁਲੀਸ ਵਾਲੇ ਖੋਤੇ ਜਿਹੇ ਇਸੇ ਨੂੰ ਨਾਈਫ ਸਮਝੀ ਜਾਂਦੇ ਹਨ। ਭਾਅ ਕਹਿੰਦਾ ਕਿ ਮੈਂ ਤਾਂ ਸੇਬ ਕਟਣ ਲਈ ਕਰਦ ਫੜੀ ਸੀ। ਆਪਣੇ ਘਰੇ ਕੋਈ ਸੇਬ ਵੀ ਨਹੀਂ ਕਟ ਸਕਦਾ ? ਉਹਨੇ ਕਰਦ ਫੜੀ ਤੇ ਆਪਣੀ ਤੀਵੀਂ ਨੂੰ ਕਿਹਾ ਤੈਨੂੰ ਕੌਡੀ ਦੀ ਅਕਲ ਨਹੀਂ। ਹੁਣ ਕਰਦ ਤੇ ਕੌਡੀ ਦੀ ਅਕਲ ਵਿੱਚ ਕੋਈ ਸਿੱਧਾ ਸਬੰਧ ਤਾਂ ਹੈ ਨਹੀਂ ਪਰ ਮੇਰੀ ਤੀਵੀਂ ਘੁੜੀਵੀਂ ਨੇ ਪਤਾ ਨਹੀਂ ਇਨ੍ਹਾਂ ਵਿੱਚ ਕਿਵੇਂ ਕੋਈ ਤਾਰ ਜੋੜ੍ਹ ਲਈ ਜਾਂ ਉਂਝ ਹੀ ਸ਼ਰੀਕੇ ਬਾਜ਼ੀ ਕਰਕੇ ਨਾਈਨ ਵਨ ਵਨ ਘੁੰਮਾ ਦਿੱਤਾ। ਪੁਲੀਸ ਵਾਲੇ ਤਾਂ ਪਹਿਲਾਂ ਹੀ ਤਿਆਰ ਰਹਿੰਦੇ ਹਨ, ਆ ਗਏ ਹਰਲ ਹਰਲ ਕਰਦੇ। ਅਸੀਂ ਬਥੇਰਾ ਕਿਹਾ ਕਿ ਕੋਈ ਗੱਲ ਨਹੀਂ। ਭਾਬੀ ਨੇ ਵੀ ਕਿਹਾ ਕਿ ਕੋਈ ਗੱਲ ਨਹੀਂ। ਪਰ ਮੇਰੇ ਗਲਮੇਂ ਦੀਆਂ ਝਰੀਟਾਂ ਵੀ ਪੁਲੀਸ ਨੇ ਵੇਖ ਲਈਆਂ ਤੇ ਨਿਆਣੇ ਦਾ ਸੁਜਿਆ ਮੂੰਹ ਵੀ ਵੇਖ ਲਿਆ। ਭਾਅ ਕੋਲੋਂ ਵੀ ਗਲਤੀ ਹੋ ਗਈ ਜੇ ਉਹ ਮੇਰੀ ਕਮੀਜ਼ ਦਾ ਬੀੜਾ ਨਾ ਤੋੜਦਾ ਤਾਂ ਕਿਸੇ ਨੂੰ ਪਤਾ ਹੀ ਨਹੀਂ ਲਗਣਾ ਸੀ। ਪੁਲੀਸ ਨੇ ਤਾਂ ਕਮੀਜ਼ ਬਦਲਣ ਦਾ ਵੀ ਟਾਈਮ ਨਹੀਂ ਦਿੱਤਾ। ਬਬੂ ਪੀਜ਼ਾ ਭਾਵੇਂ ਲੇਟ ਹੋ ਜਾਏ, ਇਹ ਪੁਲੀਸ ਵਾਲੇ ਤਾਂ ਤਵੇ ਤੋਂ ਫੁਲਕਾ ਨਹੀਂ ਲਥਣ ਦਿੰਦੇ। ਅਸੀਂ ਕਿਹਾ ਵੀ ਕਿ ਤੁਸੀਂ ਚਾਰਜ ਨਾ ਕਰੋ। ਪੁਲੀਸ ਵਾਲਾ ਵੀ ਪੰਜਾਬੀ ਭਾਈ ਸੀ, ਕਹਿੰਦਾ ਕਿ ਇਹ ਕਿਦਾਂ ਹੋ ਸਕਦਾ ਹੈ। ਜੇ ਅਸੀਂ ਆਏ ਹਾਂ ਤਾਂ ਕਿਸੇ ਨਾ ਕਿਸੇ ਨੂੰ ਤਾਂ ਚਾਰਜ ਕਰਨਾ ਹੀ ਪੈਣਾ ਹੈ। ਇਹ ਅਸਾਲਟ ਦਾ ਕੇਸ ਹੈ। ਮੈਂ ਕਿਹਾ ਕਿ



ਪੁਲੀਸ ਭਾਜੀ ਜੇ ਤੁਸੀਂ ਨਗ ਹੀ ਪੂਰਾ ਕਰਨਾ ਹੈ ਤਾਂ ਬਾਪੂ ਹਾਜ਼ਰ ਹੈ। ਇਹ ਵੇਹਲਾ ਹੀ ਹੈ, ਘਰ ਬੈਠਾ ਵੀ ਐਵੇਂ ਤੀਵੀਆਂ ਦੇ ਨੁਕਸ ਕੱਢਦਾ ਰਹਿੰਦਾ ਹੈ। ਅਸੀਂ ਤਾਂ ਸਾਰੇ ਕੰਮ ਕਰਦੇ ਹਾਂ। ਉਹ ਤੇ ਇਹਦਾਂ ਅੱੜ ਗਏ ਜਿਵੇਂ ਸੂਰਜ ਦੇਵਤਾ ਕੁੰਤੀ ਦੇ ਘਰ ਜਾਕੇ ਅੜ ਗਿਆ ਸੀ।

ਬੱਸ ਆ ਹੀ ਗੱਲ ਸੀ, ਐਵੇਂ ਬਾਤ ਦਾ ਬਤੰਗੜ ਬਣ ਗਿਆ। ਇਹ ਵੀ ਸ਼ੁਕਰ ਹੈ ਕਿ ਪਹਿਲੇ ਮਾੜੇ ਮੋਟੇ ਥਪੜ ਕਦੇ ਭਾਬੀ ਨੇ ਰਿਕਾਰਡ ਵਿੱਚ ਲਿਆਂਦੇ ਹੀ ਨਹੀਂ ਸਨ ਨਹੀਂ ਤਾਂ ਭਾਅ ਨੂੰ ਜੇਲ੍ਹ ਹੋ ਜਾਣੀ ਸੀ ਤੇ ਟਰਕ ਦੀਆਂ ਕਿਸ਼ਤਾਂ ਵੱਖ ਟੁੱਟ ਜਾਂਣੀਆਂ ਸਨ। ਮੈਨੂੰ ਤਾਂ ਟਰਕ ਬੈਕ ਕਰਨਾ ਵੀ ਨਹੀਂ ਆਉਂਦਾ। ਬੈਕ ਕਰਨ ਲਈ ਮੇਰੀ, ਇਕ ਵਾਰ ਡਾਊਨ ਟਾਊਂਨ ਫਾਇਰ ਬਰਗੇਡ ਵਾਲਿਆਂ ਨੇ ਮਦਦ ਕੀਤੀ ਸੀ। ਹੁਣ ਕੋਰਟ ਵਾਲੇ ਕਹਿੰਦੇ ਆ ਭਾਅ ਨੂੰ ਕਿ ਤੇਰੀ ਐਂਗਰ ਟਰੀਟਮੈਂਟ ਕਰਨੀ ਹੈ। ਵੈਸੇ ਐਂਗਰ ਟਰੀਟਮੈਂਟ ਤਾਂ ਸਾਡੇ ਸਾਰੇ ਟਬਰ ਦੀ ਹੋਣ ਵਾਲੀ ਹੈ। ਬੇਬੇ ਸਾਡੀ ਤਾਂ ਸੋਫੇ ਦੀ ਲਵ ਸੀਟ ਤੇ ਬੈਠੀ ਐਂਗਰ ਵਿੱਚ ਉਦਾਂ ਹੀ ਕੰਬਣ ਲੱਗ ਪੈਂਦੀ ਹੈ। ਹੁਣ ਤੂੰ ਦੱਸ ਕਸੂਰ ਕਿਸਦਾ ਹੈ ?

"ਯਾਰ ਇਹ ਤੇ ਬੜੀ ਵੱਡੀ ਪਜ਼ਲ ਪਾ ਦਿੱਤੀ ਤੂੰ। ਸਡੂਕੋ ਤੋਂ ਵੀ ਵੱਡੀ। ਜੇ ਵਿਚਕਾਰ ਪੰਜ ਲਿਖੀਏ ਤਾਂ ਖਬਿਉਂ ਪੰਜ ਨਿਕਲ ਆਉਂਦਾ ਹੈ। ਮੈਂ ਤਾਂ ਸਮਝਦਾ ਹਾਂ ਕਿ ਤੁਹਾਡੇ ਤਾਂ ਸਾਰੇ ਟਬਰ ਨੂੰ ਹੀ ਗੋਲੀ ਮਾਰ ਦੇਣੀ ਚਾਹੀਦੀ ਹੈ। ਤੁਹਾਨੂੰ ਤੇ ਲੜਨਾ ਵੀ ਨਹੀਂ ਆਉਂਦਾ। ਐਵੇਂ ਕਮਿਊਨਿਟੀ ਦਾ ਨਾਮ ਬਦਨਾਮ ਕਰਨ ਡਹੇ ਹੋ। ਉਹ ਭਾਊ ਸਤਨਾਮ ਲੜਨਾ ਵੀ ਪਿਆਰ ਨਾਲ ਚਾਹੀਦਾ ਹੈ। ਸਭ ਤੋਂ ਵੱਡਾ ਕਸੂਰ ਤਾਂ ਤੁਹਾਡੀ ਬੁੜੀ ਦਾ ਹੈ। ਉਹ ਐਵੇਂ ਨਹੀ ਬੈਠੀ ਬੈਠੀ ਕੰਬਣ ਲੱਗ ਪੈਂਦੀ। ਪਹਿਲਾਂ ਤਾਂ ਇਹ ਬਾਪੂ ਨੂੰ ਘਰੋਂ ਕੱਢੋ ਜਿਹੜਾ ਐਵੇਂ ਨੌਹਾਂ ਨਾਲ ਪੰਗੇ ਲੈਂਦਾ ਰਹਿੰਦਾ ਹੈ। ਸਾਡੇ ਵੱਲ ਵੇਖ, ਸਾਡੇ ਨਿਆਣਿਆਂ ਨੇ ਕਿਹਾ ਕਿ ਅਸੀਂ ਨਹੀਂ ਬਾਪੂ ਘਰੇ ਰੱਖਣਾ। ਨਾ ਤੂੰ ਦੱਸ ਨਿਆਣਿਆਂ ਨਾਲੋਂ ਕੀ ਚੰਗਾ ? ਉਨ੍ਹਾਂ ਕਿਹਾ, ਸਾਡੀ ਪਰਸਨਲ ਲਾਈਫ 'ਚ ਦਖਲ ਦਿੰਦਾ ਹੈ। ਅਸੀਂ ਮਿੰਟ ਨਹੀਂ ਲਾਇਆ। ਐਨ ਮੱਖਣ ਵਿਚੋਂ ਵਾਲ ਵਾਂਗ ਕਢਕੇ ਪਰਾਂ ਮਾਰਿਆ। ਉਂਝ ਵੀ ਇਤਨੀ ਮਹਿੰਗਾਈ ਵਿੱਚ ਬਾਪੂ ਕਿੱਥੇ ਅਫੋਰਡ ਹੁੰਦਾ ਹੈ ? ਖਾਂਦਾ ਸਾਡਾ ਸੀ ਤੇ ਪੈਨਸ਼ਨ ਪਿੱਛੇ ਭੇਜ ਦਿੰਦਾ ਸੀ। ਹੁਣ ਟਿਕਾ ਆਇਆ ਉਸਨੂੰ ਵੀ"।

"ਗੱਲ ਤੇਰੀ ਠੀਕ ਹੈ ਬਬੂ, ਕੁੱਝ ਹੋਰ ਵੀ ਟਿਪਸ ਦੇ ਖਾਂ ਭਲਾ।"

"ਦੂਜੀ ਗੱਲ ਇਹ ਹੈ ਕਿ ਜਨਾਨੀਆਂ ਨੂੰ ਘੂਰੀਦਾ ਨਹੀਂ ਕੈਨੇਡਾ ਵਿਚ। ਇਹਨਾਂ ਨਾਲ ਤਾਂ ਰਾਜਨੀਤੀ ਖੇਡਣੀ ਪੈਂਦੀ ਹੈ। ਜਾਉ ਦੱਖਣ ਨੂੰ ਦੱਸੋ ਪੱਛਮ। ਕਦੇ ਵੀ ਭੇਤ ਦੀ ਗੱਲ ਇਨ੍ਹਾਂ ਨਾਲ ਨਾ ਕਰੋ। ਨਾਂਹ ਕਦੇ ਕਰੋ ਨਾ ਤੇ ਹਾਂ ਵਿੱਚ ਇਤਨੀਆਂ ਮੇਂਗਣਾਂ ਪਾਉ ਕਿ ਅੱਗੇ ਵਾਸਤੇ ਗੱਲ ਪੁੱਛਣ ਤੋਂ ਹੀ ਤੌਬਾ ਕਰ ਜਾਣ। ਹਾਂ ਸੁਰਖੀ ਬਿੰਦੀ ਦੀ ਘਾਟ ਨਾ ਆਉਣ ਦਿਉ। ਕਦੇ ਕਦੇ ਡਾਲਰ ਸਟੋਰ ਦਾ ਗੇੜਾ ਕਢਾ ਲਿਆਉ। ਤਰੀਕੇ ਨਾਲ ਚਲੋ ਤਾਂ ਫਿਰ ਨਹੀਂ ਇਹ ਕੰਨ ਵਿੱਚ ਪਾਈਆਂ ਰੜਕਦੀਆਂ।"

"ਹੋਰ ਕੋਈ ਸਲਾਹ," ਸਤਨਾਮ ਨੇ ਫਿਰ ਪੁੱਛਿਆ।

"ਲੈ ਮੈ ਕੋਈ ਸਲਾਹਾਂ ਦੇਣ ਦੀ ਏਜੰਸੀ ਖੋਲ੍ਹੀ ਹੋਈ ਹੈ ? ਇਹ ਤਾਂ ਕਾਮਨ ਸੈਂਸ ਦੀਆਂ ਗੱਲਾਂ ਹਨ ਪਰ ਕਮਾਲ ਦੀ ਗੱਲ ਇਹ ਹੈ, ਸਤਨਾਮ ਇਹ ਗੱਲਾਂ ਮੇਰੇ ਵੀ ਅੱਜਕਲ੍ਹ ਕੰਮ ਨਹੀਂ ਆ ਰਹੀਆਂ। ਇਸੇ ਲਈ ਤਾਂ ਮੈਂ ਤਜ਼ਰਬੇ ਇੱਕਠੇ ਕਰਦਾ ਫਿਰਦਾ ਹਾਂ। ਸਾਡੇ ਘਰ ਵੀ ਨਿੱਕਾ ਜਿਹਾ ਰੌਲਾ ਰਹਿੰਦਾ ਹੈ।"

"ਤੁਹਾਡਾ ਕੀ ਰੌਲਾ ਹੈ ?" ਸਤਨਾਮ ਨੇ ਪੁੱਛਿਆ।

"ਨਾ ਮੈਂ ਤੈਨੂੰ ਕਿਉਂ ਦੱਸਾਂ, ਘਰ ਦੀਆਂ ਗੱਲਾਂ ?"

"ਲੈ ਮੈਂ ਵੀ ਤੇ ਸਾਰੀਆਂ ਦੱਸ ਹੀ ਦਿੱਤੀਆਂ ਹਨ।"

"ਤੂੰ ਤੇ ਸ਼ੁਦਾਈ ਹੈਂ ਜੋ ਘਰ ਦੀਆਂ ਗੱਲਾਂ ਜਣੇ ਖਣੇ ਨਾਲ ਕਰੀ ਜਾਨੈ।"

"ਨਾ ਤੂੰ ਤੇ ਮੇਰਾ ਦੋਸਤ ਹੈਂ। ਤੈਨੂੰ ਆਪਣਾ ਸਮਝ ਕੇ ਹੀ ਕੀਤੀਆਂ ਹਨ।"

"ਨਾ ਤੇਰੀ ਮੇਰੀ ਕਾਹਦੀ ਦੋਸਤੀ ਉਏ, ਤੁਸੀਂ ਸਾਲਿਉ ਤੀਵੀਂ-ਕੁੱਟ, ਤੇ ਅਸੀਂ ਜਦੀ-ਪੁਸ਼ਤੀ ਸਰਦਾਰ।" ਮੈਂ ਤੇ ਮਜ਼ਾਕ ਹੀ ਕਰ ਰਿਹਾ ਸੀ ਪਰ ਸਤਨਾਮ ਨੇ ਫੋਨ ਹੀ ਹੈਂਗ ਕਰ ਦਿੱਤਾ। ਇਹ ਪਤਾ ਨਹੀਂ ਕਦੇ ਕਦੇ ਗੁੱਸਾ ਕਰ ਜਾਂਦਾ ਹੈ। ਸਾਰਾ ਟਬਰ ਹੀ ਗੁੱਸੇ-ਖੋਰਾ ਹੈ ਇਨ੍ਹਾਂ ਨੂੰ ਤੇ ਐਂਗਰ ਟਰੀਟਮੈਂਟ ਦੇ ਕੈਪਸੂਲ ਖਾਣੇ ਚਾਹੀਦੇ ਹਨ। ਹੁਣ ਮੈਂ ਕੀ ਕਰਾਂ? ਕਲਾਕ ਤਾਂ ਮੈਂ ਪੰਚ ਕਰ ਹੀ ਚੁੱਕਾ ਸੀ। ਅਗਲਾ ਅਜੇ ਅਧੇ ਘੰਟੇ ਨੂੰ ਕਰਨਾ ਸੀ। ਅਜੇ ਪ੍ਰਸਿੰਨੀ ਦਾ ਫੋਨ ਵੀ ਨਹੀਂ ਆਇਆ। ਲਾਂਡਰੀ ਕਰਦੀ ਹੋਣੀ ਹੈ। ਵੇਹਲੀ ਹੋਕੇ ਕਰੂਗੀ, ਦੁਖੀ ਹੈ ਵਿਚਾਰੀ ਦਿਆਲੇ ਵੱਲੋਂ, ਪਰ ਮੈਂ ਕੀ ਕਰ ਸਕਦਾ ਹਾਂ। ਹੁਣ ਤੇ ਸਿਰਫ ਹਾਰਪਰ ਤੇ ਹੀ ਆਸ ਹੈ। ਆ ਜਿਹੜੀ ਐਚ.ਸੀ.ਟੀ ਲਾਈ ਹੈ ਨਾ ਇਸਨੇ, ਇਹ ਤਾਂ ਬਾਹਲਾ ਹੀ ਵਧੀਆ ਕੰਮ ਕੀਤਾ ਹੈ ਇਸਨੇ। ਸ਼ਾਬਸ਼ੇ ਬਈ ਸ਼ਾਬਸ਼ੇ, ਚਕੀ ਚੱਲ ਫਟੇ, ਮੇਰੀ ਵੋਟ ਪੱਕੀ। ਹੁਣ ਤੇ ਹੋਰ ਵੀ ਮੌਜ ਹੈ। ਅੱਗੇ ਹਰ ਸ਼ਨੀਵਾਰ ਕਿਸੇ ਨਾ ਕਿਸੇ ਦਾ ਬਰਥਡੇ ਹੀ ਆਇਆ ਰਹਿੰਦਾ ਸੀ, ਹੁਣ ਕੋਈ ਨਹੀਂ ਸਦਦਾ। ਕੰਮ ਕਰਨ ਲਈ ਵਾਹਵਾ ਵੇਹਲ ਮਿਲ ਜਾਂਦਾ ਹੈ। ਸਭ ਹਾਰਪਰ ਦੀਆਂ ਮੇਹਰਬਾਨੀਆਂ ਹਨ ਵਰਨਾ ਸਾਨੂੰ ਕੌਣ ਸਿਆਣਦਾ ਸੀ। ਮੈਂ ਉਠਿਆ ਤੇ ਲੱਤਾਂ ਖੋਲ੍ਹਣ ਲਈ ਕੈਬਿਨ ਵਿਚੋਂ ਬਾਹਰ ਆ ਗਿਆ। ਰੇਡੀਉ ਵੀ ਬੋਰ ਕਰ ਰਿਹਾ ਸੀ। ਦਿਵਾਲੀ, ਵਿਸਾਖੀ ਦੇ ਲਾਗੇ ਕਦੇ ਵੀ ਰੇਡੀਉ ਨਹੀਂ ਲਾਉਣਾ ਚਾਹੀਦਾ। ਪਰ ਮਜ਼ਬੂਰੀ ਸੀ। ਵਧਾਈਆਂ ਸੁਣ ਸੁਣ ਸਿਰ ਦੁਖਣ ਲੱਗ ਪੈਂਦਾ ਹੈ। ਜਿਨ੍ਹੇ ਕਦੇ ਗੁਰਦੁਆਰੇ ਪੈਰ ਨਹੀਂ ਪਾਇਆ ਹੁੰਦਾ ਉਹ ਵੀ ਕਰੋੜ ਤੋਂ ਘੱਟ ਵਧਾਈ ਦੀ ਗੱਲ ਨਹੀਂ ਕਰਦਾ। ਵਧਾਈਆਂ ਵੀ ਹੁਣ ਲਖਾਂ ਤੋਂ ਕਰੋੜਾਂ ਤੱਕ ਪਹੁੰਚ ਗਈਆਂ ਹਨ। ਇਹ ਸਭ ਇਨਫਲੇਸ਼ਨ ਦਾ ਅਸਰ ਹੈ। ਮੈਂ ਸੈੱਲ ਚੁੱਕਿਆ ਤੇ ਖੱਬੇ ਪਾਸੇ ਅੱਠ ਨੰਬਰ ਵਾਲੀ ਚਾਬੀ ਦੀ ਸੇਧੇ ਤੁਰ ਪਿਆ। ਸੱਜੇ ਪਾਸਿਉਂ ਮੈਂ ਇੱਕ ਕਾਰ ਆਉਂਦੀ ਵੇਖੀ। ਉਹ ਮੇਰੇ ਕੋਲ ਆਕੇ ਖੜ ਗਏ। ਪੁੱਛਣ ਲੱਗੇ ਕਿ ਅਸੀਂ ਆਪਣਾ ਘਰ ਬਣਦਾ ਵੇਖਣਾ ਚਾਹੁੰਦੇ ਹਾਂ। ਮੈਂ ਕਿਹਾ, "ਭਾਜੀ ਇਹ ਘਰ ਨਹੀ ਮਕਾਨ ਬਣ ਰਹੇ ਹਨ ਤੇ ਇਹ ਤੁਸੀਂ ਕਲ੍ਹ ਆਕੇ ਸੁਪਰਡੈਂਟ ਨੂੰ ਪੁੱਛਕੇ ਵੇਖ ਲਿਉ, ਅੱਜ ਨਹੀਂ।" ਉਹ ਬੁੜ ਬੁੜ ਕਰਦਾ ਕਾਰ ਮੋੜਨ ਲੱਗ ਪਿਆ ਤੇ ਮੈਂ ਉਸਦੀ ਪਲੇਟ ਨੰਬਰ ਨੋਟ ਕਰਨ ਲੱਗ ਪਿਆ। ਮਸੀਂ ਰਿਪੋਰਟ ਕਰਨ ਨੂੰ ਕੋਈ ਗੱਲ ਲੱਭੀ ਸੀ।

ਅਚਾਨਕ ਮੈਨੂੰ ਖਿਆਲ ਆਇਆ ਕਿ ਮੈਂ ਉਸਨੂੰ ਕਿਹਾ ਕੀ ਸੀ ਕਿ ਇਹ ਘਰ ਨਹੀਂ ਮਕਾਨ ਬਣ ਰਹੇ ਹਨ। ਹੈ ਤੇ ਪੁਰਾਣੀ ਗੱਲ ਪਰ ਮੇਰੇ ਲਈ ਅਜ਼ੀਬ ਜਿਹੀ ਖੁਤਖੁਤੀ ਪੈਦਾ ਕਰ ਗਈ। ਮੈਂ ਇੱਕਲਾ ਵੀ ਸੀ, ਇਸ ਇਕਾਂਤ ਵਿਚ। ਸਾਡੇ ਘਰ ਵੀ ਅਜ਼ੀਬ ਹੀ ਸਥਿਤੀ ਸੀ। ਮੇਰੇ ਤੇ ਪ੍ਰਸਿੰਨੀ ਦੇ ਦੋ ਮੁੰਡੇ ਤੇ ਦੋਵੇਂ ਜੁੱਤੀਆਂ ਮਾਰਕੇ ਘਰੋਂ ਕੱਢਣ ਵਾਲੇ। ਮੈਂ ਇਹੋ ਗੱਲ ਪ੍ਰਸਿੰਨੀ ਨੂੰ ਵੀ ਕਹੀ ਸੀ। ਉਹ ਕਹਿੰਦੀ ਕਿ ਜੇ ਘਰੋਂ ਹੀ ਕੱਢਣਾ ਹੈ ਤਾਂ ਜੁੱਤੀਆਂ ਜ਼ਰੂਰ ਮਾਰਨੀਆਂ ਹਨ। ਮੇਰਾ ਉੱਤਰ ਸੀ ਕਿ ਉਸ ਤਰ੍ਹਾਂ ਇਨ੍ਹਾਂ ਨੇ ਜਾਣਾ ਕਿਤੇ, ਇਹੋ ਜੇਹੀਆਂ ਬਹਾਰਾਂ ਛੱਡਕੇ। ਐਵੇਂ ਮਜ਼ਾਕ ਹੀ ਮਜ਼ਾਕ ਵਿੱਚ ਮੂੰਹੋਂ ਕਢੀ ਗੱਲ ਸੱਚ ਹੋ ਨਿਬੜੀ ਸੀ।

"ਜੀ ਅੱਠਾਂ ਪਹਿਰਾਂ ਵਿੱਚ ਇੱਕ ਪਲ ਐਸਾ ਵੀ ਆਉਂਦਾ ਹੈ ਜਦੋਂ ਮੂੰਹੋਂ ਕਢੀ ਗੱਲ ਸੱਚ ਹੋ ਜਾਂਦੀ ਹੈ। ਇਹ ਸਤੀ ਸਵਿਤਰੀ ਦਾ ਵਰਦਾਨ ਹੈ। ਇਸੇ ਲਈ ਕਹਿੰਦੇ ਹਨ ਕਿ ਕਦੇ ਵੀ ਬੁਰਾ ਨਹੀਂ ਸੋਚਣਾ ਚਾਹੀਦਾ। ਹਮੇਸ਼ਾਂ ਚੰਗਾ ਕਰੋ, ਚੰਗਾ ਸੋਚੋ, ਪਤਾ ਨਹੀਂ ਕੇਹੜੇ ਵੇਲੇ ਉਸ ਪਲ ਨੇ ਆਉਣਾ ਹੈ ਤੇ ਤੁਹਾਡੇ ਬੋਲਾਂ ਤੇ ਸਤੀ ਸਵਿਤਰੀ ਨੇ ਸਵਾਰੀ ਕਰਨੀ ਹੈ।" ਤੇ ਸੱਚੀਂ ਹੀ ਉਹੋ ਗੱਲ ਹੋ ਗਈ। ਮੇਰੀ ਸ਼ੁਰੂ ਤੋਂ ਹੀ ਸੋਚ ਸੀ ਕਿ ਆਪ ਭਾਵੇਂ ਕਿਤਨਾ ਵੀ ਔਖਾ ਹੋਣਾ ਪਵੇ, ਨਿਆਣਿਆਂ ਨੂੰ ਕਦੇ ਤੰਗੀ ਨਹੀਂ ਆਉਣ ਦੇਣੀ। ਹੋਰ ਕਿਸੇ ਮਾਮਲੇ ਵਿੱਚ ਮੇਰੀ ਤੇ ਪ੍ਰਸਿੰਨੀ ਦੀ ਰਾਏ ਮਿਲੇ ਜਾਂ ਨਾਂਹ



ਮਿਲੇ ਪਰ ਨਿਆਣਿਆਂ ਵਾਲੀ ਗੱਲ ਤੇ ਅਸੀਂ ਇੱਕ-ਮੱਤ ਸੀ। ਔਖੇ ਹੋਕੇ ਘਰ ਲਿਆ। ਇਹ ਸੋਚਕੇ ਵੱਡਾ ਲਿਆ ਕਿ ਜਦੋਂ ਨਿਆਣੇ ਵਿਆਹੇ ਜਾਣਗੇ ਤਾਂ ਥਾਂ ਦੀ ਕੋਈ ਤੰਗੀ ਨਾ ਹੋਵੇ। ਉਦੋਂ ਤੋਂ ਹੀ ਇਹ ਸਕਿਉਰਟੀ ਵਾਲੀ ਜੌਬ ਮੇਰੇ ਪੱਲੇ ਪਈ ਹੈ। ਮੈਂ ਕਦੇ ਵੀ ਕੰਪਨੀ ਨੂੰ ਕੋਈ ਸ਼ਿਕਾਇਤ ਨਹੀਂ ਆਉਣ ਦਿੰਦਾ। ਵਰ੍ਹੇ ਛਿਮਾਹੀ ਪੀਟਰ ਨੂੰ ਬੋਤਲ ਵੀ ਦਿੰਦਾ ਹਾਂ। ਭਾਵੇਂ ਭਾਪੇ ਨੇ ਕਈ ਵਾਰ ਕਿਹਾ ਵੀ ਕਿ ਫ਼ੌਜਾਂ ਦਾ ਕੰਮ ਹੈ ਲੜਨਾ। ਕਦੇ ਜਿੱਤ ਤੇ ਕਦੇ ਹਾਰ ਹੁੰਦੀ ਹੈ। ਇਹ ਵਾਧੂ ਜਿਹੀ ਜੌਬ ਦਾ ਫਿਕਰ ਨਾ ਕਰਿਆ ਕਰ। ਪਰ ਮੇਰਾ ਫਿਕਰ ਮੇਰੇ ਬੱਚੇ ਸਨ। ਅਸੀਂ ਦੋਵੇਂ ਜੀਅ ਆਪ ਭਾਵੇਂ ਤੰਗ ਹੋਈਏ ਪਰ ਬੱਚਿਆਂ ਦੀ ਮੂੰਹੋਂ ਕੱਢੀ ਗੱਲ ਹਮੇਸ਼ਾਂ ਪੂਰੀ ਕੀਤੀ। ਨਿਆਣੇ ਵੱਡੇ ਹੁੰਦੇ ਗਏ ਤੇ ਉਨ੍ਹਾਂ ਦੀ ਸੋਚ ਵੀ ਆਲੇ ਦੁਆਲੇ ਅਨੁਸਾਰ ਹੀ ਢਲਦੀ ਗਈ। ਅਸੀਂ ਤਾਂ ਅਡਜਸਟ ਕਰਦੇ ਰਹੇ ਪਰ ਭਾਪਾ ਜੀ ਦੀ ਸੋਚ ਵਿੱਚ ਤਬਦੀਲੀ ਆਉਣੀ ਅਸੰਭਵ ਸੀ। ਦਾਦੇ-ਪੋਤਿਆਂ ਦੇ ਟਕਰਾ ਵਿੱਚ ਅਸੀਂ ਨਪੀੜ ਹੁੰਦੇ ਗਏ। ਚੋਰੀ ਛਿਪੇ ਭਾਪੇ ਦੀਆਂ ਮਿੰਨਤਾਂ ਕਰਦੇ ਪਰ ਸਾਹਮਣੇ ਅਸੀਂ ਬੱਚਿਆਂ ਦੇ ਹੱਕ ਵਿੱਚ ਹੀ ਭੁਗਤਦੇ ਰਹੇ। ਅਸਲ ਵਿੱਚ ਅਸੀਂ ਤਾਂ ਖਾਦ ਦਾ ਕੰਮ ਹੀ ਕਰ ਰਹੇ ਸਾਂ। ਭਾਪੇ ਦੀਆਂ ਆਪਣੇ ਸੰਸਕਾਰਾਂ ਵਿੱਚ ਜੜ੍ਹਾਂ ਡੂੰਘੀਆਂ ਸਨ ਪਰ ਅਸੀਂ ਆਪਣੀਆਂ ਜੜ੍ਹਾਂ ਵੱਲ ਧਿਆਨ ਮਾਰਕੇ ਉਨ੍ਹਾਂ ਨੂੰ ਪੋਲ੍ਹਾ ਕਰ ਲਿਆ। ਇਤਨਾ ਪੋਲ੍ਹਾ ਕੇ ਲੋੜ ਪੈਣ ਤੇ ਪੁੱਟੀਆਂ ਜਾ ਸਕਣ। ਆਖਰ ਅਸੀਂ ਇੱਕ ਦਿਨ ਨਿਆਣਿਆਂ ਦੇ ਹੱਕ ਵਿੱਚ ਭੁਗਤਕੇ ਖਰਚ ਹੋ ਗਏ। ਬਿਨ੍ਹਾਂ ਕਸੂਰ ਤੋਂ ਹੀ ਆਪਣੀ ਅਣਖ ਚੁਰਾਹੇ ਵਿੱਚ ਰੱਖ ਦਿੱਤੀ। ਆਉਂਦੇ-ਜਾਂਦੇ ਵੇਖਦੇ, ਘੂਰਦੇ ਤੇ ਅੱਗੇ ਲੰਘ ਜਾਂਦੇ। ਹੌਲੀ ਹੌਲੀ ਇਨ੍ਹਾਂ ਅਣਖਾਂ ਦੀ ਚੌਰਾਹੇ ਵਿੱਚ ਇੱਕ ਮੰਡੀ ਜਿਹੀ ਲੱਗ ਗਈ, ਪਤਾ ਹੀ ਨਹੀਂ ਲਗਦਾ ਸੀ ਕਿ ਕੇਹੜੀ ਢੇਰੀ ਕੀਹਦੀ ਹੈ। ਲੋਕਾਂ ਨੇ ਇਹ ਗੱਲ ਕਰਨੀ ਹੀ ਬੰਦ ਕਰ ਦਿੱਤੀ। ਮੈਂ ਤੇ ਨਿਹਾਲੇ ਤੇ ਦਿਆਲੇ ਲਈ ਆਪਣੇ ਭਾਪੇ ਨੂੰ ਜੀਂਦੇ ਜੀ ਰਿਟਾਇਰ ਕਰ ਦਿੱਤਾ। ਹੋਰ ਵੀ ਕਈਆਂ ਨੇ ਇਦਾਂ ਹੀ ਕੀਤਾ ਤੇ ਕਈਆਂ ਨੇ ਅਜੇ ਠਹਿਰਕੇ ਕਰਨਾ ਹੈ। ਦੋ ਧੜਿਆਂ ਵਿੱਚ ਵੰਡੀ ਗਈ ਸਾਰੀ ਖਲਕਤ। ਅਸੀਂ ਆਪਣੇ ਧੜੇ ਵਿੱਚ ਖ਼ੁਸ਼ ਸਾਂ ਕਿ ਚਲੋ ਅਸੀਂ ਨਿਆਣੇ ਸਾਂਭ ਲਏ ਹਨ। ਟਰੂਡੋ ਨੂੰ ਅਸੀਂ ਬਹੁਤ ਪਿਆਰ ਕਰਦੇ ਸਾਂ। ਜੀਹਨੇ ਪਤਾ ਨਹੀਂ ਕੀ ਕੀਤਾ ਸੀ ਪਰ ਸਾਰੇ ਟਰੂਡੋ ਟਰੂਡੋ ਕਰਦੇ ਸਨ ਕਿ ਉਨ੍ਹੇ ਹੀ ਕੈਨੇਡਾ ਦੇ ਦਰ ਖੋਲ੍ਹੇ ਹਨ ਤੇ ਹੁਣ ਉਹੋ ਟਰੂਡੋ ਤੇ ਉਹਦੀ ਪਾਰਟੀ ਸਾਡੀ ਦੁਸ਼ਮਣ ਬਣ ਗਈ ਹੈ। ਇਹ ਦੋਸਤ, ਦੁਸ਼ਮਣ ਹੁੰਦੇ ਕੌਣ ਹਨ ਭਲਾ? ਇਸ ਤੇ ਸੋਚਣਾ ਚਾਹੀਦਾ ਹੈ, ਕਿਉਂ ਨਾ ਅੱਜ ਹੀ ਸੋਚਿਆ ਜਾਵੇ। ਮੇਰੇ ਕੋਲ ਅਜੇ ਵੀ ਵੀਹ ਘੰਟੇ ਹਨ, ਬਹੁਤ ਹੁੰਦੇ ਹਨ ਵੀਹ ਘੰਟੇ। ਸੋਚਣ ਵਾਲੇ ਤਾਂ ਦਸ ਮਿੰਟ ਵਿੱਚ ਸੋਚਕੇ ਰਾਹੇ ਪੈਂਦੇ ਹਨ। ਮੈਂ ਤੁਰਦਾ ਤੁਰਦਾ ਹੱਸਣ ਲੱਗ ਪਿਆ। ਬਹੁਤ ਥੱਲੇ ਨੱਪੀ ਇੱਕ ਗੱਲ ਚੇਤੇ ਆ ਗਈ। ਨਹੀਂ ਇਸਨੂੰ ਉਪਰ ਨਹੀਂ ਆਉਣਾ ਚਾਹੀਦਾ। ਉਪਰ ਤਾਂ ਹੋਰ ਬਹੁਤ ਸਿਆਣੀਆਂ ਗੱਲਾਂ ਪਈਆਂ ਹਨ। ਇਟਾਂ ਰੋੜੇ ਮੈਨੂੰ ਦੇਖ ਰਹੇ ਸਨ ਪਰ ਕਿਸੇ ਰੋੜੇ ਦੀ ਇਤਨੀ ਹਿੰਮਤ ਨਹੀਂ ਸੀ ਜੋ ਮੈਨੂੰ ਇੱਕਲੇ ਨੂੰ ਹੱਸਦਾ ਵੇਖਕੇ ਪਾਗਲ ਕਹਿ ਸਕੇ। ਪਰ ਮੈਨੂੰ ਕਦੇ ਕਦੇ ਇਹ ਹੈਰਾਨੀ ਵੀ ਹੁੰਦੀ ਹੈ ਕਿ ਲੋਕੀਂ, ਇੱਕਲੇ ਬੰਦੇ ਨੂੰ ਹੱਸਦਾ ਵੇਖਕੇ ਹੈਰਾਨ ਕਿਉਂ ਹੁੰਦੇ ਹਨ? ਇਸਦੇ ਉਲਟ ਜੇ ਕੋਈ ਇੱਕਲਾ ਰੋਂਦਾ ਹੋਵੇ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੁੰਦੀ। ਪਤਾ ਨਹੀਂ ਲੋਕ ਮੇਰੇ ਨਾਲੋਂ ਵੀ ਜ਼ਿਆਦਾ ਦੁਖੀ ਕਿਉਂ ਹਨ? ਮੈਂ ਸੋਚਾਂ ਵਿੱਚ ਕੈਬਿਨ ਦੇ ਨੇੜੇ ਪਹੁੰਚ ਗਿਆ ਸੀ ਜਦੋਂ ਸੈੱਲ ਦੀ ਘੰਟੀ ਵਜੀ। ਮੈਂ ਸੋਚਿਆ ਜ਼ਰੂਰ ਪ੍ਰਸਿੰਨੀ ਹੀ ਹੋਏਗੀ, ਉਹ ਹੀ ਸੀ। ਮੈਂ ਕਿਹਾ, "ਤੂੰ ਫੋਨ ਬੰਦ ਕਰ ਮੈਂ ਲੈਂਡ-ਲਾਈਨ ਤੋਂ ਫੋਨ ਕਰਦਾ ਹਾਂ, ਸੈੱਲ ਤੇ ਅਵਾਜ਼ ਬਹੁਤੀ ਸਾਫ਼ ਨਹੀਂ ਆ ਰਹੀ।" 'ਅੱਛਾ ਜੀ' ਕਹਿਕੇ ਉਸਨੇ ਫੋਨ ਰੱਖ ਦਿੱਤਾ। ਮੈਂ ਕੈਬਿਨ ਵਿੱਚ ਆਕੇ ਪਹਿਲਾਂ ਤਾਂ ਰਿਪੋਰਟ ਬੁੱਕ ਕੱਢੀ ਤੇ ਨੋਟ ਕੀਤੀ ਕਾਰ ਦਾ ਨੰਬਰ ਲਿਖਕੇ ਕਾਰਵਾਈ ਪਾਈ। ਫਿਰ ਇੱਕ ਪਰੌਂਠਾ ਕੱਢਿਆ ਤੇ ਰੋਲ ਕਰਕੇ ਦੰਦੀ ਵਢਦਿਆਂ ਚਾਹ ਦੀ ਥਰਮੋਸ ਖੋਲ੍ਹ ਲਈ। ਤਾਜ਼ੀ ਚਾਹ ਮੈਂ

ਛੇ ਵਜੇ ਤੋਂ ਬਾਦ ਸ਼ੁਰੂ ਕਰਨੀ ਸੀ। ਚਾਹ ਦਾ ਘੁੱਟ ਭਰਦਿਆਂ ਮੈਂ ਘਰੇ ਫੋਨ ਘੁੰਮਾਇਆ। ਪਹਿਲੀ ਘੰਟੀ ਨਾਲ ਹੀ ਪ੍ਰਸਿੰਨੀ ਨੇ ਫੋਨ ਚੁੱਕ ਲਿਆ।

"ਹਾਂ ਜੀ ਕੀ ਕਰਦੇ ਹੋ ?" ਉਸਨੇ ਪਹਿਲਾ ਸੁਆਲ ਕੀਤਾ।

"ਕਰਨਾ ਕੀ ਹੈ, ਤੇਰੇ ਹੱਥਾਂ ਦੇ ਪਰੌਂਠੇ ਖਾ ਰਿਹਾ ਹਾਂ। ਤੂੰ ਕੀ ਕਰਦੀਂ ਹੈਂ ?"

"ਮੈਂ ਕੀ ਕਰਨਾ, ਐਵੇਂ ਫੋਟੋਆਂ ਦੀ ਐਲਬਮਾਂ ਖੋਲ੍ਹਕੇ ਬੈਠੀ ਝੂਰਦੀ ਪਈ ਹਾਂ"। ਮੈਂ ਸਮਝ ਗਿਆ ਕਿ ਪ੍ਰਸਿੰਨੀ ਫੇਰ ਉਦਾਸੀ ਦੇ ਆਲਮ ਵਿੱਚ ਹੈ। ਉਹ ਜਦੋਂ ਵੀ ਫੋਟੋਆਂ ਦੇਖਦੀ ਹੈ ਬੱਸ ਰੋਕੇ ਹੀ ਉੱਠਦੀ ਹੈ। ਉਸਦੀ ਹੂਕ ਤਾਂ ਕਦੇ ਕਦੇ ਨੇੜਿਉਂ ਤੇ ਕਦੇ ਬਹੁਤ ਦੂਰੋਂ ਸ਼ੁਰੂ ਹੁੰਦੀ ਹੈ। ਜਿਤਨੀ ਦੂਰੋਂ ਸੁਰੂ ਹੋਏਗੀ ਉਤਨਾ ਹੀ ਜ਼ਿਆਦਾ ਉਦਾਸ ਹੋਏਗੀ। ਕਈ ਵਾਰ ਤਾਂ ਮੈਨੂੰ ਕੰਮ ਛੱਡਕੇ ਵੀ ਆਉਣਾ ਪੈਂਦਾ ਹੈ, ਉਸਨੂੰ ਸੰਭਾਲਣ ਲਈ। ਮੈਂ ਪੁੱਛਣ ਤੋਂ ਡਰ ਰਿਹਾ ਸੀ ਕਿ ਅੱਜ ਉਸਨੇ ਐਲਬਮ ਦਾ ਕਿਹੜਾ ਪੰਨਾ ਖੋਲ੍ਹਿਆ ਹੈ। ਮੈਂ ਮਾਹੌਲ ਨੂੰ ਪੇਤਲਾ ਕਰਨ ਲਈ ਪੁੱਛਿਆ, "ਨਿਹਾਲ ਕਿੱਥੇ ਹੈ ?"

"ਜੀ ਉਹ ਕੇਸੀ ਨਹਾ ਰਿਹਾ ਹੈ"।

"ਹੁਣ ਤੇ ਨਹੀਂ ਕਹਿੰਦਾ ਕਿ ਮੈਂ ਵੀ ਵਾਲ ਕਟਾਉਣੇ ਹਨ ?"

"ਨਹੀਂ ਕਹਿੰਦਾ ਤੇ ਨਹੀਂ ਪਰ ਕਈ ਵਾਰ ਵਾਲਾਂ ਦੀਆਂ ਅੜਕਾਂ ਕੱਢਦਾ ਖਿਝ ਜਾਂਦਾ ਹੈ, ਉਸਦੀ ਖਿਝ ਤੋਂ ਲਗਦਾ ਹੈ ਕਿ ਉਹ ਵਾਲ ਪਸੰਦ ਨਹੀਂ ਕਰਦਾ।"

"ਪ੍ਰਸਿੰਨੀ, ਮੇਰਾ ਖਿਆਲ ਹੈ ਕਿ ਕਟਾ ਹੀ ਦੇਈਏ ਉਹਦੇ ਵਾਲ।"

"ਨਹੀਂ ਜੀ ਉਹ ਇਕੋ ਹੀ ਤੇ ਰਹਿ ਗਿਆ ਘਰ ਵਿੱਚ ਸਿੱਖੀ ਸਰੂਪ ਵਿਚ।"

"ਪਰ ਤੂੰ ਇਹ ਵੀ ਤੇ ਸੋਚ, ਦਿਆਲ ਦੀਆਂ ਅਸੀਂ ਕਈ ਮੰਨੀਆਂ ਪਰ ਉਹ ਫਿਰ ਵੀ ਘਰ ਛੱਡ ਗਿਆ ਤੇ ਜੇ ਇਹ ਵੀ ਹੋਰ ਦੋ ਸਾਲ ਨੂੰ ਮੰਨ ਮਰਜੀ ਕਰਨ ਲੱਗ ਪਿਆ ਫਿਰ ਕੀ ਕਰਾਂਗੇ। ਰਹਿ ਜਾਵਾਂਗੇ, ਇੱਕਲੇ ਦੇ ਇੱਕਲੇ।"

"ਜੀ ਜਿਤਰਾਂ ਤੁਸੀਂ ਠੀਕ ਸਮਝੋ, ਮੈਂ ਤਾਂ ਆਪਣੇ ਲਾਲ ਨੂੰ ਕਿਤੇ ਨਹੀਂ ਜਾਣ ਦੇਣਾ। ਜੇ ਵਾਲ ਕਟਾ ਕੇ ਖ਼ੁਸ਼ ਹੁੰਦਾ ਹੈ ਤਾਂ ਹੋ ਲੈਣ ਦਿਉ। ਮੈਂ ਤਾਂ ਜਦੋਂ ਵੀ ਇਸਨੂੰ ਇਤਿਹਾਸਕ ਕਹਾਣੀਆਂ ਸੁਣਾਉਂਦੀ ਹਾਂ ਇਹ ਬੋਰ ਹੋ ਜਾਂਦਾ ਹੈ ਤੇ ਕਹਿ ਦਿੰਦਾ ਹੈ, ਹੂ ਕੇਅਰ। ਉਦੋਂ ਤਾਂ ਮੇਰਾ ਕਾਲਜਾ ਬਾਹਰ ਨੂੰ ਆਉਣ ਲਗਦਾ ਹੈ।"

"ਚੱਲ ਛੱਡ, ਤੂੰ ਇਹ ਦੱਸ ਮੇਰਾ ਕੰਮ ਕੀਤਾ ਕਿ ਨਹੀਂ ?"

"ਜੀ ਕਿਹੜਾ ?"

"ਲੈ ਤੈਨੂੰ ਇੱਕ ਹੀ ਤੇ ਕੰਮ ਕਿਹਾ ਹੈ ਮੈਂ, ਉਹੀ ਜੈਲਰ ਵਾਲਾ।"

"ਜੀ ਤੁਹਾਨੂੰ ਤੇ ਮਸ਼ਕਰੀਆਂ ਸੁਝਦੀਆਂ ਰਹਿੰਦੀਆਂ ਹਨ। ਹੁਣ ਮੇਰੀ ਕੋਈ ਉਮਰ ਹੈ ?"

"ਲੈ ਤੇਰੀ ਉਮਰ ਨੂੰ ਕੀ ਹੋਇਆ, ਤੇਰੇ ਵਰਗੀਆਂ ਗੋਰੀਆਂ ਤੇ ਅਜੇ ਕੁਆਰੀਆਂ ਤੁਰੀਆਂ ਫਿਰਦੀਆਂ, ਮਟਕ ਮਟਕ। ਮਟਕ ਤੇ ਤੇਰੇ ਵਿੱਚ ਉਨ੍ਹਾਂ ਨਾਲੋਂ ਵੀ ਜ਼ਿਆਦਾ, ਤੈਨੂੰ ਪਤਾ ਨਹੀਂ।"

"ਜੀ ਮੇਰਾ ਨਹੀਂ ਮੂਡ ਇਹੋ ਜੇਹੀਆਂ ਬੇਸ਼ਰਮ ਗੱਲਾਂ ਕਰਨ ਦਾ। ਮੈਂ ਤਾਂ ਦਿਆਲ ਦੀ ਫੋਟੋ ਵੇਖ ਰਹੀ ਹਾਂ ਜਦੋਂ ਉਸਦਾ ਤੇਰਵਾਂ ਜਨਮ ਦਿਨ ਸੀ।" ਤਾਂ ਇਹ ਵਿਚਕਾਰ ਜਿਹੇ ਹੈ, ਚਲੋ ਇਹ ਵੀ ਸ਼ੁਕਰ ਹੈ ਬਹੁਤੀ ਦੂਰ ਨਹੀਂ ਗਈ, ਨਹੀਂ ਤਾਂ ਮੇਰੇ ਮਾਂ ਬਾਪ ਨੇ ਐਵੇਂ ਦਖਲ ਦੇਣ ਲੱਗ ਪੈਣਾ ਸੀ ਤੇ ਇਸਨੂੰ ਸੰਭਾਲਣਾ ਵੀ ਔਖਾ ਹੋ ਜਾਣਾ ਸੀ ਤੇ ਸਮਝਾਉਣਾ ਵੀ। ਪਰ ਮੈਂ ਸੋਚਦਾ ਹਾਂ ਕਿ ਸਮਝਾਵਾਂ ਵੀ ਕੀ ? ਹਾਂ ਕੋਈ ਦਲੀਲ ਹੀ ਘੜੀ ਜਾ ਸਕਦੀ ਹੈ ਮੌਕੇ ਅਨੁਸਾਰ ਤੇ ਉਹ ਮੈਂ ਕਰ ਵੀ ਲੈਂਦਾ ਹਾਂ ਪਰ ਮੈਂ ਵੀ ਪੰਚਰ ਲਾਉਂਦੇ ਲਾਉਂਦੇ ਤੰਗ ਆ ਗਿਆ ਹਾਂ।



"ਵੋਟਾਂ ਵਾਲੇ ਤੇ ਨਹੀਂ ਆਏ ?"

"ਆਏ ਸੀ, ਤੁਹਾਡਾ ਦੋਸਤ ਆਇਆ ਸੀ ਅਵਤਾਰ, ਕਹਿੰਦਾ, ਲਿਬਰਲਾਂ ਦਾ ਫਟਾ ਲਾਉਣਾ। ਮੈਂ ਮਨ੍ਹਾ ਕਰ ਦਿੱਤਾ ਤੇ ਕਿਹਾ, ਜੀ ਇਨ੍ਹਾਂ ਨੂੰ ਪੁੱਛਕੇ ਲਾਇਉ। ਇਹ ਕਹਿੰਦੇ ਸੀ, ਅਸੀਂ ਨਹੀਂ ਲਿਬਰਲਾਂ ਨੂੰ ਵੋਟ ਪਾਉਣੀ ਐਤਕੀਂ"।

"ਵਧੀਆ ਕੀਤਾ, ਇਹ ਲਿਬਰਲਾਂ ਨੇ ਹੀ ਸਾਰਾ ਬੇੜਾ ਗਰਕ ਕੀਤਾ। ਪਹਿਲਾਂ ਸਾਨੂੰ ਪਤਿਆ ਕੇ ਕੈਨੇਡਾ ਸੱਦ ਲਿਆ ਤੇ ਹੁਣ ਸਾਡੀ ਵਾਤ ਹੀ ਨਹੀਂ ਪੁੱਛਦੇ।"

ਦਿਆਲ ਨਾਲ ਮੇਰੀ ਅਣਬਣ ਤੇਰਵੇਂ ਜਨਮ-ਦਿਨ ਤੋਂ ਬਾਦ ਹੀ ਸ਼ੁਰੂ ਹੋਈ ਸੀ। ਹੋ ਸਕਦਾ ਹੈ ਕਿ ਇਹ ਅਣਬਣ ਪਹਿਲਾਂ ਦੀ ਵੀ ਹੋਵੇ ਪਰ ਮੈਨੂੰ ਨਹੀਂ ਪਤਾ ਸੀ। ਲੁਕਵੀਂ ਤੇ ਜਾਹਰੀ ਦਾ ਫਰਕ ਮੈਨੂੰ ਉਦੋਂ ਹੀ ਪਤਾ ਲੱਗਾ। ਪ੍ਰਸਿੰਨੀ ਨੇ ਸਾਜਰੇ ਉੱਠਕੇ ਬੜੇ ਚਾਅ ਨਾਲ ਸਾਰਾ ਕੁੱਝ ਬਣਾਇਆ ਸੀ। ਦਿਆਲ ਨੂੰ ਜੋ ਵੀ ਪਸੰਦ ਸੀ। ਗੋਟ ਕਰੀ, ਬਟਰ ਚਿਕਨ, ਮਕਰੋਨੀ, ਸ਼ਕਰਪਾਰੇ, ਪਕੌੜੇ, ਬਾਲੂ-ਸ਼ਾਹੀਆਂ ਪਰ ਦਿਆਲ ਨੇ ਉੱਠਣ ਸਾਰ ਹੀ ਭੜਥੂ ਪਾ ਦਿੱਤਾ, "ਇਹ ਕੀ ਕੀਤਾ ਤੁਸੀਂ ?"

"ਕਿਉਂ ਕੀ ਹੋਇਆ ?" ਪ੍ਰਸਿੰਨੀ ਨੇ ਬੜੇ ਅਦਬ ਨਾਲ ਫਾਈਵ ਸਟਾਰ ਦੇ ਬਹਿਰੇ ਵਾਂਗ ਪੁੱਛਿਆ।

"ਸਾਰਾ ਘਰ ਸਮੈਲ ਨਾਲ ਭਰ ਦਿੱਤਾ। ਘਟੋ ਘੱਟ ਮੇਰੇ ਕਮਰੇ ਦਾ ਬੂਹਾ ਹੀ ਢੋਅ ਦਿੰਦੇ। ਮੇਰੇ ਕਪੜਿਆਂ ਵਿੱਚ ਵੀ ਸਮੈਲ ਵੜ ਗਈ ਹੈ, ਹੁਣ ਮੈਂ ਕੀ ਪਾਵਾਂਗਾ ? ਯੂ ਇੰਡੀਅਨ ਲਾਈਕ ਸਟਿਕ ਆਲ ਦਾ ਟਾਈਮ।" ਮੇਰੇ ਲਈ ਇਹ ਗੱਲ ਅਸਹਿ ਸੀ। ਮੈਨੂੰ ਗੁੱਸਾ ਆ ਗਿਆ ਪਰ ਇਹ ਗੁੱਸਾ ਇੱਕਲੇ ਦਿਆਲ ਤੇ ਹੀ ਨਹੀਂ ਸੀ। ਪਤਾ ਨਹੀਂ ਲੱਗ ਰਿਹਾ ਸੀ ਕਿ ਮੇਰਾ ਗੁੱਸਾ ਕੀਹਦੇ ਤੇ ਹੈ। ਇੱਕ ਪਲ ਮੈਨੂੰ ਲਗਿਆ ਵੀ ਕਿ ਇਹ ਝੁੰਜਲਾਹਟ ਵਿੱਚ ਆਇਆ ਗੁੱਸਾ ਸੀ। ਦਿਆਲ ਦੇ ਨੁਕਤੇ ਤੋਂ ਸੋਚੀਏ ਤਾਂ ਇਹ ਗੱਲ ਠੀਕ ਵੀ ਸੀ। ਪੰਜ ਲੱਖ ਦੇ ਘਰ ਵਿਚੋਂ ਮੈਨੂੰ ਵੀ ਤੜਕਿਆਂ ਦੀ ਸਮੈਲ ਆ ਰਹੀ ਸੀ ਬਿਨ੍ਹਾਂ ਸ਼ੱਕ ਪਰ ਮੈਨੂੰ ਤਾਂ ਇਹ ਸਮੈਲ ਚੰਗੀ ਲਗਦੀ ਸੀ। ਮੈਨੂੰ ਕੀ ਸਾਰਿਆਂ ਨੂੰ ਚੰਗੀ ਲਗਦੀ ਹੈ, ਇਸ ਨਾਲ ਤਾਂ ਸਗੋਂ ਭੁੱਖ ਚਮਕ ਪੈਂਦੀ ਹੈ। ਅਗਜ਼ਾਸਟ ਫੈਨ ਲਗਾਤਾਰ ਚੱਲ ਰਿਹਾ ਸੀ ਮੇਰੀ ਸੋਚ ਦੀ ਤਰ੍ਹਾਂ। ਦਿਆਲ ਨੂੰ ਇਸ ਸਮੈਲ ਨਾਲ ਕੀ ਸਮਸਿਆ ਹੈ ? ਹੁਣ ਭਾਵੇਂ ਭੰਬਲਭੂਸੇ ਵਿੱਚ ਤਾਂ ਮੈਂ ਵੀ ਸਾਂ ਪਰ ਇਸ ਸਮੈਲ ਦਾ ਕੋਈ ਹੱਲ ਵੀ ਤੇ ਲਭਿਆ ਜਾ ਸਕਦਾ ਹੈ, ਦੇਸੀ ਰੋਟੀ ਵਿਚੋਂ ਭਾਵੇਂ ਦੇਸ਼ ਨਹੀਂ ਦਿੱਸਦਾ ਪਰ ਅਸੀਂ ਤਾਂ ਇਹ ਖਾਧੇ ਬਗੈਰ ਨਹੀਂ ਰਹਿ ਸਕਦੇ। ਦਿਆਲ ਨਾ ਤਾਂ ਗੋਰਾ ਹੈ ਤੇ ਨਾ ਹੀ ਇਹ ਸਾਡੇ ਘਰ ਦਾ ਰਚਿਆ ਮਿਚਿਆ ਜੀਅ।

"ਜੇ ਅਸੀਂ ਇੰਡੀਅਨ ਹਾਂ ਤਾਂ ਤੂੰ ਵੀ ਤੇ ਇੰਡੀਅਨ ਹੈਂ, ਬੱਸ ਸਾਡੀਆਂ ਲਿਹਾਜਾਂ ਨੇ ਤੈਨੂੰ ਬਦ ਦਿਮਾਗ ਬਣਾ ਦਿੱਤਾ ਹੈ"।

"ਡੈਡ ਮੇਰਾ ਇਹ ਮਤਲਬ ਨਹੀਂ ਸੀ। ਆਈ ਐਮ ਸੌਰੀ, ਪਰ ਦੇਖੋ ਮੇਰੇ ਦੋਸਤ ਆ ਰਹੇ ਹਨ, ਉਹ ਤੇ ਸਾਡੇ ਵਿਚੋਂ ਨਹੀਂ ਹਨ। ਮੈਂ ਨਹੀਂ ਚਾਹੁੰਦਾ ਉਨ੍ਹਾਂ ਨੂੰ ਮੇਰਾ ਘਰ ਵੀ ਸਮੈਲ ਵਾਲਾ ਲੱਗੇ। ਤੁਸੀਂ ਮੇਰੇ ਕੋਲੋਂ ਪੁੱਛ ਤੇ ਲੈਣਾ ਸੀ ? ਮੈਂ ਤੇ ਸਿਰਫ ਇਹ ਸਾਬਤ ਕਰਨਾ ਚਾਹੁੰਦਾ ਹਾਂ ਕਿ ਅਸੀਂ ਵਧੀਆ ਇੰਡੀਅਨ ਹਾਂ, ਬਿਲਕੁਲ ਉਨ੍ਹਾਂ ਦੇ ਬਰਾਬਰ ਦੇ, ਨਾਲੇ ਕੀਹਨੇ ਖਾਣਾ ਹੈ, ਇਹ ਤੁਹਾਡਾ ਫੂਡ ?" ਪ੍ਰਸਿੰਨੀ ਦਾ ਬੁਰਾ ਹਾਲ ਸੀ। ਉਹ ਵਿਚਾਰੀ ਸਵੇਰ ਦੇ ਚਾਰ ਵਜੇ ਦੀ ਖੜੇ ਪੈਰ ਰਸੋਈ ਵਿੱਚ ਭੰਬੀਰੀ ਵਾਂਗ ਘੁੰਮ ਰਹੀ ਸੀ। ਆਪਣੀ ਬਲੇ ਬਲੇ ਕਰਾਉਣ ਦੀ ਉਸਨੂੰ ਕੋਈ ਖਾਹਸ਼ ਨਹੀਂ ਸੀ। ਉਹ ਤੇ ਮਾਂ ਹੋਣ ਦਾ ਧਰਮ ਪਾਲ ਰਹੀ ਸੀ ਤੇ ਇਹੋ ਚਾਹੁੰਦੀ ਸੀ ਦਿਆਲ ਦੇ ਦੋਸਤ ਸਾਡੇ ਘਰ ਇੱਕ ਨਿੱਘ ਮਹਿਸੂਸ ਕਰਨ। ਐਸੀ ਵੀ ਗੱਲ ਨਹੀਂ ਸੀ ਕਿ ਉਸਨੇ ਕੋਈ ਆਪ ਹੁਦਰੀ ਕੀਤੀ ਸੀ।

ਦਿਆਲ ਜਦੋਂ ਵੀ ਦੋਸਤਾਂ ਨਾਲ ਕਿਤੇ ਵੀ ਆਊਟਿੰਗ ਲਈ ਜਾਂਦਾ, ਉਹ ਸਦਾ ਹੀ ਬਟਰ ਚਿਕਨ ਦੀ ਫਰਮਾਇਸ਼ ਕਰਦੇ। ਕਈ ਤਾਂ ਸਿੱਧੇ ਹੀ ਫੋਨ ਕਰਕੇ ਕਹਿ ਦਿੰਦੇ ਕਿ ਆਂਟ ਵੂਈ ਵਾਂਟ ਬਟਰ ਚਿਕਨ। ਉਨ੍ਹਾਂ ਦੀ ਇਸ ਗੱਲ ਨਾਲ ਪ੍ਰਸਿੰਨੀ ਨੂੰ ਇੱਕ ਐਸਾ ਹੁਲਾਰਾ ਮਿਲਦਾ ਜੋ ਉਸਦੇ ਬੇਹਤਰੀਨ ਪਲਾਂ ਨੂੰ ਹੋਰ ਵੀ ਵਧਾ ਦਿੰਦਾ। ਉਹ ਤਾਂ ਮਾਂ ਬਣਕੇ ਸਾਰੇ ਬੱਚਿਆਂ ਨੂੰ ਨਿਘ ਦੇਣਾ ਚਾਹੁੰਦੀ ਸੀ ਪਰ ਦਿਆਲ ਨੇ ਹੋਰ ਹੀ ਕਲੇਸ਼ ਖੜਾ ਕਰ ਲਿਆ ਸੀ।

"ਦਿਆਲ ਇੱਕ ਤੇਰਾ ਵੀ ਪਤਾ ਨਹੀਂ ਲਗਦਾ। ਕਦੇ ਕਹਿੰਦਾ ਹੈਂ ਵਧੀਆ ਤੇ ਅੱਜ ਸਮੈਲ ਨਾਲ ਪੰਗਾ ਪਾ ਕੇ ਬੈਠ ਗਿਆਂ।"

"ਡੈਡ ਤੁਹਾਡੇ ਸਰਪਰਾਈਜ਼ ਮੇਰੀ ਸਮਝ ਤੋਂ ਬਾਹਰ ਹਨ। ਵੂਈ ਆਰ ਫੈਮਿਲੀ। ਤੁਸੀਂ ਪੁੱਛਣਾ ਸੀ ਜਿਸਤਰ੍ਹਾਂ ਮੈਂ ਤੁਹਾਨੂੰ ਜੋ ਦਿਲ ਵਿੱਚ ਆਵੇ ਕਹਿ ਦਿੰਦਾ ਹਾਂ ਨੋ ਹਾਈਡਿੰਗ ਇਨ ਫੈਮਿਲੀ। ਅੱਜ ਵੀ ਮੈਂ ਜੋ ਦਿਲ ਵਿੱਚ ਆਇਆ ਕਹਿ ਦਿੱਤਾ। ਪਰਸੋਂ ਤੁਸੀਂ ਬਨਾਨਾ ਸ਼ੇਕ ਬਣਾਕੇ ਮੇਰੇ ਕਮਰੇ ਵਿੱਚ ਲੈ ਆਏ। ਮੈਨੂੰ ਇਹ ਗੱਲਾਂ ਪਸੰਦ ਨਹੀਂ। ਜੇ ਮੈਨੂੰ ਬਨਾਨਾ ਸ਼ੇਕ ਦੀ ਲੋੜ ਹੋਵੇ ਮੈਂ ਆਪ ਕਹਿ ਸਕਦਾ ਹਾਂ। ਇਸਤਰ੍ਹਾਂ ਬੇਮਤਲਬ ਤੁਸੀਂ ਮੈਨੂੰ ਬੇਬੀ ਸਮਝ ਰਹੇ ਹੋ, ਓਵਰ-ਪਰੋਟੈਕਸ਼ਨ ਗਿਵ ਮੀ ਹੈਡਿਕ, ਕੈਂਟ ਯੂ ਅੰਡਰਸਟੈਂਡ ਦੈਟ ? ਮੇਰਾ ਅੱਜ ਦਾ ਪਰੋਗਰਾਮ ਸੀ ਕਿ ਕੇਕ ਕਟਣ ਤੋਂ ਬਾਦ, ਖਾਣਾ ਬਾਹਰੋਂ ਆਰਡਰ ਕਰ ਲੈਣਾ ਸੀ। ਗੰਦ ਵੀ ਨਹੀਂ ਪੈਣਾ ਸੀ, ਸਮੈਲ ਵੀ ਨਹੀਂ ਹੋਣੀ ਸੀ ਤੇ ਸਾਰਾ ਕੁੱਝ ਠੀਕ ਨਿਪਟ ਜਾਣਾ ਸੀ, ਹੁਣ ਮੈਂ ਕੀ ਕਰਾਂ ? ਇਹ ਤਾਂ ਸਾਰਾ ਦਿਨ ਨਹੀ ਜਾਣੀ।" ਇਸਤੋਂ ਬਾਦ ਦਿਆਲ ਨੇ ਸਾਰਿਆਂ ਨੂੰ ਫੋਨ ਕਰਕੇ ਪ੍ਰੋਗਰਾਮ ਹੀ ਕੈਂਸਲ ਕਰ ਦਿੱਤਾ। ਕੋਈ ਬਹਾਨਾ ਨਹੀਂ, ਸਟੇਟ ਫਾਰਵਰਡ, ਡੋਂਟ ਕਮ, ਨੌਟ ਟੂਡੇ।

"ਕੀ ਸੋਚਣ ਲੱਗ ਪਏ ?" ਪ੍ਰਸਿੰਨੀ ਦੇ ਫੋਨ ਤੇ ਆਏ ਬੋਲਾਂ ਨੇ ਮੇਰੀ ਬਿਰਤੀ ਭੰਗ ਕੀਤੀ। ਮੈਨੂੰ ਹੋਰ ਤੇ ਕੁੱਝ ਨਹੀਂ ਸੁਝਾ ਤੇ ਪੁੱਛਿਆ, "ਹੁਣ ਕਿਹੜਾ ਪੰਨਾ ਵੇਖ ਰਹੀ ਹੈਂ ?"

"ਫੈਮਿਲੀ ਫੋਟੋ ਹੈ। ਭਾਪਾ ਜੀ ਤੇ ਬੀਜੀ ਵੀ ਹਨ। ਨਿਹਾਲ ਛੋਟਾ ਜਿਹਾ ਹੈ, ਲੰਮੇ ਵਾਲ ਗਲ਼ ਦੁਆਲੇ ਖਿਲਰੇ ਪਏ ਹਨ ਮਟੂ ਜਿਹੇ ਦੇ। ਭਾਪਾ ਜੀ ਨੇ ਉਸਦੇ ਸਿਰ ਤੇ ਹੱਥ ਰੱਖਿਆ ਹੋਇਆ ਹੈ"।

"ਚੱਲ ਅਗਲਾ ਵਰਕਾ ਫੋਲ।" ਮੈਂ ਕਿਹਾ, "ਮੈਂ ਉਹ ਸਾਰਾ ਕੁੱਝ ਯਾਦ ਨਹੀਂ ਕਰਨਾ ਚਾਹੁੰਦਾ। ਜੋ ਬੀਤ ਗਿਆ ਸੋ ਬੀਤ ਗਿਆ। ਕੀ ਨਹੀਂ ਕੀਤਾ ਮੈਂ ਪਰਿਵਾਰ ਲਈ। ਪਰ ਮੈਂ ਹਮੇਸ਼ਾਂ ਦੋ ਹਿੱਸਿਆਂ ਵਿੱਚ ਵੰਡਿਆ ਤੇ ਨਹੀਂ ਰਹਿ ਸਕਦਾ ਸੀ ਜਾਂ ਮੈਂ ਪੁੱਤ ਹਾਂ ਜਾਂ ਮੈਂ ਪਿਉ ਹਾਂ, ਕਿਉਂ ਨਹੀਂ ਮੈਨੂੰ ਬਬੂ ਸਮਝਿਆ ਜਾਂਦਾ ? ਸਾਰੇ ਜੀਂਦੇ ਰਹਿਣ ਲਈ ਮੇਰੇ ਤੇ ਅਹਿਸਾਨ ਕਰ ਰਹੇ ਹਨ।"

"ਚਲੋ ਛਡੋ ਜੀ, ਨਾਨਕ ਦੁਖੀਆ ਸਭ ਸੰਸਾਰ।" ਪ੍ਰਸਿੰਨੀ ਨੇ ਕਿਹਾ।

"ਤੈਨੂੰ ਭੁੱਲ ਗਿਆ ਸਾਰਾ ਕੁੱਝ ਪਰ ਮੈਂ ਨਹੀਂ ਭੁੱਲ ਸਕਦਾ, ਇਹ ਮੇਰੀ ਹੋਂਦ ਦਾ ਸੁਆਲ ਹੈ, ਮੇਰੇ ਹੱਕਾਂ ਦਾ ਸੁਆਲ, ਕੀ ਮੈਂ ਸਿਰਫ਼ ਦੁਨੀਆਂ ਵਿੱਚ ਦਾਰੂ ਪੀਣ ਹੀ ਆਇਆ ਹਾਂ ?"

"ਜੀ ਮੈ ਸਮਝਦੀ ਹਾਂ"।

"ਪਰ ਤੇਰਾ ਸਮਝਣਾ ਕਾਫੀ ਨਹੀ ਹੈ। ਦੁਨੀਆਂ ਨੂੰ ਵੀ ਸਮਝਣਾ ਚਾਹੀਦਾ ਹੈ।"

"ਚਲੋ ਦੇਖੋ ਜੀ ਐਸ ਫੋਟੋ ਵਿੱਚ ਤੁਹਾਡੀ ਮਾਸੀ ਨੇ ਕਿਵੇਂ ਤੁਹਾਨੂੰ ਜੱਫੀ ਵਿੱਚ ਲਿਆ ਹੈ ਜਿਵੇਂ ਤੁਸੀਂ ਉਹਦੇ ਨਿਹਾਲ ਹੋਵੋ।"

"ਪ੍ਰਸਿੰਨੀ ਮੈਂ ਤੈਨੂੰ ਬਾਦ ਵਿੱਚ ਫੋਨ ਕਰਦਾ ਹਾਂ। ਬਾਹਰ ਇੱਕ ਕਾਰ ਘੁੰਮ ਰਹੀ ਹੈ। ਜ਼ਰਾ ਦੇਖਕੇ ਆਵਾਂ।" ਮੈਂ ਫੋਨ ਬੰਦ ਕਰਕੇ ਬਾਹਰ ਨਿਕਲ ਗਿਆ। ਕਾਰ ਘੁੰਮਦੀ ਹੋਈ ਮੇਰੇ ਵੱਲ ਹੀ ਆ ਰਹੀ ਸੀ। ਮੈਂ ਕੋਲ ਜਾਕੇ ਵੇਖਿਆ, ਪੀਟਰ ਆਇਆ ਸੀ ਚੈਕਿੰਗ ਵਾਸਤੇ। ਕੁਦਰਤੀ ਮੈਂ ਆਉਂਦੇ ਹੋਏ ਕਲਾਕ ਵੀ ਚੁੱਕਕੇ ਗਲ਼ ਵਿੱਚ ਪਾ ਲਿਆ ਸੀ।



"ਸਭ ਠੀਕ ਹੈ ?" ਪੀਟਰ ਨੇ ਪੁੱਛਿਆ। ਮੈਂ ਕਿਹਾ, "ਸਭ ਠੀਕ ਹੈ ਪਰ ਪੀਟਰ ਮੈਂ ਤੇਰੇ ਨਾਲ ਇੱਕ ਗੱਲ ਕਰਨੀ ਸੀ।"

"ਕਰ ਬਬੂ।"

"ਦੇਖ ਪੀਟਰ ਐਨੇ ਸਾਲ ਹੋ ਗਏ ਹਨ ਕੰਮ ਕਰਦਿਆਂ ਜੇ ਰੇਜ਼ ਮਿਲ ਜਾਂਦੀ ? ਬਾਕੀ ਕਈਆਂ ਨੂੰ ਮਿਲੀ ਹੈ, ਕੀ ਉਹ ਮੇਰੇ ਨਾਲੋਂ ਚੰਗੇ ਹਨ ? ਮੈਂ ਕਦੇ ਵੀ ਤੈਨੂੰ ਜੁਆਬ ਨਹੀਂ ਦਿੱਤਾ।"

ਪੀਟਰ ਹੱਸਣ ਲੱਗ ਪਿਆ ਤੇ ਬੋਲਿਆ, "ਦੇਖ ਬਬੂ, ਤੂੰ ਬਹੁਤ ਵਧੀਆ ਵਰਕਰ ਹੈਂ। ਇਸੇ ਲਈ ਮੈਂ ਤੈਨੂੰ ਸਭ ਨਾਲੋਂ ਜ਼ਿਆਦਾ ਘੰਟੇ ਦਿੰਦਾ ਹਾਂ। ਰੇਜ਼ ਦੇਣਾ ਮੇਰੇ ਵੱਸ ਵਿੱਚ ਨਹੀਂ, ਮਾਈਕ ਦੀ ਮਰਜੀ ਹੈ ਨਾਲੇ ਸਾਰੇ ਝੂਠ ਬੋਲਦੇ ਹਨ, ਕਿਸੇ ਨੂੰ ਕੋਈ ਰੇਜ਼ ਨਹੀਂ ਮਿਲੀ। ਜਦੋਂ ਵੀ ਐਸੀ ਗੱਲ ਚੱਲੀ ਮੈਂ ਵਾਇਦਾ ਕਰਦਾ ਹਾਂ ਤੇਰਾ ਨਾਮ ਸਭ ਤੋਂ ਟੌਪ ਤੇ ਲਿਖਾਂਗਾ। ਮੈਂ ਤੇ ਚਾਬੀਆਂ ਚੈੱਕ ਕਰਨ ਆਇਆ ਸੀ। ਹਰ ਵਾਰ ਸਾਈਟ ਬਦਲਣ ਲਗਿਆਂ ਚਾਬੀਆਂ ਗਾਇਬ ਹੋ ਜਾਂਦੀਆਂ ਹਨ। ਤੂੰ ਵੀ ਖਿਆਲ ਰੱਖੀਂ। ਵੈਸੇ ਮੈਨੂੰ ਸਰੂਪੇ ਤੇ ਸ਼ੱਕ ਹੈ।"

"ਹਾਂ ਸਰ ਉਹ ਪੂਰਾ ਹਰਾਮੀ ਹੈ।"

"ਮੈਨੂੰ ਪਤਾ ਹੈ।" ਪੀਟਰ ਨੇ ਕਿਹਾ। "ਚੰਗਾ ਮੈਂ ਚਲਦਾ ਹਾਂ, ਗੁਡ ਵਰਕ ਕੀਪ ਇਟ ਅੱਪ।" ਪੀਟਰ ਨੇ ਕਾਰ ਤੋਰ ਲਈ ਤੇ ਹੌਲੀ ਹੌਲੀ ਚਿਕੜ ਤੋਂ ਬਚਦਾ ਸੜਕ ਤੇ ਪੈ ਗਿਆ। ਮੈਂ ਸਾਰੀ ਸਾਈਟ ਦਾ ਚਕਰ ਕਟਣ ਤੁਰ ਪਿਆ। ਕੀ ਪਤਾ ਕਿਤੋਂ ਦੂਰ, ਪੀਟਰ ਦੂਰਬੀਨ ਨਾਲ ਦੇਖਦਾ ਹੋਵੇ। ਤੁਰਦਿਆਂ ਨੇ ਸੋਚਿਆ ਕਿ ਕੀ ਕਰਾਂਗਾ ਰੇਜ਼ ਲੈਕੇ ? ਕਿਉਂ ਇਹ ਡਾਲਰਾਂ ਦਾ ਮੋਹ ਜਾਂਦਾ ਨਹੀਂ ? ਕੀ ਰੱਖਿਆ ਹੈ ਹੁਣ ਜ਼ਿੰਦਗੀ ਵਿਚ। ਦਿਆਲ ਦੇ ਜਾਣ ਤੋਂ ਬਾਦ ਮੈਂ ਲੋਕਾਂ ਨਾਲ ਮਿਲਣਾ ਘਟ ਕਰ ਦਿੱਤਾ ਸੀ। ਭਾਪਾ ਜੀ ਵੱਲ ਵੀ ਬਹੁਤ ਘੱਟ ਜਾਂਦਾ ਹਾਂ। ਜਦੋਂ ਵੀ ਜਾਂਦਾ ਤਾਂ ਉਹ ਇਸਤਰ੍ਹਾਂ ਮਿਲਦੇ ਜਿਵੇਂ ਮੈਂ ਕੋਈ ਮੁਜ਼ਰਮ ਹੋਵਾਂ। ਹਮੇਸ਼ਾਂ ਪਿਉ ਦੀ ਐਨਕ ਨਾਲ ਦੇਖਦੇ। ਕੋਈ ਹਰਜ਼ ਨਹੀਂ ਇਸਤਰ੍ਹਾਂ ਵੇਖਣ 'ਚ ਪਰ ਉਹ ਚਾਹੁੰਦੇ ਸਨ ਕਿ ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਪੋਤਿਆਂ ਵਿੱਚ ਦਾਖਲ ਕਰ ਦੇਵਾਂ, ਮੈਂ ਕੋਸ਼ਿਸ਼ ਵੀ ਕੀਤੀ। ਜਦੋਂ ਕਿ ਭਾਪਾ ਜੀ ਨੇ ਇਹੋ ਜੇਹੀ ਕੋਈ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਦਾ ਰੋਸ ਤਾਂ ਆਪਣੇ ਹਥਿਆਰ ਤੇ ਸੀ ਜਿਸਨੂੰ ਚੰਡਕੇ ਉਨ੍ਹਾਂ ਆਪਣੀ ਜੇਬ ਵਿੱਚ ਪਾਇਆ ਹੋਇਆ ਸੀ ਤੇ ਹੁਣ ਵੀ ਉਹ ਇਸੇ ਹੀ ਭਰਮ ਵਿੱਚ ਸਨ। ਛੋਟੀ ਜਿਹੀ ਗੱਲ ਮੈਨੂੰ ਅੱਜ ਵੀ ਯਾਦ ਹੈ, ਮੈਂ ਰਸੋਈ ਵਿੱਚ ਖੜੇ ਨੇ ਦਾਲ ਵਾਲੇ ਪਤੀਲੇ ਦਾ ਢੱਕਣ ਬੁਝੀ ਹੋਈ ਅੰਗੀਠੀ ਤੇ ਰੱਖ ਦਿੱਤਾ ਸੀ। ਮੇਰੇ ਤੇ ਹੱਡਾਂ ਵਿੱਚ ਇਹ ਗੱਲ ਵੜ ਗਈ ਸੀ ਕਿ ਕਦੇ ਵੀ ਪਤੀਲੇ ਦਾ ਢੱਕਣ ਬੁਝੀ ਹੋਈ ਅੰਗੀਠੀ ਤੇ ਨਹੀਂ ਰਖੀਦਾ। ਉਹ ਚਾਹੁੰਦੇ ਸਨ ਕਿ ਦਿਆਲ ਤੇ ਨਿਹਾਲ ਵੀ ਢੱਕਣ, ਕਦੇ ਬੁਝੀ ਹੋਈ ਅੰਗੀਠੀ ਤੇ ਨਾ ਰੱਖਣ। ਜੇ ਕੈਨੇਡਾ ਵਿੱਚ ਉਹ ਮਿੱਟੀ ਵਾਲੀ ਅੰਗੀਠੀ ਨਹੀਂ ਮਿਲਦੀ ਤਾਂ ਨਿਸਚੈ ਹੀ ਮੈਨੂੰ ਉਹ ਅੰਗੀਠੀ ਇੰਡੀਆ ਤੋਂ ਮੰਗਾ ਕੇ, ਭਖਾ ਕੇ, ਬੁਝਾ ਕੇ ਆਪਣੇ ਨਿਆਣਿਆਂ ਨੂੰ ਦੱਸਣਾ ਚਾਹੀਦਾ ਹੈ ਕਿ ਬੇਟਾ, ਦਾਲ ਵਾਲੇ ਪਤੀਲੇ ਦਾ ਢਕਣ ਇਹਦੇ ਤੇ ਨਹੀਂ ਰਖੀਦਾ। ਮੈਂ ਤੇ ਇਹਦੇ ਲਈ ਵੀ ਤਿਆਰ ਸੀ ਪਰ ਜੇ ਗੱਲ ਸਿਰਫ ਢੱਕਣ ਨਾਲ ਹੀ ਖਤਮ ਹੁੰਦੀ ਦਿੱਸਦੀ। ਉਹ ਤਾਂ ਚਾਹੁੰਦੇ ਸਨ ਕਿ ਮੈਂ ਹਰ ਵਕਤ, ਨਿਆਣਿਆਂ ਦੇ ਕੰਨਾਂ ਵਿੱਚ ਪਿਘਲਿਆ ਹੋਇਆ ਸ਼ੀਸ਼ਾ ਪਾਉਂਦਾ ਰਿਹਾਂ। ਮੈਂ ਕਦੇ ਕਦੇ ਤਾਂ ਸੜਦਾ ਬਲਦਾ ਤੁੰਬਾ ਪਾ ਵੀ ਦਿੰਦਾ ਪਰ ਨਿਆਣਿਆਂ ਦੀਆਂ ਚੀਕਾਂ ਮੇਰੇ ਕੋਲੋਂ ਸੁਣੀਆਂ ਨਾ ਜਾਂਦੀਆਂ। ਦਿਆਲੇ ਨੇ ਪਹਿਲਾਂ ਤੇ ਕੰਨਾਂ ਤੇ ਹੱਥ ਰੱਖੇ ਤੇ ਫਿਰ ਕੰਨਾਂ ਦੁਆਲੇ ਹੈੱਡ ਫੋਨ ਵਲੇਟ ਲਿਆ। ਉਸਦੇ ਕੰਨਾਂ ਵਿਚੋਂ ਅੰਗਰੇਜੀ ਗਾਣਿਆਂ ਨੇ ਮੇਰਾ ਜਬਰਦਸਤੀ ਧਕਿਆ ਸ਼ੀਸ਼ਾ ਬਾਹਰ ਕੱਢ ਮਾਰਿਆ।

ਭਾਪਾ ਸਾਰਾ ਕੁੱਝ ਦੇਖ ਰਿਹਾ ਸੀ। ਇਸ ਦੇਖਾ ਦਿਖਾਈ 'ਚ ਹੀ ਦਿਆਲ ਨੂੰ ਪਿਆਰ ਹੋ

ਗਿਆ। ਸ਼ੁਕਰ ਇਹ ਵੀ ਸੀ ਕਿ ਕੁੜੀ ਪੰਜਾਬਣ ਸੀ ਤੇ ਮੇਰੀ ਤੱਸਲੀ ਸੀ ਪਰ ਭਾਪਾ ਜੀ ਨੇ ਇਥੇ ਵੀ ਪੰਗਾ ਖੜਾ ਕਰ ਦਿੱਤਾ। ਕੁੜੀ ਸਾਡੀ ਜਾਤ ਦੀ ਨਹੀਂ ਸੀ। ਮੈਂ ਦੋ ਪੁੜ੍ਹਾਂ ਵਿੱਚ ਪੀਸਿਆ ਜਾ ਰਿਹਾ ਸੀ। ਕੋਈ ਵਿਚਲਾ ਰਾਹ ਢੂੰਡ ਰਿਹਾ ਸੀ ਤੇ ਰਾਹ ਮਿਲ ਵੀ ਗਿਆ। ਸਾਰਿਆਂ ਨੇ ਇਸ ਯੱਗ ਵਿੱਚ ਆਪੋ ਆਪਣਾ ਹਿੱਸਾ ਪਾਇਆ। ਭਾਪਾ ਜੀ ਨੇ ਵੀ ਸਮਝੌਤਾ ਕਰ ਲਿਆ ਤੇ ਦਿਆਲੇ ਨੇ ਵੀ ਥੋੜ੍ਹੀ ਨਰਮੀ ਦਿਖਾਈ। ਬਣਤਰ ਇਹ ਸੀ ਕਿ ਵਿਆਹ ਇੰਡੀਆ ਹੋਵੇਗਾ। ਰੀਤੀ ਰਿਵਾਜਾਂ ਦਾ ਖਿਆਲ ਰੱਖਿਆ ਜਾਵੇਗਾ। ਭਾਪਾ ਜੀ ਦੀ ਰੀਝ ਸੀ ਕਿ ਸਦੀ ਤੋਂ ਉਪਰ ਚਲੀ ਆ ਰਹੀ ਫੁਲਕਾਰੀ ਦੀ ਛੱਤ ਥੱਲੇ ਮਾਈਆ ਲੱਗੇ ਤੇ ਬਾਦ ਵਿੱਚ ਉਹ ਨੌਂਹ ਰਾਣੀ ਨੂੰ ਸੰਭਾਲ ਦਿੱਤੀ ਜਾਵੇ ਜੋ ਅਮਾਨਤ ਸਮਝਕੇ ਉਸਨੂੰ ਅੱਗੇ ਤੋਰੇ। ਮੈਂ ਦਿਆਲ ਨੂੰ ਮਨਾ ਲਿਆ ਕਿ ਰਿਸੈਪਸ਼ਨ ਆਕੇ ਕੈਨੇਡਾ ਹੀ ਦੇਵਾਂਗੇ। ਇਸ ਸਾਰੇ ਮੇਲੇ ਗੇਲੇ ਵਿੱਚ ਅਸੀਂ ਘਰ ਦੀ ਕਰੈਡਿਟ ਲਾਈਨ 'ਚੋਂ ਇੱਕ ਲੱਖ ਡਾਲਰ ਖਰਚ ਕਰ ਦਿੱਤਾ। ਮੈਂ ਪਿਉ ਵੀ ਬਣਿਆ, ਪੁੱਤ ਵੀ ਪਰ ਸਾਰੇ ਸਮੇਂ ਦੌਰਾਨ ਬਬੂ ਨਾ ਬਣ ਸਕਿਆ। ਜੋ ਹੁਣ ਮੈਨੂੰ ਟੋਰੀ ਪਾਰਟੀ ਦੇ ਹਾਰਪਰ ਨੇ ਬਨਾਉਣਾ ਸੀ। ਇੰਡੀਆ ਸਾਡਾ ਚਾਚਾ ਨਰਾਜ਼ ਸੀ। ਉਸਦੀ ਮਜ਼ਬੂਰੀ ਵੀ ਅਜੀਬ ਸੀ। ਉਸਨੂੰ ਮਨਾਇਆ ਗਿਆ। ਮੈਂ ਉਸਨੂੰ ਇੱਥੋਂ ਤੱਕ ਕਹਿ ਦਿੱਤਾ ਕਿ ਚਾਚਾ ਜੀ ਜੇ ਤੁਸੀਂ ਵਿਆਹ ਵਿੱਚ ਨਾ ਆਏ ਤਾਂ ਮੈਂ ਵੀ ਬਰਾਤੇ ਨਹੀਂ ਜਾਣਾ। ਉਸ ਵਕਤ ਦਿਆਲ ਵੀ ਮੇਰੇ ਨਾਲ ਹੀ ਸੀ। ਬਾਦ ਵਿੱਚ ਪੁੱਛਣ ਲੱਗਾ ਕਿ ਡੈਡ ਇਹ ਕੀ ਗੱਲ ਹੋਈ ? ਮੈਂ ਉਸਨੂੰ ਸਮਝਾਇਆ ਕਿ ਬੇਟਾ ਰਿਸ਼ਤਿਆਂ ਦਾ ਮਾਣ ਰਖੀਦਾ ਹੈ ਪਰ ਉਹ ਕਹਿੰਦਾ ਕਿ ਇਹ ਤਾਂ ਹਿਪੋਕਰੇਸੀ ਹੈ। ਨਹੀਂ ਬੇਟਾ ਇਹ ਹੀ ਮੌਕਾ ਹੁੰਦਾ ਜਦੋਂ ਸਾਰੇ ਗੁੱਸੇ ਗਿਲੇ ਦੂਰ ਕਰੀਦੇ ਹਨ ਪਰ ਉਸਨੂੰ ਵਿਆਹ ਦੇ ਚਾਅ ਵਿੱਚ ਇਹ ਗੱਲਾਂ ਸਮਝ ਤੇ ਆਈਆਂ ਪਰ ਉਹਦੇ ਦਿਮਾਗ ਵਿੱਚ ਨਹੀਂ ਉਤਰੀਆਂ।

ਨੀਲਮ ਸਾਡੀ ਨੌਂਹ ਹੈ। ਸਾਡੀ ਕੀਤੀ ਸ਼ੌਪਿੰਗ ਤੇ ਬਹੁਤ ਖ਼ੁਸ਼ ਸੀ। ਉਸਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਸਦਾ ਵਿਆਹ ਇਤਨੇ ਸ਼ਹਾਨਾ ਅੰਦਾਜ਼ ਵਿੱਚ ਹੋਵੇਗਾ। ਉਹ ਤੇ ਸੋਚਦੀ ਸੀ ਕਿ ਡੇਢ ਜੌਬ ਕਰਨ ਵਾਲਾ ਜੋ ਸਕਿਉਰਟੀ ਦੇ ਅੰਨ੍ਹੇ ਵਾਹ ਘੰਟੇ ਲਗਾਉਂਦਾ ਹੈ ਇਤਨਾ ਕੁੱਝ ਕਿਵੇਂ ਕਰ ਸਕਦਾ ਹੈ ? ਪਰ ਉਸਨੂੰ ਕੀ ਪਤਾ ਸੀ ਕਿ ਮੈਂ ਜੌਬ ਦਾ ਹੀ ਨਹੀਂ ਜ਼ਿੰਦਗੀ ਦਾ ਵੀ ਸਕਿਊਰਟੀ ਗਾਰਡ ਹਾਂ। ਮੇਰੇ ਕੀਤੇ ਖਰਚ ਤੇ ਭਾਪਾ ਵੀ ਬਹੁਤ ਖ਼ੁਸ਼ ਸੀ। ਇਹੋ ਤੇ ਮੌਕਾ ਹੁੰਦਾ ਹੈ ਖਾਨਦਾਨ ਦੀ ਇੱਜ਼ਤ ਦਾ। ਪਰ ਉਨ੍ਹਾਂ ਨੂੰ ਦਿਆਲ ਤੇ ਨੀਲਮ ਦਾ ਹਨੀਮੂਨ ਤੇ ਜਾਣਾ ਵੀ ਪਸੰਦ ਨਹੀਂ ਸੀ। ਹੁਣ ਇਹ ਗੱਲ ਦਿਆਲ ਨੂੰ ਨਹੀਂ ਦੱਸੀ ਜਾ ਸਕਦੀ ਸੀ। ਮੈਂ ਹੁਸ਼ਿਆਰੀ ਮਾਰੀ ਤੇ ਪ੍ਰਸਿੰਨੀ ਨੂੰ ਕਿਹਾ ਕਿ ਤੂੰ ਨੀਲਮ ਨਾਲ ਗੱਲ ਕਰ ਕਿ ਉਹ ਕਹੇ ਕਿ ਅਸੀਂ ਹਜ਼ੂਰ ਸਾਹਬ ਜਾਣਾ ਹੈ ਤੇ ਚਲੇ ਜਾਣ ਹਨੀਮੂਨ ਤੇ। ਮੇਰੀ ਕਾਰੀਗਰੀ ਕੰਮ ਆ ਗਈ ਤੇ ਸਾਰੇ ਖ਼ੁਸ਼ ਸਨ।

ਚਾਬੀ ਨੰਬਰ ਛੇ ਕੋਲ ਪਹੁੰਚ ਕੇ ਮੈਂ ਸੜਕ ਵੱਲ ਵੇਖਿਆ। ਚਾਰ ਪੰਜ ਕੁੜੀਆਂ ਜੌਗਿੰਗ ਕਰ ਰਹੀਆਂ ਸਨ। ਉਹ ਮੇਰੇ ਕੋਲੋਂ ਮਲਕੜੇ ਲੰਘ ਗਈਆਂ ਤੇ ਮੈਂ ਕਿਤਨਾ ਹੀ ਚਿਰ ਉਨ੍ਹਾਂ ਨੂੰ ਪਿਛੋਂ ਵੇਖਦਾ ਰਿਹਾ ਜਿਨ੍ਹਾਂ ਚਿਰ ਉਹ ਅੱਖੋਂ ਓਹਲੇ ਨਹੀਂ ਹੋ ਗਈਆਂ। ਮੈਂ ਘੜੀ ਵੇਖੀ ਤੇ ਕੈਬਿਨ ਵੱਲ ਤੁਰ ਪਿਆ। ਇੱਕ ਦਿਲ ਕਰੇ ਕਿ ਕੈਬਿਨ ਵਿੱਚ ਚਲੇ ਜਾਵਾਂ ਤੇ ਇੱਕ ਦਿਲ ਕਰੇ, ਇੱਥੇ ਹੀ ਤੁਰਦਾ ਫਿਰਦਾ ਰਹਾਂ ਕੀ ਪਤਾ ਇਹ ਕੁੜੀਆਂ ਫਿਰ ਵਾਪਸ ਆ ਜਾਣ। ਮੈਂ ਸਿਰ ਝਟਕ ਕੇ 'ਦਫਾ ਕਰੋ' ਕਹਿ ਕੇ ਆਪਣੇ ਆਪ ਨੂੰ ਸੁਣਾਇਆ ਤੇ ਕੈਬਿਨ ਵੱਲ ਤੁਰ ਪਿਆ। ਮੈਂ ਅੱਗੇ ਵੀ ਕਈ ਵਾਰੀ ਡੂੰਘਾ ਸੋਚਿਆ ਸੀ ਕਿ ਆਖਰ ਸਮਸਿਆ ਕਿੱਥੇ ਹੈ ? ਕਿਉਂ ਨਹੀਂ ਅਸੀਂ ਤਨਾਵ ਮੁਕਤ ਹੁੰਦੇ ? ਧੁੰਦਲੀ ਜਿਹੀ ਇੱਕ ਲਕੀਰ ਦਿੱਸੀ। ਇਹ ਪਿੱਛਲੀ ਵਾਰ ਵੀ ਦਿੱਸੀ ਸੀ। ਚਲੋ ਕੈਬਿਨ ਵਿੱਚ ਜਾਕੇ ਕਾਪੀ ਪੈਨ ਲੈਕੇ ਇਸਦਾ ਖਾਕਾ ਬਣਾਉਂਦੇ ਹਾਂ। ਤੁਰਨ ਲਗਿਆਂ ਮੈਂ ਫਿਰ ਪੈਰ ਜਿਹੇ ਮਲੇ। ਸੜਕ ਵੱਲ



ਦੂਰ ਤੱਕ ਵੇਖਿਆ ਜਿਧਰ ਜੌਗਿੰਗ ਜਥਾ ਗਿਆ ਸੀ ਤੇ ਕੈਬਿਨ ਵੱਲ ਚਲ ਪਿਆ। ਕਾਪੀ ਤੇ ਮੈਂ ਕਈ ਲੀਕਾਂ ਵਾਹੀਆਂ। ਭਾਪੇ ਦਾ ਤੇ ਮੇਰਾ ਖਾਨਾ ਵਖਰਾ ਸੀ ਤੇ ਭਾਪੇ ਤੇ ਦਿਆਲ ਦਾ ਵਖਰਾ, ਮੇਰਾ ਤੇ ਦਿਆਲ ਦਾ ਵਖਰਾ। ਮੈਂ ਪੈਨ ਲੈਕੇ ਲੀਕਾਂ ਨੂੰ ਐਵੇਂ ਹੀ ਗੂੜਾ ਕਰ ਰਿਹਾ ਸੀ। ਅਲਜਬਰੇ ਦੇ ਸੁਆਲ ਵੀ ਅਜੀਬ ਹੁੰਦੇ ਸਨ। ਮੈਂ ਵੇਖਿਆ ਕਿ ਭਾਪਾ ਕਦੇ ਵੀ ਮੈਨੂੰ ਕੁੱਝ ਕਹਿੰਦਾ ਨਹੀਂ ਸੀ ਸਗੋਂ ਹਰ ਅਣਕਹੇ ਦੀ ਆਸ ਕਰਦਾ ਸੀ। ਕਦੇ ਪਿਆਰ ਦੀ ਹੈਰਾਨੀ ਤੇ ਕਦੇ ਡਰ ਦੇ ਸਾਏ ਦੀ ਹਕੀਕਤ, ਇਹ ਹੀ ਉਹ ਕਿਆਰੀ ਸੀ ਜਿਸ ਵਿੱਚ ਮੈਂ ਜੁਆਨ ਹੋਇਆ ਤੇ ਫਿਰ ਵੱਡਾ ਹੋਇਆ। ਵੇਟ ਏ ਮਿਨਟ, ਮੇਰੇ ਮਸਤਕ ਨੇ ਇੰਝ ਉਛਾਲਾ ਮਾਰਿਆ ਜਿਵੇਂ ਮੈਂ ਹਾਰਡ ਕੋਰ ਸਡੂਕੋ ਦੀ ਫਸੀ ਹੋਈ ਕੋਈ ਲਾਈਨ ਸਿੱਧੀ ਕਰ ਲਈ ਹੋਵੇ। ਮੇਰਾ ਵੱਡਾ ਹੋਣਾ ਤੇ ਪੰਜ ਨੰਬਰ ਵਾਲੀ ਅੜਿਚਣ ਸੀ। ਮੈਂ ਫਟਾਫਟ ਪੇਪਰ ਤੇ ਲਿਖ ਲਿਆ। ਇਹ ਗੱਲ ਕਦੇ ਪਹਿਲਾਂ ਮੇਰੇ ਦਿਮਾਗ ਵਿੱਚ ਕਿਉਂ ਨਹੀਂ ਆਈ।

ਦਿਆਲ ਹਮੇਸ਼ਾਂ ਕਹਿੰਦਾ ਸੀ। ਕੋਈ ਹੈਰਾਨੀ ਨਹੀਂ, ਕੋਈ ਡਰ ਨਹੀਂ। ਸਗੋਂ ਸੁਆਲ ਦਾ ਜੁਆਬ, ਹਾਂ ਜਾਂ ਨਾਂਹ। ਜੇ ਨਾਂਹ ਵੀ ਹੁੰਦੀ, ਉਹ ਕਦੇ ਜ਼ਿੱਦ ਨਾ ਕਰਦਾ। ਸਮਝਦਾ ਇਹੋ ਹੀ ਕਿ ਇਹ ਮੇਰੀਆਂ ਸੀਮਾਵਾਂ ਹਨ। ਪਰ ਉਸਨੂੰ ਮੇਰੀਆਂ ਸੀਮਾਵਾਂ ਦਾ ਗਿਆਨ ਹੀ ਨਹੀਂ ਸੀ। ਉਸਨੂੰ ਇਹ ਵੀ ਨਹੀਂ ਪਤਾ ਸੀ ਕਿ ਉਸਦੇ ਵਿਆਹ ਤੇ ਆਇਆ ਖਰਚ ਮੇਰੀ ਸੀਮਾ ਤੋਂ ਬਾਹਰਾ ਸੀ। ਭਾਪਾ ਜੀ ਇਸ ਖਰਚ ਨੂੰ ਵੀ ਘੱਟ ਸਮਝਦੇ ਸਨ। ਉਨ੍ਹਾਂ ਦੀ ਫਿਨਿਸ਼ਿੰਗ ਲਾਈਨ ਅਜੇ ਹੋਰ ਅੱਗੇ ਸੀ। ਇੱਥੋਂ ਹੀ ਇਹ ਨਿਚੋੜ ਨਿਕਲਦਾ ਹੈ ਕਿ ਮੈਂ ਇੱਕ ਜਾਲ ਵਿੱਚ ਫਸਿਆ ਹੋਇਆ ਹਾਂ। ਬਾਪ ਸਮਝਦਾ ਹਾਂ ਕਿ ਮੈਂ ਉਹ ਕਰਾਂ ਜੋ ਮੈਨੂੰ ਉਹਦੇ ਅਨੁਸਾਰ ਕਰਨਾ ਚਾਹੀਦਾ ਹੈ ਤੇ ਪੁੱਤ ਸਮਝਦਾ ਹੈ ਕਿ ਮੈਂ ਉਹ ਕਰਾਂ ਜੋ ਕਰ ਸਕਦਾ ਹਾਂ ਤੇ ਜੋ ਮੈਂ ਕਰ ਚੁੱਕਿਆ ਹਾਂ, ਉਹ ਮੈਂ ਕਰ ਸਕਦਾ ਸੀ ਤਾਂ ਹੀ ਕੀਤਾ ਹੈ। ਉਸਦਾ ਇਹ ਸਮਝਣਾ ਕੁਦਰਤੀ ਸੀ ਕਿਉਂਕਿ ਜੋ ਵੀ ਮੈਂ ਕੀਤਾ, ਐਲਾਨ ਕਰ ਕੇ ਕੀਤਾ। ਮੈਂ ਹੋਰ ਐਲਾਨ ਵੀ ਦਿਆਲ ਅੱਗੇ ਕੀਤੇ ਜੋ ਮੇਰੀ ਪਹੁੰਚ ਵਿੱਚ ਵੀ ਨਹੀਂ ਸਨ ਪਰ ਉਹ ਫਿਰ ਵੀ ਘਰ ਛੱਡਕੇ ਚਲੇ ਗਿਆ। ਜਾਂਦਾ ਹੋਇਆ ਇਹ ਵੀ ਕਹਿ ਗਿਆ ਕਿ ਡੈਡ ਯੂ ਆਰ ਟੂ ਗੁਡ ਫਾਰ ਮੀ। ਇਸ ਲਈ ਮੈਂ ਘਰ ਛਡ ਰਿਹਾ ਹਾਂ। ਤੇਰੀ ਓਵਰ ਪਰੋਟੈਕਸ਼ਨ ਮੇਰੇ ਕੋਲੋਂ ਸਹੀ ਨਹੀਂ ਜਾਂਦੀ। ਮੈ ਹੋਰ ਬਰਦਾਸ਼ਤ ਨਹੀਂ ਕਰ ਸਕਦਾ। ਇਨਫ ਇਜ਼ ਇਨਫ। ਮੈਂ ਨਹੀ ਚਾਹੁੰਦਾ ਕੱਲ੍ਹ ਨੂੰ ਮੇਰੇ ਬੱਚੇ ਹੋਣ ਤੇ ਮੈਂ ਉਨ੍ਹਾਂ ਸਾਹਮਣੇ ਸਿਫਰ ਹੋਕੇ ਰਹਿ ਜਾਵਾਂ।

"ਪਰ ਜਾਣ ਤੋਂ ਪਹਿਲਾਂ ਮੇਰੀ ਇੱਕ ਗੱਲ ਸੁਣ ਲੈ। ਇਸ ਘਰ ਦੇ ਦਰਵਾਜ਼ੇ ਤੇਰੇ ਲਈ ਸਦਾ ਲਈ ਬੰਦ ਹੋ ਜਾਣਗੇ। ਮੈਂ ਨਿਹਾਲ ਨੂੰ ਵੀ ਪਾਲਣਾ ਹੈ। ਮੈਂ ਨਹੀਂ ਚਾਹੁੰਦਾ ਇੱਕ ਦਿਨ ਉਹ ਵੀ ਘਰ ਛੱਡ ਕੇ ਚਲਾ ਜਾਏ।"

ਰਾਹ ਵਿੱਚ ਆਉਂਦਿਆਂ ਜਦੋਂ ਮੈਂ ਸੱਤ ਨੰਬਰ ਚਾਬੀ ਕੋਲ ਪੁਜਾ ਸੀ ਤੇ ਬਿਨ੍ਹਾਂ ਮਤਲਬ ਹੀ ਉਧਰ ਮੁੜ ਗਿਆ ਸੀ। ਗੱਲ ਤੇ ਇਹ ਵੀ ਪੇਪਰ ਤੇ ਲਿਖਣ ਵਾਲੀ ਹੈ। ਮੈਂ ਡਾਟਡ ਲਾਈਨ ਵਾਹ ਕੇ ਉਪਰ ਲਿਖ ਦਿੱਤਾ ਸਤ ਨੰਬਰ ਵਾਲੀ ਚਾਬੀ। ਹੁਣ ਮੈਂ ਇਤਨਾ ਕਮਲਾ ਤੇ ਹੈ ਨਹੀਂ ਕਿ ਜਦੋਂ ਲੋੜ ਪਈ ਤਾਂ ਇਸਨੂੰ ਯਾਦ ਨਹੀਂ ਕਰਾਂਗਾ। ਹੁਣ ਯਾਦ ਕੀ ਕਰਨਾ ਹੈ, ਅਸਲ ਮੁੱਦਾ ਤਾਂ ਇਹੋ ਸੀ। ਅਸਲੀ ਚਾਬੀ ਗੈਰਾਜ਼ ਦੇ ਅੰਦਰ ਕੰਧ ਵਿੱਚ ਪੂਰੀ ਤਸਲੀ ਨਾਲ ਠੋਕੀ ਹੋਈ ਸੀ। ਪਤਾ ਨਹੀਂ ਹਥੌੜਾ ਮਾਰਿਆ ਹੋਊ ਜਾਂ ਕੋਈ ਹੋਰ ਜੁਗਾੜ ਵਰਤਿਆ ਹੋਊ। ਮੈਂ ਚਾਬੀ ਨੂੰ ਹੱਥ ਲਾਕੇ ਵੇਖਿਆ। ਉਹ ਠੰਢੀ ਠਾਰ ਸੀ ਪਰ ਮਾਣ-ਮਤੀ ਸੀ। ਇਤਨੀ ਠੰਢੀ ਕਿ ਬਹੁਤੀ ਦੇਰ ਤੱਕ ਹੱਥ ਵਿੱਚ ਫੜੀ ਵੀ ਨਹੀਂ ਜਾ ਸਕਦੀ ਸੀ। ਮੇਰੀ ਆਪਣੀ ਚੋਰੀ ਦੇ ਮਾਲ ਵਾਲੀ ਚਾਬੀ ਮੇਰੀ ਜੇਬ ਵਿੱਚ ਸੀ। ਮੈਨੂੰ ਇਤਨੇ ਨਾਲ ਹੀ ਮਾੜੀ ਮੋਟੀ ਤੱਸਲੀ ਸੀ ਕਿ ਮੈਂ ਆਪ ਕਦੇ ਵੀ ਕੋਈ ਚਾਬੀ ਚੋਰੀ ਨਹੀਂ ਕੀਤੀ।

ਮੈਂ ਜੇਬ ਵਿੱਚ ਹੱਥ ਪਾਕੇ ਚਾਬੀਆਂ ਟੋਹੀਆਂ। ਨਿਘੀਆਂ ਚਾਬੀਆਂ ਜੇਬ ਵਿੱਚ ਰਾਜ਼ ਕਰ ਰਹੀਆਂ ਸਨ। ਮੈਂ ਜਦੋਂ ਮਰਜ਼ੀ ਨਿਘੀ ਚਾਬੀ ਨਾਲ ਕਲਾਕ ਪੰਚ ਕਰ ਸਕਦਾ ਸੀ।

ਤੁਰਨ ਲਗਿਆਂ ਨੀਲਮ ਨੇ ਹੱਸਕੇ ਕਿਹਾ ਸੀ, "ਡੈਡ, ਅਸੀਂ ਮੌਮ ਤੇ ਨਿਹਾਲ ਨੂੰ ਮਿਲਣ ਤਾਂ ਆ ਸਕਦੇ ਹਾਂ ਕਿ ਨਹੀਂ?" ਮੇਰੇ ਅੰਦਰ ਬੈਠਾ ਭਾਪਾ ਸੋਚ ਰਿਹਾ ਸੀ ਕਿ ਕਹਿਦੇ ਕੇ ਬੰਦ ਦਰਵਾਜ਼ੇ ਦਾ ਮਤਲਬ ਬੰਦ ਦਰਵਾਜ਼ਾ ਹੀ ਹੁੰਦਾ ਹੈ ਪਰ ਅੰਦਰ ਬੈਠਾ ਦਿਆਲ ਕਹਿ ਰਿਹਾ ਸੀ ਕਿ ਡੈਡ ਕਹਿਦੇ ਮੇਰਾ ਮੌਮ ਤੇ ਨਿਹਾਲ ਨਾਲ ਕੀ ਸਬੰਧ ਹੈ, ਉਨ੍ਹਾਂ ਨੂੰ ਤੁਸੀਂ ਜਦੋਂ ਮਰਜ਼ੀ ਆਕੇ ਮਿਲ ਸਕਦੇ ਹੋ। ਉਨ੍ਹਾਂ ਦੇ ਜਾਣ ਤੋਂ ਬਾਦ ਚਾਰ ਬੈੱਡ ਰੂਮ ਵਿਚੋਂ ਇੱਕ ਖਾਲੀ ਹੋ ਗਿਆ। ਕਾਰ ਦੀ ਇੰਨਸ਼ੋਰੈਂਸ ਪੰਜ ਸੌ ਡਾਲਰ ਮਹੀਨਾ ਸੀ, ਉਹ ਘਟ ਸਕਦੀ ਸੀ, ਦਿਆਲ ਦਾ ਫੋਨ ਬਿਲ ਜਿਹੜਾ ਦੋ ਸੌ ਤੋਂ ਘਟ ਨਹੀਂ ਸੀ ਆਉਂਦਾ, ਉਹ ਵੀ ਬਚ ਸਕਦਾ ਸੀ ਪਰ ਮੈਂ ਉਹ ਨਹੀਂ ਬਚਾਇਆ। ਉਸਦਾ ਵੀਜ਼ਾ ਵੀ ਮਗਰੋਂ ਲੱਥ ਸਕਦਾ ਸੀ ਪਰ ਮੈਂ ਫਿਰ ਵੀ ਬਾਪ ਹੀ ਬਣਿਆ ਰਿਹਾ। ਸਟੇਟ ਫਾਰਵਰਡ ਦਿਆਲ ਨੇ ਆਪਣੇ ਖਰਚੇ ਵਾਲੇ ਐਡਰੈਸ ਚੇਂਜ ਨਹੀਂ ਕਰਾਏ ਸੀ। ਜਦੋਂ ਵੀ ਕੋਈ ਮੇਰੀ ਮੇਲ ਵਿੱਚ ਉਸਦਾ ਬਿੱਲ ਆਉਂਦਾ, ਮੈਂ ਪੇ ਕਰ ਦਿੰਦਾ। ਕੇਬਲ ਅਸੀਂ ਬੇਸਿਕ ਕਰਾ ਲਈ। ਮੈਨੂੰ ਲਗਣ ਲੱਗ ਪਿਆ ਸੀ ਜਿਵੇਂ ਸਾਈਟ ਦੀਆਂ ਸੱਤ ਚਾਬੀਆਂ ਵਿਚੋਂ ਚਾਰ ਰਹਿ ਗਈਆਂ ਹੋਣ ਤੇ ਉਹ ਵੀ ਲਾਗੇ ਲਾਗੇ।

ਮੈਂ ਸੱਤ ਨੰਬਰ ਦੀ ਠੰਢੀ ਚਾਬੀ ਅਸਲੀ ਹੀ ਪੰਚ ਕੀਤੀ ਸੀ ਤੇ ਹੁਣ ਸੋਚ ਰਿਹਾ ਸੀ ਕਿ ਮੈਂ ਕਿਉਂ ਇੰਝ ਕੀਤਾ? ਫੋਨ ਦੀ ਘੰਟੀ ਵਜੀ ਤੇ ਮੈਂ ਕਾਪੀ ਪੈਨ ਨੂੰ ਪਾਸੇ ਰੱਖ ਕੇ ਫੋਨ ਉਠਾਇਆ, ਦੂਜੇ ਪਾਸੇ ਪ੍ਰਸਿੰਨੀ ਸੀ। "ਕੀ ਕਰਦੇ ਹੋ?" ਜਦੋਂ ਦਾ ਦਿਆਲ ਘਰੋਂ ਗਿਆ ਹੈ, ਉਹ ਹਰ ਦੋ ਘੰਟੇ ਬਾਦ ਮੈਨੂੰ ਕੰਨਟੈਕਟ ਕਰਦੀ ਹੀ ਕਰਦੀ ਹੈ। ਭਾਵੇਂ ਮੈਂ ਰੈਗੂਲਰ ਜੌਬ ਤੇ ਵੀ ਹੋਵਾਂ।

"ਠੀਕ ਹੈ ਸੋਹਣਿਉਂ!" ਮੈਂ ਰਟਿਆ ਰਿਟਾਇਆ ਬੋਲ ਬੋਲਿਆ।

"ਤੁਸੀਂ ਰੇਡੀਉ ਤੇ ਸੁਣਿਆ, ਵੈਨਕੂਵਰ ਵਿੱਚ ਫਿਰ ਗੈਂਗ ਵਾਰ ਵਿੱਚ ਆਪਣਾ ਇੱਕ ਪੰਜਾਬੀ ਮਾਰਿਆ ਗਿਆ?"

"ਨਹੀ, ਮੈਂ ਨਹੀ ਸੁਣਿਆਂ, ਮੈਂ ਰਾਊਂਡ ਤੇ ਸੀ। ਪੀਟਰ ਵੀ ਆਇਆ ਸੀ। ਖ਼ੁਸ਼ ਹੈ ਮੇਰੇ ਕੰਮ ਤੇ।"

"ਖ਼ੁਸ਼ ਤੇ ਹੋਣਾ ਹੀ ਹੈ, ਉਸਨੂੰ ਤੁਸੀਂ ਅੱਜ ਤੱਕ ਕਦੇ ਨਾਂਹ ਵੀ ਤੇ ਨਹੀਂ ਕੀਤੀ। ਦਿਆਲ ਦਾ ਫੋਨ ਆਇਆ ਸੀ। ਨੀਲਮ ਨਾਲ ਵੀ ਗੱਲ ਹੋਈ।"

"ਕੀ ਕਹਿੰਦੇ ਹਨ?"

"ਕਹਿਣਾ ਕੀ ਹੈ ਵਿਚਾਰੇ ਨੇ, ਜੌਬ ਛੁਟ ਗਈ ਹੈ ਤੇ ਅੱਜਕਲ੍ਹ ਵੇਹਲਾ ਹੀ ਹੈ। ਵੀਕ ਵੀ ਪੂਰੇ ਨਹੀਂ ਹੋਏ ਤੇ ਯੂ, ਆਈ, ਵੀ ਨਹੀਂ ਮਿਲਦੀ। ਨੀਲਮ ਦਾ ਕੰਮ ਠੀਕ ਹੈ ਪਰ ਇੱਕ ਦੀ ਤਨਖਾਹ ਨਾਲ ਅੱਜ ਕਲ੍ਹ ਬਣਦਾ ਕੀ ਹੈ?"

"ਹਾਂ ਇਹ ਤੇ ਹੈ। ਖਰਚਿਆਂ ਨੇ ਧੂੰ ਕੱਢਿਆ ਪਿਆ। ਕਿਰਾਇਆ, ਬਿਲ ਬੱਤੀਆਂ, ਇੰਨਸ਼ੋਰੈਂਸ, ਰੋਟੀ ਨਾ ਵੀ ਖਾਣੀ ਹੋਵੇ ਤਾਂ ਵੀ ਢਾਈ ਤਿੰਨ ਹਜ਼ਾਰ ਤਾਂ ਛੱਤ ਥੱਲੇ ਰਹਿਣ ਲਈ ਹੀ ਚਾਹੀਦੇ ਹਨ। ਮੈਂ ਗਿਆ ਸੀ ਪਰਸੋਂ ਫਰਟੀਨੋ ਤੇਰੇ ਕਹਿਣ ਤੇ। ਤਿੰਨ ਡਾਲਰ ਸਤਾਰਾਂ ਸੈਂਟ ਦੀ ਤੇ ਬਰੈਡ ਹੀ ਹੋ ਗਈ ਹੈ। ਟਰੂਡੋ ਕਹਿੰਦਾ ਹੁੰਦਾ ਸੀ ਕਿ ਮੈਂ ਕਦੇ ਵੀ ਕੈਨੇਡਾ ਵਿੱਚ ਬਰੈਡ, ਡਾਲਰ ਤੋਂ ਨਹੀਂ ਵਧਣ ਦੇਣੀ ਤੇ ਉਸਨੇ ਆਪਣੇ ਬੋਲ ਪੁਗਾਏ ਵੀ ਸਨ ਪਰ ਜਦੋਂ ਆਪ ਹੀ ਪੁੱਗ ਗਿਆ ਫਿਰ ਕੀ ਹੋ ਸਕਦਾ ਹੈ? ਇਹ ਹਾਰਪਰ ਬਰੈੱਡ ਤੇ ਵੀ ਟੈਕਸ ਠੋਕੀ ਜਾਂਦਾ ਹੈ। ਵਾਲ ਕਟਣ ਵਾਲੇ ਨਾਈ ਹੀ ਨਹੀਂ ਮਾਣ। ਉਹ ਵੀ ਤੇਰਾਂ ਪਰਸੈਂਟ ਟੈਕਸ ਲੈਂਦੇ ਹਨ। ਅੱਗੇ ਭਾਵੇਂ ਦਿੰਦੇ ਹੋਣ ਜਾਂ ਨਾ। ਵੈਸੇ ਹਾਰਪਰ ਦਾ ਲੁਕਿਆ ਏਜੰਡਾ ਵੀ ਬਹੁਤ ਵਧੀਆ ਹੈ। ਜੇ ਘਰ ਵਿੱਚ ਚਾਰ ਜੀਅ ਹੋਣਗੇ ਤਾਂ



ਬਰੈਡ ਦੀ ਐਕਸਪਾਇਰੀ ਡੇਟ ਤੋਂ ਪਹਿਲਾਂ ਹੀ ਖਾਧੀ ਜਾਂਦੀ ਹੈ।"

"ਜੀ ਤੁਸੀਂ ਦਿਆਲ ਬਾਰੇ ਪੀਟਰ ਨੂੰ ਪੁੱਛੋ ਖਾਂ। ਜੇ ਪਾਰਟ ਟਾਈਮ ਸਕਿਊਰਟੀ ਗਾਰਡ ਦੀ ਹੀ ਜੌਬ ਮਿਲ ਜਾਏ, ਕੁੱਝ ਤਾ ਹੱਥ ਸੌਖਾ ਹੋਵੇ ਵਿਚਾਰੇ ਦਾ।"

"ਪ੍ਰਸਿੰਨੀਏ ਅੱਜਕਲ੍ਹ ਨਹੀ ਕੰਮ ਕਿਤੇ ਵੀ ਹੈਗਾ। ਪੀਟਰ ਕੀ ਕਰੇਗਾ? ਸਾਈਟਾਂ ਦਿਨੋ ਦਿਨ ਬੰਦ ਹੋ ਰਹੀਆਂ ਹਨ। ਇਹ ਤਾਂ ਮੈਂ ਹਾਂ ਪੁਰਾਣਾ ਲਿਹਾਜੀ ਬੰਦਾ ਵਰਨਾ ਉਸਨੇ ਕਈ ਪੁਰਾਣਿਆਂ ਦੀ ਲੇ ਔਫ ਕੀਤੀ ਹੋਈ ਹੈ। ਨਾਲੇ ਮੇਰੇ ਹੁੰਦਿਆਂ ਉਸਨੂੰ ਗਾਰਡ ਬਣਨ ਦੀ ਕੀ ਜ਼ਰੂਰਤ ਹੈ?" ਅਖੀਰਲੀ ਲਾਈਨ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਈ।

"ਜੀ ਮੈਨੂੰ ਤਾਂ ਦਿਆਲ ਦਾ ਫਿਕਰ ਵਢ ਵਢ ਖਾਈ ਜਾਂਦਾ ਹੈ। ਨਵਾਂ ਨਵਾਂ ਵਿਆਹ ਹੋਇਆ ਹੈ। ਇਹੋ ਤੇ ਉਮਰ ਹੁੰਦੀ ਹੈ ਖਾਣ ਹੰਢਾਣ ਦੀ। ਪਤਾ ਨਹੀਂ ਵਿਚਾਰਾ ਕੀ ਕਰਦਾ ਹੋਵੇਗਾ?"

"ਲੈ ਫਿਕਰ ਵਾਲੀ ਕੇਹੜੀ ਗੱਲ ਹੈ? ਉਸਨੂੰ ਕਹਿ ਜੇ ਪੈਸੇ ਚਾਹੀਦੇ ਹਨ ਤਾਂ ਮੰਗ ਲਵੇ।"

"ਤੁਹਾਨੂੰ ਤੇ ਪਤਾ ਹੈ ਆਪਣੇ ਖਾਨਦਾਨ ਦਾ, ਉਸਨੇ ਪੈਸੇ ਨਹੀਂ ਮੰਗਣੇ। ਉਹ ਵੀ ਤੁਹਾਡਾ ਹੀ ਮੁੰਡਾ ਹੈ, ਪਰ ਇੱਕ ਗੱਲ ਪੱਕੀ ਹੈ ਤੁਹਾਡਾ ਨਿਹਾਲ ਕਿਤੇ ਨਹੀਂ ਜਾਂਦਾ। ਉਹ ਬਹੁਤ ਡਰ ਗਿਆ ਹੈ। ਉਹ ਤੇ ਹੁਣ ਮੇਰੇ ਨਾਲ ਗੁਰਦੁਆਰੇ ਵੀ ਜਾਣ ਲੱਗ ਪਿਆ ਹੈ।"

"ਅਸਲ ਵਿੱਚ ਜਦੋਂ ਦੇ ਟੋਰੀ ਆਏ ਹਨ, ਲੋਕਾਂ ਦਾ ਜੀਅ ਮੁਹਾਲ ਹੋ ਗਿਆ ਹੈ। ਪਹਿਲਾਂ ਜੀ.ਐਸ.ਟੀ ਲਾ ਦਿੱਤੀ ਇੱਕ ਪਰਸੈਂਟ ਘਟਾ ਕੇ ਲੋਕਾਂ ਨੂੰ ਫਿਰ ਬੇਵਕੂਫ ਬਣਾ ਲਿਆ ਤੇ ਫਿਰ ਐਚ.ਐਸ.ਟੀ ਲਾਕੇ ਲੋਕਾਂ ਦਾ ਧੂੰ ਕੱਢ ਦਿੱਤਾ। ਹਾਰਪਰ ਨੂੰ ਲੋਕਾਂ ਨਾਲੋਂ ਜ਼ਿਆਦਾ ਅਫਗਾਨਿਸਤਾਨ ਦਾ ਫਿਕਰ ਹੈ। ਲਿਬਰਲ ਵਾਹਵਾ ਸਕਿਊਰਟੀ ਗਾਰਡ ਵਾਂਗ ਅਫਗਾਨਿਸਤਾਨ ਵਿੱਚ ਬੁੱਤਾ ਸਾਰੀ ਜਾਂਦੇ ਸਨ ਪਰ ਹਾਰਪਰ ਨੂੰ ਇਤਨੇ ਨਾਲ ਚੈਨ ਨਹੀਂ ਆਇਆ, ਪਰ ਚੰਗਾ ਹੋਇਆ। ਇਹਦੇ ਵਿੱਚ ਲੋਕਾਂ ਦਾ ਹੀ ਫਾਇਦਾ ਹੈ। ਇਸੇ ਕਰਕੇ ਆਪਾਂ ਐਤਕੀਂ ਇਸਨੂੰ ਵੋਟ ਦੇਣੀ ਹੈ।"

"ਜੀ ਵੋਟਾਂ ਵੂਟਾਂ ਨੂੰ ਛਡੋ, ਦਿਆਲ ਦਾ ਕੁੱਝ ਸੋਚੋ। ਤੁਸੀਂ ਨੀਲਮ ਨਾਲ ਗੱਲ ਕਰਕੇ ਵੇਖੋ। ਉਨ੍ਹਾਂ ਦਾ ਕਮਰਾ ਅਜੇ ਤੱਕ ਖਾਲੀ ਪਿਆ ਹੈ"।

"ਨਹੀਂ, ਮੈਂ ਨਹੀਂ ਪੁੱਛਣਾ। ਹੁਣ ਮੈਂ ਭੰਬਲਭੂਸੇ ਵਿਚੋਂ ਇੱਕ ਵਾਰ ਨਿਕਲ ਗਿਆ ਹਾਂ। ਦੁਬਾਰਾ ਨਹੀਂ ਪੈਣਾ ਚਾਹੁੰਦਾ। ਕਦੇ ਭਾਪੇ ਨੂੰ ਪੁੱਛੋ, ਕਦੇ ਦਿਆਲ ਨੂੰ ਪੁੱਛੋ ਹੁਣ ਨੀਲਮ ਨੂੰ। ਮੈਂ ਇਸ ਪੁੱਛ ਪੁਛਾਈ ਵਿੱਚ ਆਪਣੀ ਜ਼ਿੰਦਗੀ ਤਾਂ ਜੀਣੀ ਹੀ ਭੁੱਲ ਗਿਆ ਹਾਂ। ਹੁਣ ਮੈਨੂੰ ਸਮਝ ਆ ਗਈ ਹੈ ਕਿ ਨਾ ਤਾਂ ਮੈਂ ਪੁਲੀਸ ਵਾਲਾ ਹਾਂ, ਭਾਪੇ ਵਾਂਗ ਤੇ ਨਾ ਦਿਆਲ ਵਾਂਗ ਸਟੇਟ ਫਾਰਵਰਡ। ਮੈਂ ਸਿਰਫ ਬਬੂ ਹਾਂ। ਬਬੂ ਸਕਿਊਰਟੀ ਗਾਰਡ। ਮੇਰਾ ਕੰਮ ਹੈ ਸਿਰਫ ਆਲਾ ਦੁਆਲਾ ਵੇਖਣਾ ਤੇ ਵੇਖਕੇ ਅਗਲੇ ਨੂੰ ਦੱਸਣਾ। ਕਰਨ ਕਰਾਉਣ ਦੀ ਮੇਰੇ ਕੋਲ ਕੋਈ ਅਥਾਰਟੀ ਹੀ ਨਹੀਂ ਹੈ। ਮੈਂ ਤਾਂ ਐਵੇਂ ਹੀ ਉਲਝਣ ਵਿੱਚ ਪਿਆ ਰਿਹਾ। ਤੂੰ ਵੀ ਤਮਾਸ਼ਾ ਦੇਖ"।

"ਜੀ ਮੈਂ ਕਿਵੇਂ ਤਮਾਸ਼ਾ ਵੇਖਾਂ? ਮੈਂ ਮਾਂ ਹਾਂ।"

"ਇਸੇ ਲਈ ਤਾਂ ਕਹਿੰਦਾ ਹਾਂ ਕਿ ਤਮਾਸ਼ਾ ਵੇਖ। ਸਾਰੀ ਦੁਨੀਆਂ ਦੇ ਪੰਛੀ ਜਨੌਰ ਉਦੋਂ ਤੱਕ ਹੀ ਪਾਲਣਾ ਕਰਦੇ ਹਨ ਜਦੋਂ ਤੱਕ ਉਹ ਉਡਾਰ ਨਹੀਂ ਹੋ ਜਾਂਦੇ। ਦਿਆਲ ਵੀ ਹੁਣ ਉਡਾਰ ਹੈ। ਉਸਨੂੰ ਸਮਝਣ ਦੇ ਜ਼ਿੰਦਗੀ ਦੀ ਹਕੀਕਤ। ਆਟੇ ਦਾਲ ਦਾ ਭਾਅ ਮਾਲੂਮ ਹੋਣ ਦੇ। ਨੀਲਮ ਦੇ ਨਖਰੇ ਝੱਲ ਲੈਣ ਦੇ। ਉਹ ਆਪ ਹੀ ਫੈਸਲਾ ਕਰੇਗਾ। ਉਸਦੀ ਪੜ੍ਹਾਈ ਨੇ ਇਹੋ ਹੀ ਸਿਖਾਇਆ ਹੈ ਕਿ ਕਦੇ ਵੀ ਸੋਚੋ ਨਾ ਕਿ ਕੀਹਨੇ ਕੀ ਕਰਨਾ ਹੈ ਤੇ ਕੀਹਨੂੰ ਕੀ ਕਰਨਾ ਚਾਹੀਦਾ ਹੈ। ਉਹੋ ਕਰੋ ਜੋ ਤੁਹਾਡਾ ਦਿਲ ਕਹਿੰਦਾ ਹੈ ਤੇ ਇਹਨਾਂ ਦਾ ਦਿਲ ਮੇਡ ਇਨ ਕੈਨੇਡਾ ਹੈ ਤੇ ਇਹੋ ਦਿਲ ਇੱਕ ਦਿਨ

ਇਸਨੂੰ ਰੌਸ਼ਨੀ ਦੀ ਕਿਰਨ ਦਿਖਾਇਗਾ।"

"ਰਾਤ ਦੇ ਨੌਂ ਵਜ ਗਏ ਹਨ ਸੋਹਣਿਉ, ਤੁਹਾਡੇ ਸੌਣ ਦਾ ਟਾਈਮ ਵੀ ਹੋ ਗਿਆ ਹੈ।"

"ਜੀ ਮੈਨੂੰ ਨੀਂਦ ਨਹੀਂ ਆ ਰਹੀ।"

"ਨੀਂਦ ਨਹੀਂ ਆਉਂਦੀ ਤਾਂ ਕੋਈ ਮੂਵੀ ਛੂਵੀ ਦੇਖ ਲੈ।"

"ਨਹੀਂ ਜੀ, ਮੈਂ ਤੇ ਸਿਰਫ ਤੁਹਾਡੇ ਨਾਲ ਗੱਲਾਂ ਕਰਨੀਆਂ ਹਨ।"

"ਕਰੋ ਫਿਰ।"

"ਜੀ ਮੈਂ ਸੁਣਿਆ ਹੈ ਕਿ ਲੋਕਾਂ ਦੇ ਨਿਆਣੇ ਜਿਹੜੇ ਘਰ ਛੱਡ ਕੇ ਗਏ ਸੀ ਉਹ ਵਾਪਸ ਆ ਰਹੇ ਹਨ ?"

"ਤੂੰ ਇਹ ਨਹੀਂ ਸੁਣਿਆਂ ਕਿ ਸਾਰੀ ਦੁਨੀਆਂ ਵਿੱਚ ਵੋਮੈਨ ਡੇ ਮਨਾਇਆ ਜਾਂਦਾ ਹੈ। ਕੀ ਤੂੰ ਦਿਲ ਤੇ ਹੱਥ ਰੱਖ ਕੇ ਕਹਿ ਸਕਦੀਂ ਹੈਂ ਕਿ ਬਬੂ ਦੇ ਬਗੈਰ ਪਰਿਵਾਰ ਦੇ ਹੋਰ ਕਿਸੇ ਵੀ ਮੈਂਬਰ ਨੇ ਤੈਨੂੰ ਕਦੇ ਇਸ ਦਿਨ ਲਈ ਸ਼ੁਭ-ਕਾਮਨਾਵਾਂ ਦਿੱਤੀਆਂ ਹੋਣ ? ਉਹ ਤੈਨੂੰ ਯਾਦ ਕਰਦੇ ਹਨ ਸਿਰਫ ਮਦਰ-ਡੇ ਤੇ, ਤੇਰੇ ਜਨਮ-ਦਿਨ ਤੇ, ਤੇਰੀ ਸ਼ਾਦੀ ਦੀ ਵਰ੍ਹੇ-ਗੰਢ ਤੇ। ਇਹ ਸਾਰੇ ਦਿਨ ਤੇਰੀ ਛਾਂ ਦੇ ਦਿਨ ਹਨ ਜਿਸ ਛਾਂ ਦੀ ਉਨ੍ਹਾਂ ਨੂੰ ਲੋੜ ਹੈ। ਪਰ ਇਹ ਸਾਰਾ ਉਹ ਕੁੱਝ ਜਾਣਕੇ ਨਹੀਂ ਕਰਦੇ। ਇਸ ਗੱਲ ਤੋਂ ਤਾਂ ਉਹ ਉੱਕਾ ਹੀ ਅਨਜਾਣ ਹਨ। ਮੇਰੀਏ ਪ੍ਰਿੰਸਿਨੀਏ ਤੈਨੂੰ ਔਰਤ ਹੋਣ ਦਾ ਮਾਣ ਉਹ ਕਦੋਂ ਦੇਣਗੇ ? ਸ਼ਾਇਦ ਕਦੇ ਨਹੀਂ ਕਿਉਂਕਿ ਇਹ ਮਾਣ ਤੂੰ ਆਪ ਲੈਣਾ ਹੈ। ਬੰਦ ਕਰ ਇਹ ਐਲਬਮ, ਇਸ ਵਿਚੋਂ ਤੈਨੂੰ ਕੁੱਝ ਵੀ ਨਹੀਂ ਲਭਣਾ।"

"ਜੀ ਤੁਸੀਂ ਸ਼ਰਾਬ ਪੀਤੀ ਹੈ ?"

"ਨਹੀਂ ਕਿਉਂ"

"ਇਹੋ ਜੇਹੀਆਂ ਡਰਾਉਣੀਆਂ ਗੱਲਾਂ ਤਾਂ ਤੁਸੀਂ ਸ਼ਰਾਬ ਪੀਕੇ ਹੀ ਕਰਦੇ ਹੁੰਦੇ ਹੋ।" ਮੇਰਾ ਹਾਸਾ ਨਿਕਲ ਗਿਆ ਤੇ ਮੈਂ ਸੋਚਿਆ ਇਹਦਾ ਕੁੱਝ ਨਹੀਂ ਹੋ ਸਕਦਾ। ਇਹ ਹੀ ਉਹ ਮੁਕਤੀ ਦਾ ਮਾਰਗ ਹੈ ਜਿਸਤੋਂ ਫਾਰਗ ਹੋਣ ਲਈ ਕੋਈ ਕਿਸੇ ਦੀ ਮਦਦ ਨਹੀਂ ਕਰ ਸਕਦਾ। ਇਹ ਰਾਹ ਤਾਂ ਇੱਕਲੇ-ਪਨ ਦਾ ਰਾਹ ਹੈ। ਆਪਣੀ ਹੋਂਦ ਨੂੰ ਪਛਾਨਣ ਲਈ ਕੋਈ ਰਿਸ਼ਤਾ ਵੀ ਸਾਵਾਂ ਨਹੀਂ ਹੈ। ਮਹਾਤਮਾ ਬੁੱਧ ਦੀ ਫਿਲਾਸਫੀ ਵਾਂਗ ਜ਼ਿੰਦਗੀ ਤੋਂ ਡਿਟੈਚ ਹੋਣ ਲਈ ਆਪੋ ਆਪਣੇ ਮਾਰਗ ਹਨ। ਕਾਰਣ ਭਾਵੇਂ ਇੱਕੋ ਹੋਣ ਪਰ ਕਾਰਣਾਂ ਦੇ ਭਾਰ ਵਖੋ ਵਖਰੇ ਹਨ।"

"ਜੀ ਤੁਸੀਂ ਗੂੰਗੇ ਕਿਉਂ ਹੋ ਗਏ ਹੋ ?" ਪ੍ਰਿੰਸਿਨੀ ਦੇ ਹੁੰਗਾਰੇ ਦੀ ਮੰਗ ਨੇ ਮੇਰੀ ਬਿਰਤੀ ਤੋੜੀ।

"ਚੰਗਾ ਜੀ, ਤੁਸੀਂ ਹੁਣ ਸੌਂਵੋਂ ਜਾਂ ਐਲਬਮ ਦੇਖੋ, ਸਾਨੂੰ ਛੁੱਟੀਆਂ ਦੇਵੋ। ਸਵੇਰੇ ਛੇ ਵਜੇ ਫੋਨ ਤੇ ਹੀ ਮੁਲਾਕਾਤ ਹੋਵੇਗੀ, ਸ਼ੁਭ-ਰਾਤਰੀ।" ਮੇਰੇ ਸ਼ੁਭ-ਰਾਤਰੀ ਦਾ ਮਤਲਬ ਹੁੰਦਾ ਸੀ ਕਿ ਮੈਂ ਹੁਣ ਹੋਰ ਕੁੱਝ ਵੀ ਸੁਨਣਾ ਨਹੀਂ ਚਾਹੁੰਦਾ ਤੇ ਪ੍ਰਿੰਸਿਨੀ ਨੇ ਇਸਨੂੰ ਆਪਣਾ ਧਰਮ ਹੀ ਬਣਾ ਲਿਆ ਸੀ।

"ਸ਼ੁਭ-ਰਾਤਰੀ," ਪ੍ਰਿੰਸਿਨੀ ਨੇ ਫੋਨ ਬੰਦ ਕਰ ਦਿੱਤਾ।

ਰਾਤ ਦੇ ਗਿਆਰਾਂ ਵਜਣ ਵਾਲੇ ਸਨ। ਮੈਂ ਆਪਣੀ ਮਿਕੀ ਕੱਢੀ ਤੇ ਆਪਣਾ ਦਰਾਮ ਬਣਾ ਲਿਆ। ਪੇਪਰ ਤੇ ਵਾਹੇ ਖਾਕੇ ਨੂੰ ਫੜ ਲਿਆ ਤੇ ਉਸਨੂੰ ਘੂਰ ਕੇ ਵੇਖਿਆ। ਮੇਰੇ ਖਾਨਿਆਂ ਵਿੱਚ ਪਰਿਵਾਰਕ ਲੋਕ ਸਨ। ਕਿਸੇ ਵਿੱਚ ਇਹ ਲੋਕ ਮੇਰੇ ਨਾਲ ਸਨ ਤੇ ਕਿਸੇ ਵਿੱਚ ਆਪਸ ਵਿੱਚ ਗੁੱਥਮ-ਗੁੱਥਾ ਸਨ। ਪਰੇ ਪਈ ਸਡੂਕੋ ਦੇ ਨੰਬਰ ਵੀ ਮੇਰੇ ਕੋਲੋਂ ਆਪੋ ਆਪਣੀ ਥਾਂ ਪੁੱਛ ਰਹੇ ਸਨ। ਇਹ ਮਸਲਾ ਕੈਬਿਨ ਵਿੱਚ ਬੈਠਕੇ ਹੱਲ ਨਹੀਂ ਹੋਣਾ, ਮੈਂ ਸੋਚਿਆ। ਪਹਿਲੇ ਦਰਾਮ ਦੇ ਨਿੱਘੇ ਪ੍ਰਭਾਵ ਨੇ ਮੈਨੂੰ ਕੁੱਝ ਡੂੰਘਾ ਉਤਰਨ ਲਈ ਉਕਸਾਇਆ। ਮੈਨੂੰ ਬਚਪਨ ਵਿੱਚ ਸੁਣੀ ਕਹਾਣੀ ਯਾਦ ਆ



ਗਈ ਜਿਸ ਵਿੱਚ ਪਰੀ ਸੱਤ ਬੰਦ ਦਰਵਾਜ਼ਿਆਂ ਦੇ ਪਾਰ ਕੈਦ ਸੀ ਤੇ ਰਾਜਕੁਮਾਰ ਸਾਰੇ ਬੰਦ ਦਰਵਾਜ਼ਿਆਂ ਨੂੰ ਪਾਰ ਕਰਕੇ ਪਰੀ ਨੂੰ ਅਜ਼ਾਦ ਕਰਵਾ ਕੇ ਉਸਨੂੰ ਆਪਣੀ ਰਾਣੀ ਬਣਾਉਂਦਾ ਹੈ। ਅਚਾਨਕ ਮੇਰੇ ਜ਼ਹਿਨ ਵਿੱਚ ਇੱਕ ਇਤਫਾਕ ਉਭਰ ਆਇਆ ਕਿ ਮੇਰੇ ਕੋਲ ਵੀ ਸੱਤ ਚਾਬੀਆਂ ਹਨ। ਮੈਂ ਕਲਾਕ ਨੂੰ ਗਲੇ ਵਿੱਚ ਲਟਕਾ ਲਿਆ। ਲਾਹੇ ਹੋਏ ਫਲੀਟ ਪੈਰੀਂ ਪਾ ਲਏ ਤੇ ਕੈਬਿਨ ਵਿਚੋਂ ਬਾਹਰ ਆ ਗਿਆ।

ਬਾਹਰ ਆਕੇ ਮੇਰੀ ਸੋਚ ਵਿਚਲੇ ਰਾਜਕੁਮਾਰ ਨੇ ਕਿਹਾ ਕਿ ਤੂੰ ਤੇ ਕਦੇ ਵੀ ਕੋਈ ਚਾਬੀ ਨਹੀਂ ਵਰਤੀ ਤੇ ਦਰਵਾਜ਼ਿਆਂ ਦੇ ਜਿੰਦੇ ਕਿਸਤਰ੍ਹਾਂ ਖੁੱਲ੍ਹਣੇ ਹਨ ? ਤੂੰ ਤੇ ਹਮੇਸ਼ਾਂ ਹੀ ਇਨ੍ਹਾਂ ਕਮਰਿਆਂ ਦੇ ਬਾਹਰੋਂ ਬਾਹਰ ਬਣੀਆਂ ਪਗਡੰਡੀਆਂ ਤੇ ਹੀ ਚਲਕੇ ਪਰਕਰਮਾ ਕਰਦਾ ਹੈਂ, ਕਮਰੇ ਵਿੱਚ ਧੁੱਸ ਦੇਕੇ ਵੜਣ ਦੀ ਜਾਂ ਚਾਬੀ ਵਰਤਕੇ ਵੜਣ ਨਹੀਂ ਕੋਸ਼ਿਸ਼ ਕੀਤੀ। ਦੇਖ ਤੇ ਸਹੀ ਇਨ੍ਹਾਂ ਕਮਰਿਆਂ ਵਿੱਚ ਹੈ ਕੀ ? ਪਗਡੰਡੀਆਂ ਤੇ ਚਲਣ ਵਾਲੇ ਕਿੱਥੇ ਨਵੇਂ ਰਸਤੇ ਬਣਾਉਂਦੇ ਹਨ ? ਮੈਂ ਰਸਤੇ ਵਿੱਚ ਆਈ ਪਹਿਲੀ ਚਾਬੀ ਦੀ ਲੋਕੇਸ਼ਨ ਤੇ ਗਿਆ ਤੇ ਕਲਾਕ ਪੰਚ ਕੀਤਾ।

ਮਹਿੰਗਾਈ ਬਹੁਤ ਹੋ ਗਈ ਹੈ ਤੇ ਦਿਆਲ ਹੁਣ ਘਰ ਵਾਪਸੀ ਚਾਹੁੰਦਾ ਹੈ। ਅਜੇ ਤਾਂ ਮੈਂ ਉਸਦੇ ਬਿਲ ਵੀ ਅਦਾ ਕਰਦਾ ਹਾਂ। ਮੇਰੀ ਓਵਰ ਪਰੋਟੈਕਸ਼ਨ ਨੂੰ ਉਸਨੇ ਸ਼ਬਦਾਂ ਨਾਲ ਹੀ ਰੱਦ ਕੀਤਾ ਹੈ, ਵਿਵਹਾਰ ਨਾਲ ਨਹੀਂ। ਪਹਿਲੇ ਦਰਵਾਜ਼ੇ ਦਾ ਇਹ ਕੈਸਾ ਭੂਤ ਹੈ ? ਇਸਨੂੰ ਮਾਰਨਾ ਪਵੇਗਾ ਵਰਨਾ ਇਹ ਮੈਨੂੰ ਕਦੇ ਵੀ ਦੂਸਰੇ ਦਰਵਾਜ਼ੇ ਤੇ ਨਹੀਂ ਪਹੁੰਚਣ ਦੇਵੇਗਾ। ਅੱਜ ਤੋਂ ਬਾਦ ਦਿਆਲ ਦੇ ਬਿਲ ਅਦਾ ਕਰਨੇ ਬੰਦ। ਬਬੂ ਦੇ ਘਰ ਵਾਪਸ ਆਉਣਾ ਹੈ ਤੇ ਦਿਆਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬਬੂ ਦੇ ਘਰ ਦਾ ਮਤਲਬ ਕੀ ਹੈ ?

ਦੂਸਰੇ ਕਮਰੇ ਵਿੱਚ ਨੀਲਮ ਬੈਠੀ ਸੀ। ਉਸਨੂੰ ਇਹ ਤਾਂ ਸਮਝਣਾ ਹੀ ਪਵੇਗਾ ਕਿ ਸੌ ਸਾਲ ਤੋਂ ਵੀ ਉੱਤੇ ਚਲੀ ਆ ਰਹੀ ਫੁਲਕਾਰੀ ਦੇ ਵੇਲ ਬੂਟੇ ਕਿਹ ਜਿਹੇ ਸਨ। ਇਹ ਤਾਂ ਜੌਗਰਫੀ ਦਾ ਬਹੁਤ ਹੀ ਸੌਖਾ ਜਿਹਾ ਸੁਆਲ ਹੈ। ਇਸ ਵਿੱਚ ਤਾਂ ਮੇਰਾ ਕੋਈ ਦਖਲ ਵੀ ਨਹੀਂ। ਮੇਰਾ ਤਾਂ ਕੀ ਕਿਸੇ ਦਾ ਵੀ ਦਖਲ ਨਹੀਂ। ਜੌਗਰਫੀ ਨੂੰ ਜਾਨਣ ਦਾ ਮਤਲਬ ਤਾਂ ਕਤਈ ਨਹੀਂ ਕਿ ਅਸੀਂ ਉਸਨੂੰ ਕੋਈ ਪੰਜਾਬੀ ਸਭਿਆਚਾਰ ਨਾਲ ਜੋੜਨਾ ਚਾਹੁੰਦੇ ਹਾਂ। ਮੇਰਾ ਨਿਹਾਲ ਤੀਜੇ ਕਮਰੇ ਵਿੱਚ ਬੈਠਾ ਮੇਰਾ ਇੰਤਜਾਰ ਕਰ ਰਿਹਾ ਸੀ। ਕਹਿਣ ਲੱਗਾ, 'ਡੈਡ ਮੈ ਗੋ ਵੇ ਕਰਨੀ ਹੈ।' ਛੋਟੇ ਹੁੰਦਿਆਂ ਇਹ ਸਦਾ ਹੀ ਮੇਰੇ ਕੰਧਾੜੇ ਚੜ੍ਹਨ ਦੀ ਜ਼ਿੱਦ ਕਰਦਾ ਸੀ। 'ਉਏ ਤੂੰ ਤੇ ਅੱਗੇ ਨਾਲੋਂ ਭਾਰਾ ਹੋ ਗਿਆ ਹੈਂ।' ਮੇਰਾ ਹਾਸਾ ਨਿਕਲ ਗਿਆ ਪਰ ਚਿੰਤਾ ਵੀ ਹੋਈ ਕਿਉਂਕਿ ਨਿਹਾਲ ਦੇ ਚੇਹਰੇ ਤੇ ਇੱਕ ਡਰ ਸੀ। ਜਿਸ ਡਰ ਦੀ ਸ਼ਕਲ ਮੇਰੇ ਨਾਲ ਮਿਲਦੀ ਸੀ। ਮੈਂ ਭਾਵੇਂ ਜ਼ਿੰਦਗੀ ਤੋਂ ਡੀਟੈਚ ਵੀ ਹੋ ਜਾਵਾਂ ਪਰ ਮੇਰੀ ਸ਼ਕਲ ਤੋਂ ਇਹ ਡਰ ਦਾ ਸਾਇਆ ਮਨਫੀ ਨਹੀਂ ਹੋ ਸਕਦਾ। ਉਸ ਕਮਰੇ ਵਿੱਚ ਖਲੋਤਿਆਂ ਹੀ ਮੈਨੂੰ ਅਹਿਸਾਸ ਹੋਇਆ ਕਿ ਜੋ ਵੀ ਪਿੱਛੇ ਹੋਇਆ ਉਸ ਵਿੱਚ ਅਸੀਂ ਹਮੇਸ਼ਾਂ ਨਿਹਾਲ ਨੂੰ ਭੁੱਲੇ ਹੀ ਰਹੇ। ਜਾਣੇ ਅਨਜਾਣੇ ਵਿੱਚ ਉਹ ਬਬੂ ਬਣ ਰਿਹਾ ਸੀ। ਮੈਂ ਉਸ ਕਮਰੇ ਦੀ ਚਾਬੀ ਨਿਹਾਲ ਨੂੰ ਫੜਾ ਦਿੱਤੀ ਤੇ ਉਸਨੇ ਕੰਧਾੜੀਂ ਚੜੇ ਹੀ ਜਿੰਦਾ ਖੋਲ੍ਹਿਆ।

ਮੇਰੇ ਤੁਰਦਿਆਂ ਰਾਤ ਡੂੰਘੀ ਹੋ ਰਹੀ ਸੀ। ਚੌਥੇ ਕਮਰੇ ਵਿੱਚ ਭੂਰੇ ਕੰਬਲ ਦੀ ਬੁੱਕਲ ਮਾਰੀ ਭਾਪਾ ਬੈਠਾ ਪਾਠ ਕਰ ਰਿਹਾ ਸੀ। 'ਸਤਿ ਸ੍ਰੀ ਅਕਾਲ ਜੀ' ਮੈਂ ਕਿਹਾ ਪਰ ਭਾਪੇ ਨੇ ਕੋਈ ਜੁਆਬ ਨਹੀਂ ਦਿੱਤਾ। ਉਸਨੇ ਇਹ ਵੀ ਨਹੀਂ ਕਿਹਾ ਕਿ ਤੂੰ ਮੇਰੇ ਕਮਰੇ ਵਿੱਚ ਪੁੱਛੇ ਬਗੈਰ ਕਿਉਂ ਆਇਆ ਹੈਂ ? ਮੈਂ ਆਪ ਹੀ ਕਿਹਾ 'ਭਾਪਾ ਜੀ ਮੈਨੂੰ ਤੁਹਾਡੇ ਕਮਰੇ ਵਿਚੋਂ ਲਾਂਘਾ ਚਾਹੀਦਾ ਹੈ। ਭਾਪੇ ਨੇ ਚੁੱਪ ਚਾਪ ਦਰਵਾਜ਼ਾ ਖੋਲ੍ਹ ਦਿੱਤਾ। ਮੇਰੀ ਚਾਬੀ ਲਾਉਣ ਦੀ ਹਸਰਤ ਦਿਲ ਵਿੱਚ ਹੀ ਰਹਿ ਗਈ।

ਪੰਜਵੇਂ ਕਮਰੇ ਵਿੱਚ ਬਹੁਤ ਭੀੜ ਸੀ। ਕਮਰਾ ਤੂਸਿਆ ਪਿਆ ਸੀ। ਪਤਾ ਹੀ ਨਹੀਂ ਲਗਦਾ

ਸੀ ਕਿ ਕੀਹਦਾ ਕੰਬਲ ਕੀਹਦੇ ਕੋਲ ਹੈ ? ਭਰਾ ਭਤੀਜੇ, ਮਾਮੇ, ਫੁਫੜ ਜਿਵੇਂ ਕਿਸੇ ਵਿਆਹ ਵਿੱਚ ਇੱਕਠੇ ਹੋਏ ਹੋਣ। ਉਨ੍ਹਾਂ ਨੇ ਮੇਰੇ ਕੋਲੋਂ ਚਾਬੀ ਖੋਹਣ ਦੀ ਕੋਸ਼ਿਸ਼ ਵੀ ਕੀਤੀ। ਮੈਨੂੰ ਪਿਆਰ ਨਾਲ ਵੀ ਸਮਝਾਇਆ ਕਿ ਇੱਥੇ ਸਾਡੇ ਕੋਲ ਹੀ ਬੈਠਾ ਰਹਿ। ਇਹ ਰਾਜਕੁਮਾਰੀਆਂ ਕਿਸੇ ਦੀਆਂ ਮਿੱਤ ਨਹੀਂ ਹੁੰਦੀਆਂ। ਨਾਲੇ ਸਾਡੇ ਨਾਲੋਂ ਚੰਗੀ ਅੱਜ ਤੈਨੂੰ ਰਾਜ ਕੁਮਾਰੀ ਹੋ ਗਈ ? ਮੈਂ ਕਿਹਾ ਕਿ ਗੱਲ ਰਾਜਕੁਮਾਰੀ ਦੀ ਨਹੀਂ ਮੇਰੀ ਜ਼ਿਦ ਦੀ ਹੈ। ਮੈਂ ਕੁੱਝ ਜਿੱਤਣ ਲਈ ਘਰੋਂ ਬਾਹਰ ਆਇਆ ਹਾਂ। ਛੁਟਦਾ ਛਟਾਉਂਦਾ ਮੈਂ ਆਪਣੀ ਚਾਬੀ ਨਾਲ ਜਿੰਦਾ ਖੋਲਣ ਦੀ ਕੋਸ਼ਿਸ਼ ਕੀਤੀ। ਚਾਬੀ ਵਾਲਾ ਜਿੰਦਾ ਤਾਂ ਖੁਲ ਗਿਆ ਪਰ ਉਨ੍ਹਾਂ ਨੇ ਆਪਣਾ ਇੱਕ ਪਰਾਈਵੇਟ ਜਿੰਦਾ ਵੀ ਲਾਇਆ ਸੀ। ਆਖਰ ਮੈਨੂੰ ਡਾਂਗ ਚੁੱਕਣੀ ਪਈ। ਮੇਰੀ ਡਾਂਗ ਵੇਖਕੇ ਉਨ੍ਹਾਂ ਨੇ ਕਿਹਾ ਛਡੋ ਯਾਰ ਇਹ ਹੁਣ ਉਹ ਬਬੂ ਨਹੀਂ ਰਿਹਾ। ਇਹਦਾ ਖੂਨ ਪਾਣੀ ਬਣ ਗਿਆ ਹੈ। ਭੂਰੇ ਵਾਲਾਂ ਵਾਲੀ ਗੋਰੀ ਰਾਜਕੁਮਾਰੀ ਦਾ ਹੁਸਨ ਇਸ ਦੇ ਸਿਰ ਨੂੰ ਚੜ੍ਹ ਗਿਆ ਹੈ। ਇੱਕ ਪ੍ਰਾਹੁਣੇ ਨੇ ਇਹ ਵੀ ਕਹਿ ਦਿੱਤਾ ਕਿ ਤੈਨੂੰ ਚੋਣ ਕਰਨੀ ਪੈਣੀ ਹੈ। ਅਸੀਂ ਜਾਂ ਰਾਜਕੁਮਾਰੀ। ਮੈਂ ਅੱਗੋਂ ਹੱਸ ਪਿਆ। ਮੇਰੇ ਹਾਸੇ ਨੇ ਉਨ੍ਹਾਂ ਦੇ ਜਿੰਦੇ ਨੇ ਆਪਣੀ ਜਿੱਦ ਛੱਡ ਦਿੱਤੀ ਤੇ ਮੈਂ ਕਮਰਾ ਪਾਰ ਕਰਕੇ ਛੇਵੇਂ ਕਮਰੇ ਵਿੱਚ ਚਲੇ ਗਿਆ।

ਮੈਂ ਹੁਣ ਤੱਕ ਦੇ ਸਭ ਤੋਂ ਮੁਸ਼ਕਲ ਕਮਰੇ ਵਿੱਚ ਪਹੁੰਚ ਗਿਆ ਸੀ। ਇਸ ਕਮਰੇ ਵਿੱਚ ਪ੍ਰਸਿੰਨੀ ਬੈਠੀ ਸੀ। ਅੰਤਾਂ ਦਾ ਹੁਸਨ, ਅੰਤਾਂ ਦੇ ਹੁੱਸੜ ਵਿੱਚ ਬੈਠਾ ਸੀ, ਇਸ ਕਮਰੇ ਵਿਚ। ਕੋਈ ਏਅਰ ਕੰਡੀਸ਼ਨ ਨਹੀਂ। ਕੋਈ ਠੰਢੇ ਪਾਣੀ ਦਾ ਇੰਤਜ਼ਾਮ ਨਹੀਂ। 'ਤੂੰ ਇਤਨੀ ਗਰਮੀ ਵਿੱਚ ਕਿਉਂ ਬੈਠੀ ਹੈਂ ਪ੍ਰਸਿੰਨੀਏ ?' ਮੇਰੇ ਸੁਆਲ ਨਾਲ ਪ੍ਰਸਿੰਨੀ ਫਿੱਕਾ ਜਿਹਾ ਮੁਸਕਰਾ ਪਈ। 'ਜੀ ਤੁਸੀਂ ਮੈਨੂੰ ਛੱਡ ਕੇ ਰਾਜ ਕੁਮਾਰੀ ਦੇ ਪਿੱਛੇ ਕਿਉਂ ਪੈ ਗਏ ਹੋ ?' 'ਤੈਨੂੰ ਸੌਖਾ ਕਰਨ ਲਈ। ਤੂੰ ਹੁਣ ਬੁਢੀ ਹੋ ਗਈ ਹੈਂ। ਤੇਰੇ ਕੋਲੋਂ ਕੰਮ ਨਹੀਂ ਹੁੰਦਾ ਪਰ ਤੂੰ ਕੰਮ ਕਰਨੋਂ ਹਟਦੀ ਹੀ ਨਹੀਂ। ਕਦੇ ਦਿਆਲ ਕਦੇ ਨਿਹਾਲ ਕਦੇ ਬਬੂ, ਤੂੰ ਕਦੇ ਆਪਣੇ ਬਾਰੇ ਵੀ ਸੋਚ ਲਿਆ ਕਰ। ਮੇਰਾ ਨਹੀਂ ਖਿਆਲ ਤੂੰ ਕਦੇ ਆਪਣੇ ਲਈ ਖਾਣ ਲਈ ਵੀ ਕੁੱਝ ਬਣਾਇਆ ਹੋਵੇ ਜੋ ਬਚ ਗਿਆ ਸੋ ਖਾ ਲਿਆ। ਇਹ ਗੋਰੀ ਚਿੱਟੀ ਰਾਜ ਕੁਮਾਰੀ ਤੇਰੀ ਸੇਵਾ ਵਾਸਤੇ ਹੀ ਮੈਂ ਲਿਆ ਰਿਹਾ ਹਾਂ।' 'ਪਰ ਮੈਂ ਸੌਂਕਣ ਨੂੰ ਬਰਦਾਸ਼ਤ ਹੀ ਨਹੀਂ ਕਰ ਸਕਦੀ।' 'ਤੈਨੂੰ ਕਿਸਨੇ ਕਿਹਾ ਕਿ ਰਾਜ ਕੁਮਾਰੀ ਤੇਰੀ ਸੌਂਕਣ ਹੈ ?'

'ਮੇਰੀ ਮਾਂ ਨੇ'

'ਤੇਰੀ ਮਾਂ ਮਰੀ ਨੂੰ ਤੇ ਪੰਜ ਸਾਲ ਹੋ ਗਏ ਹਨ।' 'ਜੀ ਬਚਪਨ ਵਿੱਚ ਹੀ ਉਸਨੇ ਦੱਸ ਦਿੱਤਾ ਸੀ ਕਿ ਸੌਕਣ ਕੌਣ ਹੁੰਦੀ ਹੈ। 'ਤੂੰ ਹੁਣ ਮਾਂ ਦੀ ਮੰਨੇਗੀ ਕਿ ਮੇਰੀ' ? 'ਜੀ ਤੁਹਾਡੀ'।

'ਗਲਤ ਗੱਲ, ਮੇਰੀ ਕਿਉਂ ਮੰਨੇਗੀ ? ਅਗਲੇ ਵੂਮੇਨ ਡੇ ਤੇ ਇਹ ਪ੍ਰਣ ਕਰੀਂ ਕਿ ਕਦੇ ਕਿਸੇ ਦੀ ਨਹੀਂ ਮੰਨਣੀ। ਨਾ ਮਾਂ ਦੀ ਨਾ ਮੇਰੀ, ਸਿਰਫ ਆਪਣੀ ਮੰਨਣੀ ਹੈ ਜੋ ਤੇਰੇ ਦਿਲ ਵਿੱਚ ਆਵੇ ਉਸਦੀ ਮੰਨਣੀ ਹੈ। ਆਪਣੀਆਂ ਛਾਵਾਂ ਆਪ ਪੈਦਾ ਕਰ। ਬਹੁਤ ਜੀਅ ਲਿਆ ਤੂੰ ਦੂਸਰਿਆਂ ਦੀਆਂ ਛਾਵਾਂ ਥੱਲੇ ਬਹਿਕੇ। ਇਹ ਰਾਜ ਕੁਮਾਰੀ ਹੀ ਤੈਨੂੰ ਸਮਝਾਵੇਗੀ। ਤੂੰ ਅਜੇ ਜਾਣਦੀ ਨਹੀਂ, ਇਸ ਰਾਜ ਕੁਮਾਰੀ ਨੂੰ। ਤੈਨੂੰ ਮੇਰੇ ਤੇ ਤਾਂ ਭਰੋਸਾ ਹੈ ? ਤੇਰੀ ਮਾਂ ਦੀ ਵੀ ਇਹੋ ਸਿਖਿਆ ਹੈ ਕਿ ਪਤੀ ਤੇ ਭਰੋਸਾ ਰੱਖੋ।'

'ਹਾਂ ਜੀ ਤੁਹਾਡੇ ਤੇ ਪੂਰਾ ਭਰੋਸਾ ਹੈ। ਤੁਸੀਂ ਹੀ ਤੇ ਹੋ ਮੇਰੀ ਮਾਂ ਤੋਂ ਬਾਦ।'

'ਮਾਂ ਤੋਂ ਪਹਿਲਾਂ ਕਿਉਂ ਨਹੀ ?'

'ਜੀ ਮੈਨੂੰ ਨਹੀ ਪਤਾ, ਮੇਰਾ ਸਿਰ ਨਾ ਖਾਉ ਤੇ ਦਰਵਾਜ਼ਾ ਖੋਲ੍ਹੋ, ਕਹੋ ਤਾਂ ਮੈਂ ਖੋਲ੍ਹ ਦਿੰਦੀ ਹਾਂ।'

'ਅਜੇ ਮੈਂ ਅਗਲੇ ਦਰਵਾਜ਼ੇ ਤੱਕ ਨਹੀਂ ਜਾਣਾ, ਜਿਨ੍ਹਾਂ ਚਿਰ ਮੇਰੀ ਤੱਸਲੀ ਨਹੀਂ ਹੋ ਜਾਂਦੀ



ਕਿ ਮੈਂ ਜਬਰਦਸਤੀ ਨਹੀਂ ਜਾ ਰਿਹਾ, ਹਾਂ ਸੱਚ ਤੂੰ ਆਪਣੀ ਸੌਂਕਣ ਰਾਜ ਕੁਮਾਰੀ ਦਾ ਨਾਮ ਤੇ ਪੁੱਛਿਆ ਹੀ ਨਹੀਂ।'

'ਕੀ ਹੈ ਜੀ ?'

'ਰਾਜ ਕੁਮਾਰੀ ਦਾ ਨਾਮ ਹੈ 'ਜ਼ਿੰਦਗੀ' , ਉਹ ਜ਼ਿੰਦਗੀ ਜੋ ਤੂੰ ਜੀਅ ਨਹੀਂ ਰਹੀ। ਤੀਰਥ ਅਸ਼ਨਾਨਾਂ ਨਾਲ ਤੇਰੀ ਮੁਕਤੀ ਨਹੀਂ ਹੋਣੀ। ਚੱਲ ਇਹ ਦੱਸ ਜ਼ਿੰਦਗੀ ਤੋਂ ਤੇਰੀ ਕੀ ਮੁਰਾਦ ਹੈ ? ਕਿਹੋ ਜੇਹੀ ਜ਼ਿੰਦਗੀ ਤੇਰੇ ਜ਼ਹਿਨ ਵਿੱਚ ਵਸੀ ਹੈ ?'

'ਜੀ ਮੈਂ ਚਾਹੁੰਦੀ ਹਾਂ, ਇੱਕ ਖੁੱਲ੍ਹਾ ਜਿਹਾ ਘਰ ਹੋਵੇ ਆਪਣੇ ਘਰ ਵਰਗਾ ਪਰ ਉਸ ਵਿੱਚ ਸਾਰੇ ਰਲ ਮਿਲ ਕੇ ਰਹਿਣ। ਯਾਰਡ ਵਿੱਚ ਫੁੱਲ ਖਿੜੇ ਹੋਣ। ਦਿਆਲ ਤੇ ਨਿਹਾਲ ਉਨ੍ਹਾਂ ਦੀ ਰਾਖੀ ਕਰਨ। ਭਾਪਾ ਜੀ, ਨਿਹਾਲ ਨੂੰ ਸਕੂਲ ਛੱਡ ਕੇ ਆਉਣ। ਮੈਂ ਜਦੋਂ ਵੀ ਚਾਹਵਾਂ ਆਪਣੀ ਮਨ ਮਰਜ਼ੀ ਦੀ ਨਿਆਣਿਆਂ ਵਾਸਤੇ ਸ਼ਾਪਿੰਗ ਕਰਾਂ। ਉਹ ਮੈਨੂੰ ਪਿਆਰ ਕਰਨ ਤੇ ਕਦੇ ਵੀ ਕੋਈ ਘਰ ਨੂੰ ਛੱਡਕੇ ਜਾਣ ਦਾ ਸੋਚੇ ਵੀ ਨਾ।'

'ਇਹ ਸਾਰਾ ਤੈਨੂੰ ਰਾਜ ਕੁਮਾਰੀ ਦੇ ਸਕਦੀ ਹੈ। ਚੱਲ ਉੱਠ ਆਪਾਂ ਦੋਵੇਂ ਸਤਵੇਂ ਕਮਰੇ ਵਿੱਚ ਚਲਦੇ ਹਾਂ। ਵੈਸੇ ਤਾਂ ਮੈਨੂੰ ਇੱਕਲੇ ਨੂੰ ਜਾਣਾ ਚਾਹੀਦਾ ਹੈ। ਕਿਤੇ ਰਾਜ ਕੁਮਾਰੀ ਨਰਾਜ਼ ਹੀ ਨਾ ਹੋ ਜਾਵੇ ਪਰ ਮੈਂ ਉਸਨੂੰ ਕਹਿ ਦੇਵਾਂਗਾ ਕਿ ਉਹ ਮੈਨੂੰ ਇੱਕਲੇ ਨੂੰ ਨਹੀਂ ਚਾਹੀਦੀ। ਦਾਦੀ ਵਾਲਾ ਰਾਜ ਕੁਮਾਰ ਇੱਕਲਾ ਸੀ ਤੇ ਕੁਆਰਾ ਸੀ ਤੇ ਮੈਂ ਉਹ ਰਾਜ ਕੁਮਾਰ ਨਹੀਂ ਹਾਂ' । ਪ੍ਰਸਿੰਨੀ ਉਠਕੇ ਨਾਲ ਤੁਰ ਪਈ। ਅਸੀਂ ਦੋਵਾਂ ਨੇ ਦਰਵਾਜ਼ੇ ਕੋਲ ਜਾਕੇ ਵੇਖਿਆ, ਦਰਵਾਜ਼ਾ ਤਾਂ ਬਿਨ੍ਹਾਂ ਚਾਬੀ ਤੋਂ ਹੀ ਖੁੱਲ੍ਹਾ ਪਿਆ ਸੀ। ਇਸ ਦਰਵਾਜ਼ੇ ਨੂੰ ਵਰ੍ਹ ਸੀ ਕਿ ਤੂੰ ਆਪਣੇ ਮਾਲਕ ਦਾ ਹੁਕਮ ਮੰਨਣਾ ਹੈ ਨਾ ਚਾਬੀ ਦਾ ਤੇ ਨਾ ਹੀ ਰੱਬ ਦਾ, ਇਸ ਵਿੱਚ ਵਸਣ ਵਾਲਾ ਹੀ ਰੱਬ ਹੈ। ਅਸੀਂ ਦਰਵਾਜ਼ੇ ਦਾ ਧੰਨਵਾਦ ਕੀਤਾ ਤੇ ਸਤਵੇਂ ਕਮਰੇ ਵਿੱਚ ਪਹੁੰਚ ਗਏ।

ਸਤਵਾਂ ਕਮਰਾ, ਬਹੁਤ ਹੀ ਸਜਿਆ ਹੋਇਆ ਸੀ। ਕਮਰੇ ਦੀ ਸਜਾਵਟ ਤੋਂ ਲਗਦਾ ਸੀ ਕਿ ਇੱਥੇ ਕੋਈ ਬਹੁਤ ਹੀ ਘੈਂਟ ਬੰਦਾ ਰਹਿੰਦਾ ਹੈ। ਖਿੜਕੀਆਂ ਹੀ ਕਿਤਨੀਆਂ ਸਨ। ਮੈਂ ਗਿਣਤੀ ਕੀਤੀ ਪੂਰੀਆਂ ਛੱਬੀ ਸਨ। ਪੂਰਾ ਕਮਰਾ ਚਾਨਣ ਨਾਲ ਭਰਿਆ ਪਿਆ ਸੀ। ਹਰ ਖਿੜਕੀ ਦੇ ਬਾਹਰ ਦਾ ਨਜ਼ਾਰਾ ਵੇਖਣ ਵਾਲਾ ਸੀ। ਬਹੁਤ ਹੀ ਸੁੰਦਰ ਬਗੀਚਾ ਸੀ। ਬਗੀਚੇ ਦੀ ਲੰਬਾਈ ਚੌੜਾਈ ਵੇਖਕੇ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਕਿ ਇਸਨੂੰ ਬਗੀਚਾ ਨਹੀਂ ਕਹਿਣਾ ਚਾਹੀਦਾ, ਇਹ ਤਾਂ ਪੂਰਾ ਬਾਗ ਹੈ। ਇਸ ਬਾਗ ਦੀ ਕਿਸੇ ਵੀ ਨੁੱਕਰ ਵਿੱਚ ਫੇਸ ਤਿੰਨ ਜਿਤਨੇ ਘਰ ਬਣ ਸਕਦੇ ਹਨ। ਐਸੇ ਘਰ ਜਿਸ ਵਿੱਚ ਪੂਰੇ ਸੂਰੇ ਪਰਿਵਾਰ ਰਹਿ ਸਕਦੇ ਹਨ। ਫੁਹਾਰੇ ਚਲ ਰਹੇ ਸਨ। ਇੱਕ ਪਾਸੇ ਨੋ ਜ਼ੋਨ ਏਰੀਆ ਸੀ। ਇੱਕ ਨੁੱਕਰੇ ਜਿਹੇ ਇੱਕ ਫਾਈਟਰ ਜਹਾਜ਼ ਖੜਾ ਸੀ, ਜਿਸ ਉੱਤੇ ਮੇਪਲ ਦਾ ਪੱਤਾ ਪਤਾ ਨਹੀਂ ਕਿਥੋਂ ਉੱਡ ਕੇ ਆਇਆ ਚਿਪਕਿਆ ਪਿਆ ਸੀ। ਆਰਟ ਗੈਲਰੀ ਦੀਆਂ ਪੌੜੀਆਂ ਤੋਂ ਉੱਤਰ ਰਹੇ ਕੁੱਝ ਮੋਟੇ ਢਿੱਡਾਂ ਵਾਲੇ ਗੈਲਸ ਵਾਲੀਆਂ ਪੈਂਟਾਂ ਪਾਈ ਉਸ ਜਹਾਜ਼ ਨੂੰ ਨਿਹਾਰ ਰਹੇ ਸਨ। ਪਰਲੇ ਖੂੰਝੇ ਬਾਗ ਦੀ ਹੱਦ ਤੋਂ ਪਰੇ ਬੈਠੀ ਮੈਨੂੰ ਰਾਜ ਕੁਮਾਰੀ ਵੀ ਦਿੱਸ ਪਈ। ਚੇਹਰਾ ਤੇ ਨਹੀਂ ਦਿੱਸਿਆ ਪਰ ਬੰਗਾਲੀ ਬਿਉਟੀ ਵਾਂਗ ਉਸਦੇ ਵਾਲ ਹਿਪ ਤੱਕ ਪਲਰੇ ਹੋਏ ਸਨ। ਕਮਰੇ ਵਿੱਚ ਕੋਈ ਵੀ ਨਹੀਂ ਸੀ। ਮੇਰਾ ਦਿਲ ਕੀਤਾ ਕਿ ਜੇ ਕੋਈ ਵੀ ਨਹੀਂ ਤਾਂ ਕਿਉਂ ਨਾ ਦਰਵਾਜ਼ਾ ਖੋਲ੍ਹਕੇ ਰਾਜ ਕੁਮਾਰੀ ਕੋਲ ਪਹੁੰਚ ਜਾਵਾਂ ? ਫਿਰ ਮੈਨੂੰ ਮਹਿਸੂਸ ਹੋਇਆ ਕਿ ਐਨੇ ਦਰਵਾਜ਼ੇ ਪਾਰ ਕਰਦਿਆਂ ਮੈਨੂੰ ਬਹੁਤ ਭੁੱਖ ਲੱਗ ਗਈ ਹੈ, ਪਿਆਸ ਵੀ ਲੱਗੀ ਹੈ। ਮੈਂ ਜਿਉਂ ਹੀ ਨੁਕਰੇ ਪਏ ਹੋਏ ਫਰਿਜ ਨੂੰ ਹੱਥ ਲਾਇਆ ਮੈਨੂੰ ਬਿਜਲੀ ਦਾ ਕਰੰਟ ਪਿਆ। ਮੈਂ ਭੁਆਂਟਣੀ ਖਾ ਕੇ ਡਿਗ ਪਿਆ। ਮੈਂ ਡਰ ਗਿਆ। ਇੱਥੇ ਜ਼ਰੂਰ ਹੀ ਕੋਈ ਭੂਤ ਰਹਿੰਦਾ ਹੈ ਜੋ ਦੀਹਦਾ ਵੀ ਨਹੀਂ ਤੇ

ਲੜਨ ਮਰਨ ਨੂੰ ਵੀ ਤਿਆਰ ਹੈ। ਮੈਂ ਪਿੱਛਲੇ ਦਰਵਾਜ਼ੇ ਵੱਲ ਗਿਆ। ਮੇਰੀ ਰਣ ਨੀਤੀ ਬਦਲ ਗਈ ਸੀ। ਮੈਂ ਚਾਹੁੰਦਾ ਸੀ ਕਿ ਪ੍ਰਸਿੰਨੀ ਨੂੰ ਉਹਦੇ ਕਮਰੇ ਵਿੱਚ ਵਾਪਸ ਛੱਡ ਆਵਾਂ ਜਿਉਂ ਹੀ ਮੈਂ ਪਿੱਛਲੇ ਦਰਵਾਜ਼ੇ ਨੂੰ ਹੱਥ ਲਾਇਆ, ਉੱਥੇ ਵੀ ਕਰੰਟ ਸੀ। ਅਸੀਂ ਘਿਰ ਗਏ ਸਾਂ। ਹੁਣ ਤੇ ਇੱਕੋ ਹੀ ਸੂਰਤ ਸੀ, ਇਸ ਭੂਤ ਦਾ ਮੁਕਾਬਲਾ ਕੀਤਾ ਜਾਵੇ। ਮੈਂ ਤਾਂ ਆਪਣੀ ਡਾਂਗ ਵੀ ਪ੍ਰਸਿੰਨੀ ਦੇ ਕਮਰੇ ਵਿੱਚ ਹੀ ਭੁੱਲ ਆਇਆ ਸੀ। 'ਸਾਹਮਣੇ ਕਿਉਂ ਨਹੀ ਆਉਂਦਾ ਤੂੰ ਭੂਤਾ ?'

ਮੇਰੀ ਗਰਜ਼ ਸੁਣਕੇ ਵਾਸ਼ਰੂਮ ਦਾ ਦਰਵਾਜ਼ਾ ਖੁੱਲਿਆ ਤੇ ਮਿਸਟਰ ਹਾਰਪਰ ਉਹਦੇ ਵਿਚੋਂ ਨਿਕਲ ਰਿਹਾ ਸੀ। 'ਗੁਡ ਈਵਨਿੰਗ ਮਿਸਟਰ ਬਬੂ।' 'ਸਰ ਜੀ, ਤੁਹਾਨੂੰ ਮੇਰਾ ਨਾਮ ਕਿਸ ਤਰ੍ਹਾਂ ਪਤਾ ਹੈ ? ਮੈਂ ਤਾਂ ਤੀਹ ਮਿਲੀਅਨ ਕੈਨੇਡੀਅਨ ਵਿਚੋਂ ਇੱਕ ਹਾਂ।' 'ਨਾਮ ਯਾਦ ਰੱਖਣ ਲਈ ਤੁਸੀਂ ਮੈਨੂੰ ਮਜ਼ਬੂਰ ਕਰ ਦਿੱਤਾ ਹੈ। ਮੈਂ ਦੋ ਵਾਰੀ ਮਨਿਉਰਟੀ ਗੌਰਮੈਂਟ ਵਿੱਚ ਰਹਿ ਕਿ ਤੁਹਾਡੀ ਦਿਵਾਲੀ, ਵਿਸਾਖੀ ਤੇ ਤੁਹਾਨੂੰ ਸੰਦੇਸ਼ ਭੇਜੇ ਪਰ ਤੁਸੀਂ ਮੇਰੇ ਨਹੀਂ ਬਣੇ, ਤੁਹਾਨੂੰ ਤੇ ਵਧਾਈਆਂ ਦੇਣ ਤੋਂ ਹੀ ਫੁਰਸਤ ਨਹੀਂ ਮਿਲਦੀ, ਹਾਰ ਕੇ ਮੈਂ ਸੋਚਿਆ ਕਿ ਤੁਹਾਨੂੰ ਆਪਣੀ ਕੌਮ ਨਾਲ ਕੋਈ ਪਿਆਰ ਹੀ ਨਹੀਂ। ਕਿਉਂ ਨਾ ਤੁਹਾਨੂੰ ਇੱਕਲੇ ਇੱਕਲੇ ਨੂੰ ਕਨਵਿੰਨਸ ਕੀਤਾ ਜਾਵੇ। ਹੁਣ ਤੂੰ ਆਪਣੇ ਵੱਲ ਹੀ ਵੇਖ ਲੈ। ਤੂੰ ਸਕਿਉਰਟੀ ਗਾਰਡ ਹੈਂ ਤੇਰਾ ਕੰਮ ਹੈ ਰਾਖੀ ਕਰਨੀ ਤੇ ਤੂੰ ਬਿਨ੍ਹਾਂ ਇਜਾਜ਼ਤ ਦੇ ਫਰਿਜ ਖੋਲ੍ਹਣ ਲੱਗ ਪਿਆ। ਜੇ ਭੁੱਖਾ ਹੈਂ ਤਾਂ ਮੈਨੂੰ ਪੁੱਛ, ਦੱਸ ਕੀ ਖਾਣਾ ਹੈ ?' ਹਾਰਪਰ ਨੇ ਫਰਿਜ ਖੋਲਿਆ ਤੇ ਉਹਦੇ ਵਿਚੋਂ ਬਰੈਡ ਦਾ ਇੱਕ ਸਲਾਈਸ ਕੱਢਕੇ ਮੈਨੂੰ ਫੜਾ ਦਿੱਤਾ। 'ਸਰ ਜੀ, ਦੋ ਸਲਾਈਸ ਹੋਰ ਦਿਉ'। 'ਨਹੀਂ, ਹੋਰ ਨਹੀਂ, ਬਾਕੀ ਦੇ ਤੀਹ ਮਿਲੀਅਨ ਕੀ ਖਾਣਗੇ ? ਤੈਨੂੰ ਪਤਾ ਹੈ ਕਿ ਅੱਜ ਕਲ੍ਹ ਰੀਸੈਸ਼ਨ ਚਲ ਰਿਹਾ ਹੈ। ਜਿਨ੍ਹਾ ਚਿਰ ਮੇਰੀ ਮਜੌਰਟੀ ਗੋਰਮੈਂਟ ਨਹੀਂ ਬਣਦੀ, ਉਨ੍ਹਾਂ ਚਿਰ ਇਹ ਰੀਸੈਸ਼ਨ ਨਹੀਂ ਜਾਣ ਲੱਗਾ। ਜੇ ਜਾਣਾ ਵੀ ਚਾਹੇ ਮੈਂ ਜਾਣ ਨਹੀਂ ਦੇਣਾ। ਉਏ ਕਮਿਲਉ ਮੈਂ ਤਾਂ ਰੂੜੀਵਾਦੀ ਹਾਂ। ਮੈਂ ਤਾਂ ਪਰਿਵਾਰ ਇੱਕਠੇ ਕਰਨਾ ਚਾਹੁੰਦਾ ਹਾਂ। ਭੁੱਖੇ ਮਰੋਗੇ ਤਾਂ ਹੀ ਤੇ ਇੱਕਠੇ ਰਹੋਗੇ, ਨਹੀਂ ਤਾਂ ਤੁਹਾਡੀਆਂ ਤੇ ਜੜ੍ਹਾਂ ਹੀ ਖਤਮ ਹੋ ਜਾਣਗੀਆਂ। ਹਰ ਨਿਆਣਾ ਭੂਤਰ ਗਿਆ ਹੈ। ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਦੌੜੇ ਹੋਏ ਨਿਆਣੇ ਵਾਪਸ ਆਉਣ ?'

'ਜੀ ਚਾਹੁੰਦੇ ਹਾਂ,' ਪ੍ਰਸਿੰਨੀ ਨੇ ਕਿਹਾ।

'ਤੇ ਸਮਝਾ ਆਪਣੇ ਮੀਏਂ ਨੂੰ, ਮੇਰੇ ਹੱਥ ਮਜ਼ਬੂਤ ਕਰੇ। ਤੁਹਾਡਾ ਮਨਮੋਹਨ ਵੀ ਸਾਡੀ ਗੱਲ ਨਾਲ ਸਹਿਮਤ ਹੈ। ਕਾਕਾ ਬਬੂ ਇਹ ਕਾਰਪੋਰੇਸ਼ਨ ਦਾ ਜ਼ਮਾਨਾ ਹੈ। ਸਾਡੇ ਹੱਥ ਹੁਣ ਕੁੱਝ ਵੀ ਨਹੀਂ। ਅਸੀਂ ਤਾਂ ਆਪ ਕਠਪੁਤਲੀਆਂ ਹਾਂ। ਥੋੜ੍ਹੇ ਬਹੁਤੇ ਸ਼ੇਅਰ ਹੀ ਸਾਡੇ ਕੋਲ ਹਨ, ਹੋਰ ਸਾਡੇ ਹੱਥ-ਪੱਲੇ ਕੁੱਝ ਵੀ ਨਹੀਂ। ਆਖਰ ਅਸੀਂ ਵੀ ਨਿਆਣੇ ਪਾਲਣੇ ਹਨ। ਤੁਹਾਡਾ ਕੀ ਪਤਾ ਕਦੋਂ ਸਾਨੂੰ ਘਰ ਤੋਰ ਦੇਵੋ, ਹੋਸਨੀ ਮੁਬਾਰਕ ਤੇ ਗਦਾਫੀ ਵਾਂਗ। ਮੈਨੂੰ ਰਾਤ ਹੀ ਮੁਲਰੋਨੀ ਦਾ ਫੋਨ ਆਇਆ ਸੀ। ਉਸਦੇ ਆਖੇ ਲੱਗਕੇ ਹੀ ਮੈਂ ਐਸਾ ਬਜਟ ਤਿਆਰ ਕੀਤਾ ਹੈ ਜੋ ਪਾਸ ਨਹੀਂ ਹੋਣਾ। ਬਜਟ ਫੇਲ ਹੁੰਦਿਆਂ ਹੀ ਇਲੈਕਸ਼ਨ ਤੇ ਉਸ ਵਿੱਚ ਫੈਸਲਾ ਕਰੋ ਕਿ ਜੇ ਤੇ ਤੁਹਾਨੂੰ ਨਿਆਣੇ ਵਾਪਸ ਚਾਹੀਦੇ ਹਨ ਤਾਂ ਮੈਨੂੰ ਵੋਟ ਦੇਵੋ ਵਰਨਾ ਤੁਹਾਡੀ ਮਰਜ਼ੀ। ਜੇ ਐਤਕੀਂ ਵੀ ਮੈਨੂੰ ਮਜੌਰਟੀ ਨਾ ਮਿਲੀ ਤਾਂ ਯਾਦ ਰਖਿਉ ਮੈਂ ਦੇਸ਼ ਵਿੱਚ ਇਤਨੀ ਸ਼ਹਾਲੀ ਲੈ ਆਉਣੀ ਹੈ ਕਿ ਤੁਹਾਡੇ ਰਹਿੰਦੇ ਨਿਆਣੇ ਵੀ ਭਜਾ ਦੇਣੇ ਹਨ, ਫਿਰ ਰੋਂਦੇ ਰਿਹੋ ਅੱਖਾਂ ਵਿੱਚ ਘਸੁੰਨ ਦੇਕੇ। ਟਰੂਡੋ ਨੇ ਤੇ ਡਾਲਰ ਦੀ ਬਰੈਡ ਕਿਹਾ ਸੀ ਅਗਲੀ ਵਾਰ ਮੈਂ ਡਾਲਰ ਦੀਆਂ ਦੋ ਬਰੈਡਾਂ ਕਰ ਦੇਣੀਆਂ ਹਨ।' ਮੈਂ ਨਿਹਾਲ ਨੂੰ ਵੀ ਘਰੋਂ ਭਜਾ ਕੇ ਸਾਹ ਲਵਾਂਗਾ।'

'ਨਹੀਂ ਸਰ ਜੀ, ਐਸਾ ਨਾ ਕਰਿਉ। ਮੈਂ ਤਾਂ ਚਾਹੁੰਦਾ ਹਾਂ ਕਿ ਮਹਿੰਗਾਈ ਹੋਰ ਵੀ ਹੋ ਜਾਏ। ਲੋਕਾਂ ਦੇ ਨਿਆਣਿਆਂ ਵਾਂਗ ਦਿਆਲ ਵੀ ਵਾਪਸ ਆ ਜਾਵੇ। ਮੈਨੂੰ ਮਹਿੰਗਾਈ ਨਾਲੋਂ ਜ਼ਿਆਦਾ



ਨਿਆਣਿਆਂ ਦੀ ਵਾਪਸੀ ਜ਼ਿਆਦਾ ਜ਼ਰੂਰੀ ਲਗਦੀ ਹੈ। ਚਾਰ ਘੰਟੇ ਗਾਰਡੀ ਹੋਰ ਕਰ ਲਵਾਂਗਾ। ਮੇਰੀ ਵੋਟ ਤੇ ਸਪੋਰਟ ਕਬੂਲ ਕਰੋ ਤੇ ਇਹ ਦਰਵਾਜ਼ਾ ਖੋਲ੍ਹ ਦਿਉ।'

'ਦਰਵਾਜ਼ਾ ਤੇ ਮੈਂ ਕਦੇ ਬੰਦ ਹੀ ਨਹੀਂ ਕੀਤਾ। ਜਿਹੜਾ ਸ਼ਖ਼ਸ ਪਿੱਛਲੇ ਛੇ ਦਰਵਾਜ਼ੇ ਪਾਰ ਕਰ ਜਾਵੇ, ਉਸ ਦਾ ਮੇਰੇ ਕਮਰੇ ਵਿੱਚ ਸੁਆਗਤ ਹੁੰਦਾ ਹੈ। ਅਸਲ ਵਿੱਚ ਕਮਰਾ ਹੀ ਸਥਾਈ ਹੈ, ਮੇਰੇ ਵਰਗੇ ਸਕਿਉਰਟੀ ਗਾਰਡ ਤਾਂ ਆਉਂਦੇ ਜਾਂਦੇ ਰਹਿੰਦੇ ਹਨ। ਕਦੇ ਟੂਰਡੋ, ਕਦੇ ਜੋ ਕਲਾਰਕ ਵਰਗੇ ਨਲਾਇਕ ਵੀ ਆਉਂਦੇ ਹਨ ਜੋ ਕੁੱਝ ਦਿਨਾਂ ਬਾਦ ਹੀ ਫਾਇਰ ਹੋ ਜਾਂਦੇ ਹਨ। ਮੈਂ ਰਾਜਨੀਤੀ ਕਰਕੇ ਹੀ ਸਕਿਉਰਟੀ ਗਾਰਡ ਬਣਿਆ ਹਾਂ, ਪਰ ਮੈਂ ਤੇਰੇ ਵਾਂਗ ਫਰੈਂਕ ਦੀ ਵਾਈਨ ਨਹੀਂ ਪੀਂਦਾ, ਮੇਰੇ ਸਿਰ ਤੇ ਕਾਰਪੋਰੇਸ਼ਨਜ਼ ਦੀਆਂ ਬਹੁਤ ਜ਼ਿੰਮੇਵਾਰੀਆਂ ਹਨ ਜੋ ਗਲੋਬ ਚਲਾ ਰਹੀਆਂ ਹਨ। ਜਾਉ ਤੇ ਜਾਕੇ ਰਾਜ ਕੁਮਾਰੀ ਨੂੰ ਮਿਲ ਲਵੋ। ਜੇ ਉਹ ਤੁਹਾਡੇ ਨਾਲ ਜਾਣਾ ਚਾਹੁੰਦੀ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ।

ਅਸੀਂ ਦਰਵਾਜ਼ਾ ਪਾਰ ਕੀਤਾ ਤੇ ਰਾਜ ਕੁਮਾਰੀ ਵੱਲ ਤੁਰ ਪਏ।

'ਜੀ ਕੋਈ ਕਾਰ ਵਿਹਾਰ,' ਪ੍ਰਸਿੰਨੀ ਦੇ ਬੋਲਾਂ ਵਿਚਾਲੇ ਉਹਦੇ ਵਿਚਾਰਾਂ ਨੇ ਮੈਨੂੰ ਸੋਚੀਂ ਪਾ ਦਿੱਤਾ।

'ਪ੍ਰਸਿੰਨੀਏਂ ਇਹ ਰਾਜਕੁਮਾਰੀ ਅਸਲ ਵਿੱਚ ਕੈਨੇਡੀਅਨ ਜ਼ਿੰਦਗੀ ਦੀ ਪੁਸ਼ਾਕ ਹੈ, ਇਸਨੂੰ ਸਕਿਨ ਟਾਈਟ ਪਹਿਨਣਾ ਪਵੇਗਾ'। ਉਹ ਤੇ ਅਜੇ ਵੀ ਰਾਜ ਕੁਮਾਰੀ ਨੂੰ ਪਹਿਨਣ ਲਈ ਤਿਆਰ ਨਹੀਂ ਸੀ। ਚਲੋ ਇਹਦੀ ਮਰਜ਼ੀ, ਇਸ ਦੇ ਬੈੱਡ ਰੂਮ ਅਜੇ ਵੀ ਖਾਲੀ ਹੀ ਹਨ। ਇਹ ਅਜੇ ਵੀ ਹੱਥ ਵਿੱਚ ਤੇਲ ਚੋਣ ਵਾਲੀ ਕੌਲੀ ਹੀ ਫੜੀ ਫਿਰਦੀ ਹੈ। ਇਹ ਤੇ ਸੌ ਸਾਲ ਪੁਰਾਣੀ ਫੁਲਕਾਰੀ ਤੇ ਵੀ ਆਪਣਾ ਹੀ ਹੱਕ ਸਮਝ ਰਹੀ ਹੈ।

ਮੈਂ ਸਤਵੀਂ ਚਾਬੀ ਪੰਚ ਕੀਤੀ ਤੇ ਖਿਆਲੀ ਦੁਨੀਆਂ 'ਚੋਂ ਬਾਹਰ ਆਇਆ। ਮੇਰੇ ਦਿਲ ਨੂੰ ਸਕੂਨ ਸੀ ਕਿ ਅੱਜ ਮੈਂ ਸੱਚੀਂ ਹੀ ਸਾਰੀਆਂ ਠਰੀਆਂ ਚਾਬੀਆਂ ਨੂੰ ਪੰਚ ਕੀਤਾ ਸੀ।

ਕੈਬਿਨ ਵਿੱਚ ਆਕੇ ਮੈਂ ਮਹਿਸੂਸ ਕੀਤਾ ਕਿ ਮੈਨੂੰ ਨੀਂਦ ਆ ਰਹੀ ਹੈ। ਮੈਂ ਕਲਾਕ ਨੂੰ ਲਾਹ ਕੇ ਟੇਬਲ ਤੇ ਰੱਖ ਦਿੱਤਾ ਤੇ ਸਿਰਹਾਣੇ ਵਿੱਚ ਫੂਕ ਭਰਨ ਲੱਗ ਪਿਆ। ਹੁਣ ਦੁਬਾਰਾ ਕਲਾਕ ਸਵੇਰੇ ਹੀ ਪੰਚ ਕਰਨਾ ਸੀ। ਪੀਟਰ ਵੀ ਜਾਣਦਾ ਸੀ ਕਿ ਸਾਰੀ ਰਾਤ ਪੰਚ ਕਰਨਾ ਮੁਸ਼ਕਲ ਹੈ।

ਸਵੇਰੇ ਪ੍ਰਸਿੰਨੀ ਦੇ ਫੋਨ ਨਾਲ ਮੈਂ ਜਾਗ ਪਿਆ। ਆਮ ਜਹੀਆਂ ਗੱਲਾਂ ਕਰਨ ਤੋਂ ਬਾਦ ਉਸਨੇ ਫਿਰ ਦਿਆਲ ਦੀ ਗੱਲ ਛੇੜ ਲਈ। ਮੈਨੂੰ ਸ਼ੱਕ ਪੈ ਗਿਆ ਕਿ ਇਨ੍ਹਾਂ ਦੀ ਪੱਕ-ਠੱਕ ਹੋ ਗਈ ਹੈ। ਮੇਰੀ ਸਿਰਫ ਮੋਹਰ ਹੀ ਚਾਹੀਦੀ ਹੈ। ਮੈਂ ਇਨਕਾਰ ਕਰ ਦਿੱਤਾ। ਮੈਨੂੰ ਹਾਰਪਰ ਨਾਲ ਕੀਤੀਆਂ ਗੱਲਾਂ ਯਾਦ ਸਨ ਤੇ ਮੈਂ ਨਹੀਂ ਚਾਹੁੰਦਾ ਸੀ ਕਿ ਦਿਆਲ ਦਾ ਆਉਣਾ ਵਕਤੀ ਹੋਵੇ। ਇੱਕ ਵਾਰ ਤਾਂ ਉਸਨੂੰ ਮਹਿਸੂਸ ਕਰਾਉਣਾ ਜ਼ਰੂਰੀ ਸੀ। ਉਂਝ ਵੀ ਰਾਜ ਕੁਮਾਰੀ ਨੇ ਨਰਾਜ਼ ਹੋ ਜਾਣਾ ਸੀ। ਫੋਨ ਬੰਦ ਕਰਕੇ ਮੈਂ ਫਿਰ ਕਲਾਕ ਚੁੱਕ ਲਿਆ। ਬਾਹਰ ਜਾਣ ਤੋਂ ਪਹਿਲਾਂ ਮੈਂ ਅੱਖਾਂ ਤੇ ਠਾਠੀ ਦੀ ਪੱਟੀ ਬੰਨ ਲਈ। ਮੈਂ ਸੋਚਣ ਲਗਿਆ ਕਿ ਬਧੀ ਪੱਟੀ ਨਾਲ ਮੈਨੂੰ ਕੀ ਕੁੱਝ ਯਾਦ ਆਉਂਦਾ ਹੈ। ਮੈਂ ਇਕਾਗਰ-ਚਿੱਤ ਹੋਕੇ ਸਿਰਫ ਰਾਜਕੁਮਾਰੀ ਨਾਲ ਕੁੱਝ ਸਮਾਂ ਬਿਤਾਉਣਾ ਚਾਹੁੰਦਾ ਸਾਂ। ਪਰ ਨਹੀਂ ਅਜੇ ਮੇਰਾ ਧਿਆਨ ਉਖੜਦਾ ਸੀ। ਅਜੇ ਮੈਂ ਸਿਰਫ ਬਬੂ ਨਹੀਂ ਬਣਿਆ ਸੀ। ਮੈਂ ਹੋਰ ਸੋਚਣ ਲਈ ਕੈਬਿਨ ਵਿਚੋਂ ਬਾਹਰ ਆ ਗਿਆ।

ਠੀਕ ਬਾਰਾਂ ਵਜਣ ਤੋਂ ਦੱਸ ਮਿੰਟ ਪਹਿਲਾਂ ਕੁਲਦੀਪ ਆ ਗਿਆ। ਮੈਂ ਰਾਤ ਦੀ ਰਿਪੋਰਟ ਉਸਦੇ ਹਵਾਲੇ ਕੀਤੀ ਤੇ ਆਪਣੀ ਕਾਰ ਸਟਾਰਟ ਕਰ ਲਈ।

**ਬਾਕੀ ਪੰਨਾ ਨੰ: 100 'ਤੇ**

# ਤਹਿਜੀਬ/ਜਿੰਦਰ

ਸ਼ਾਇਦ ਆਖਰੀ ਗੱਲ ਪ੍ਰੀਆ ਨੇ ਇਹੀ ਕਹੀ ਸੀ, "...ਅਸਲੀ ਰਵ੍ਹਾਂਦਾਰੀ ਤਾਂ ਸੈਲਫ ਤੇ ਮੌਰਲ ਵਿਲਯੂ 'ਚ ਪੈ ਕੇ ਆਉਂਦੀ ਆ....ਸਾਨੂੰ ਇਹੀ ਕੁਸ਼ ਸਿਖਾਇਆ ਗਿਆ।" ਸੈਕਟਰ ਤਰਤਾਲੀ ਦਾ ਬਸ ਸਟੈਂਡ ਆ ਗਿਆ ਸੀ। ਲੋਕ ਉਤਰਣ ਲਈ ਕਾਹਲੇ ਪੈਣ ਲੱਗੇ ਸਨ। ਇਸੇ ਵਿਚਕਾਰ ਡਰਾਈਵਰ ਨੇ ਤੇਜ਼ ਹੌਰਨ ਵਜਾਇਆ ਸੀ। ਤੇਜ਼ ਆਵਾਜ਼ 'ਚ ਮੈਨੂੰ ਉਸ ਦੀ ਇਹ ਗੱਲ ਅੱਧ-ਪਚੱਦੀ ਸੁਣੀ ਸੀ।

ਲੋਕਲ ਬਸਾਂ ਵੱਲ ਜਾਂਦਿਆਂ ਹੋਇਆਂ ਉਸ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ ਸੀ। ਮੇਰੇ ਆਪਣੇ ਹੱਥ ਕਿਹੜੇ ਵੇਲੇ ਜੁੜ ਗਏ ਸੀ ਤੇ ਮੈਂ ਕਿਹੜੇ ਵੇਲੇ ਉਸ ਦੀ ਨਮਸਕਾਰ ਦਾ ਜਵਾਬ ਦਿੱਤਾ ਸੀ, ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ। ਮੇਰਾ ਸਾਰਾ ਧਿਆਨ ਤਾਂ 'ਸਾਨੂੰ' ਸ਼ਬਦ 'ਤੇ ਕੇਂਦਰਤ ਹੋ ਗਿਆ ਸੀ।

ਮੇਰਾ ਮਨ ਕਾਹਲਾ ਪਿਆ ਸੀ ਕਿ ਮੈਂ ਪ੍ਰੀਆ ਨਾਲ ਬਹੁਤ ਸਾਰੀਆਂ ਹੋਰ ਗੱਲਾਂ ਕਰਾਂ। ਉਹਨੂੰ ਦੱਸਾਂ ਕਿ ਹੁਣ ਇਹ ਦੇਸ਼ ਉਹੋ ਜਿਹਾ ਨਹੀਂ ਰਿਹਾ ਜਿਹੋ ਜਿਹਾ ਉਹ ਪੰਦਰਾਂ ਸਾਲ ਪਹਿਲਾਂ ਛੱਡ ਕੇ ਗਈ ਸੀ। ਬਾਹਰੋਂ ਆ ਕੇ ਕਿਸੇ ਬੰਦੇ ਲਈ ਇਥੇ ਅਡਜਸਟ ਹੋਣਾ ਬੜਾ ਔਖਾ ਹੈ। ਮੈਂ ਆਪ ਔਖਾ ਹਾਂ। ਮੇਰੇ ਆਲੇ ਦੁਆਲੇ ਰਹਿੰਦੇ ਲੋਕ ਦੁਖੀ ਹਨ। ਪ੍ਰੇਸ਼ਾਨ ਹਨ। ਹੋਰ ਵੀ ਬਹੁਤ ਕੁਝ ਹੈ। ਉਸ ਦੀ ਜ਼ਿੰਦਗੀ ਬਾਰੇ ਕੁਝ ਜਾਨਾਂ। ਮੈਨੂੰ ਉਸ ਐਨਾ ਕੁ ਦੱਸਿਆ ਸੀ ਕਿ ਉਸ ਪੰਚਕੂਲੇ 'ਚ ਕੋਠੀ ਖਰੀਦ ਲਈ ਸੀ। ਪਰ ਕਿਸ ਸੈਕਟਰ 'ਚ ? ਕਿੰਨੇ ਨੰ: ਕੋਠੀ ਸੀ ? ਇਹ ਤਾਂ ਮੈਂ ਪੁੱਛਿਆ ਹੀ ਨਹੀਂ ਸੀ। ਨਾ ਹੀ ਉਸ ਇਸ ਬਾਰੇ ਦੱਸਿਆ ਸੀ।

ਉਸ ਦੱਸਿਆ ਸੀ ਕਿ ਉਹ ਅਮਰੀਕਾ ਦੀ ਮਿਸ਼ੀਗਨ ਸਟੇਟ ਤੋਂ ਆਈ ਹੈ। ਉਨ੍ਹਾਂ ਕੋਲ ਅਮਰੀਕਾ ਦੀ ਸਿਟੀਜ਼ਨਸ਼ਿਪ ਹੈ। ਦੋਹਾਂ ਬੱਚਿਆਂ ਦਾ ਜਨਮ ਉਧਰਲਾ ਹੈ। ਉਹ ਜਲੰਧਰ ਦੇ ਐਮ. ਜੀ. ਐਨ. ਸਕੂਲ 'ਚ ਪੜ੍ਹੀ ਹੈ। ਸਟੱਡੀਬੇਸ 'ਤੇ ਅਮਰੀਕਾ ਗਈ ਸੀ। ਫੇਰ ਉਥੇ ਹੀ ਵਿਆਹ ਕਰਵਾ ਲਿਆ ਸੀ।

ਮਹਿੰਦਰ ਤੇ ਮੈਂ ਦੋਵੇਂ ਚੰਡੀਗੜ੍ਹ ਨੌਕਰੀ ਕਰਦੇ ਹਾਂ। ਅੱਡ-ਅੱਡ ਡਿਪਾਰਟਮੈਂਟਾਂ 'ਚ। ਸ਼ੁਕਰਵਾਰ ਘਰ ਆ ਜਾਂਦੇ ਹਾਂ। ਸੋਮਵਾਰ ਸਵੇਰ ਨੂੰ ਵਾਪਸ ਜਾਂਦੇ ਹਾਂ। ਸਫ਼ਰ ਦੌਰਾਨ ਕਿਸੇ ਇਕ ਵਿਸ਼ੇ ਜਾਂ ਆਪ-ਬੀਤੀ/ਜੱਗ-ਬੀਤੀ 'ਤੇ ਵਿਚਾਰ-ਵਟਾਂਦਰਾ ਕਰਦੇ ਹਾਂ। ਉਸ ਦਿਨ ਵੀ ਮਹਿੰਦਰ ਨੇ ਬਸ ਤੁਰਦਿਆਂ ਸਾਰ ਹੀ ਪੁੱਛਿਆ ਸੀ, "ਤੂੰ ਹਫ਼ਤਾ ਘਰ ਰਹਿ ਕੇ ਆਇਆਂ-ਕੋਈ ਖਾਸ ਗੱਲ ਸੀ ?" ਮੈਂ ਉਹਨੂੰ ਦੱਸਿਆ ਸੀ ਕਿ ਮੇਰੇ ਵੱਡੇ ਮੁੰਡੇ ਨੂੰ ਪੁਲਿਸ ਕਲੀਅਰਲੈਂਸ ਸਰਟੀਫਿਕੇਟ ਚਾਹੀਦਾ ਸੀ। ਮੈਂ ਇਸ ਸਰਟੀਫਿਕੇਟ ਲਈ ਅਪਲਾਈ ਕੀਤਾ ਸੀ। ਪੁਲਸੀਆ ਵੈਰੀਫਾਈ ਕਰਨ ਲਈ ਘਰੇ ਆਇਆ ਸੀ। ਉਸ ਛਪੇ ਹੋਏ ਫਾਰਮ 'ਤੇ ਨਾਂ ਭਰੇ ਸੀ। ਬੇਟੇ ਦੀ ਫੋਟੋ ਲਾਈ ਸੀ ਤੇ ਕਾਗਜ਼ ਮੈਨੂੰ ਫੜਾ ਕੇ ਕਿਹਾ ਸੀ ਕਿ ਮੈਂ ਇਸ 'ਤੇ ਕਾਊਂਸਲਰ ਦੀ ਮੋਹਰ ਲਗਵਾ ਦਵਾਂ। ਮੈਂ ਉਸ ਨੂੰ ਕਿਹਾ ਸੀ ਕਿ ਮੈਂ ਸ਼ਾਮ ਤੱਕ ਕਾਊਂਸਲਰ ਦੇ ਦਸਖਤ ਕਰਵਾ ਦਵਾਂਗਾ। ਉਹ ਕਲ੍ਹ ਨੂੰ ਆ ਕੇ ਇਹ ਫਾਰਮ ਲੈ ਜਾਵੇ। ਫੇਰ ਉਸ ਸੇਵਾ ਪਾਣੀ ਲਈ ਇਸ਼ਾਰਾ ਕਰਦਿਆਂ ਹੋਇਆਂ ਕਿਹਾ ਸੀ, "ਤੁਹਾਨੂੰ ਪਤਾ ਹੀ ਹੁਣਾਂ-ਸਾਨੂੰ ਵੀ ਅਗਾਂਹ ਸੇਵਾ ਕਰਨੀ ਪੈਂਦੀ ਆ।" ਮੈਂ ਉਹਨੂੰ ਦੱਸਿਆ ਸੀ ਕਿ ਮੈਂ ਆਪ ਸਰਕਾਰੀ ਮੁਲਾਜ਼ਮ ਹਾਂ। ਪਰ ਉਸ 'ਤੇ ਮੇਰੀ ਇਸ ਗੱਲ ਦਾ ਕੋਈ ਅਸਰ ਨਹੀਂ ਹੋਇਆ ਸੀ। ਉਸ ਕਾਹਲੀ-ਕਾਹਲੀ ਬੋਲਦਿਆਂ ਹੋਇਆਂ ਮੈਨੂੰ ਪੁੱਛਿਆ ਸੀ, "ਤੁਹਾਨੂੰ ਸਰਟੀਫਿਕੇਟ ਛੇਤੀ ਚਾਹੀਦਾ ਜਾਂ ਕਿ ਨ੍ਹੀਂ ?" ਮੈਂ ਉਸ ਦੀ ਐਨੀ ਗੱਲ 'ਤੇ ਡਰ ਗਿਆ ਸੀ ਤੇ ਉਹਨੂੰ ਝਟਪਟ ਪੰਜ ਸੌ ਦਾ ਨੋਟ ਦਿੱਤਾ ਸੀ। ਫੇਰ ਅਸੀਂ ਕਿੰਨਾ ਚਿਰ ਇਸ ਮੁੱਦੇ 'ਤੇ



ਗੱਲਾਂ ਕੀਤੀਆਂ ਸੀ। ਸਿੱਟਾ ਇਹੀ ਨਿਕਲਿਆ ਸੀ ਕਿ ਇਹ ਸਿਸਟਮ ਇਉਂ ਹੀ ਚਲਣਾ ਹੈ। ਪ੍ਰੀਆ ਨੇ ਸਾਡੀ ਗੱਲਬਾਤ 'ਚ ਸ਼ਾਮਿਲ ਹੁੰਦਿਆਂ ਹੋਇਆਂ ਕਿਹਾ ਸੀ, "ਤੁਸੀਂ ਵਿਰੋਧ ਕਿਉਂ ਨ੍ਹੀਂ ਕਰਦੇ ?" ਮੈਂ ਉਹਨੂੰ ਦੱਸਿਆ ਸੀ ਕਿ ਇਥੇ ਵਿਰੋਧ ਦਾ ਮਤਲਬ ਕੰਮ 'ਚ ਬਹੁਤ ਹੀ ਜ਼ਿਆਦਾ ਦੇਰੀ ਹੋਵੇਗੀ। ਇਹ ਵੀ ਹੋ ਸਕਦਾ ਹੈ ਕਿ ਕੰਮ ਹੋਵੇ ਹੀ ਨਾ। ਐਵੇਂ ਬਿਨਾਂ ਵਜ੍ਹਾ ਕੋਈ ਅਬਜੈਕਸ਼ਨ ਲਾ ਦੇਣ। ਵਾਰ-ਵਾਰ ਗੇੜੇ ਮਰਵਾਉਣ। ਮੇਰੇ ਬੇਟੇ ਨੇ ਆਸਟਰੇਲੀਆ 'ਚ ਪੀ. ਆਰ. ਲਈ ਅਪਲਾਈ ਕੀਤਾ। ਜੇ ਉਸਨੂੰ ਸਮੇਂ ਸਿਰ ਇਹ ਸਰਟੀਫਿਕੇਟ ਨਹੀਂ ਮਿਲਦਾ ਤਾਂ ਉਹਨੂੰ ਮੁਸ਼ਕਲ ਪੇਸ਼ ਆ ਸਕਦੀ ਸੀ। ਪ੍ਰੀਆ ਨੇ ਕਿਹਾ ਸੀ, "ਤੁਸੀਂ ਐਸ. ਐਸ. ਪੀ. ਨੂੰ ਮਿਲੋ। ਆਪਣੀ ਮਜ਼ਬੂਰੀ ਦੱਸੋ।" ਮੈਂ ਉਹਨੂੰ ਸਮਝਾਇਆ ਸੀ ਕਿ ਰਿਪੋਰਟ ਹੇਠਲੇ ਪੱਧਰ ਤੋਂ ਹੋਣੀ ਹੈ। ਉਸ ਫੇਰ ਕਿਹਾ ਸੀ, "ਪਤਾ ਨ੍ਹੀਂ ਕਿਉਂ ਤੁਸੀਂ ਵਧੇਰੇ ਨੈਗਟਿਵ ਸੋਚਣ ਲਗ ਪਏ ਹੋ।"" ਮੈਨੂੰ ਉਸ ਦੀ ਗੱਲ ਠੀਕ ਲਗੀ ਸੀ। ਅਸੀਂ ਦਿਨ-ਬ-ਦਿਨ ਕਮਜ਼ੋਰ ਹੁੰਦੇ ਜਾ ਰਹੇ ਹਾਂ। ਜਿੰਨਾ ਚਿਰ ਪੈਸੇ ਨਾ ਦਈਏ, ਸਾਨੂੰ ਇਹੀ ਧੁੜਕੂ ਲਗਾ ਰਹਿੰਦਾ ਹੈ ਕਿ ਪਤਾ ਨਹੀਂ ਸਾਡਾ ਕੰਮ ਹੋਵੇਗਾ ਵੀ ਕਿ ਨਹੀਂ। ਫੇਰ ਉਸ ਮੈਨੂੰ ਪੁੱਛਿਆ ਸੀ ਕਿ ਜਦੋਂ ਮੇਰਾ ਬੇਟਾ ਆਸਟਰੇਲੀਆ 'ਚ ਪੱਕਾ ਹੋ ਜਾਵੇਗਾ ਤਾਂ ਕੀ ਮੈਂ ਉਸ ਕੋਲ ਚਲਾ ਜਾਵਾਂਗਾ। ਮੈਂ ਉਸ ਨੂੰ ਦੱਸਿਆ ਸੀ ਕਿ ਅਸੀਂ ਮੀਆਂ-ਬੀਵੀ ਇਹੀ ਸੋਚਦੇ ਹਾਂ। ਮੈਂ ਪ੍ਰੀ-ਮਿਚਿਊਰ ਰਿਟਾਇਰਮੈਂਟ ਲੈ ਕੇ ਬੇਟੇ ਕੋਲ ਚਲੇ ਜਾਣਾ ਹੈ। ਮੇਰੇ ਬੇਟੇ ਨੇ ਦੱਸਿਆ ਸੀ ਕਿ ਉਥੋਂ ਦਾ ਮਾਹੌਲ ਬਹੁਤ ਸ਼ਾਂਤ ਹੈ। ਹਰ ਕੰਮ ਸਿਸਟਮਵਾਈਜ਼ ਹੁੰਦਾ ਹੈ। ਕਿਸੇ ਦੀ ਸਿਫਾਰਸ਼ ਨਹੀਂ ਚਲਦੀ। ਕੋਈ ਕਿਸੇ ਦੇ ਕੰਮ 'ਚ ਦਖਲ-ਅੰਦਾਜ਼ੀ ਨਹੀਂ ਕਰਦਾ। ਮਨ ਲਾ ਕੇ ਕੰਮ ਕਰੋ ਤੇ ਇੰਜੁਆਏ ਕਰੋ। ਮੈਨੂੰ ਆਪਣੇ ਬੇਟੇ ਦੀ ਗੱਲ ਠੀਕ ਲੱਗੀ ਸੀ। ਮੈਂ ਆਪ ਇਥੋਂ ਦੇ ਕੁਰਪੱਟ ਮਾਹੌਲ ਤੋਂ ਤੰਗ ਸੀ। ਮੈਨੂੰ ਇਥੋਂ ਦੀ ਅਨੁਸ਼ਾਸਨਹੀਣ ਜ਼ਿੰਦਗੀ ਤੋਂ ਖਿਝ ਚੜਣੀ ਸ਼ੁਰੂ ਹੋ ਗਈ ਸੀ। ਮੈਨੂੰ ਸੁਪਰੀਮ ਕੋਰਟ ਦੇ ਜੱਜਾਂ ਬੀ. ਐਨ. ਅਗਰਵਾਲ ਤੇ ਜੀ. ਐਸ. ਸਿੰਘਵੀ ਦਾ ਕਿਹਾ ਹੋਇਆ ਵਾਰ-ਵਾਰ ਯਾਦ ਆਉਂਦਾ ਸੀ, "ਇਵਨ ਗੌਡ ਵੈਲ ਨੌਟ ਬੀ ਏਬਲ ਟੂ ਸੇਵ ਦਿਸ ਕੰਟਰੀ। ਇਨ ਇੰਡੀਆ ਇਵਨ ਐਫ ਗੌਡ ਕਮਸ ਡਾਊਨ, ਹੀ ਕਾਨਟ ਚੇਂਜ ਦਿਸ ਕੰਟਰੀ। ਅਵਰ ਕੰਟਰੀ'ਸ ਕਰੈਕਟਰ ਹੈਜ ਗੌਨ। ਵੀ ਆਰ ਹੈਲਪਲਿਸ।"

ਬਸ ਸਤਲੁਜ ਦਰਿਆ ਦੇ ਪੁੱਲ ਉਪਰੋਂ ਦੀ ਲੰਘੀ ਸੀ ਤਾਂ ਮਹਿੰਦਰ ਨੇ ਦਰਿਆ ਵਾਲੇ ਪਾਸੇ ਨੂੰ ਮੇਰਾ ਮੂੰਹ ਕਰਕੇ ਕਿਹਾ ਸੀ, "ਸਤਪਾਲ, ਦੇਖ ਬਾਹਰਲੇ ਪਾਸੇ।" ਯੂਪੀ ਤੇ ਬਿਹਾਰ ਤੋਂ ਆਏ ਲੋਕ ਲੱਕ-ਲੱਕ ਪਾਣੀ 'ਚ ਖੜੇ ਬੇੜੀ ਵਰਗਾ ਕੁਝ ਤਾਰ ਰਹੇ ਸੀ। ਪ੍ਰੀਆ ਨੇ ਪੁੱਛਿਆ ਸੀ, "ਭਾਜੀ-ਇਹ ਕਿਯਾ ਹੈ ?" ਮੈਂ ਉਹਨੂੰ ਦੱਸਿਆ ਸੀ ਕਿ ਯੂਪੀ ਤੇ ਬਿਹਾਰ ਦੇ ਲੋਕ ਛੱਠ ਪੂਜਾ ਕਰਦੇ ਹਨ। ਇਹ ਦੀਵਾਲੀ ਤੋਂ ਛੇ ਦਿਨ ਬਾਅਦ ਹੁੰਦੀ ਹੈ। ਬੇੜੀ ਨੂੰ ਖ਼ੂਬ ਸਜਾਇਆ ਜਾਂਦਾ ਹੈ। ਵਿਚਕਾਰ ਤਰ੍ਹਾਂ ਤਰ੍ਹਾਂ ਦੇ ਫਲ ਤੇ ਮਿਠਾਈਆਂ ਰੱਖੀਆਂ ਜਾਂਦੀਆਂ ਹਨ। ਇਹ ਪੂਜਾ ਸੂਰਜ ਦੇ ਚੜਣ ਤੇ ਛਿਪਣ ਵੇਲੇ ਹੀ ਹੋ ਸਕਦੀ ਹੈ। ਇਸ ਦਿਨ ਜੋ ਕੁਝ ਵੀ ਆਪਣੇ ਈਸ਼ਟ ਤੋਂ ਮੰਗਿਆ ਜਾਂਦਾ ਹੈ, ਉਹੀ ਮਿਲ ਜਾਂਦਾ ਹੈ। ਇਹ ਪੂਜਾ ਵਗਦੇ ਪਾਣੀ 'ਚ ਕੀਤੀ ਜਾਂਦੀ ਹੈ। ਜੇ ਕਿਤੇ ਦੋ ਦਰਿਆਵਾਂ ਦਾ ਸੰਗਮ ਹੋਵੇ ਤਾਂ ਇਹਨੂੰ ਸ਼ੁੱਭ ਸਮਝਿਆ ਜਾਂਦਾ ਹੈ।

ਮਹਿੰਦਰ ਨੇ ਕਿਹਾ ਸੀ, "ਜਿੱਥੇ ਵੀ ਕੋਈ ਜਾਂਦਾ-ਉਹ ਆਪਣੇ ਰਸਮੋ ਰਿਵਾਜ਼ ਨਾਲ ਹੀ ਲੈ ਕੇ ਜਾਂਦਾ। ਇਹ ਆਪਣੇ ਮੁਲਕ ਦੇ ਬਸ਼ਿੰਦੇ ਆ-ਪਰ ਇਨ੍ਹਾਂ ਦਾ ਆਪਣਾ ਕਲਚਰ ਆ।"

ਮੈਨੂੰ ਕੁਝ ਦਿਨ ਪਹਿਲਾਂ ਕਿਤੇ ਪੜ੍ਹਿਆ ਯਾਦ ਆ ਗਿਆ ਸੀ। ਹਿੰਦੀ ਦਾ ਇਕ ਲੇਖਕ ਹੈ ਅਸਗਰ ਵਜਾਹਤ। ਉਹਨੇ ਆਪਣੇ ਪਰਿਵਾਰ ਦਾ ਸਾਢੇ ਚਾਰ ਸੌ ਸਾਲ ਪੁਰਾਣਾ ਪਿੰਡ ਲੱਭਿਆ ਹੈ। ਉਨ੍ਹਾਂ ਦਾ ਵੱਡਾ ਵਡੇਰਾ ਸੱਯਦ ਇਕਰਾਮੁਦੀਨ ਇਰਾਕ ਦੇ ਕਸਬੇ ਖ਼ਾਫ਼ ਤੋਂ ਹੁੰਮਾਯੂ ਦੀ ਸੈਨਾ ਨਾਲ ਹਿੰਦੋਸਤਾਨ ਆਇਆ ਸੀ। 16ਵੀਂ ਸਦੀ 'ਚ। ਖ਼ਾਫ਼ ਤੇਹਰਾਨ ਤੋਂ ਸਾਢੇ ਤਿੰਨ ਸੌ ਮੀਲ ਦੂਰ ਹੈ। ਜਦੋਂ

ਉਹ ਆਪਣੇ ਜੱਦੀ ਪਿੰਡ ਖ਼ਾਫ਼ ਪਹੁੰਚਿਆ ਤਾਂ ਉਸ ਦੇਖਿਆ ਕਿ ਉਥੋਂ ਦੇ ਘਰ ਬਿਲਕੁਲ ਉਹੋ ਜਿਹੇ ਸੀ ਜਿਹੋ ਜਿਹੇ ਅਸਗਰ ਵਜਾਹਤ ਦੇ ਅਲੀਗੜ੍ਹ ਜ਼ਿਲ੍ਹੇ ’ਚ ਪੈਂਦੇ ਆਪਣੇ ਪਿੰਡ ਫਤਹਿਪੁਰ ’ਚ ਸੀ। ਉਹਨੂੰ ਉਥੇ ਖੜਿਆਂ ਯਾਦ ਆਇਆ ਸੀ ਕਿ ਉਥੋਂ ਦੇ ਦਰਵਾਜ਼ੇ ਬਿਲਕੁਲ ਉਨ੍ਹਾਂ ਦੇ ਘਰਾਂ ਵਰਗੇ ਸੀ। ਦਰਵਾਜ਼ੇ ਉਪਰ ਜੰਜੀਰ ਲਗੀ ਸੀ ਜਿਸ ਤੋਂ ਘੰਟੀ ਦਾ ਕੰਮ ਵੀ ਲਿਆ ਜਾਂਦਾ ਸੀ। ਖ਼ਾਫ਼ ਦੀ ਮਜਸਿਦ ਦੀ ਬਣਤਰ ਵੀ ਉਹੋ ਜਿਹੀ ਹੀ ਸੀ ਜਿਹੋ ਜਿਹੀ ਉਸ ਦੇ ਆਪਣੇ ਪਿੰਡ ’ਚ ਸੀ। ਉਹਨੂੰ ਫੇਰ ਬਹੁਤ ਕੁਝ ਹੋਰ ਯਾਦ ਆਇਆ ਸੀ। ਉਨ੍ਹਾਂ ਦੇ ਇਕ ਪੁਰਖੇ ਜੈਨੁਲਆਬਦੀਨ ਖਾਂ ਦੀ ਕਬਰ ’ਤੇ ਉਹ ਦੇ ਨਾਂ ਨਾਲ ਨੇਸ਼ਾਬੁਰੀ ਨਾਂ ਵੀ ਲਿਖਿਆ ਹੋਇਆ ਸੀ। ਕਦੇ ਈਰਾਨ ਦੇ ਇਸ ਇਲਾਕੇ ’ਚ ਨੀਸ਼ਾਬੁਰ ਸ਼ਹਿਰ ਹੁੰਦਾ ਸੀ। ਫੇਰ ਉਸ ਇਕ ਬੁੱਢਾ ਦੇਖਿਆ ਸੀ ਜਿਹੜਾ ਬਿਲਕੁਲ ਉਸ ਦੇ ਬਾਬੇ ਵਾਂਗ ਪੈਰਾਂ ਭਾਰ ਬੈਠਾ ਸੀ। ਇਕ ਹੋਰ ਬੁੱਢਾ ਦੇਖਿਆ ਸੀ ਜਿਹੜਾ ਉਸ ਦੇ ਬਾਬੇ ਵਾਂਗ ਹੀ ਖਾ ਰਿਹਾ ਸੀ। ਇਕ ਹੋਰ ਬੁੱਢਾ ਉਸ ਦੇ ਆਪਣੇ ਬਾਬੇ ਵਾਂਗ ਹੀ ਤੁਰ ਰਿਹਾ ਸੀ। ਉਹ ਹੈਰਾਨ ਰਹਿ ਗਿਆ ਸੀ ਕਿ ਸਾਢੇ ਚਾਰ ਸੌ ਸਾਲ ਬੀਤਣ ਉਪਰੰਤ ਵੀ ਆਪਸ ’ਚ ਕਿੰਨਾ ਕੁਝ ਮਿਲਦਾ ਸੀ।

ਮੈਂ ਇਹੀ ਪ੍ਰੀਆ ਨੂੰ ਦੱਸਣ ਹੀ ਲਗਾ ਸੀ ਕਿ ਉਹ ਬੋਲ ਪਈ ਸੀ, “ਬੰਦਾ ਜਿਥੇ ਵੀ ਜਾਂਦਾ–ਆਪਣੀ ਤਹਿਜੀਬ ਦੇ ਅੰਸ਼ ਨਾਲ ਹੀ ਲੈ ਕੇ ਜਾਂਦਾ। ਸਦੀਆਂ ਬੀਤ ਜਾਂਦੀਆਂ–ਪਰ ਇਹ ਅੰਸ਼ ਨ੍ਹੀਂ ਮਰਦੇ। ਕਿਸੇ ਵੀ ਥਾਂ ’ਤੇ ਜਾ ਕੇ ਦੇਖ ਲਉ–ਤੁਹਾਨੂੰ ਇਹੀ ਕੁਸ਼ ਮਿਲੇਗਾ।”

“ਸ਼ਾਇਦ ਜੀਨਸ ਦਾ ਅਸਰ ਹੋਵੇ।” ਮਹਿੰਦਰ ਨੇ ਕਿਹਾ ਸੀ।

“ਇਹ ਵੀ ਇਕ ਪੱਖ ਆ।”

“ਹੋਰ ਵੀ ਬਹੁਤ ਕੁਸ਼ ਹੁੰਦਾ। ਕੁਸ਼ ਰਸਮੋਂ–ਰਿਵਾਜ਼ ਉਹ ਆਪਣੇ ਕਲਚਰ ਦੇ ਲੈ ਕੇ ਆਉਂਦਾ। ਕੁਸ਼ ਉਥੋਂ ਗ੍ਰਹਿਣ ਕਰਦਾ ਜਿਥੇ ਉਹ ਆ ਕੇ ਵਸਦਾ। ਫੇਰ ਕਈ ਵਾਰ ਮੈਕਸਡ ਕਲਚਰ ਪੈਦਾ ਹੋ ਜਾਂਦਾ। ਇਰਾਨ, ਇਰਾਕ, ਅਫਗਾਨਿਸਤਾਨ ਤੇ ਹੋਰ ਮੱਧ ਏਸ਼ੀਆ ਤੋਂ ਆਏ ਲੋਕਾਂ ਨੇ ਅਜਿਹਾ ਹੀ ਕੀਤਾ ਸੀ। ਹੁਣ ਵੀ ਹੋ ਰਿਹਾ। ਤੁਸੀਂ ਵੀ ਅਮਰੀਕਾ ’ਚ ਰਹਿੰਦੇ ਹੋ। ਇਹ ਗੱਲ ਠੀਕ ਹੈ ਨਾ?”

“ਅਸੀਂ ਅਮਰੀਕਾ ’ਚ ਜਾ ਕੇ ਆਪਣੇ ਰਸਮ–ਰਿਵਾਜ਼ ਨ੍ਹੀਂ ਭੁੱਲੇ। ਇਕ ਵਾਰ ਵੱਡੇ–ਵਡੇਰਿਆਂ ਦੇ ਸ਼ਰਾਧ ਸੀ। ਸਾਨੂੰ ਕੋਈ ਬੰਦਾ ਨਾ ਲੱਭੇ ਜਿਹਨੂੰ ਸ਼ਰਾਧ ਖੁਆਇਆ ਜਾਵੇ। ਮੈਂ ਜਕੋਤਕੀ ’ਚ ਪਈ ਨੇ ਗੁਆਂਢੀ ਬਜ਼ੁਰਗ ਮਾਈਕਲ ਨਾਲ ਸੁਲਾਹ ਮਾਰੀ। ਪਹਿਲਾਂ ਤਾਂ ਉਹਨੇ ਨਾਂਹ ਕਰ ਦਿੱਤੀ। ਫੇਰ ਮੇਰੇ ਸਮਝਾਉਣ ’ਤੇ ਉਹ ਮੰਨ ਗਿਆ। ਪੂਰੀਆਂ, ਕੜਾਹ ਤੇ ਕਾਬਲੀ ਛੋਲੇ ਖਾ ਕੇ ਉਹ ਬਹੁਤ ਖੁਸ਼ ਹੋਇਆ। ਹੁਣ ਅਸੀਂ ਹਰ ਸਾਲ ਉਹਨੂੰ ਸ਼ਰਾਧ ਵੇਲੇ ਖਾਣਾ ਖੁਆਉਂਦੇ ਆਂ। ਉਹ ਬੜੇ ਚਾਅ ਨਾਲ ਖਾਂਦਾ।”

“ਤੁਹਾਡਾ ਭਰਾ ਇਧਰ ਆ ਜਾਂ ਉਧਰ?”

“ਉਧਰ ਹੀ ਆ। ਕੈਲੇਫੋਰਨੀਆਂ ਸਟੇਟ ਦੇ ਸ਼ਹਿਰ ਫਰੈਜਨੋ ’ਚ।”

“ਫੇਰ ਤਾਂ ਤੁਸੀਂ ਆਪਣੇ ਭਰਾ ਨੂੰ ਰਖੜੀ ਭੇਜਦੇ ਹੋਵੋਂਗੇ।”

“ਨ੍ਹੀਂ, ਮੈਂ ਬਾਈ ਪੋਸਟ ਨ੍ਹੀਂ ਭੇਜਦੀ। ਆਪ ਜਾਣੀ ਆਂ। ਮੇਰਾ ਵੱਡਾ ਭਰਾ ਮੈਨੂੰ ਅਡਵਾਂਸ ਹੀ ਏਅਰ–ਟਿਕਟ ਭੇਜ ਦਿੰਦਾ। ਮੈਂ ਹਫਤਾ ਭਰ ਉਸ ਕੋਲ ਰਹਿ ਕੇ ਆਉਂਦੀ ਆ। ਅਸੀਂ ਆਪਣੇ ਸੰਸਕਾਰਾਂ ਨੂੰ ਕਦੇ ਨ੍ਹੀਂ ਭੁੱਲੇ। ਭੁੱਲ ਹੀ ਨ੍ਹੀਂ ਸਕਦੇ। ਐਦਾਂ ਹੀ ਉਹ ਲੋਹੜੀ ਦੇ ਨੇੜੇ–ਤੇੜੇ ਮੇਰੇ ਕੋਲ ਆਉਂਦਾ। ਮੇਰੇ ਨਾਂਹ–ਨਾਂਹ ਕਰਦਿਆਂ ਵੀ ਮੈਨੂੰ ਨਾਲ ਲੈ ਜਾ ਕੇ ਪ੍ਰਚੇਜ ਕਰਵਾਉਂਦਾ। ਮੇਰੀ ਇਕ ਵੀ ਗੱਲ ਨ੍ਹੀਂ ਸੁਣਦਾ/ਮੰਨਦਾ। ਇਹੀ ਕਹੀ ਜਾਂਦਾ, ਤੂੰ ਮੈਥੋਂ ਛੋਟੀ ਆਂ। ਮੇਰੇ ਵੀ ਕੁਝ ਫਰਜ਼ ਬਣਦੇ ਆ। ਮੈਂ ਜੀਉਂਦਿਆਂ ਜੀਅ ਇਹ ਫਰਜ਼ ਨਿਭਾਉਣੇ ਆ।”



ਫੇਰ ਸਾਡੀ ਗੱਲਬਾਤ ਰੀਸ਼ੈਸ਼ਨ ਵਾਲੇ ਪਾਸੇ ਤੁਰ ਪਈ ਸੀ। ਮੈਂ ਉਸ ਨੂੰ ਅਮਰੀਕਾ ਦੇ ‘ਰੀਸ਼ੈਸ਼ਨ’ ਦੇ ਕਾਰਨਾਂ ਬਾਰੇ ਪੁੱਛਿਆ ਸੀ। ਉਸ ਦੱਸਿਆ ਸੀ ਕਿ ਰੀਸ਼ੈਸ਼ਨ ਨੇ ਕਾਰੋਬਾਰਾਂ ਨੂੰ ਬੁਰੀ ਤਰ੍ਹਾਂ ਫੇਲ੍ਹ ਕੀਤਾ ਹੋਇਆ ਹੈ। ਸਭ ਤੋਂ ਵੱਡੀ ਮਾਰ ਗੋਰੇ ਖਾ ਰਹੇ ਹਨ। ਕਈ ਤਾਂ ਬੇਘਰੇ ਹੋ ਗਏ ਹਨ। ਉਨ੍ਹਾਂ ਨੂੰ ਅਪਾਰਟਮੈਂਟਾਂ ’ਚ ਰਹਿਣਾ ਪੈ ਰਿਹਾ ਹੈ। ਉਬਾਮਾ ਨੇ ਸੀਨੀਅਰ ਸੀਟੀਜਨਾਂ ਨੂੰ ਢੇਡ ਸੌ ਡਾਲਰ ਪ੍ਰਤੀ ਹਫਤਾ ਖਰਚਣ ਲਈ ਦਿੱਤੇ ਸੀ ਪਰ ਉਨ੍ਹਾਂ ਨੇ ਇਹ ਪੈਸੇ ਖਰਚੇ ਨਹੀਂ। ਇਸੇ ਕਰਕੇ ਸਟੋਰਾਂ ’ਚ ਬੇਰੌਣਕੀ ਪਸਰੀ ਹੋਈ ਹੈ। ਜਿਸ ਕਿਸੇ ਫੈਕਟਰੀ ’ਚ ਕਾਮਿਆਂ ਦੀ ਛਾਂਟੀ ਹੁੰਦੀ ਹੈ ਤਾਂ ਪਹਿਲਾਂ ਏਸ਼ੀਅਨ ਲੋਕਾਂ ਨੂੰ ‘ਜੌਬਾਂ’ ਤੋਂ ਹਟਾਇਆ ਜਾਂਦਾ ਹੈ। ਏਸ਼ੀਅਨ ਲੋਕਾਂ ਦਾ ਇਸ ਗੱਲੋਂ ਬਚਾ ਹੈ ਕਿ ਉਹ ਭਵਿੱਖ ਲਈ ਬਚਾ ਕੇ ਰੱਖਦੇ ਹਾਂ। ਇਸ ਰੀਸ਼ੈਸ਼ਨ ਦੇ ਵੱਡੇ ਕਾਰਨਾਂ ਨੂੰ ਫੜਿਆ ਨਹੀਂ ਜਾ ਰਿਹਾ।

ਮੈਂ ਉਸਨੂੰ ਆਪਣੇ ਦੋਸਤ ਹਰਜੀਤ ਅਟਵਾਲ ਵੱਲੋਂ ਸੁਣਾਈ ਗਈ ਘਟਨਾ ਨੂੰ ਜਿਉਂ ਦਾ ਤਿਉਂ ਸੁਣਾਇਆ ਸੀ, “ਕਿਸੇ ਸ਼ਹਿਰ ’ਚ ਕੋਈ ਅਮੀਰ ਰਹਿੰਦਾ ਸੀ। ਉਸਨੇ ਲੋਕਾਂ ਨੂੰ ਕਿਹਾ ਕਿ ਸ਼ਹਿਰ ’ਚ ਜਿੰਨੇ ਬਾਂਦਰ ਆ–ਉਹ ਫੜ ਲਿਆਉ। ਉਹ ਪ੍ਰਤੀ ਬਾਂਦਰ ਤੀਹ ਰੁਪਈਏ ਦੇਵੇਗਾ। ਲੋਕਾਂ ਨੇ ਬਹੁਤ ਸਾਰੇ ਬਾਂਦਰ ਫੜ ਲਿਆਂਦੇ। ਅਮੀਰ ਬੰਦੇ ਕੋਲ ਲਿਆ ਵੇਚੇ। ਅਮੀਰ ਬੰਦੇ ਨੇ ਫੇਰ ਸ਼ਹਿਰ ’ਚ ਹੋਕਾ ਦੁਆਇਆ ਕਿ ਜੇ ਕੋਈ ਬਾਂਦਰ ਅਜੇ ਵੀ ਬਚਿਆ ਆ ਤਾਂ ਉਹ ਵੀ ਫੜ ਲਿਆਉ। ਉਹ ਹਰੇਕ ਬਾਂਦਰ ਦੇ ਪੰਜਾਹ ਰੁਪਈਏ ਦੇਵੇਗਾ। ਲੋਕਾਂ ਨੇ ਲੱਭ ਲੱਭ ਕੇ ਬਾਕੀ ਬਚੇ ਬਾਂਦਰ ਵੀ ਫੜ ਲਿਆਂਦੇ। ਕੁਸ਼ ਦਿਨਾਂ ਬਾਅਦ ਉਸ ਅਮੀਰ ਬੰਦੇ ਨੇ ਅਖ਼ਬਾਰਾਂ, ਰੇਡੀਓ ਤੇ ਟੈਲੀਵਿਜ਼ਨ ’ਚ ਇਸ਼ਤਿਹਾਰ ਦਿੱਤੇ ਕਿ ਹੁਣ ਜੋ ਕੋਈ ਵੀ ਬਾਂਦਰ ਫੜ ਕੇ ਲਿਆਵੇਗਾ ਤਾਂ ਉਹ ਉਸ ਨੂੰ ਸੌ ਰੁਪਈਆ ਦੇਵੇਗਾ। ਲੋਕਾਂ ਦੀਆਂ ਵਾਂਛਾਂ ਖਿੜ ਗਈਆਂ। ਉਨ੍ਹਾਂ ਨੇ ਆਪਣੇ ਆਲੇ ਦੁਆਲੇ ਕੋਈ ਵੀ ਬਾਂਦਰ ਨਾ ਰਹਿਣ ਦਿੱਤਾ। ਜਿਸ ਕਿਸੇ ਨੇ ਪਹਿਲਾਂ ਲੁਕੋ ਕੇ ਰੱਖਿਆ ਸੀ, ਉਹ ਵੀ ਲਿਆ ਵੇਚਿਆ। ਜਦੋਂ ਅਮੀਰ ਬੰਦੇ ਨੂੰ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਕਿ ਹੁਣ ਉਸ ਦੇ ਸ਼ਹਿਰ ’ਚ ਕੋਈ ਬਾਂਦਰ ਨ੍ਹੀਂ ਰਿਹਾ ਤਾਂ ਉਸ ਬਾਂਦਰਾਂ ਦਾ ਹਿਸਾਬ–ਕਿਤਾਬ ਲਾਇਆ। ਬਾਜ਼ਾਰ ’ਚ ਗਿਆ। ਉਸ ਪ੍ਰਤੀ ਬਾਂਦਰ ਸੱਠ ਰੁਪਈਏ ਮੁੱਲ ਰੱਖਿਆ। ਪਰ ਬਾਜ਼ਾਰ ’ਚ ਬਾਂਦਰਾਂ ਦਾ ਕੋਈ ਗ੍ਰਾਹਕ ਹੀ ਨ੍ਹੀਂ ਸੀ। ਕੋਈ ਵੀਹ ਰੁਪਏ ਪ੍ਰਤੀ ਬਾਂਦਰ ਵੀ ਖਰੀਦਣ ਨੂੰ ਤਿਆਰ ਨ੍ਹੀਂ ਸੀ।”

ਉਹ ਹੱਥ ’ਤੇ ਹੱਥ ਮਾਰ ਕੇ ਹੱਸੀ ਸੀ। ਉਸ ਕਿਹਾ ਸੀ, “ਦੇਖੋ, ਤੁਹਾਡਾ ਦੋਸਤ ਕਿੱਡੀ ਵੱਡੀ ਗੱਲ ਕਹਿ ਗਿਆ। ਇਹੀ ਗੱਲਾਂ ਸਾਡੇ ਬਜ਼ੁਰਗ ਵੀ ਘੁੰਮ–ਘੁੰਮਾ ਕੇ ਕਰਦੇ ਸੀ। ਉਹ ਸਿੱਧੀ ਗੱਲ ਨ੍ਹੀਂ ਕਰਦੇ ਸਨ। ਆਪਣੀ ਗੱਲ ਮਨਾਉਣ ਲਈ ਕਿਸੇ ਕਥਾ–ਕਹਾਣੀ ਜਾਂ ਮਿੱਥ ਆ ਆਸਰਾ ਲੈਂਦੇ ਸੀ....ਹੁਣ ਸਾਰਾ ਚੱਕਰ ਤਾਂ ਸ਼ੇਅਰ ਮਾਰਕੀਟ ਦਾ ਸੀ। ਇਕ ਹੋਰ ਵੀ ਗੱਲ ਆ। ਅਮਰੀਕਾ ਦੇ ਅਰਬਪਤੀ ਬਰਾਕ ਉਬਾਮਾ ਨੂੰ ਬਲੈਕ ਹੋਣ ਕਰਕੇ ਪਸੰਦ ਨ੍ਹੀਂ ਕਰਦੇ। ਇਸੇ ਲਈ ਉਹਨਾਂ ਮਾਰਕੀਟ ਤੋਂ ਪੈਸਾ ਖਿਚ ਲਿਆ।”

“ਅੱਛਾ...ਇਹ ਗੱਲ ਵੀ ਆ,” ਮੈਂ ਹੈਰਾਨ ਹੁੰਦਿਆਂ ਪੁੱਛਿਆ ਸੀ।

“ਕੰਧ ਪਿਛੇ ਬਹੁਤ ਕੁਸ਼ ਹੁੰਦਾ ਆ ਜਿਹੜਾ ਸਾਨੂੰ ਨ੍ਹੀਂ ਦਿੱਸਦਾ ਜਾਂ ਸਾਡਾ ਧਿਆਨ ਉਸ ਪਾਸੇ ਜਾਂਦਾ ਹੀ ਨ੍ਹੀਂ।” ਉਸਦੇ ਟੈਲੀਫੋਨ ’ਤੇ ਕੋਈ ਮੈਸਿਜ ਆਇਆ ਸੀ। ਉਸ ਪੜ੍ਹ ਕੇ ਕਹਿਣਾ ਸ਼ੁਰੂ ਕੀਤਾ ਸੀ, “ਫੇਰ ਸਾਡੇ ਤੇ ਉਨ੍ਹਾਂ ਦੇ ਕਲਚਰ ’ਚ ਜ਼ਮੀਨ–ਅਸਮਾਨ ਦਾ ਫਰਕ ਆ। ਅਸੀਂ ਆਪਣੇ ਬਾਰੇ ਘੱਟ ਤੇ ਦੂਜਿਆਂ ਬਾਰੇ ਜ਼ਿਆਦਾ ਫਿਕਰਮੰਦ ਹੁੰਦੇ ਆਂ। ਲੋਕ ਭਾਵੇਂ ਸਾਨੂੰ ਜਿੰਨਾ ਮਰਜ਼ੀ ਨਿੰਦਣ–ਸਾਡੀ ਆਪਣੀ ਤਹਿਜੀਬ ਆ। ਸਾਡੇ ਇਥੇ ਮਾਡਲ ਹਾਊਸ ’ਚ ਇਕ ਹਿੰਦੂ ਜੈਂਟਲਮੈਨ ਆ ਜਿਹੜਾ ਹਰ ਰੋਜ਼ ਸਵੇਰ ਨੂੰ ਦੋ ਕਿਲੋ ਦੁੱਧ ਅਵਾਰਾ ਕੁੱਤਿਆਂ ਨੂੰ ਪਿਲਾਉਂਦਾ ਆ। ਉਹਨੇ ਹਲਵਾਈ ਦੀ ਦੁਕਾਨ ਕੋਲ ਨੁਕਰ ’ਚ ਮਿੱਟੀ ਦੇ ਦੋ ਕੂੰਡੇ ਰੱਖੇ ਹੋਏ ਆ। ਉਹ ਉੱਨਾ ਚਿਰ ਉਥੇ ਖੜਾ ਰਹਿੰਦਾ ਆ

ਜਿਨ੍ਹਾਂ ਚਿਰ ਕੁੱਤੇ ਦੁੱਧ ਚਟਮ ਨ੍ਹੀਂ ਕਰ ਜਾਂਦੇ। ਮੇਰੇ ਮੰਮੀ ਜੀ ਦੱਸਦੇ ਸੀ ਕਿ ਮਾਡਲ ਹਾਊਸ 'ਚ ਹੀ ਇਕ ਹੋਰ ਜੈਂਟਲਮੈਨ ਰਹਿੰਦੇ ਆ ਜਿਹੜੇ ਕਿ ਹਰ ਰੋਜ਼ ਸਵੇਰ ਨੂੰ ਠੀਕ ਛੇ ਵਜੇ ਘਰੋਂ ਵੱਡੀ ਕੇਤਲੀ 'ਚ ਚਾਹ ਤੇ ਟੋਕਰੀ 'ਚ ਰੱਸ਼ ਲੈ ਕੇ, ਮਾਤਾ ਵੈਸ਼ਨੋ ਦੇਵੀ ਦੇ ਮੰਦਿਰ ਕੋਲ ਆ ਖੜਦੇ ਆ ਤੇ ਗਰੀਬ ਗੁਰਬੇ ਨੂੰ ਹਾਕਾਂ ਮਾਰ-ਮਾਰ ਕੇ ਚਾਹ ਤੇ ਰੱਸ਼ ਖਵਾਉਂਦੇ ਆ। ਅਸੀਂ ਤਾਂ ਬਹੁਤੀ ਵਾਰ ਜਿਉਂਦੇ ਹੀ ਦੂਜਿਆਂ ਲਈ ਆਂ। ਸਾਡੇ ਉਧਰ ਜੰਮੇ ਬੱਚਿਆਂ ਨੂੰ ਇਨ੍ਹਾਂ ਗੱਲਾਂ ਦਾ ਗਿਆਨ ਨ੍ਹੀਂ। ਉਨ੍ਹਾਂ ਨੂੰ ਤਾਂ ਸਿਰਫ਼ ਇੰਡੀਆ ਦੀ ਗਰੀਬੀ ਹੀ ਦਿੱਸਦੀ ਆ....।" ਫੇਰ ਉਸ ਆਪਣੇ ਕਾਰੋਬਾਰ ਬਾਰੇ ਦੱਸਿਆ ਸੀ। ਉਨ੍ਹਾਂ ਦਾ ਸਟੋਰ ਠੀਕ-ਠਾਕ ਚਲ ਰਿਹਾ ਹੈ ਕਿਉਂਕਿ ਉਥੇ ਥੋੜ੍ਹੇ ਕੁ ਏਸ਼ੀਅਨ ਲੋਕ ਰਹਿੰਦੇ ਹਨ। ਜੇ ਉਨ੍ਹਾਂ ਨੂੰ ਕੋਈ ਜ਼ਿਆਦਾ ਕਮਾਈ ਨਹੀਂ ਹੁੰਦੀ ਤਾਂ ਬਹੁਤਾ ਘਾਟਾ ਵੀ ਨਹੀਂ ਪੈ ਰਿਹਾ।

ਮਹਿੰਦਰ ਨੇ ਪੁੱਛਿਆ ਸੀ, "ਤੁਸੀਂ ਇਨ੍ਹਾਂ ਪੰਦਰਾਂ ਸਾਲਾਂ 'ਚ ਬਿਲਕੁਲ ਨ੍ਹੀਂ ਬਦਲੇ ?"

"ਮੈਂ ਬਦਲੀ ਆਂ। ਅਮਰੀਕਾ 'ਚ ਕੰਮ ਕਰਦਿਆਂ ਹੋਇਆਂ ਮੈਨੂੰ ਉਥੋਂ ਦੇ ਅਨੁਸਾਰ ਜਿਊਣਾ ਪੈਂਦਾ ਆ। ਘਰ ਆ ਕੇ ਮੈਂ ਇੰਡੀਅਨ ਬਣ ਜਾਂਦੀ ਆਂ। ਇੰਡੀਆ 'ਚ ਆ ਕੇ ਵੀ ਮੈਂ ਪਹਿਲਾਂ ਜਿਹੀ ਹੋ ਜਾਂਦੀ ਆਂ। ਜਾਂ ਕਹਿ ਲਉ-ਉਦਾਂ ਦੀ ਹੋ ਗਈ ਆਂ।"

"ਤੁਸੀਂ ਵਾਪਸ ਆਉਣ ਬਾਰੇ ਐਡਾ ਵੱਡਾ ਫੈਸਲਾ ਕਿਉਂ ਲਿਆ ?" ਮੈਂ ਉਸ ਨੂੰ ਪੁੱਛਿਆ ਸੀ।

"ਬੱਚਿਆਂ ਕਰਕੇ।"

"ਬੱਚਿਆਂ ਕਰਕੇ ! ਇਹ ਕੀ ਗੱਲ ਹੋਈ। ਇਥੇ ਤਾਂ ਅੱਜ ਕਲ੍ਹ ਮੁੰਡੇ-ਕੁੜੀਆਂ ਬਾਹਰ ਜਾਣ ਲਈ ਪੱਬਾਂ ਭਾਰ ਹੋਏ ਫਿਰਦੇ ਆ। ਜਿਦਾਂ ਮਰਜ਼ੀ ਜਾਣਾ ਪਏ-ਭਾਵੇਂ ਸਮੁੰਦਰ 'ਚ ਵੀ ਤੈਰ ਕੇ ਜਾਣਾ ਪਵੇ। ਟਿੱਬਿਆਂ 'ਚ ਤੁਰਦਿਆਂ ਹੋਇਆਂ ਭਾਵੇਂ ਪੈਰ ਛਾਲਿਆਂ ਨਾਲ ਭਰ ਜਾਣ। ਹਰ ਕੋਈ ਚਾਹੁੰਦਾ ਉਹ ਬਾਹਰ ਚਲਾ ਜਾਵੇ। ਪੇਰੈਂਟ ਵੀ ਇਹੀ ਚਾਹੁੰਦੇ। ਤੁਸੀਂ ਉਲਟ ਸੋਚਣਾ ਸ਼ੁਰੂ ਕਰ ਦਿੱਤਾ ?"

"ਉਨ੍ਹਾਂ ਦੀਆਂ ਹੋਰ ਪਰੋਬਲਮਜ਼ ਆ। ਸਾਡੀਆਂ ਆਪਣੀਆਂ ਆ।"

ਮੈਂ ਹੈਰਾਨ ਹੁੰਦਿਆਂ ਹੋਇਆਂ ਕਿਹਾ ਸੀ, "ਆਹ ਦੇਖੋ-ਮੁਰਿੰਡੇ 'ਚ ਹੀ ਕਿੰਨੇ ਆਈਲੈਟਸ ਦੇ ਇਸ਼ਤਿਹਾਰ ਲਗੇ ਆ। ਦੁਕਾਨਾਂ ਖੁੱਲ੍ਹ ਗਈਆਂ। ਕਿਸ ਵਾਸਤੇ। ਬਾਹਰ ਜਾਣ ਲਈ।"

"ਮੈਂ ਤੁਹਾਨੂੰ ਦੱਸਿਆ ਆ ਨਾ ਕਿ ਸਾਡੀਆਂ ਹੋਰ ਪਰੋਬਲਮਜ਼ ਆ। ਇਕ ਨਿੱਕੀ ਜਿਹੀ ਘਟਨਾ ਦੱਸਦੀ ਆਂ। ਇਕ ਵਾਰ ਨਿਊਯਾਰਕ ਦੇ ਨੇੜਲੇ ਸ਼ਹਿਰ ਸਾਡਾ ਸਟੋਰ ਸੀ। ਉਥੇ ਕਾਲੇ ਲੋਕਾਂ ਦੀ ਬਹੁ-ਗਿਣਤੀ ਸੀ। ਉਹ ਹਿੱਕ ਦੇ ਜ਼ੋਰ ਨਾਲ ਸਾਮਾਨ ਲੈ ਜਾਂਦੇ। ਪੈਸੇ ਨਾ ਦਿੰਦੇ। ਕਈ ਵਾਰ ਟੈੱਲ ਵੀ ਖਾਲੀ ਕਰ ਜਾਂਦੇ। ਅਸੀਂ ਬੁਰੀ ਤਰ੍ਹਾਂ ਫਸੇ ਸੀ। ਇਕ ਦਿਨ ਉਥੋਂ ਦਾ ਇਕ ਕਾਲਾ ਬਦਮਾਸ਼ ਸਾਡੇ ਸਟੋਰ 'ਚ ਆ ਵੜਿਆ। ਉਹਨੇ ਦੱਸਿਆ ਕਿ ਉਸ ਦੇ ਮਗਰ ਪੁਲਿਸ ਲੱਗੀ ਹੋਈ ਆ। ਉਹਨੂੰ ਸਾਡੀ ਹੈਲਪ ਦੀ ਲੋੜ ਆ। ਪੰਜ-ਸੱਤ ਮਿੰਟਾਂ 'ਚ ਪੁਲਿਸ ਆ ਗਈ। ਉਨ੍ਹਾਂ ਕਾਲੇ ਬਾਰੇ ਪੁੱਛਿਆ। ਅਸੀਂ ਦੱਸਿਆ ਕਿ ਇਧਰ ਕੋਈ ਕਾਲਾ ਨ੍ਹੀਂ ਆਇਆ। ਉਨ੍ਹਾਂ ਸਾਡੇ ਕਹੇ 'ਤੇ ਯਕੀਨ ਕਰ ਲਿਆ। ਵਾਪਸ ਮੁੜ ਗਏ। ਕਾਲਾ ਸਾਰਾ ਦਿਨ ਸਟੋਰ 'ਚ ਲੁਕਿਆ ਰਿਹਾ। ਰਾਤ ਨੂੰ ਗਿਆ। ਜਾਣ ਲੱਗਿਆਂ ਉਸ ਕਿਹਾ ਕਿ ਜੇ ਸਾਨੂੰ ਕੋਈ ਤਕਲੀਫ ਹੋਵੇ ਤਾਂ ਦੱਸ ਦੇਵੋ। ਮੇਰੇ ਹਸਬੈਂਡ ਨੇ ਸਿਟੀ ਦੇ ਕਈ ਕਾਲਿਆਂ ਬਾਰੇ ਦੱਸਿਆ। ਉਸ ਕਿਹਾ ਕਿ ਅਸੀਂ ਉਸਦੀ ਹੈਲਪ ਕੀਤੀ ਆ-ਹੁਣ ਉਹ ਸਾਡੇ ਬਰੋਬਰ ਖੜਾ ਹੋਵੇਗਾ। ਉਹ ਲਗਾਤਾਰ ਇਕ ਹਫਤਾ ਸਾਡੇ ਸਟੋਰ 'ਤੇ ਆਉਂਦਾ ਰਿਹਾ। ਕਿਸੇ ਕਾਲੇ ਦੀ ਜੁਰਅਤ ਨ੍ਹੀਂ ਪਈ ਕਿ ਸਾਡਾ ਇਕ ਡਾਲਰ ਦਾ ਵੀ ਨੁਕਸਾਨ ਕਰ ਜਾਵੇ। ਮੈਂ ਇਹੀ ਗੱਲ ਆਪਣੇ ਬੱਚਿਆਂ ਨੂੰ ਦੱਸੀ ਤਾਂ ਉਹ ਮੇਰੇ ਨਾਲ ਔਖੇ ਹੋਏ ਕਿ ਮੈਂ ਪੁਲਿਸ ਕੋਲ ਝੂਠ ਕਿਉਂ ਬੋਲੀ।"



ਉਸ ਦਾ ਫੋਨ ਆ ਗਿਆ ਸੀ। ਉਸ ਅੰਗਰੇਜ਼ੀ 'ਚ ਗੱਲਾਂ ਕੀਤੀਆਂ ਸੀ।

ਡਰਾਈਵਰ ਤੇ ਬੋਨਟ 'ਤੇ ਬੈਠੀ ਸਵਾਰੀ ਉੱਚੀ-ਉੱਚੀ ਗੱਲਾਂ ਕਰਨ ਲੱਗੇ ਸਨ। ਸਵਾਰੀ ਨੇ ਡਰਾਈਵਰ ਨੂੰ ਕਹਾਣੀ ਸੁਣਾਈ ਸੀ : "ਇਕ ਗੱਡੀ ਹੁੰਦੀ ਆ ਜਿਸ ਨੂੰ ਪਹਿਲਾਂ ਪਿਉ ਚਲਾਉਂਦਾ ਆ। ਪੁੱਤ ਪਿਛੇ ਬੈਠਦਾ ਆ। ਜਦੋਂ ਪੁੱਤ ਵੱਡਾ ਹੋ ਜਾਂਦਾ ਆ ਤਾਂ ਉਹ ਚਾਹੁੰਦਾ ਆਂ ਕਿ ਹੁਣ ਪਿਉ ਪਿੱਛੇ ਬੈਠੇ। ਗੱਡੀ ਨੂੰ ਪੁੱਤ ਚਲਾਵੇਗਾ। ਜੇ ਤਾਂ ਪਿਉ ਸਿਆਣਾ ਹੋਵੇ ਤਾਂ ਉਹ ਗੱਡੀ ਨੂੰ ਪੁੱਤ ਦੇ ਹਵਾਲੇ ਕਰ ਦਿੰਦਾ ਆ। ਨ੍ਹੀਂ ਤਾਂ ਤੂੰ-ਤੂੰ ਮੈਂ-ਮੈਂ ਹੋਣ ਲੱਗ ਜਾਂਦੀ ਆ।" ਡਰਾਈਵਰ ਨੇ ਕਿਹਾ ਸੀ, "ਸਿਆਣਿਆਂ ਬਿਨਾਂ ਸਰਦਾ ਵੀ ਨ੍ਹੀਂ। ਇਹ ਕਹਾਣੀ ਮੇਰੇ ਨਾਨੇ ਨੇ ਸੁਣਾਈ ਸੀ। ਪੁਰਾਣੇ ਵੇਲਿਆਂ ਦੀ ਗੱਲ ਆ। ਇਕ ਮੁੰਡੇ ਦਾ ਰਿਸ਼ਤਾ ਹੋਣ ਲੱਗਾ ਤਾਂ ਕੁੜੀ ਵਾਲਿਆਂ ਨੇ ਇਹ ਸ਼ਰਤ ਰੱਖ ਦਿੱਤੀ ਕਿ ਜਨੇਤ ਨਾਲ ਸਿਰਫ਼ ਮੁੰਡੇ-ਖੁੰਡੇ ਆਉਣਗੇ। ਨਾਲ ਕੋਈ ਬਜ਼ੁਰਗ ਨ੍ਹੀਂ ਆਉਣਾ ਚਾਹੀਦਾ। ਮੁੰਡੇ ਵਾਲੇ ਮੰਨ ਗਏ। ਕੁੜੀ ਵਾਲੇ ਸੁਹਾਰਾ ਦੇ ਗਏ। ਵਿਆਹ ਦਾ ਦਿਨ ਰੱਖ ਲਿਆ। ਸਿਆਣਿਆਂ ਨੇ ਦੂਰ ਦੀ ਸੋਚੀ। ਦਾਲ 'ਚ ਕੁਸ਼ ਕਾਲਾ-ਕਾਲਾ ਲੱਗਾ। ਜਨੇਤ ਜਾਣ ਲਗੀ ਤਾਂ ਉਨ੍ਹਾਂ ਬਰੀ ਵਾਲੇ ਟਰੰਕ 'ਚ ਮੁੰਡੇ ਦੇ ਤਾਏ ਨੂੰ ਪਾ ਲਿਆ। ਲਉ ਜੀ-ਜਨੇਤ ਜਾ ਪਹੁੰਚੀ। ਉਦੋਂ ਜਨੇਤ ਨੂੰ ਤਿੰਨ ਦਿਨ ਰੱਖਦੇ ਸੀ। ਦੂਜੇ ਦਿਨ ਕੁੜੀ ਵਾਲਿਆਂ ਨੇ ਇਕ ਸ਼ਰਤ ਰੱਖ ਦਿੱਤੀ ਕਿ ਉਹ ਲਾਵਾਂ ਉਦੋਂ ਹੀ ਦੇਣਗੇ ਜਦੋਂ ਮੁੰਡੇ ਰੇਤ ਦੀ ਕੰਧ ਉਸਾਰਨਗੇ। ਪੈ ਗਈ ਪਾਸੂੜੀ। ਰੇਤ ਦੀ ਕੰਧ ਕਿਦਾਂ ਉਸਾਰੀ ਜਾਵੇ। ਮੁੰਡੇ ਨੇ ਬਰੀ ਵਾਲੇ ਟਰੰਕ ਕੋਲ ਬੈਠ ਕੇ ਆਪਣੇ ਤਾਏ ਨੂੰ ਸਾਰੀ ਗੱਲ ਦੱਸੀ। ਤਾਇਆ ਬੜਾ ਸਮਝਦਾਰ ਸੀ। ਉਹਨੇ ਕਿਹਾ ਕਿ ਇਹ ਕਿਹੜੀ ਵੱਡੀ ਗੱਲ ਆ। ਤੁਸੀਂ ਉਨ੍ਹਾਂ ਨੂੰ ਕਹੋ ਕਿ ਉਹ ਛਾਨਣੀ 'ਚ ਪਾਣੀ ਲਈ ਆਉਣ। ਉਹ ਇਸੇ ਪਾਣੀ ਨਾਲ ਰੇਤ ਦੀ ਘਾਣ੍ਹੀ ਕਰਨਗੇ ਤੇ ਰੇਤ ਦੀ ਕੰਧ ਖੜੀ ਕਰਨਗੇ। ਇਹ ਨੂੰ ਕਹਿੰਦੇ ਆ ਬਜ਼ੁਰਗਾਂ ਦੀ ਸਿਆਣਪ। ਨਾ ਛਾਨਣੀ 'ਚ ਪਾਣੀ ਆਵੇ ਤੇ ਨਾ ਹੀ ਕੰਧ ਕਰਨ ਦੀ ਲੋੜ ਪਵੇ।"

ਪ੍ਰੀਆ ਨੇ ਉਨ੍ਹਾਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ ਸਨ।

ਮਹਿੰਦਰ ਨੇ ਇਹ ਕਹਾਣੀ ਸੁਣਾਈ ਸੀ, "ਮੇਰੇ ਇਕ ਮਾਸੜ ਸੀ ਕੈਨੇਡਾ ਰਹਿੰਦੇ ਆਪਣੇ ਨੌਂਹ-ਪੁੱਤ ਕੋਲ ਗਏ। ਨੌਂਹ-ਪੁੱਤ ਕੋਲ ਇਕੋ ਕਮਰਾ ਸੀ। ਉਨ੍ਹਾਂ ਆਪਣੇ ਡੈਡੀ ਲਈ ਗੈਰਜ ਕਿਰਾਏ 'ਤੇ ਲੈ ਲਈ ਪਰ ਉਨ੍ਹਾਂ ਨੂੰ ਇਕੱਲਤਾ ਮਹਿਸੂਸ ਨਾ ਹੋਣ ਦਿੱਤੀ। ਸਵੇਰ ਨੂੰ ਕੰਮ 'ਤੇ ਜਾਣ ਲੱਗਿਆਂ ਪੁੱਤ ਆਪਣੇ ਡੈਡੀ ਨੂੰ ਉਠਾਲਦਾ। ਚਾਹ ਦਾ ਗਿਲਾਸ ਤੇ ਦੋ ਬਰੈਡ-ਪੀਸ ਖਾਣ ਨੂੰ ਦਿੰਦਾ। ਦੋ ਕੁ ਘੰਟਿਆਂ ਬਾਅਦ ਨੌਂਹ ਨੇ ਕੰਮ 'ਤੇ ਜਾਣਾ ਹੁੰਦਾ ਸੀ। ਉਹ ਉਨ੍ਹਾਂ ਦਾ ਨਾਸ਼ਤਾ ਤਿਆਰ ਕਰ ਦਿੰਦੀ। ਕੋਲ ਬੈਠ ਕੇ ਉਨ੍ਹਾਂ ਨੂੰ ਖਵਾਉਂਦੀ-ਨਾਲੇ ਆਪ ਖਾਂਦੀ। ਪੁੱਤ ਦਾ ਲੰਚ ਟਾਈਮ ਹੁੰਦਾ ਤਾਂ ਉਹ ਆਪਣੇ ਡੈਡੀ ਨੂੰ ਫੋਨ ਕਰਕੇ ਯਾਦ ਕਰਾਉਂਦਾ ਕਿ ਉਨ੍ਹਾਂ ਨੇ ਫਲਾਣੀ ਟੈਬਲਿਟ ਲੈਣੀ ਆ। ਲੈ ਲਈ ਹੈ ਜਾਂ ਨਹੀਂ। ਫੇਰ ਨੌਂਹ ਦਾ ਫੋਨ ਆ ਜਾਂਦਾ ਕਿ ਡੈਡੀ ਜੀ ਚਾਹ ਬਣਾ ਕੇ ਪੀ ਲਿਉ। ਸ਼ਾਮ ਨੂੰ ਪੁੱਤ ਕੰਮ ਤੋਂ ਆ ਕੇ ਆਪਣੇ ਡੈਡੀ ਕੋਲ ਬੈਠਦਾ। ਦਿਨ ਦੀਆਂ ਹੋਈਆਂ-ਬੀਤੀਆਂ ਦੱਸਦਾ। ਦੋਵੇਂ ਪਿਉ-ਪੁੱਤ ਚਾਹ ਪੀਂਦੇ। ਨੌਂਹ ਆ ਜਾਂਦੀ। ਉਹ ਰਾਤ ਦਾ ਖਾਣਾ ਬਣਾਉਂਦੀ। ਪਿਉ-ਪੁੱਤ ਦੋ-ਦੋ ਪੈੱਗ ਲਾਉਂਦੇ। ਪਿੰਡ ਦੀਆਂ ਯਾਦਾਂ ਸਾਂਝੀਆਂ ਕਰਦੇ। ਤਿੰਨੇ ਜਣੇ ਇਕੱਠੇ ਬੈਠ ਕੇ ਰੋਟੀ ਖਾਂਦੇ। ਪੁੱਤ ਪਿਉ ਨੂੰ ਗੈਰਜ 'ਚ ਛੱਡ ਆਉਂਦਾ। ਉਨ੍ਹਾਂ ਦੀ ਰਜਾਈ ਨੂੰ ਤਿੰਨਾਂ ਪਾਸਿਆਂ ਤੋਂ ਘੁੱਟ ਦਿੰਦਾ ਤੇ ਗੁਡ ਨਾਈਟ ਕਹਿ ਕੇ ਆਪਣੇ ਕਮਰੇ 'ਚ ਆ ਜਾਂਦਾ। ਮਾਸੜ ਜੀ ਨੂੰ ਕਦੇ ਇਕੱਲਤਾ ਮਹਿਸੂਸ ਹੀ ਨਾ ਹੁੰਦੀ.....।"

"ਮੈਂ ਇਹੀ ਕੁਸ਼ ਆਪਣੇ ਬੱਚਿਆਂ ਨੂੰ ਸਿਖਾਉਣਾ ਚਾਹੁੰਦੀ ਆਂ। ਉਹ ਤਾਂ ਹੀ ਸਿੱਖ ਸਕਣਗੇ ਕਿ ਜੇ ਉਹ ਇਥੇ ਆ ਕੇ ਰਹਿਣਗੇ....," ਪ੍ਰੀਆ ਨੇ ਕਿਹਾ ਸੀ।

"ਤੁਹਾਡੇ ਬੱਚੇ ਕਿਹੜੀਆਂ ਕਲਾਸਾਂ 'ਚ ਪੜ੍ਹਦੇ ਆ ?" ਮੈਂ ਗੱਲਾਂ ਦੀ ਲੜੀ ਜੋੜਣ ਲਈ

ਪੁੱਛਿਆ ਸੀ।

"ਦੋਵੇਂ ਟੈਂਥ ਤੇ ਏਠਤ ਗਰੇਡ 'ਚ ਆ। ਦੋ ਮਹੀਨਿਆਂ ਬਾਅਦ ਉਨ੍ਹਾਂ ਦੇ ਐਗਜ਼ਾਮ ਹੋ ਜਾਣੇ ਆ।"

"ਇਥੇ ਆਉਣ ਨਾਲ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਨ੍ਹੀਂ ਹੋਊਗਾ ?"

"ਕੋਈ ਖਾਸ ਨ੍ਹੀਂ।"

"ਮੈਨੂੰ ਲਗਦਾ-ਤੁਹਾਡੇ ਬੱਚੇ ਪੱਛੜ ਜਾਣਗੇ।"

"ਨ੍ਹੀਂ-ਐਦਾਂ ਨ੍ਹੀਂ ਹੁੰਦਾ।"

"ਪਰ ਸਾਡੇ ਬੱਚੇ ਤਾਂ ਪਿੰਡਾਂ, ਸ਼ਹਿਰਾਂ 'ਚੋਂ ਚੰਡੀਗੜ੍ਹ ਤੇ ਹੋਰ ਵੱਡੇ ਸ਼ਹਿਰਾਂ 'ਚ ਪੜ੍ਹਣ ਜਾਂਦੇ ਆ। ਉਹ ਸ਼ਹਿਰੀ ਹੋਣਾ ਚਾਹੁੰਦੇ ਆ। ਉਥੋਂ ਦੂਜੇ ਮੁਲਕਾਂ 'ਚ ਹਾਇਰ ਐਜੂਕੇਸ਼ਨ ਲਈ ਨਿਕਲਦੇ ਆ।'"

"ਅਸੀਂ ਸਾਰੇ ਪੱਖਾਂ ਬਾਰੇ ਸੋਚਿਆ। ਚੰਡੀਗੜ੍ਹ ਤੇ ਪੰਚਕੂਲੇ ਦੇ ਸਕੂਲਾਂ, ਕਾਲਜਾਂ ਦੇ ਡਿਟੇਲ ਲਏ ਆ। ਹੁਣ ਇਥੋਂ ਦੀ ਐਜੂਕੇਸ਼ਨ ਪਹਿਲਾਂ ਨਾਲੋਂ ਕਿਤੇ ਵਧੀਆ।"

"ਇਕ ਗੱਲ ਹੋਰ ਵੀ ਆ ਪ੍ਰੀਆ।"

"ਕਿਹੜੀ ?"

"ਇਥੋਂ ਦੇ ਬੱਚੇ ਖਾਸ ਤਰ੍ਹਾਂ ਦੀਆਂ ਖੁੱਲ੍ਹਾਂ ਲੈਂਦੇ ਆ।"

"ਸਾਨੂੰ ਇਸ ਗੱਲ ਦਾ ਵੀ ਪਤਾ। ਇਥੇ ਪੜ੍ਹਦੇ ਬੱਚੇ ਅਮਰੀਕਾ ਨਾਲੋਂ ਵੀ ਅੱਗੇ ਆ। ਉਹ ਲੱਖ ਵਾਰੀ ਪੱਛਮ ਦੀ ਨਕਲ ਕਰ ਲੈਣ-ਪਰ ਉਹ ਈਸਟਰਨ ਹੀ ਰਹਿਣਗੇ।"

"ਤੁਸੀਂ ਮੇਰੀ ਗੱਲ ਨ੍ਹੀਂ ਸਮਝ ਰਹੇ।"

"ਤੁਸੀਂ ਵਰਜੀਨਿਟੀ ਬਾਰੇ ਕਹਿ ਰਹੇ ਹੋ। ਹੁਣ ਇਹ ਕੋਈ ਸਮੱਸਿਆ ਹੀ ਨ੍ਹੀਂ ਰਹੀ। ਜਦੋਂ ਸਮੱਸਿਆ ਹੀ ਨ੍ਹੀਂ ਰਹੀ ਤਾਂ ਉਸ ਬਾਰੇ ਕਾਸ ਦੀ ਚਿੰਤਾ।"

ਮਹਿੰਦਰ ਨੇ ਕਿਹਾ ਸੀ, "ਤੁਸੀਂ ਸਤਪਾਲ ਦੀ ਆਪ ਬੀਤੀ ਸੁਣੀ ਆ। ਪੁਲਿਸ ਸਾਡੀ ਰੱਖਿਆ ਲਈ ਹੁੰਦੀ ਆ। ਉਹ ਹੀ ਨਿੱਕੇ ਜਿਹੇ ਕੰਮ ਲਈ ਰਿਸ਼ਵਤ ਲੈਂਦੀ ਆ। ਤੁਹਾਨੂੰ ਇਨ੍ਹਾਂ ਗੱਲਾਂ ਨੂੰ ਵੀ ਫੇਸ ਕਰਨਾ ਪੈਣਾ।"

"ਮੈਂ ਇਥੋਂ ਹੀ ਗਈ ਹਾਂ....।"

"ਇਥੇ ਆਉਣ ਬਾਰੇ ਤੁਹਾਡੇ ਪੇਰੈਂਸਟ ਨੇ ਕੋਈ ਜ਼ੋਰ ਪਾਇਆ ਸੀ ?"

"ਬਹੁਤ ਹੀ ਜ਼ਿਆਦਾ। ਖਾਸ ਕਰਕੇ ਮੇਰੀ ਸੱਸ ਨੇ। ਉਹ ਕਈ ਗੱਲਾਂ 'ਚ ਸਾਡੇ ਨਾਲੋਂ ਸਿਆਣੇ ਆ। ਜਦੋਂ ਬੱਚੇ ਛੋਟੇ ਸੀ ਤਾਂ ਉਹ ਵਾਰ-ਵਾਰ ਕਹਿੰਦੇ ਰਹੇ ਕਿ ਸਾਨੂੰ ਦੋ ਸਾਲਾਂ ਬਾਅਦ ਇੰਡੀਆ ਗੇੜਾ ਮਾਰਣਾ ਚਾਹੀਦਾ ਆ। ਅਸੀਂ ਬੱਚਿਆਂ ਸਮੇਤ ਆਵਾਂਗੇ ਤਾਂ ਬੱਚਿਆਂ ਦਾ ਇਧਰ ਮੋਹ-ਪਿਆਰ ਪਵੇਗਾ। ਉਹ ਇਥੋਂ ਦੇ ਰਸਮ-ਰਿਵਾਜ਼ ਸਿੱਖਣਗੇ। ਆਪਣਿਆਂ ਬਾਰੇ ਜਾਨਣਗੇ। ਉਹ ਬੱਚਿਆਂ ਨੂੰ ਭਗਵਾਨ ਰਾਮਚੰਦਰ ਬਾਰੇ ਦੱਸਣਗੇ। ਸਰਵਨ ਦੀ ਕਹਾਣੀ ਸੁਣਾਉਣਗੇ ਕਿ ਕਿਦਾਂ ਉਹਨੇ ਆਪਣੇ ਅੰਨੇ ਮਾਂ-ਬਾਪ ਨੂੰ ਬਹਿੰਗੀ 'ਚ ਬੈਠਾ ਕੇ ਤੀਰਥਾਂ ਦੀ ਯਾਤਰਾ ਕਰਾਈ ਸੀ। ਪਰ ਕੰਮ ਨੇ ਸਾਡੀ ਮਤ ਮਾਰੀ ਰੱਖੀ। ਸਾਥੋਂ ਇਕ ਵਾਰ ਵੀ ਬੱਚਿਆਂ ਨਾਲ ਆਇਆ ਨਾ ਗਿਆ। ਬੱਚਿਆਂ ਵੱਲ ਵੀ ਬਹੁਤਾ ਧਿਆਨ ਨਾ ਦਿੱਤਾ ਗਿਆ। ਇਹ ਤਾਂ ਉਸ ਦਿਨ ਵਾਲੀ ਘਟਨਾ ਨੇ ਸਾਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ।"

"ਕਿਹੜੀ ਘਟਨਾ ?" ਮੈਂ ਪੁੱਛਿਆ ਸੀ।

"ਮਨੋਜ ਦੇ ਸਕੂਲ 'ਚ ਛੁੱਟੀਆਂ ਸੀ। ਮੈਂ ਸਵੇਰੇ ਤੇ ਸ਼ਾਮ ਨੂੰ ਟੈਲੀਵਿਜ਼ਨ 'ਤੇ ਦੋ ਵੇਲੇ



ਪਾਠ ਸੁਣਦੀ ਆਂ। ਇਹ ਮੇਰਾ ਨੇਤ-ਨੇਮ ਆ। ਇਕ ਦਿਨ ਮਨੋਜ ਕਹਿਣ ਲੱਗਾ ਕਿ 'ਮੰਮਾ ਆਹ ਜਿਹੜੀਆਂ ਰੋਜ਼-ਰੋਜ਼ ਇਕੋ ਜਿਹੀਆਂ ਗੱਲਾਂ ਤੇ ਭਾਸ਼ਾ ਬੋਲ ਰਹੇ ਆ-ਇਹ ਇਕੋ ਵਾਰ ਨ੍ਹੀਂ ਦਸ ਸਕਦੇ।' ਸੁਣਦਿਆਂ ਸਾਰ ਮੇਰਾ ਸਿਰ ਘੁੰਮ ਗਿਆ। ਮੈਂ ਉਹਨੂੰ ਧਰਮ ਦੀਆਂ ਮੌਰਲ ਵੱਲਿਯੂ ਸਿਖਾਉਣ ਲੱਗੀ। ਸੈਲਫ ਬਾਰੇ ਦੱਸਿਆ। ਪਰ ਉਸ ਮੇਰੀਆਂ ਗੱਲਾਂ ਵੱਲ ਕੋਈ ਧਿਆਨ ਹੀ ਨਾ ਦਿੱਤਾ। ਬੰਦਾ ਧਰਮ ਬਿਨਾਂ ਤਾਂ ਕੁਸ਼ ਨ੍ਹੀਂ ਹੋ ਸਕਦਾ। ਇਹ ਧਰਮ ਹੀ ਤਾਂ ਹੁੰਦਾ ਆ ਜਿਹੜਾ ਸਾਨੂੰ ਡਸਿਪਲਨ 'ਚ ਰਹਿਣਾ ਸਿਖਾਉਂਦਾ।"

"ਮੈਨੂੰ ਇਹ ਗੱਲ ਵੱਡੀ ਨ੍ਹੀਂ ਲਗਦੀ।"

"ਤੁਸੀਂ ਹਰ ਗੱਲ ਫਾਈਨੈਨਸ਼ੀਅਲ ਪਵਾਈਂਟ ਆਫ ਵਿਊ ਨਾਲ ਸੋਚਦੇ ਹੋ। ਇਕ ਵਾਰੀ ਮਨੋਜ ਦੇ ਸਕੂਲ 'ਚ ਛੁੱਟੀਆਂ ਸਨ। ਉਹ ਨੇ ਕੁਝ ਦਿਨ ਰੋਡ 'ਤੇ ਕਾਰ-ਵਾਸ਼ਿੰਗ ਕੀਤੀਆਂ। ਪਹਿਲੇ ਦਿਨ ਉਹ ਤੀਹ ਡਾਲਰ ਕਮਾ ਕੇ ਲਿਆਇਆ। ਮੈਂ ਉਹਨੂੰ ਕਿਹਾ ਕਿ ਇਹ ਉਸ ਦੀ ਪਹਿਲੀ ਕਮਾਈ ਆ। ਪੰਜ ਡਾਲਰ ਮੈਨੂੰ ਦੇ ਦੇਵੇ। ਮੈਂ ਇਹ ਪੈਸੇ ਚਿੰਤਪੁਰਣੀ ਵਾਲੀ ਮਾਤਾ ਜੀ ਦੇ ਚੜ੍ਹਾਉਣ ਲਈ ਇੰਡੀਆ ਭੇਜ ਦੇਵਾਂਗੀ। ਅੱਗੋਂ ਉਹ ਮੈਨੂੰ ਟੁੱਟ ਕੇ ਪੈ ਗਿਆ। ਕਹਿਣ ਲੱਗਾ ਕਿ ਇਹ ਉਸ ਨੇ ਕਮਾਏ ਆ-ਉਹ ਆਪਣੀ ਮਰਜ਼ੀ ਨਾਲ ਹੀ ਖਰਚੇਗਾ। ਉਸ ਰਾਤ ਨੂੰ ਮੈਨੂੰ ਨੀਂਦ ਨ੍ਹੀਂ ਆਈ ਸੀ।"

ਕੁਝ ਪਲਾਂ ਲਈ ਸਾਡੇ 'ਚ ਚੁੱਪ ਰਹੀ ਸੀ।

"ਮੇਰੇ ਲਈ ਵੱਡੀ ਪ੍ਰਾਬਲਮ ਖੜੀ ਹੋ ਗਈ ਸੀ। ਮੈਂ ਇਹ ਗੱਲ ਆਪਣੀ ਸੱਸ ਨੂੰ ਦੱਸੀ ਸੀ। ਉਹ ਕਹਿੰਦੇ ਕਿ ਬੱਚਿਆਂ ਲਈ ਇਹ ਦੋ ਸਾਲ ਬੜੇ ਖਤਰਨਾਕ ਹੁੰਦੇ ਆ। ਇਥੋਂ ਹੀ ਬੱਚੇ ਵਿਗੜਦੇ ਆ। ਇਥੋਂ ਹੀ ਉਨ੍ਹਾਂ ਨੂੰ ਕੁਸ਼ ਬਣਾਇਆ ਜਾ ਸਕਦਾ। ਸਿਖਾਇਆ ਤੇ ਸਮਝਾਇਆ ਜਾ ਸਕਦਾ ਆ। ਸਾਨੂੰ ਉਨ੍ਹਾਂ ਦੀ ਗੱਲ ਹਨਡਰਡ ਪਰਸੈਂਟ ਠੀਕ ਲਗੀ।.... ਸਾਨੂੰ ਬੱਚਿਆਂ ਦੀ ਬਹੁਤ ਹੀ ਜ਼ਿਆਦਾ ਚਿੰਤਾ ਆ।"

ਮਹਿੰਦਰ ਨੇ ਕਿਹਾ ਸੀ, "ਤੁਸੀਂ ਅਮਰੀਕਾ 'ਚ ਰਹਿੰਦੇ ਹੋ। ਦੁਨੀਆਂ ਦਾ ਅਮੀਰ ਮੁਲਕ। ਸਾਰੀ ਦੁਨੀਆਂ 'ਤੇ ਇਸ ਦਾ ਰਾਜ ਆ....।"

"ਤੁਸੀਂ ਆਪਣੇ ਬੱਚਿਆਂ ਨੂੰ ਫਸਟ ਪਰੈਫਰੈਂਸ਼ ਦਿੰਦੇ ਹੋ ਕਿ ਨ੍ਹੀਂ ?" ਉਹ ਖਿਝ ਜਿਹੀ ਨਾਲ ਬੋਲੀ ਸੀ।

"ਦਿੰਦਾ ਆਂ।"

"ਭਾਈ ਸਾਹਿਬ, ਪੈਸਾ ਹੀ ਸਭ ਕੁਸ਼ ਨ੍ਹੀਂ ਹੁੰਦਾ। ਤੁਸੀਂ ਉਨ੍ਹਾਂ ਲਈ ਆਪਣੀਆਂ ਸਧਰਾਂ ਦੀ ਕੁਰਬਾਨੀ ਕਰਦੇ ਹੋ ਕਿ ਨ੍ਹੀਂ ?"

"ਕਰਦਾ ਆਂ।"

"ਫੇਰ ਅਸੀਂ ਵੀ ਕੁਰਬਾਨੀ ਦੇ ਰਹੇ ਆਂ। ....ਸਿਰਫ਼ ਕੁਸ਼ ਸਾਲਾਂ ਲਈ।...ਤਿੰਨ ਸ਼ਬਦ ਆ। ਬੜੇ ਮੀਨਿੰਗਫੁਲ। ਸੈਲਫ। ਸਿਸਟਮ। ਮੌਰਲ ਵਿਲਯੂ। ਸੈਲਫ ਤੇ ਸਿਸਟਮ 'ਚ ਰਵ੍ਹਾਂਦਾਰੀ ਕਾਇਮ ਕਰਕੇ ਕੋਈ ਬੰਦਾ ਬਹੁਤ ਕੁਸ਼ ਪ੍ਰਾਪਤ ਕਰ ਲੈਂਦਾ। ਚਾਹਿਆ ਵੀ। ਅਣਚਾਹਿਆ ਵੀ। ਪਰ ਅਸਲੀ ਰਵ੍ਹਾਂਦਾਰੀ ਤਾਂ ਸੈਲਫ ਤੇ ਮੌਰਲ ਵਿਲਯੂ 'ਚ ਪੈ ਕੇ ਆਉਂਦੀ ਆ...ਜਦੋਂ ਕਦੇ ਸਮਾਂ ਮਿਲਿਆ ਤਾਂ ਇਸ ਸੱਚ ਬਾਰੇ ਸੋਚਣਾ....ਸਾਨੂੰ ਇਹੀ ਕੁਸ਼ ਸਿਖਾਇਆ ਗਿਆ.....ਮੈਂ ਇੰਡੀਆ 'ਚ ਦੋ ਸਾਲ ਰਹਿ ਕੇ ਆਪਣੇ ਬੱਚਿਆਂ ਨੂੰ ਵੀ ਇਹੀ ਕੁਸ਼ ਸਿਖਾਉਣਾ ਚਾਹੁਣੀ ਆਂ.....।"

# ਦਾਇਰੇ/ਸੁਰਿੰਦਰ ਨੀਰ

ਬਾਹਰਲੇ ਗੇਟ ਉੱਤੇ ਕੋਈ ਘੰਟੀ ਵਜਾ ਰਿਹਾ ਹੈ। ਆਪ ਹੀ ਉੱਠ ਕੇ ਦੇਖਣਾ ਪਵੇਗਾ। ਹਰ ਕੰਮ ਆਪੇ ਕਰਨ ਦਾ ਝੱਲ ਵੀ ਤਾਂ ਮੈਂ ਆਪ ਹੀ ਪਾਲ ਰੱਖਿਆ ਹੋਇਆ ਹੈ। ਵਰਨਾ ਇਸੇ ਘਰ ਵਿਚ ਦੋ ਸਾਲ ਪਹਿਲਾਂ ਦੋ ਦੋ ਨੌਕਰ ਹੁੰਦੇ ਸਨ। ਮਾਲੀ ਵੱਖਰਾ। ਅੱਜ ਘਰ ਤਾਂ ਉਹੀ ਹੈ ਪਰ ਹੁਣ ਇਥੇ ਮੇਰੇ ਅਤੇ ਮੇਰੀ ਨਿੱਜਤਾ ਤੋਂ ਇਲਾਵਾ ਹੋਰ ਕੋਈ ਨਹੀਂ।

ਘੰਟੀ ਮੁੜ ਵੱਜ ਰਹੀ ਹੈ। ਮੈਨੂੰ ਇਨ੍ਹਾਂ ਬੇਵਜ੍ਹਾ ਆ ਜਾਣ ਵਾਲੇ ਲੋਕਾਂ ਉੱਤੇ ਹਮੇਸ਼ਾ ਖਿਝ ਚੜ੍ਹ ਜਾਂਦੀ ਹੈ। ਕਿਉਂ ਆ ਜਾਂਦੇ ਨੇ ਇਹ ਅਣਚਾਹੇ ਜਹੇ ਲੋਕ ਕਿਸੇ ਦੀ ਜ਼ਿੰਦਗੀ ਵਿਚ ਖਲਲ ਪਾਣ ਲਈ।

ਪਰ ਦਰਵਾਜ਼ਾ ਤਾਂ ਖੋਹਲਣਾ ਹੀ ਪਵੇਗਾ। ਬੇਦਿਲਿਆਂ ਜਹੇ ਮੈਂ ਕਮਰੇ 'ਚੋਂ ਨਿਕਲਦਾ ਹਾਂ। ਬਾਹਰ ਕਲ੍ਹ ਤੋਂ ਹੋ ਰਹੀ ਨਿੱਕੀ-ਨਿੱਕੀ ਬਾਰਸ਼ ਕਾਰਨ ਸਭ ਕੁਝ ਭਿੱਜਿਆ ਪਿਆ ਹੈ। ਖਾਸ ਤੌਰ 'ਤੇ ਵਿਹੜੇ ਵਿਚ ਹਰ ਪਾਸੇ ਉੱਗ ਆਇਆ ਇਹ ਬੇਤਹਾਸ਼ਾ ਘਾਹ। ਇਸੇ ਨੂੰ ਕੱਟਣ, ਸੰਵਾਰਨ ਅਤੇ ਫੁੱਲਾਂ ਬੂਟਿਆਂ ਦੀ ਦੇਖ ਭਾਲ ਕਰਨ ਲਈ ਮਾਲੀ ਪਹਿਲਾਂ ਸਵੇਰ ਤੋਂ ਸ਼ਾਮ ਤੱਕ ਰੁਝਿਆ ਰਹਿੰਦਾ ਸੀ ਪਰ ਹੁਣ ਉਹ ਵੀ ਹਫਤੇ ਦੋ ਹਫਤਿਆਂ ਬਾਅਦ ਗੇੜਾ ਮਾਰ ਕੰਮ ਸਾਰ ਜਾਂਦਾ ਹੈ।

ਲਾਅਨ ਵੱਲੋਂ ਨਜ਼ਰ ਹਟਾ ਮੈਂ ਮੁੜ ਗੇਟ ਵੱਲ ਵੇਖਦਾ ਹਾਂ। ਕੌਣ ਹੋ ਸਕਦਾ ਹੈ ਬਾਹਰ ? ਦੋਸਤਾਂ ਦਾ ਘੇਰਾ ਕੋਈ ਬਹੁਤਾ ਵੱਡਾ ਨਹੀਂ ਮੇਰਾ। ਇਕ ਦੋ ਹੀ ਕਰੀਬੀ ਦੋਸਤ ਨੇ। ਉਨ੍ਹਾਂ ਨੇ ਵੀ ਕਦੀ ਮਗਰ ਆਣਾ ਹੋਵੇ ਤਾਂ ਪਹਿਲਾਂ ਫੋਨ ਕਰ ਦੇਂਦੇ ਨੇ। ਫਿਰ... ? ਸ਼ਾਇਦ ਪੋਸਟਮੈਨ ਜਾਂ ਧੋਬੀ ਹੋਵੇ। ਪਰ ਪਤਾ ਨਹੀਂ ਕਿਵੇਂ ਅਚਾਨਕ ਇਕ ਅਵੱਲਾ ਜਿਹਾ ਖਿਆਲ ਮਨ ਦੇ ਕਿਸੇ ਹਨ੍ਹੇਰੇ ਕੋਨੇ 'ਚੋਂ ਟਪੂਸੀ ਮਾਰ ਜ਼ਿਹਨ ਨੂੰ ਝੰਜੋੜ ਜਾਂਦਾ ਹੈ।

'ਕਿਤੇ ਦੀਪੀ ਤਾਂ ਨਹੀਂ ?'

ਅਚਾਨਕ ਇਕ ਗੋਲ ਜਿਹਾ ਪੱਥਰ ਮੇਰੇ ਪੈਰ ਹੇਠ ਆ ਜਾਣ ਕਾਰਨ ਮੇਰਾ ਤਵਾਜ਼ੁਨ ਵਿਗੜ ਗਿਆ ਹੈ ਤੇ ਮੈਂ ਲੜਖੜਾ ਕੇ ਸੱਜੇ ਹੱਥ ਅਮਰੂਦ ਦੇ ਰੁਖ ਨਾਲ ਜਾ ਟਕਰਾਇਆ ਹਾਂ। ਦਰਵਾਜ਼ੇ ਉੱਤੇ ਹੁਣ ਦਸਤਕ ਹੋ ਰਹੀ ਹੈ। "ਹਾਂ.....ਆਂ....ਆ ਰਿਹਾ ਹਾਂ। ਜ਼ਰਾ ਸਬਰ ਤਾਂ ਕਰੋ।" ਮਨ ਹੀ ਮਨ ਖਿਝਦਾ ਹੋਇਆ ਮੈਂ ਮੇਨ ਗੇਟ ਖੋਲ੍ਹ ਦੇਂਦਾ ਹਾਂ।

ਪਰ ਅਗਲੇ ਹੀ ਪਲ ਮੇਰੇ ਚਿਹਰੇ ਉੱਤੇ ਅੰਤਾਂ ਦੀ ਹੈਰਾਨੀ ਆ ਜਾਂਦੀ ਹੈ। ਸਾਹਮਣੇ, ਸਾਦਾ ਜਿਹੇ ਕੱਪੜਿਆਂ ਵਿਚ, ਮੋਢੇ ਉੱਤੇ ਬੈਗ ਲਟਕਾਈ ਕੋਈ ਕੁੜੀ ਖੜੀ ਹੈ। 'ਸਰ ਮੈਂ ਪ੍ਰਸ਼ੰਸਾ' ਉਹ ਹੱਥ ਜੋੜਦੀ ਬੋਲਦੀ ਹੈ। ਉਸਦੀ ਆਵਾਜ਼ ਵਿਚ ਬੜਾ ਆਤਮ ਵਿਸ਼ਵਾਸ ਜਿਹਾ ਝਲਕਦਾ ਹੈ।

"ਪ੍ਰਸ਼ੰਸਾ ?" ਮੈਂ ਹੈਰਾਨ ਹੁੰਦਾ ਹਾਂ। ਪਹਿਲਾਂ ਕਦੀ ਨਹੀਂ ਵੇਖਿਆ ਇਸ ਕੁੜੀ ਨੂੰ।

"ਸਰ ਮੈਂ ਯੂਨੀਵਰਸਿਟੀ ਵਿਚ ਐਮ. ਫਿਲ ਕਰ ਰਹੀ ਹਾਂ। ਥੀਸਿਜ਼ ਲਈ ਮੈਨੂੰ ਇਹ ਨਾਵਲ ਮਿਲਿਆ ਹੈ। ਮੈਂ ਸੋਚਿਆ ਜੇ ਤੁਸੀਂ ਮੈਨੂੰ ਥੋੜ੍ਹਾ ਗਾਈਡ ਕਰ ਸਕੋ ਤਾਂ....।"

ਉਸਦੇ ਹੱਥਾਂ ਵਿਚ ਮੇਰਾ ਹੀ ਲਿਖਿਆ ਨਾਵਲ 'ਮੁਕਤੀ' ਹੈ। ਮੈਨੂੰ ਖ਼ੁਸ਼ੀ ਹੁੰਦੀ ਹੈ ਕਿ ਯੂਨੀਵਰਸਿਟੀ ਨੇ ਤਿੰਨ ਸਾਲ ਪਹਿਲਾਂ ਛਪੇ ਮੇਰੇ ਨਾਵਲ ਨੂੰ ਥੀਸਿਜ਼ ਲਈ ਵਿਦਿਆਰਥੀਆਂ ਨੂੰ ਦੇ ਵੀ ਦਿੱਤਾ। ਪਰ ਨਾਲ ਹੀ ਨਾਲ ਮੈਨੂੰ ਥੋੜ੍ਹੀ ਹਿਚਕਿਚਾਹਟ ਜਹੀ ਵੀ ਹੋ ਰਹੀ ਹੈ। ਦਰਅਸਲ ਮੈਂ ਭਾਵੇਂ ਕਿੰਨਾ ਵੀ ਵਧੀਆ ਕਹਾਣੀਕਾਰ ਜਾਂ ਨਾਵਲਕਾਰ ਮੰਨਿਆ ਜਾਂਦਾ ਹੋਵਾਂ ਪਰ ਮੈਂ ਸਮੀਖਿਅਕ ਜਾਂ ਚੰਗਾ ਬੁਲਾਰਾ ਕਦੀ ਨਹੀਂ ਬਣ ਸਕਿਆ। ਮੈਂ ਕਿਸੇ ਵੀ ਰਚਨਾ ਉੱਤੇ ਖੁੱਲ੍ਹ ਕੇ ਆਪਣੇ ਵਿਚਾਰ



ਪੇਸ਼ ਨਹੀਂ ਕਰ ਸਕਦਾ। ਕਿਸੇ ਹੋਰ ਦੀ ਰਚਨਾ ਉੱਤੇ ਤਾਂ ਕੀ ਆਪਣੀ ਲਿਖੀ ਹੋਈ ਉੱਤੇ ਵੀ ਨਹੀਂ। ਮੈਂ ਲਿਖ ਸਕਦਾ ਹਾਂ ਪਰ ਟਿੱਪਣੀ ਨਹੀਂ ਦੇ ਸਕਦਾ। ਪਰ ਪ੍ਰਸ਼ੰਸਾ, ਜੋਕਿ ਮੇਰਾ ਹੀ ਨਾਵਲ ਚੁੱਕ ਲਿਆਈ ਹੈ, ਸ਼ਾਇਦ ਮੇਰੀ ਸਥਿਤੀ ਬਿਲਕੁਲ ਨਾ ਸਮਝ ਸਕੇ। ਉਹ ਮੇਰੀ ਕਮਜ਼ੋਰੀ ਨੂੰ ਹੋ ਸਕਦਾ ਹੈ, ਮੇਰਾ ਐਟੀਟਿਊਡ ਸਮਝੇ। "ਹਾਂ, ਹਾਂ, ਕਿਉਂ ਨਹੀਂ ਮਿਸ ਪ੍ਰਸ਼ੰਸਾ। ਆਓ ਆਓ। ਅੰਦਰ ਆ ਜਾਓ।" ਮੈਂ ਉਸਨੂੰ ਅੰਦਰ ਆਉਣ ਦਾ ਰਸਤਾ ਦੇ ਕੇ ਆਪ ਮੁੜ ਗੇਟ ਬੰਦ ਕਰ ਦੇਂਦਾ ਹਾਂ। ਉਸਦੇ ਨਾਲ ਤੁਰਦਿਆਂ ਵੇਖ ਆਲੇ ਦੁਆਲੇ ਉਗਿਆ ਘਾਹ ਹੈਰਾਨੀ ਨਾਲ ਸਿਰ ਚੁੱਕ ਕੇ ਮੈਨੂੰ ਵੇਖ ਰਿਹਾ ਪ੍ਰਤੀਤ ਹੁੰਦਾ ਹੈ।

ਇਸ ਘਰ ਵਿਚ ਮੈਂ ਇਕੱਲਾ ਹੀ ਰਹਿੰਦਾ ਹਾਂ। ਪ੍ਰਸ਼ੰਸਾ ਦੇ ਆਣ 'ਤੇ ਮੈਨੂੰ ਇਸ ਘਰ ਦੀ ਖਾਮੋਸ਼ੀ ਦਾ ਸ਼ਿੱਦਤ ਨਾਲ ਅਹਿਸਾਸ ਹੋਇਆ ਹੈ। ਉਹ ਇਧਰ ਉਧਰ ਅਲਮਾਰੀਆਂ ਵਿਚ ਰੱਖੀਆਂ ਕਿਤਾਬਾਂ ਉੱਤੇ ਉੱਡਦੀ ਜਹੀ ਨਜ਼ਰ ਮਾਰਦੀ ਸੋਫੇ ਉੱਤੇ ਸਿਮਟ ਕੇ ਬੈਠ ਗਈ ਹੈ।

"ਪਾਣੀ ਲਿਆਵਾਂ ?" ਮੈਂ ਟੇਬਲ, ਸੋਫੇ ਅਤੇ ਦੀਵਾਨ ਉੱਤੇ ਖਿਲਰੀਆਂ ਬੇਤਰਤੀਬ ਅਖ਼ਬਾਰਾਂ ਅਤੇ ਕਿਤਾਬਾਂ ਸਮੇਟਦਾ ਪੁੱਛਦਾ ਹਾਂ।

"ਸਰ ਮੈਂ ਆਪੇ ਲੈ ਲੈਂਦੀ ਹਾਂ।" ਆਖ ਕੇ ਉਹ ਬਿਨਾਂ ਮੇਰਾ ਜੁਆਬ ਉਡੀਕੇ ਕਿਚਨ ਵੱਲ ਚਲੀ ਜਾਂਦੀ ਹੈ। ਪਹਿਲੀ ਵਾਰ ਮਿਲਣ ਜਾਂ ਘਰ ਆਉਣ ਵਾਲੀ ਕੋਈ ਉਪਚਾਰਿਕਤਾ ਉਸਦੇ ਚਿਹਰੇ ਉੱਤੇ ਨਹੀਂ ਦਿੱਸਦੀ।

"ਲਓ ਸਰ।" ਟ੍ਰੇਅ ਮੇਰੇ ਸਾਹਮਣੇ ਕਰਦਿਆਂ ਉਹ ਸ਼ਾਲੀਨਤਾ ਨਾਲ ਮੁਸਕਰਾਉਂਦੀ ਹੈ। ਇਹੋ ਜਹੀ ਨਰਮ ਮੁਸਕਰਾਹਟ ਸੱਭਯ ਲੋਕਾਂ 'ਤੇ ਬਹੁਤ ਫੱਬਦੀ ਹੈ। ਪ੍ਰਸ਼ੰਸਾ ਵੀ ਬਹੁਤ ਫੱਬ ਰਹੀ ਹੈ ਆਪਣੇ ਸਾਦੇ ਲਿਬਾਸ ਵਿਚ। ਪਾਣੀ ਪੀ ਕੇ ਉਹ ਗਿਲਾਸ ਟੇਬਲ 'ਤੇ ਰੱਖ ਬੈਗ 'ਚੋਂ ਕਾਪੀ ਤੇ ਪੈੱਨ ਕੱਢ ਮੇਰੇ ਵੱਲ ਵੇਖਦੀ ਹੈ। ਮੈਂ ਵੀ ਉਸਦੇ ਸਾਹਮਣੇ ਆ ਬੈਠਾ ਹਾਂ। ਹਾਲਾਂਕਿ ਇਹ ਸਭ ਪਤਾ ਨਹੀਂ ਕਿਉਂ ਮੇਰੇ ਅੰਦਰ ਅਜੀਬ ਜਿਹੀ ਅਚਵੀ ਪੈਦਾ ਕਰ ਰਿਹਾ ਹੈ। ਪਰ ਮੈਂ ਆਪਣੇ ਆਪ 'ਤੇ ਕਾਬੂ ਪਾ ਪੁੱਛਦਾ ਹਾਂ, "ਹੁਣ ਦੱਸ ਮਿਸ ਪ੍ਰਸ਼ੰਸਾ। ਕੀ ਪੁੱਛਣਾ ਚਾਹੁੰਦੇ ਹੋ ਤੁਸੀਂ ਇਸ ਨਾਵਲ ਬਾਰੇ।"

ਮੈਂ ਜ਼ਰਾ ਰਿਲੈਕਸ ਜਿਹਾ ਹੋਣ ਦੀ ਕੋਸ਼ਿਸ਼ ਕਰਦਾ ਹਾਂ।

"ਪਹਿਲਾਂ ਤਾਂ ਇਹ ਜਾਣਨਾ ਚਾਹੁੰਦੀ ਹਾਂ ਕਿ ਸੱਤ ਸੌ ਚਾਲੀ ਸਫੇ ਦੇ ਨਾਵਲ ਦੀ ਇਸ ਥੀਮ ਨਾਲ ਕੀ ਤੁਸੀਂ ਸਚਮੁਚ ਇਤਫਾਕ ਰੱਖਦੇ ਹੋ ?"

ਪ੍ਰਸ਼ੰਸਾ ਦਾ ਸੁਆਲ ਮੈਨੂੰ ਉਲਝਣ ਵਿਚ ਪਾ ਜਾਂਦਾ ਹੈ। ਕੀ ਪੁੱਛਣਾ ਚਾਹੁੰਦੀ ਹੈ ਉਹ ਮੇਰੇ ਤੋਂ ? ਐਸੀ ਉਲਝਣ, ਸਾਹਿਤਕ ਗੋਸ਼ਟੀਆਂ ਵਿਚ ਮੀਡੀਆ ਦੇ ਇੰਟਰਵਿਊ ਦੌਰਾਨ ਜਾਂ ਪਾਠਕਾਂ ਦੇ ਸੁਆਲਾਂ ਜੁਆਬਾਂ ਦੇ ਚੱਕਰਵਿਯੂ ਵਿਚ ਘਿਰਿਆਂ ਮੈਨੂੰ ਅਕਸਰ ਘੇਰ ਲੈਂਦੀ ਹੈ। ਮੇਰਾ ਆਤਮ-ਵਿਸ਼ਵਾਸ ਮੇਰਾ ਸਾਥ ਛੱਡ ਜਾਂਦਾ ਹੈ। ਪਰ ਇਥੇ ਸੌਖੀ ਗੱਲ ਇਹ ਹੈ ਕਿ ਕਮਰੇ ਵਿਚ ਪ੍ਰਸ਼ੰਸਾ ਇਕੱਲੀ ਹੈ। ਲੋਕਾਂ ਦੀ ਕੋਈ ਭੀੜ ਨਹੀਂ। ਆਪਣੇ ਆਪ ਨੂੰ ਸਹਿਜ ਦਿਖਾਉਣ ਲਈ ਮੈਂ ਉਸ ਤੋਂ ਹੀ ਪੁੱਛ ਲੈਂਦਾ ਹਾਂ,

"ਕੀ ਤੁਸੀਂ ਆਪ ਇਹ ਨਾਵਲ ਪੂਰਾ ਪੜ੍ਹਿਆ ਹੈ ?"

"ਜੀ ਸਰ। ਮੈਂ ਥੀਸਿਜ਼ ਲਿਖਣ ਜਾ ਰਹੀ ਹਾਂ। ਇਸੇ ਕਰਕੇ ਇਕ ਇਕ ਲਫਜ਼ ਨੂੰ ਆਤਮਸ਼ਾਤ ਕਰਕੇ ਪੜ੍ਹਿਆ ਹੈ।"

"ਫਿਰ ਤੁਹਾਡੀ ਆਪਣੀ ਕੀ ਰਾਇ ਹੈ ਇਸ ਨਾਵਲ ਬਾਰੇ ?" ਮੈਂ ਚਲਾਕੀ ਜਹੀ ਕਰਕੇ ਉਸਤੋਂ ਹੀ ਸਭ ਕੁਝ ਜਾਣਨਾ ਚਾਹੁੰਦਾ ਹਾਂ।

"ਸਰ-ਮਗਰ ਇਕ ਲਾਇਨ ਵਿਚ ਮੈਨੂੰ ਆਪਣੀ ਗੱਲ ਕਹਿਣੀ ਹੋਵੇ ਤਾਂ ਮੈਂ ਇਹੀ ਕਹਿ

ਸਕਦੀ ਹਾਂ ਕਿ ਮੈਂ ਤੁਹਾਡੇ ਵਿਚਾਰਾਂ ਨਾਲ ਬਿਲਕੁਲ ਵੀ ਸਹਿਮਤ ਨਹੀਂ।"

ਮੈਂ ਹੈਰਾਨ ਹੋ ਕੇ ਉਸਦੇ ਆਤਮ-ਵਿਸ਼ਵਾਸ ਨੂੰ ਵੇਖਦਾ ਰਹਿ ਜਾਂਦਾ ਹਾਂ।"ਬਹੁਤ ਖੂਬ। ਇਹ ਹੋਈ ਨਾ ਗੱਲ। ਦੋ ਵਿਰੋਧੀ ਵਿਚਾਰਾਂ ਵਾਲੇ ਬੁੱਧੀਜੀਵੀ ਅਗਰ ਇਕੋ ਵਿਸ਼ੇ ਉੱਤੇ ਡਿਸਕਸ ਕਰਨ ਤਾਂ ਇਹ ਬਹੁਤ ਹੀ ਦਿਲਚਸਪ ਗੱਲ ਹੋਵੇਗੀ। ਸੋ ਮਿਸ ਪ੍ਰਸ਼ੰਸਾ ਮੈਂ ਤੁਹਾਡੇ ਵਿਚਾਰ ਜਾਣਨਾ ਚਾਹੁੰਦਾ ਹਾਂ।"

ਉਹ ਆਪਣੇ ਨੱਕ ਉੱਤੇ ਖਿਸਕ ਆਈ ਐਨਕ ਨੂੰ ਅੰਗੂਠੇ ਦੇ ਨਾਲ ਵਾਲੀ ਉਂਗਲੀ ਨਾਲ ਮੁੜ ਸਹੀ ਥਾਂ ਟਿਕਾਉਂਦਿਆਂ ਬੋਲਦੀ ਹੈ,

"ਸਰ ਮੈਂ ਸਮਝਦੀ ਹਾਂ ਕਿ ਹਜ਼ਾਰਾਂ ਸਾਲ ਪਹਿਲਾਂ ਵੀ ਇਨਸਾਨ ਦੀ ਮੁਕਤੀ ਦਾ ਮਾਰਗ ਅਤੇ ਨਿਰਵਾਣ ਦਾ ਮਾਧਿਅਮ ਸਿਰਫ਼ ਪ੍ਰੇਮ ਸੀ ਤੇ ਹਜ਼ਾਰਾਂ ਸਾਲ ਬਾਅਦ-ਯਾਨੀ ਕਿ ਅੱਜ ਵੀ ਮਨੁੱਖ ਦੀਆਂ ਸਭ ਕੁੰਠਾਵਾਂ, ਨਿਰਾਸਤਾਵਾਂ, ਭਟਕਣਾਵਾਂ ਅਤੇ ਬੇਚੈਨੀਆਂ ਦਾ ਸਮਾਧਾਨ ਸਿਰਫ ਰੂਹ ਦੀ ਤ੍ਰਿਪਤੀ ਹੈ ਜੋ ਕਿ ਪ੍ਰੇਮ ਦੁਆਰਾ ਹੀ ਸੰਭਵ ਹੈ।"

ਪ੍ਰਸ਼ੰਸਾ ਦੀ ਗੱਲ ਸੁਣ ਮੈਂ ਸੋਚਣ ਲੱਗ ਪੈਂਦਾ ਹਾਂ। ਜਿਸ ਪ੍ਰੇਮ ਨੂੰ ਉਹ ਮਨੁੱਖ ਦੀ ਮੁਕਤੀ ਦਾ ਮਾਰਗ ਸਮਝਦੀ ਹੈ ਉਸਨੂੰ ਦਰਅਸਲ ਮੈਂ ਮਨੁੱਖ ਦੀ ਸੂਖਮ ਢੰਗ ਤੋਂ ਵੱਡੀ ਗੁਲਾਮੀ ਸਮਝਦਾ ਹਾਂ। ਇਹ ਮੁਹੱਬਤ ਹੀ ਹੈ ਜਿਹੜੀ ਬੜੇ ਸੂਖਮ ਢੰਗ ਨਾਲ ਮਨੁੱਖ ਨੂੰ ਆਪਣੀ ਵਲਗਣ ਵਿਚ ਕੈਦ ਕਰਕੇ ਆਪਣੇ ਇਸ਼ਾਰਿਆਂ ਉੱਤੇ ਨਚਾਉਣ ਦਾ ਹੱਠ ਕਰਦੀ ਹੈ। ਪਰ ਮੈਂ ਆਪਣੀ ਗੱਲ ਕਹਿਣ ਤੋਂ ਪਹਿਲਾਂ ਜ਼ਰਾ ਵਿਸਥਾਰ ਨਾਲ ਉਸਦੇ ਵਿਚਾਰ ਸਮਝਣ ਦੀ ਗਰਜ਼ ਨਾਲ ਪੁੱਛਦਾ ਹਾਂ,

"ਤੁਸੀਂ ਕਿਸ ਪ੍ਰੇਮ ਦੀ ਗੱਲ ਕਰਦੇ ਹੋ ? ਪ੍ਰੇਮ ਦੀ ਜਾਂ ਮੁਹੱਬਤ ਦੀ ?"

"ਕੀ ਪ੍ਰੇਮ ਅਤੇ ਮੁਹੱਬਤ ਦੋ ਅਲਗ ਅਲਗ ਭਾਵਨਾਵਾਂ ਨੇ ?" ਉਹ ਐਨਕਾਂ ਵਿਚੋਂ ਹੀ ਮੇਰੀਆਂ ਅੱਖਾਂ ਵਿਚ ਝਾਕਦਿਆਂ ਪੁੱਛਦੀ ਹੈ। ਮੈਂ ਵੀ ਹੁਣ ਬਹੁਤ ਹੱਦ ਤੱਕ ਸਹਿਜ ਹੋ ਕੇ ਇਸ ਵਾਰਤਾਲਾਪ ਵਿਚ ਦਿਲਚਸਪੀ ਨਾਲ ਸ਼ਾਮਿਲ ਹੋ ਚੁੱਕਾ ਹਾਂ।

"ਬਿਲਕੁਲ ਮਿਸ ਪ੍ਰਸ਼ੰਸਾ। ਮੁਰਸ਼ੱਦ ਅਤੇ ਮੁਰੀਦ ਦਾ ਪ੍ਰੇਮ ਇਕ ਅਲਗ ਸ਼ਰਧਾ ਭਾਵਨਾ ਰੱਖਦਾ ਹੈ। ਇਨਸਾਨ ਦੀ ਇਨਸਾਨ ਪ੍ਰਤੀ ਭਾਵਨਾ ਇਕ ਵੱਖਰੀ ਤਰ੍ਹਾਂ ਦੀ ਭਾਵੁਕਤਾ ਤੇ ਆਧਾਰਿਤ ਹੈ ਅਤੇ ਕੁਦਰਤ ਅਤੇ ਉਸ ਤੇ ਨਿਰਭਰ ਕਰਨ ਵਾਲੇ ਜੀਵ ਜੰਤੂਆਂ ਦਾ ਲਗਾਵ ਕਿਸੇ ਹੋਰ ਫਰਜ਼ ਕਾਰਨ ਹੁੰਦਾ ਹੈ। ਇਥੇ ਹਰ ਚੀਜ਼ ਕਿਸੇ ਦੂਜੀ ਚੀਜ਼ ਉੱਤੇ ਨਿਰਭਰ ਹੋਣ ਕਾਰਨ ਇਕ ਧਿਰ ਡੌਮੀਨੇਟ ਕਰਦੀ ਹੈ ਤੇ ਦੂਜੀ ਧਿਰ ਉਸ ਡੌਮੀਨੈਸ ਨੂੰ ਸਵੀਕਾਰ ਕਰ ਲੈਂਦੀ ਹੈ। ਦੇਣ ਵਾਲੇ ਅਤੇ ਲੈਣ ਵਾਲੇ ਦਾ ਹੀ ਸੰਬੰਧ ਮੁਹੱਬਤ ਦਾ ਹੀ, ਕੀ ਪ੍ਰੇਮ ਦਾ ਵੀ ਆਧਾਰ ਹੈ। ਕਾਇਨਾਤ ਨੂੰ ਅਨੁਸ਼ਾਸਨ ਵਿਚ ਚਲਦੇ ਰੱਖਣ ਲਈ ਹਰ ਚੀਜ਼ ਕਿਸੇ ਨਾ ਕਿਸੇ ਬੰਧਨ ਜਾਂ ਗੁਲਾਮੀ ਵਿਚ ਜਕੜੀ ਹੋਈ ਹੈ। ਹੁਣ ਜਿਨ੍ਹਾਂ ਨੂੰ ਕਿਸੇ ਨਾਲ ਕੋਈ ਗਰਜ਼ ਹੁੰਦੀ ਹੈ ਉਹ ਗੁਲਾਮੀ ਕਬੂਲ ਕਰ ਲੈਂਦੇ ਹਨ। ਜਿਨ੍ਹਾਂ ਨੂੰ ਕੋਈ ਗਰਜ਼ ਨਹੀਂ ਹੁੰਦੀ ਉਹ ਗੁਲਾਮੀ ਦੇ ਬੰਧਨਾਂ ਨੂੰ ਤੋੜ ਕੇ ਆਪਣੀ ਆਜ਼ਾਦੀ ਵਿਚ ਹੀ ਖ਼ੁਸ਼ ਰਹਿੰਦੇ ਹਨ।"

"ਪਰ ਸਰ ਰੱਬ ਤੇ ਮਨੁੱਖ ਜਾਂ ਔਰਤ ਤੇ ਮਰਦ ਕੀ ਇਕ ਦੂਜੇ ਨੂੰ ਸੰਪੂਰਨ ਨਹੀਂ ਕਰਦੇ ? ਇਕੱਲਾ ਤਾਂ ਨਾ ਮਰਦ ਮੁਕੰਮਲ ਹੈ ਨਾ ਔਰਤ। ਇਕ ਦੂਜੇ ਦੇ ਸਾਥ ਵਿਚ ਹੀ ਤਾਂ ਉਹਨਾਂ ਨੂੰ ਸੰਪੂਰਨਤਾ ਹਾਸਲ ਹੁੰਦੀ ਹੈ।" ਉਹ ਮੇਰੀਆਂ ਗੱਲਾਂ ਨੂੰ ਆਪਣੀਆਂ ਦਲੀਲਾਂ ਨਾਲ ਕਟਣ ਦੀ ਕੋਸ਼ਿਸ਼ ਕਰਦੀ ਹੈ।

"ਇਹ ਜ਼ਰੂਰੀ ਤਾਂ ਨਹੀਂ। ਇਹ ਸਿਰਫ਼ ਇਕ ਦੂਜੇ ਨੂੰ ਕਾਬੂ ਰੱਖਣ ਦੇ ਹਥਕੰਡੇ ਹੁੰਦੇ ਨੇ। ਇਸੇ ਲਈ ਸਮਾਜ ਵਿਚ ਅਨੁਸ਼ਾਸਨ ਰੱਖਣ ਲਈ ਅਸਾਂ ਰੱਬ ਦਾ ਖੌਫ ਪੈਦਾ ਕਰ ਲਿਆ। ਘਰ ਵਿਚ



ਅਨੁਸ਼ਾਸਨ ਰੱਖਣ ਲਈ ਮੁਹੱਬਤ ਅਤੇ ਮਮਤਾ ਨੂੰ ਹਥਿਆਰ ਬਣਾ ਲਿਆ ਤੇ ਆਪਣੇ ਦੁਸ਼ਮਣ ਨੂੰ ਕਾਬੂ ਰੱਖਣ ਲਈ ਤਾਕਤ ਦਾ ਖੌਫ ਪੈਦਾ ਕਰ ਲਿਆ। ਇਹ ਸਭ ਇਕ ਦੂਜੇ ਉਪਰ ਡੌਮੀਨੈਂਸ ਹਾਸਲ ਕਰਨ ਦੀ ਦੌੜ ਹੈ। ਇਹੀ ਸਭ ਕੁਝ ਵਿਆਹ ਬੰਧਨ ਵਿਚ ਹੁੰਦਾ ਹੈ ਤੇ ਇਹੀ ਮੁਹੱਬਤ ਦੇ ਬੰਧਨ ਵਿਚ।"

ਹੁਣ ਪ੍ਰਸ਼ੰਸਾ ਦੇ ਚਿਹਰੇ ਉੱਤੇ ਹੈਰਾਨੀ ਦੇ ਸਾਏ ਲਹਿਰਾ ਜਾਂਦੇ ਹਨ।

"ਫਿਰ ਤੁਹਾਨੂੰ ਕੀ ਲੱਗਦਾ ਹੈ ਕਿ ਬੰਧਨ ਮੁਕਤ ਲੋਕ ਹੀ ਸਭ ਤੋਂ ਵੱਧ ਖ਼ੁਸ਼ ਅਤੇ ਸਕੂਨ ਨਾਲ ਜੀਉਂਦੇ ਹਨ ? ਕੀ ਦਰਿਆਵਾਂ ਨੂੰ ਕਿਨਾਰੇ ਤੋੜ ਕੇ ਹੜ ਲੈ ਆਉਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ ? ਜਾਂ ਵਿਆਹ ਬੰਧਨ ਨੂੰ ਤੋੜਕੇ ਆਜ਼ਾਦੀ ਨਾਲ ਬੰਧਨਮੁਕਤ ਹੋ ਕੇ ਜੀਣ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ ? ਜਿਵੇਂ ਤੁਹਾਡੇ ਨਾਵਲ ਦਾ ਵਿਸ਼ਾ ਵੀ ਹੈ। ਕੀ ਇਹ ਸਿਹਤਮੰਦ ਸਮਾਜ ਦੀ ਨਿਸ਼ਾਨਦੇਹੀ ਹੈ ?"

"ਆਪੋ ਆਪਣੇ ਵਿਚਾਰ ਨੇ ਮਿਸ ਪ੍ਰਸ਼ੰਸਾ। ਮੈਂ ਆਪਣੀ ਗੱਲ ਕਹਾਂ ਤਾਂ ਮੈਂ ਸਚਮੁਚ ਬੰਧਨਮੁਕਤ ਜੀਣ ਵਾਲਾ ਇਨਸਾਨ ਹਾਂ। ਮੈਨੂੰ ਕਿਸੇ ਦੀ ਡੌਮੀਨੈਂਸ ਕਬੂਲ ਨਹੀਂ। ਮੈਂ ਇਕੱਲਾ ਰਹਿਣਾ ਪਸੰਦ ਕਰਦਾ ਹਾਂ। ਆਈ ਲਵ ਮਾਈ ਸੌਲੀਟਿਯੂਡ।"

"ਸਰ ਇਸੇ ਲਈ ਤੁਹਾਡੀ ਸ਼ਾਂਤੀ ਭੰਗ ਕਰਨ ਵਾਲਾ ਇਥੇ ਕੋਈ ਨਹੀਂ ਦਿੱਸਦਾ।" ਉਹ ਇਕ ਵਾਰੀ ਫਿਰ ਸਾਰੇ ਘਰ ਵੱਲ ਨਜ਼ਰ ਮਾਰਦੀ ਹੈ।

"ਮੈਂ ਕਿਸੇ ਨੂੰ ਅਣਚਾਹਿਆਂ ਆਪਣੀ ਜ਼ਿੰਦਗੀ ਜਾਂ ਆਜ਼ਾਦੀ ਵਿਚ ਦਖਲ ਦੇਣ ਦੀ ਇਜਾਜ਼ਤ ਨਹੀਂ ਦੇਂਦਾ। ਇਸ ਤਰ੍ਹਾਂ ਮੇਰੇ ਕੰਮ ਤੇ ਅਸਰ ਪੈਂਦਾ ਹੈ। ਕਿਸੇ ਦੂਜੇ ਦੀ ਉਪਸਥਿਤੀ ਇਕਾਗ੍ਰਸਤਾ ਭੰਗ ਕਰਦੀ ਹੈ। ਐਵੇਂ ਹੀ ਨਹੀਂ ਕੋਈ ਰਚਨਾ (ਮੈਂ ਉਸਦੇ ਹੱਥ ਵਿਚ ਫੜੇ ਆਪਣੇ ਹੀ ਨਾਵਲ ਵੱਲ ਇਸ਼ਾਰਾ ਕਰਦਾ ਹਾਂ) ਰਚੀ ਜਾਂਦੀ। ਬਹੁਤ ਕੁਝ ਤਿਆਗਣਾ ਪੈਂਦਾ ਹੈ। ਆਪਣੇ ਆਪ ਨੂੰ ਆਪਣੀ ਮਰਜ਼ੀ ਦਾ ਜੀਵਨ ਜੀਣ ਦੀ ਖੁੱਲ੍ਹ ਦੇਣ ਲਈ।"

"ਅੱਛਾ ਮੈਂ ਹੁਣ ਚਲਦੀ ਹਾਂ ਸਰ। ਤੁਹਾਡੇ ਨਾਲ ਗੱਲਬਾਤ ਕਰਕੇ ਮੈਨੂੰ ਲਗਾ ਹੈ ਕਿ ਮੈਂ ਹੋਰ ਚੰਗੀ ਤਰ੍ਹਾਂ ਤੁਹਾਨੂੰ ਸਮਝ ਸਕੀ ਹਾਂ। ਸ਼ਾਇਦ ਥੀਸਿਜ਼ ਲਿਖਣ ਲਈ ਅੱਜ ਮੈਨੂੰ ਪ੍ਰੇਰਨਾ ਮਿਲ ਗਈ ਹੈ। ਮੈਂ ਜਾਕੇ ਕੰਮ ਕਰਦੀ ਹਾਂ।"

ਉਹ ਉੱਠ ਪੈਂਦੀ ਹੈ ਤੇ ਮੈਂ ਵੀ ਚੁੱਪ ਚੁਪੀਤਾ ਉਸਦੇ ਨਾਲ ਤੁਰ ਪੈਂਦਾ ਹਾਂ। ਗੇਟ ਜੋ ਮੁੜਕੇ ਬੰਦ ਕਰਨਾ ਹੈ।

"ਸਰ ਅਗਰ ਜ਼ਰੂਰਤ ਪਈ ਤਾਂ ਕੀ ਮੈਂ ਤੁਹਾਨੂੰ ਦੁਬਾਰਾ ਡਿਸਟਰਬ ਕਰ ਸਕਦੀ ਹਾਂ ?" ਦਰਵਾਜ਼ਿਉਂ ਬਾਹਰ ਜਾਂਦਿਆਂ ਦੋ ਕਦਮ ਉਰੇ ਰਹਿ ਉਹ ਪੁੱਛਦੀ ਹੈ।

"ਸ਼ਿਓਰ...ਪਰ ਮਗਰ ਪਹਿਲੇ ਫੋਨ ਕਰ ਸਕੋ ਤਾਂ ਚੰਗਾ ਰਹੇਗਾ।"

ਮੇਰਾ ਮੋਬਾਈਲ ਨੰਬਰ ਲੈਕੇ ਉਹ ਚਲੀ ਗਈ ਹੈ। ਮੈਂ ਮੁੜ ਗੇਟ ਬੰਦ ਕੀਤਾ ਤੇ ਹੌਲੀ ਹੌਲੀ ਤੁਰਦਾ ਹੋਇਆ ਪਰਤ ਪਿਆ ਹਾਂ। ਰੁੱਖਾਂ ਤੇ ਬੈਠੇ ਪੰਛੀ ਕੁਝ ਜ਼ਿਆਦਾ ਹੀ ਖਾਮੋਸ਼ ਨਜ਼ਰ ਰਹੇ ਹਨ। ਪਤਾ ਨਹੀਂ ਉਹ ਰੋਜ਼ ਹੀ ਇਤਨੇ ਚੁੱਪ ਹੁੰਦੇ ਹਨ ਜਾਂ ਅੱਜ ਮੈਂ ਹੀ ਉਨ੍ਹਾਂ ਨੂੰ ਦੇਖ ਰਿਹਾ ਹਾਂ।

ਪਹਿਲੀ ਵਾਰ ਮੈਂ ਆਪਣੇ ਘਰ ਅਤੇ ਇਸਦੇ ਦੁਆਲੇ ਉਸਰੀ ਚਾਰਦੀਵਾਰੀ ਨੂੰ ਗੌਰ ਨਾਲ ਵੇਖਦਾ ਹਾਂ। ਇਹ ਮਕਾਨ ਵੀ ਚਾਰਦੀਵਾਰੀਆਂ ਦੇ ਘੇਰਿਆਂ ਵਿਚ ਜਕੜੇ ਉਮਰਾਂ ਹੰਢਾ ਦੇਂਦੇ ਹਨ। ਮੇਰੀ ਨਜ਼ਰ ਘਰ ਤੋਂ ਹਟ ਲਾਅਨ ਵਿਚ ਲੱਗੇ ਫੁਲਾਂ ਬੂਟਿਆਂ ਤੇ ਪੈਂਦੀ ਹੈ। ਮਾਲੀ ਨੇ ਲਾਅਨ ਦੀ ਸੁੰਦਰਤਾ ਵਧਾਉਣ ਲਈ ਕਿਆਰੀਆਂ ਫੁਲਾਂ ਅਤੇ ਬੂਟਿਆਂ ਦੁਆਲੇ ਲਾਲ ਇੱਟਾਂ ਧਰਤੀ ਵਿਚ ਗੱਡ ਕੇ ਦਾਇਰੇ ਜਹੇ ਬਣਾਏ ਹੋਏ ਹਨ। ਹਰ ਕਿਆਰੀ, ਹਰ ਬੂਟੇ ਦੁਆਲੇ ਵਖਰਾ

ਦਾਇਰਾ। ਲਾਅਨ ਵਿਚਕਾਰ ਇਕਲੌਤੇ ਸਰੂ ਦੇ ਬੂਟੇ ਦੁਆਲੇ ਬਣੇ ਦਾਇਰੇ ਦੀਆਂ ਇੱਟਾਂ ਤੇ ਚਿੱਟਾ ਰੰਗ ਕੀਤਾ ਹੋਇਆ ਹੈ ਜਿਹੜਾ ਲਾਲ ਦਾਇਰਿਆਂ 'ਚੋਂ ਵੱਖਰਾ ਹੀ ਨਜ਼ਰ ਆਉਂਦਾ ਹੈ। ਬਰਾਂਡੇ ਦੇ ਨਾਲ-ਘਰ ਦੇ ਮੁਖ ਦਰਵਾਜ਼ੇ ਕੋਲ ਬਣੇ ਬੁੱਧ ਦੇ ਪੱਥਰ ਦੇ ਬੁੱਤ ਦੁਆਲੇ ਵੀ ਅਜਿਹਾ ਹੀ ਦਾਇਰਾ ਬਣਿਆ ਹੋਇਆ ਹੈ। ਹਰ ਸ਼ੈਅ ਦਾਇਰਿਆਂ ਵਿਚ ਕੈਦ। ਕੋਈ ਵੀ ਚੀਜ਼ ਆਪਣਾ ਘੇਰਾ ਤੋੜ ਇਸਤੋਂ ਬਾਹਰ ਨਹੀਂ ਜਾ ਸਕਦੀ। ਇਹੀ ਇਨ੍ਹਾਂ ਦੀ ਸੀਮਾ ਹੈ। ਮੈਨੂੰ ਆਪਣੇ ਅੰਦਰ ਅੰਤਾਂ ਦੀ ਛਟਪਟਾਹਟ ਮਹਿਸੂਸ ਹੁੰਦੀ ਹੈ। ਲਗਦਾ ਹੈ ਜਿਵੇਂ ਇਹ ਸਭ ਵੀ ਇਨ੍ਹਾਂ ਦਾਇਰਿਆਂ ਦੀ ਘੁਟਨ ਵਿਚ ਇਸੇ ਤਰ੍ਹਾਂ ਛਟਪਟਾ ਰਹੇ ਹੋਣਗੇ।

ਨਿੱਕੇ ਹੁੰਦਿਆਂ ਮੇਰੀ ਮਾਂ ਵੀ ਘਰੋਂ ਬਾਹਰ ਜਾਣ ਲੱਗਿਆਂ ਮੈਨੂੰ ਵਿਹੜੇ ਵਿਚ ਅਜਿਹੇ ਹੀ ਦਾਇਰੇ ਵਿਚ ਕੈਦ ਕਰਕੇ ਚਲੀ ਜਾਂਦੀ ਸੀ। ਮੈਨੂੰ ਹੀ ਨਹੀਂ ਸਗੋਂ ਮੇਰੇ ਬਾਕੀ ਤਿੰਨਾਂ ਭੈਣਾਂ ਭਰਾਵਾਂ ਨੂੰ ਵੀ। ਮੇਰਾ ਸਭ ਤੋਂ ਵੱਡਾ ਹੋਣ ਕਰਕੇ ਮਾਂ ਸਮਝਦੀ ਸੀ ਕਿ ਅਗਰ ਮੈਂ ਸ਼ਰਾਫਤ ਨਾਲ, ਸਾਊ ਬਣਕੇ ਉਸ ਦਾਇਰੇ ਅੰਦਰ ਬੈਠਾ ਰਹਾਂਗਾ ਤਾਂ ਮੇਰੇ ਬਾਕੀ ਭੈਣ ਭਰਾ ਵੀ ਆਪਣੇ ਦਾਇਰਿਆਂ ਦੀ ਉਲੰਘਣਾ ਨਹੀਂ ਕਰਨਗੇ। ਨਾ ਅਸੀਂ ਬਾਹਰ ਗਲੀ ਮੁਹੱਲੇ ਵਿਚ ਦੁੜੰਗੇ ਮਾਰਦੇ ਫਿਰਾਂਗੇ ਤੇ ਨਾ ਹੀ ਘਰ ਦੀ ਸ਼ਾਂਤੀ ਭੰਗ ਕਰਾਂਗੇ। ਜੇ ਕੋਈ ਬੱਚਾ ਆਪਣਾ ਦਾਇਰਾ ਉਲੰਘਣ ਦੀ ਗਲਤੀ ਕਰਦਾ ਤਾਂ ਮਾਂ ਝਿੜਕ ਕੇ ਆਖਦੀ,

"ਜੇ ਇਸ ਦਾਇਰੇ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਰੱਬ ਜੀ ਤੁਹਾਨੂੰ ਸਜ਼ਾ ਦੇਵੇਗਾ। ਰਾਤੀਂ ਸੁਪਨੇ ਵਿਚ ਆਕੇ ਉਹ ਬਾਗੀ ਬੱਚਿਆਂ ਦਾ ਗਲਾ ਦਬਾ ਦੇਂਦਾ ਹੈ ਜਿਹੜਾ ਰੱਬ ਜੀ ਦੀ ਗੱਲ ਨਹੀਂ ਮੰਨਦਾ।"

ਨਿੱਕੇ ਹੁੰਦਿਆਂ ਤੋਂ ਮਾਂ ਨੇ ਸਾਨੂੰ ਆਪਣੇ ਬਣਾਏ ਦਾਇਰਿਆਂ ਵਿਚ ਕੈਦ ਰੱਖਣ ਦੀ ਸਿਆਸਤ ਲਈ ਰੱਬ ਦਾ ਐਸਾ ਖੌਫ ਭਰ ਦਿੱਤਾ ਸੀ ਸਾਡੇ ਮਨਾਂ ਅੰਦਰ ਕਿ ਰੱਬ ਦਾ ਨਾਂ ਸੁਣਦੇ ਹੀ ਸਾਡੇ ਚਿਹਰੇ ਪੀਲੇ ਪੈ ਜਾਂਦੇ। ਮੇਰੇ ਭੈਣ ਭਰਾ ਤਾਂ ਕੰਬਣ ਲੱਗ ਜਾਂਦੇ। ਉਸ ਨਿੱਕੀ ਉਮਰੇ ਹੀ ਮਾਂ ਦੇ ਦੱਸੇ ਉਸ ਰੱਬ ਪ੍ਰਤੀ ਐਸਾ ਵਿਦਰੋਹ ਪੈਦਾ ਹੋ ਗਿਆ ਮੇਰੇ ਮਨ ਵਿਚ ਕਿ ਮੈਂ ਕਸਮ ਖਾ ਲਈ ਕਿ ਪਹਿਲੀ ਗੱਲ ਤਾਂ ਇਹ ਕਿ ਰੱਬ ਜਹੀ ਇਸ ਦੁਸ਼ਟ ਚੀਜ਼ ਨੂੰ ਆਪਣੀ ਜ਼ਿੰਦਗੀ ਵਿਚ ਵੜਨ ਨਹੀਂ ਦੇਣਾ। ਤੇ ਜੇ ਕਦੀ ਉਹ ਸਚਮੁਚ ਮੈਨੂੰ ਮਿਲ ਹੀ ਗਿਆ ਜਾਂ ਮੇਰੇ ਸੁਪਨੇ ਵਿਚ ਆ ਗਿਆ ਤਾਂ ਮੈਂ ਉਸੇ ਵੇਲੇ ਉਸਨੂੰ ਲਤਾਂ ਤੋਂ ਫੜ ਐਸੀ ਪਟਖਨੀ ਦੇਣੀ ਹੈ ਕਿ ਉਹ ਮੇਰੇ ਕਾਬੂ ਆ ਜਾਏ। ਫਿਰ ਉਸ ਨੂੰ ਕੈਦ ਕਰਕੇ ਮੈਂ ਹਨੇਰੀ ਕੋਠੜੀ ਵਿਚਲੇ ਉਸ ਸੰਦੂਕ ਵਿਚ ਕੈਦ ਕਰ ਦੇਣਾ ਹੈ ਜਿਸ ਵਿਚ ਮਾਂ ਪਤਾ ਨਹੀਂ ਕੀ ਕੀ ਟੁੱਟੀਆਂ-ਭੱਜੀਆਂ ਚੀਜ਼ਾਂ ਦਾ ਕੂੜ ਕਬਾੜ ਭਰਕੇ ਰੱਖਦੀ ਹੈ।

ਰੱਬ ਨੂੰ ਫੜ ਕੇ ਕੈਦ ਕਰਨ ਦੀ ਇਸੇ ਮਨਸ਼ਾ ਕਾਰਨ ਮੈਂ ਬਚਪਨ ਵਿਚ ਕਦੀ ਰਾਤੀਂ ਚੰਗੀ ਤਰ੍ਹਾਂ ਸੌਂ ਨਹੀਂ ਸਕਿਆ। ਮੈਨੂੰ ਹਰ ਵੇਲੇ ਉਸਦੀ ਆਹਟ ਦਾ ਇੰਤਜ਼ਾਰ ਰਹਿੰਦਾ। ਅਗਰ ਕਦੀ ਸੁੱਤੇ ਹੋਏ ਮੇਰਾ ਆਪਣਾ ਹੱਥ ਵੀ ਮੇਰੇ ਸੀਨੇ ਉੱਤੇ ਰਹਿ ਜਾਣ ਕਾਰਨ ਮੇਰਾ ਸਾਹ ਔਖਾ ਚਲਣ ਲੱਗਦਾ ਤਾਂ ਮੈਂ ਭੁੜਕ ਕੇ ਜਾਂਦਾ। ਮੈਨੂੰ ਲਗਦਾ ਸਚਮੁਚ ਉਹੀ ਮੇਰੇ ਸੀਨੇ ਤੇ ਬੈਠਾ ਮੇਰਾ ਸਾਹ ਦਬਾ ਰਿਹਾ ਹੈ। ਮੈਂ ਰਜ਼ਾਈ ਜਾਂ ਚਾਦਰ ਪਰੇ ਵਗਾਹ ਇਕਦਮ ਸਾਵਧਾਨ ਹੋ ਕੇ ਉੱਠ ਬੈਠਦਾ। ਪਰ ਆਲੇ ਦੁਆਲੇ ਨਜ਼ਰ ਘੁੰਮਾਉਣ ਬਾਅਦ ਵੀ ਜਦ ਉਹ ਮੈਨੂੰ ਕਿਧਰੇ ਨਾ ਦਿੱਸਦਾ ਤਾਂ ਮੈਂ ਵਾਰੀ ਵਾਰੀ ਆਪਣੇ ਭੈਣ ਭਰਾਵਾਂ ਦੇ ਨੇੜੇ ਹੋ ਕੇ ਵੇਖਦਾ ਕਿ ਕਿਸੇ ਦਾ ਸਾਹ ਔਖਾ ਤਾਂ ਨਹੀਂ ਚਲ ਰਿਹਾ? ਕੋਈ ਘੁਰਾੜੇ ਤਾਂ ਨਹੀਂ ਮਾਰ ਰਿਹਾ? ਐਸਾ ਨਾ ਹੋਵੇ ਕਿ ਉਹ ਦੁਸ਼ਟ ਰੱਬ ਮੈਨੂੰ ਛੱਡ ਮੇਰੇ ਕਿਸੇ ਭੈਣ ਭਰਾ ਨੂੰ ਦਬੋਚ ਬੈਠਾ ਹੋਵੇ। ਪਰ ਉਨ੍ਹਾਂ ਨੂੰ ਚੈਨ ਨਾਲ ਸੁੱਤੇ ਵੇਖ ਮੈਨੂੰ ਤਸੱਲੀ ਹੋ ਜਾਂਦੀ। ਫਿਰ ਮੇਰੀ ਨਜ਼ਰ ਆਪਣੀ ਮਾਂ ਉੱਤੇ ਟਿਕ ਜਾਂਦੀ। ਉਹ ਸਾਨੂੰ ਕਾਬੂ ਰੱਖਣ ਦੀ ਸਾਰੀ ਜ਼ਿੰਮੇਵਾਰੀ ਆਪਣੇ ਰੱਬ ਨੂੰ ਸੌਂਪ



ਆਪ ਬੇਫਿਕਰੀ ਨਾਲ ਸੌਂ ਰਹੀ ਹੁੰਦੀ। ਮੈਨੂੰ ਰੱਬ ਅਤੇ ਮਾਂ ਦੋਹਾਂ ਉੱਤੇ ਗੁੱਸਾ ਆ ਜਾਂਦਾ। ਲੱਗਦਾ ਜਿਵੇਂ ਉਹ ਦੋਵੇਂ ਸਾਡੇ ਖਿਲਾਫ਼ ਸਾਜ਼ਿਸ਼ਾਂ ਕਰਦੇ ਹਨ। ਸਾਨੂੰ ਦਾਇਰਿਆਂ ਵਿਚ ਕੈਦ ਕਰਕੇ ਆਪ ਖੁੱਲ੍ਹੀ ਆਜ਼ਾਦੀ ਮਾਣਦੇ ਹਨ।

ਸਰੀਰਕ ਤੌਰ ਤੇ ਭਾਵੇਂ ਅਸੀਂ ਕੁਝ ਹੀ ਦੇਰ ਲਈ ਕੈਦ ਰਹਿੰਦੇ ਪਰ ਮਾਨਸਿਕ ਤੌਰ ਉੱਤੇ ਅਸੀਂ ਇਸ ਤਰ੍ਹਾਂ ਜਕੜੇ ਜਾ ਰਹੇ ਸਾਂ ਕਿ ਘੇਰਿਆਂ ਨੂੰ ਤੋੜਨ ਦਾ ਖਿਆਲ ਜਦ ਵੀ ਮਨ ਵਿਚ ਆਉਂਦਾ, ਰੱਬ ਦਾ ਖੌਫ ਉਸਦੇ ਨਾਲ ਹੀ ਦਬੋਚ ਲੈਂਦਾ। ਕਿੰਨੀਆਂ ਵਲਗਣਾਂ ਵਿਚ ਕੈਦ ਹੋ ਕੇ ਰਹਿ ਗਈ ਸੀ ਸਾਡੀ ਮਾਨਸਿਕਤਾ।

ਉਹ ਪਹਿਲਾ ਵਿਦ੍ਰੋਹ ਸੀ ਜਦ ਜਨਮ ਅਸ਼ਟਮੀ ਵਾਲੇ ਦਿਨ ਮਾਂ ਦੇ ਮਜ਼ਬੂਰ ਕਰਨ ਦੇ ਬਾਵਜੂਦ ਵੀ ਮੈਂ ਬਾਕੀ ਭੈਣ ਭਰਾਵਾਂ ਵਾਂਗ ਪੂਜਾ ਕਰਨ ਨਹੀਂ ਸਾਂ ਬੈਠਿਆ। ਮਾਂ ਬਹੁਤ ਗੁੱਸੇ ਹੋਈ ਸੀ। ਫਿਰ ਉਸਨੇ ਰੱਬ ਦਾ ਡਰ ਦਿਖਾਇਆ ਤਾਂ ਮੈਂ ਚੀਕ ਪਿਆ,

"ਮੈਂ ਤੇਰੇ ਰੱਬ ਦੀਆਂ ਲੱਤਾਂ ਤੋੜ ਦਿਆਂਗਾ। ਆਵੇ ਤਾਂ ਸਹੀ ਸਾਲਾ ਮੇਰੇ ਸਾਹਮਣੇ। ਵੇਖਦਾ ਹਾਂ ਮੈਂ-'ਕਿਤਨਾ ਬਹਾਦੁਰ ਹੈ ਤੇਰਾ ਰਬ।' ਮੈਂ ਉਸਦੀਆਂ ਅੱਖਾਂ ਕੱਢ ਕੇ ਉਸਨੂੰ ਅੰਨਾ ਕਰ ਦਿਆਂਗਾ। ਮਾਰ ਦਿਆਂਗਾ ਸਾਲੇ ਉਸ ਕੁੱਤੇ ਰੱਬ ਨੂੰ।' ਮਾਂ ਮੈਨੂੰ ਰੋਕਦੀ ਪੁਕਾਰਦੀ ਹੀ ਰਹਿ ਗਈ ਪਰ ਮੈਂ ਗੁੱਸੇ ਵਿਚ ਪੂਜਾ ਦਾ ਉਹ ਘੇਰਾ ਤੋੜ ਕੇ ਬਾਹਰ ਨਿਕਲ ਗਿਆ ਸਾਂ।

ਉਹ ਪਹਿਲਾ ਮੌਕਾ ਸੀ ਜਦ ਮੈਨੂੰ ਲਗਾ ਜਿਵੇਂ ਮੇਰੇ ਦੁਆਲੇ ਬੱਝੀਆਂ ਰੱਸੀਆਂ 'ਚੋਂ ਕਿਸੇ ਇਕ ਦਾ ਕਸਾਓ ਖੁੱਲ੍ਹ ਗਿਆ ਸੀ ਤੇ ਮੈਂ ਥੋੜ੍ਹਾ ਹੌਲਾ ਮਹਿਸੂਸ ਕੀਤਾ ਸੀ ਆਪਣੇ ਆਪ ਨੂੰ।

ਸਾਡੇ ਪਿੰਡ ਦੇ ਨਾਲ ਲਗਦੇ ਸਕੂਲ ਵਿਚ ਪੜ੍ਹਨ ਜਾਂਦੇ ਬੱਚਿਆਂ ਨੂੰ ਵੇਖ ਮੇਰਾ ਬਾਲਮਨ ਬੜਾ ਕਲਪਦਾ ਕਿ ਮੈਂ ਵੀ ਪੜ੍ਹਨ ਜਾਵਾਂ। ਪਰ ਮਾਂ ਨੂੰ ਤਾਂ ਮੈਨੂੰ ਜ਼ਿਮੀਂਦਾਰ ਦੇ ਘਰ ਅਤੇ ਖੇਤਾਂ ਵਿਚ ਮਜ਼ਦੂਰੀ ਕਰਨ ਭੇਜਣਾ ਜ਼ਿਆਦਾ ਠੀਕ ਜਾਪਦਾ ਸੀ। ਉਹ ਵੀ ਕੀ ਕਰਦੀ? ਚਾਰ ਜੀਆਂ ਦਾ ਭਾਰ ਉਸਦੇ ਇਕੱਲੇ ਮੋਢਿਆਂ ਉੱਤੇ ਜੋ ਸੀ। ਮੈਂ ਆਪਣੀ ਸਮਝ ਅਨੁਸਾਰ ਇਕ ਹਲ ਕੱਢ ਕੇ ਮਾਂ ਨੂੰ ਰਾਜ਼ੀ ਕਰ ਲਿਆ। ਦਿਨੇ ਸਕੂਲ ਤੇ ਸਕੂਲੋਂ ਪਰਤਣ ਬਾਅਦ ਜ਼ਿਮੀਂਦਾਰ ਦਾ ਘਰ ਤੇ ਖੇਤ। ਮਾਂ ਮੰਨ ਗਈ ਤੇ ਮੈਂ ਸਕੂਲ ਜਾਣ ਲੱਗ ਪਿਆ। ਸਕੂਲ ਪੜ੍ਹਾਉਣ ਵਾਲਾ ਮਾਸਟਰ ਮੈਨੂੰ ਬਹੁਤ ਚੰਗਾ ਲੱਗਦਾ ਸੀ। ਮਾਂ ਦੇ ਦੱਸੇ ਰੱਬ ਤੋਂ ਬਿਲਕੁਲ ਉਲਟ। ਹਮੇਸ਼ਾ ਮਿੱਠੀ ਆਵਾਜ਼ ਵਿਚ ਮੁਸਕਰਾ ਕੇ ਹਰ ਗੱਲ ਦਾ ਜੁਆਬ ਦੇਂਦਾ। ਸਾਨੂੰ ਚੰਗਾ ਨਾਗਰਿਕ ਬਣਨ ਲਈ ਸਮਾਜਕ ਅਸੂਲ ਤੇ ਕਾਨੂੰਨੀ ਨਿਯਮਾਂ ਦੀ ਪਾਲਣਾ ਕਰਨਾ ਸਿਖਾਉਂਦਾ। ਚੰਗਾ ਚਰਿਤਰ ਅਤੇ ਈਮਾਨਦਾਰੀ ਹੀ ਸਭ ਤੋਂ ਵੱਡਾ ਗੁਣ ਹੁੰਦਾ ਹੈ। ਇਹੋ ਸਭ ਸਾਨੂੰ, ਸਕੂਲ ਵਿਚ ਸਿਖਾਇਆ ਜਾਂਦਾ। ਮੈਨੂੰ ਮਾਸਟਰ ਜੀ ਦੀਆਂ ਗੱਲਾਂ ਬਹੁਤ ਚੰਗੀਆਂ ਲੱਗਦੀਆਂ। ਮੈਂ ਸਮਝ ਗਿਆ ਸਾਂ ਕਿ ਮਾਸਟਰ ਜੀ ਵਰਗੇ ਬੰਦਿਆਂ ਦੀ ਸਮਾਜ ਵਿਚ ਇਸ ਕਰਕੇ ਇੱਜ਼ਤ ਹੁੰਦੀ ਹੈ ਕਿਉਂਕਿ ਉਹ ਆਪ ਚੰਗੇ ਹੁੰਦੇ ਹਨ। ਮੈਂ ਵੀ ਉਨ੍ਹਾਂ ਵਾਂਗ ਹੀ ਚੰਗਾ ਤੇ ਇੱਜ਼ਤਦਾਰ ਬਣਨਾ ਚਾਹੁੰਦਾ ਸਾਂ। ਇਸੇ ਕਰਕੇ ਹਰ ਉਸ ਗੱਲ ਦੀ ਚੰਗੀ ਤਰ੍ਹਾਂ ਪਾਲਣਾ ਕਰਦਾ ਜੋ ਉਹ ਦੱਸਦੇ।

ਮੈਂ ਦਰਅਸਲ ਮਾਂ ਨੂੰ ਦੱਸਣਾ ਚਾਹੁੰਦਾ ਸਾਂ ਕਿ ਤੇਰੇ ਰੱਬ ਦੇ ਡਰ ਕਾਰਨ ਕੋਈ ਚੰਗਾ ਨਹੀਂ ਬਣ ਜਾਂਦਾ, ਸਗੋਂ ਕਿਸੇ ਦੇ ਸਿਖਾਏ ਚੰਗੇ ਸਬਕ ਕਾਰਨ ਹੀ ਕੋਈ ਚੰਗਾ ਬਣ ਸਕਦਾ ਹੈ।

"ਮਾਂ, ਮੈਂ ਨੀਤੀ, ਲਾਡੀ ਅਤੇ ਪੰਕਜ ਨੂੰ ਵੀ ਆਪਣੇ ਨਾਲ ਸਕੂਲ ਲੈ ਜਾਇਆ ਕਰਾਂ?" ਮੈਂ ਕਈ ਵਾਰੀ ਮਾਂ ਨੂੰ ਕਿਹਾ ਪਰ ਮਾਂ ਤਾਂ ਨੀਤੀ ਤੇ ਲਾਡੀ ਤੋਂ ਘਰ ਅਤੇ ਬਾਹਰ ਦਾ ਕੰਮ ਕਰਾ ਕੇ ਹੀ ਰਾਜ਼ੀ ਸੀ। ਨੀਤੀ ਦੇ ਵੱਡੇ ਹੋ ਜਾਣ ਕਾਰਨ ਉਸਨੇ ਮਾਂ ਦੇ ਨਾਲ ਲੋਕਾਂ ਦੇ ਘਰਾਂ ਵਿਚ ਭਾਂਡੇ, ਸਫਾਈਆਂ ਦਾ ਕੰਮ ਸਾਂਭ ਲਿਆ ਹੋਇਆ ਸੀ। ਤੇ ਲਾਡੀ ਨੇ ਨਿੱਕੀ ਉਮਰੇ ਹੀ ਘਰ ਦਾ

ਅੰਦਰਲਾ ਕੰਮ ਸੰਭਾਲ ਲਿਆ। ਪੰਕਜ ਸਭ ਤੋਂ ਛੋਟਾ ਹੋਣ ਕਰਕੇ ਮਾਂ ਦਾ ਲਾਡਲਾ ਸੀ। ਅਗਰ ਜ਼ੋਰ ਜ਼ਬਰਦਸਤੀ ਮੈਂ ਉਸਨੂੰ ਆਪਣੇ ਨਾਲ ਸਕੂਲ ਲੈ ਵੀ ਜਾਂਦਾ ਤਾਂ ਉਹ ਚੀਖ ਚਿਹਾੜਾ ਪਾ ਕੇ ਜਾਂ ਕਿਸੇ ਨਾ ਕਿਸੇ ਬਿਮਾਰੀ ਦਾ ਬਹਾਨਾ ਬਣਾ ਸਕੂਲੋਂ ਭੱਜ ਆਉਂਦਾ। ਮਾਂ ਆਪਣੇ ਖਲਜਗਣਾਂ ਵਿਚ ਗ੍ਰਸੀ ਸ਼ਾਇਦ ਏਨੀ ਥੱਕ ਜਾਂਦੀ ਕਿ ਪੰਕਜ ਪਿਛੇ ਮਗਜ਼ਮਾਰੀ ਕਰਨ ਦੀ ਕਿਸੇ ਵਿਚ ਹਿੰਮਤ ਹੀ ਨਾ ਰਹਿੰਦੀ ਹੋਵੇ।

ਮਾਂ ਕਰਦੀ ਵੀ ਕੀ ?

ਹੋਸ਼ ਸੰਭਾਲਣ ਤੋਂ ਬਾਅਦ ਮੈਂ ਮਾਂ ਨੂੰ ਹਰ ਵੇਲੇ ਇਸੇ ਤਰ੍ਹਾਂ ਨਸਦੇ ਭੱਜਦੇ ਵੇਖਿਆ ਸੀ। ਮੈਨੂੰ ਮਾਣ ਹੈ ਜਦ ਘਰ ਵਿਚ ਅਜੇ ਮੈਂ ਤੇ ਨੀਤੀ ਦੋ ਹੀ ਬੱਚੇ ਸਾਂ, ਉਦੋਂ ਇਕ ਬੰਦਾ ਕਦੀ ਕਦੀ ਸਾਡੇ ਨਾਲ, ਸਾਡੇ ਘਰ ਵਿਚ ਰਹਿੰਦਾ ਸੀ ਜਿਸਨੂੰ ਅਸੀਂ 'ਬਾਪੂ' ਆਖਦੇ ਸਾਂ। ਉਸ ਬੰਦੇ ਦੀ ਸ਼ਕਲ ਹੁਣ ਤਾਂ ਮੈਨੂੰ ਪੂਰੀ ਤਰ੍ਹਾਂ ਯਾਦ ਨਹੀਂ ਪਰ ਬਾਪੂ ਲਫਜ਼ ਅਜੇ ਤੱਕ ਮੇਰੇ ਚੇਤਿਆਂ ਵਿਚ ਰੜਕ ਪੈਦਾ ਕਰ ਦੇਂਦਾ ਹੈ ਕਦੀ। ਨਿੱਕੇ ਹੁੰਦਿਆਂ ਵੀ ਜਦ ਇਹ ਲਫਜ਼ ਮੇਰੇ ਜ਼ਿਹਨ ਵਿਚ ਕੁਲਬੁਲਾਣ ਲੱਗਦਾ ਤਾਂ ਮੈਂ ਮਾਂ ਨੂੰ ਪੁੱਛ ਬੈਠਦਾ–"ਉਹ ਬਾਪੂ ਕਿਧਰ ਗਿਆ ?" ਮਾਂ ਗੁੱਸੇ ਵਿਚ ਆਖਦੀ–"ਤੇਰੇ ਬਾਪੂ ਨੂੰ ਜੱਹਨੁਮ ਆ ਗਿਆ।"

ਮੈਨੂੰ ਮਾਂ ਦੀ ਇਸ ਗੱਲ ਦਾ ਮਤਲਬ ਸਮਝ ਨਹੀਂ ਸੀ ਆਉਂਦਾ। ਇਸੇ ਲਈ ਗਲੀ ਮੁਹੱਲੇ ਵਾਲੇ ਜਦ ਮੈਨੂੰ ਪੁੱਛਦੇ–"ਮਖਣਾ, ਤੇਰਾ ਬਾਪੂ ਕਿਧਰ ਗਿਆ ?" ਤਾਂ ਮੈਂ ਮਾਂ ਦੀ ਕਹੀ ਗੱਲ ਦੁਹਰਾ ਦੇਂਦਾ,

"ਬਾਪੂ ਨੂੰ ਜੱਮਨ (ਜਹੱਨੁਮ) ਆ ਗਿਆ।"

ਲੋਕਾਂ ਨੂੰ ਪਹਿਲਾਂ ਤਾਂ ਮੇਰੀ ਗੱਲ ਸਮਝ ਨਾ ਪੈਂਦੀ। ਪਰ ਹੌਲੀ ਹੌਲੀ ਜਦ ਉਨ੍ਹਾਂ ਨੇ ਆਪ ਮੇਰੀ ਗੱਲ ਦੇ ਅਰਥ ਕੱਢ ਲਏ ਤਾਂ ਫਿਰ ਕੀ ਸੀ ? ਹਰ ਕੋਈ ਜਾਂਦਾ ਜਾਂਦਾ ਮੈਨੂੰ ਛੇੜਕੇ ਪੁੱਛਦਾ– "ਮਖਣ ਤੇਰਾ ਬਾਪੂ ਕਿਧਰ ਹੈ ?"

"ਬਾਪੂ ਨੂੰ ਜੱਮਨ ਆ ਗਿਆ।" ਮੇਰਾ ਉਹੀ ਜੁਆਬ ਹੁੰਦਾ। ਸ਼ਾਇਦ ਐਸੀਆਂ ਹੀ ਗੱਲਾਂ ਤੋਂ ਤੰਗ ਆ ਕੇ ਮਾਂ ਨੇ ਸਾਨੂੰ ਘਰ ਦੇ ਵਿਹੜੇ ਵਿਚ ਦਾਇਰਿਆਂ ਅੰਦਰ ਕੈਦ ਰੱਖਣ ਦੀ ਰਵਾਇਤ ਪਾਲ ਲਈ ਸੀ।

ਉਸਤੋਂ ਕਾਫੀ ਦੇਰ ਬਾਅਦ, ਮੈਂ ਉਹੀ ਬੰਦਾ ਆਪਣੇ ਘਰੇ ਵੇਖਿਆ। ਮਾਂ ਨੇ ਉਸ ਵੱਲ ਇਸ਼ਾਰਾ ਕਰਕੇ ਮੈਨੂੰ ਕਿਹਾ–"ਇਹੀ ਹੈ ਤੇਰਾ ਬਾਪੂ। ਪੁੱਛ ਹੁਣ ਆਪ ਹੀ ਜੋ ਪੁੱਛਣਾ ਚਾਹੁੰਦਾ ਹੈਂ ਇਸਤੋਂ।" ਪਰ ਮੈਂ ਕੀ ਪੁੱਛਦਾ। ਮੈਂ ਤਾਂ ਸਾਧੂ ਬਾਬਿਆਂ ਵਰਗੇ ਕਪੜਿਆਂ ਵਾਲੇ ਉਸ ਘੋਨ ਮੋਨ ਜਹੇ ਬੰਦੇ ਵੱਲ ਵੇਖ ਦੂਰੋਂ ਬੱਸ ਏਨਾ ਹੀ ਪੁੱਛਿਆ–"ਬਾਪੂ ਤੈਨੂੰ ਜੱਮਨ ਆ ਗਿਆ ਸੀ ?" ਬਾਪੂ ਨੂੰ ਜਦ ਮੇਰੀ ਗੱਲ ਸਮਝ ਆਈ ਤਾਂ ਬਹੁਤ ਗੁੱਸੇ ਹੋਇਆ ਮਾਂ ਨਾਲ।

"ਇਹੀ ਕੁਝ ਸਿਖਾਉਂਦੀ ਹੈਂ ਨਿਆਣਿਆਂ ਨੂੰ ਮੇਰੇ ਖਿਲਾਫ਼।" ਪਰ ਮੇਰੀ ਮਾਂ ਨੇ ਕੋਈ ਜੁਆਬ ਨਾ ਦਿੱਤਾ।

ਉਸ ਰਾਤ ਸਾਹ ਘੁਟਣ ਕਰਕੇ ਮੈਂ ਰਾਤੀਂ ਅਭੜਵਾਹੇ ਉੱਠ ਕੇ ਬੈਠ ਗਿਆ ਤਾਂ ਵੇਖਿਆ ਸਾਧੂਆਂ ਵਾਲੇ ਕੱਪੜਿਆਂ ਵਾਲਾ ਉਹੀ ਘੋਨ ਮੋਨ ਜਿਹਾ ਬਾਪੂ, ਮਾਂ ਦੇ ਪੇਟ ਉੱਤੇ ਗੋਡਿਆਂ ਭਾਰ ਬੈਠਾ ਸੀ। ਜਿਵੇਂ ਮਾਂ ਨੇ ਦੱਸਿਆ ਹੋਇਆ ਸੀ ਕਿ ਰੱਬ ਸੀਨੇ ਉੱਤੇ ਚੜ੍ਹ ਬੰਦੇ ਦਾ ਸਾਹ ਦਬਾ ਦੇਂਦਾ ਹੈ, ਉਸੇ ਤਰ੍ਹਾਂ ਬਾਪੂ ਮਾਂ ਦੇ ਸੀਨੇ ਉੱਤੇ ਬੈਠਾ ਸ਼ਾਇਦ ਵੈਸਾ ਹੀ ਕੁਝ ਕਰ ਰਿਹਾ ਸੀ। ਡਰ ਦੇ ਮਾਰੇ ਮੇਰੇ ਮੂੰਹੋਂ ਚੀਖ ਨਿਕਲ ਗਈ। ਬਾਪੂ ਇਕਦਮ ਮਾਂ ਦੇ ਸੀਨੇ ਤੋਂ ਉਤਰ ਪਰੇ ਨੂੰ ਪੈ ਗਿਆ। ਮਾਂ ਵੀ ਆਪਣੇ ਆਪ ਨੂੰ ਝੱਟ ਚਾਦਰ ਵਿਚ ਲਪੇਟ ਲਿਆ। ਮੇਰਾ ਮੂੰਹ ਖੁਸ਼ਕ ਹੋ ਗਿਆ



ਸੀ। ਪਰ ਪਾਣੀ ਪੀਣ ਲਈ ਉਠਣ ਦੀ ਹਿੰਮਤ ਨਾ ਕਰ ਸਕਿਆ। ਬਾਕੀ ਸਾਰੀ ਰਾਤ ਮੈਂ ਅੱਖਾਂ ਖੁੱਲ੍ਹੀਆਂ ਰੱਖਕੇ ਪਿਆ ਰਿਹਾ। ਦੋ ਚਾਰ ਦਿਨ ਰਹਿ ਕੇ ਬਾਪੂ ਫਿਰ ਗਾਇਬ ਹੋ ਗਿਆ। ਕੁਝ ਹੀ ਸਮੇਂ ਬਾਅਦ ਲਾਡੀ ਪੈਦਾ ਹੋ ਗਈ ਤੇ ਇਸੇ ਤਰ੍ਹਾਂ ਪੰਕਜ ਵੀ।

"ਮਾਂ ਹੁਣ ਨਹੀਂ ਆਣ ਦੇਣਾ ਉਸ ਬਾਪੂ ਨੂੰ ਅਸਾਂ ਆਪਣੇ ਘਰ।" ਇਕ ਦਿਨ ਮੈਂ ਗੁੱਸੇ ਨਾਲ ਮਾਂ ਨੂੰ ਕਿਹਾ, ਜਦ ਤਿੰਨਾਂ ਭੈਣਾਂ ਭਰਾਵਾਂ ਉੱਤੇ ਪਈ ਅਧੋਰਾਣੀ ਜਿਹੀ ਰਜ਼ਾਈ ਤੰਗ ਪੈ ਜਾਣ ਕਾਰਨ ਇਕ ਪਾਸਿਉਂ ਮੈਂ ਖਿੱਚ ਰਿਹਾ ਸਾਂ ਤੇ ਦੂਜੇ ਪਾਸਿਉਂ ਨੀਤੀ। ਵਿਚਕਾਰ ਪਈ ਲਾਡੀ ਅਸਾਂ ਦੋਹਾਂ ਦੀ ਖਿਚੋਤਾਣ ਕਾਰਨ ਨੀਂਦ ਵਿਚ ਵੀ ਭੈੜੇ ਭੈੜੇ ਮੂੰਹ ਬਣਾਉਂਦੀ। ਪੰਕਜ ਤਾਂ ਮਾਂ ਨਾਲ ਹੀ ਸੌਂਦਾ ਸੀ।

"ਕਿਉਂ ?" ਮਾਂ ਨੇ ਹੈਰਾਨੀ ਨਾਲ ਪੁੱਛਿਆ।

"ਕਿਉਂਕਿ ਜੇ ਕੋਈ ਹੋਰ ਲਾਡੀ ਜਾਂ ਪੰਕਜ ਜੰਮ ਗਿਆ ਤਾਂ ਇਹ ਰਜ਼ਾਈ ਤਾਂ ਹੋਰ ਵੀ ਛੋਟੀ ਹੋ ਜਾਏਗੀ।"

"ਰਜ਼ਾਈ ਕਿਵੇਂ ਛੋਟੀ ਹੋ ਜਾਵੇਗੀ ?" ਮਾਂ ਨੂੰ ਸਮਝ ਨਹੀਂ ਸੀ ਲਗ ਰਹੀ।

"ਫਿਰ ਪੰਕਜ ਵੀ ਤਾਂ ਸਾਡੇ ਵਿਚਕਾਰ ਸੌਂਵੇਗਾ। ਦੂਜਾ ਕੋਈ ਤੇਰੇ ਨਾਲ ਪਿਆ ਕਰੇਗਾ। ਮੈਂ ਤੇ ਨੀਤੀ ਤਾਂ ਠੰਢ ਕਾਰਨ ਮਰ ਹੀ ਜਾਵਾਂਗੇ।"

ਉਸਦੇ ਅਗਲੇ ਹੀ ਦਿਨ ਮਾਂ ਬਾਜ਼ਾਰੋਂ ਇਕ ਨਵੀਂ ਰਜ਼ਾਈ ਖਰੀਦ ਲਿਆਈ ਸੀ। ਹੁਣ ਮੈਂ ਅਲੱਗ ਸੌਂਦਾ ਸਾਂ ਤੇ ਦੇਰ ਰਾਤ ਤੱਕ ਪੜ੍ਹਦਾ ਰਹਿੰਦਾ। ਮਾਸਟਰ ਜੀ ਦੇ ਪੜ੍ਹਾਏ ਸਬਕ ਨੇ ਮੇਰੇ ਅੰਦਰ ਇਕ ਖਾਸ ਤਰ੍ਹਾਂ ਦੀ ਨੈਤਿਕਤਾ ਅਤੇ ਆਚਰਨ ਦੇ ਬੀਜ ਬੀਜ ਦਿੱਤੇ ਸਨ। ਦਸਵੀਂ ਤੱਕ ਪੁੱਜਦੇ ਪੁੱਜਦੇ ਮੈਂ–ਨਾ ਸਿਰਫ਼ ਸਮਾਜਕ ਬੰਧਨਾਂ ਬਲਕਿ ਕਾਨੂੰਨ ਦਾ ਵੀ ਖਾਸਾ ਸਾਊ ਪਾਲਣਹਾਰ ਬਣ ਚੁੱਕਾ ਸਾਂ। ਜਿਸ ਕਰਕੇ ਮਾਸਟਰ ਜੀ ਮੇਰੇ ਨਾਲ ਸਨੇਹ ਰੱਖਦੇ ਸਨ।

ਦਿਨੇ ਪੜ੍ਹਾਈ ਤੇ ਉਸ ਤੋਂ ਬਾਅਦ ਜ਼ਿਮੀਂਦਾਰ ਦੇ ਘਰ ਅਤੇ ਖੇਤਾਂ ਦੇ ਕੰਮਾਂ ਤੋਂ ਵਿਹਲਾ ਹੋ ਕੇ ਇਕ ਦਿਨ ਥਕਿਆ ਟੁੱਟਿਆ ਮੈਂ ਘਰ ਆਇਆ ਤਾਂ ਅੱਗੇ ਉਸੇ ਭੁੱਲੇ ਵਿਸਰੇ ਬਾਪੂ ਨੂੰ ਚੀਖਦੇ ਚਿਹਾੜਦੇ ਸੁਣਿਆ। ਮੇਰੇ ਤਾਂ ਦਿਲ ਦੀ ਧੜਕਣ ਇਕ ਦਮ ਤੇਜ਼ ਹੋ ਗਈ। ਇਹ ਕੌਣ ਸੀ ਜੋ ਮੇਰੀ ਮਾਂ ਨਾਲ ਇਸ ਤਰ੍ਹਾਂ ਪੇਸ਼ ਆ ਰਿਹਾ ਸੀ। ਮੈਂ ਵੱਡਾ ਹੋ ਚੁੱਕਾ ਸਾਂ। ਪਿੰਡ ਦੇ ਮੁੰਡਿਆਂ ਨਾਲ ਕਬੱਡੀ ਖੇਡਦਿਆਂ ਮੈਂ ਬੜੇ ਤਕੜੇ ਦਾਓ ਪੇਚ ਸਿਖ ਲਏ ਹੋਏ ਸਨ। ਬਚਪਨ ਵਾਲੀ ਉਹ ਗੱਲ ਅਜੇ ਵੀ ਮੇਰੇ ਮਨ ਵਿਚ ਧੱਸੀ ਪਈ ਸੀ ਕਿ ਅਗਰ ਕਦੀ ਰੱਬ ਨਾਲ ਮੇਰਾ ਟਾਕਰਾ ਹੋ ਗਿਆ ਤਾਂ ਮੈਂ ਉਸਨੂੰ ਕਰਿੰਘੜੀ ਪਾਕੇ ਡਿਗਾ ਦੇਣਾ ਹੈ। ਫਿਰ ਕੈਦ ਕਰਕੇ ਕੋਠੀ ਵਾਲੇ ਸੰਦੂਕ ਵਿਚ ਬੰਦ ਕਰ ਦੇਣਾ ਹੈ।

ਦਰਵਾਜ਼ੇ ਅੰਦਰ ਵੜ ਮੈਂ ਦੇਖਿਆ, ਮੇਰੀ ਮਾਂ ਵੀ ਉਸ ਨਾਲ ਪੂਰੀ ਜਿਰਹ ਕਰ ਰਹੀ ਸੀ। ਹਾਲਾਂਕਿ ਮਾਂ ਨੂੰ ਕਦੀ ਮੈਂ ਬਹੁਤਾ ਬੋਲਦੇ ਨਹੀਂ ਸੀ ਸੁਣਿਆ। ਬਾਪੂ ਨਾਲ ਤਾਂ ਗੱਲ ਕਰਨ ਦੀ ਕਦੀ ਨੌਬਤ ਹੀ ਨਹੀਂ ਸੀ ਆਉਂਦੀ। ਪਹਿਲਾਂ ਵੀ ਜਦ ਕਦੀ ਬਾਪੂ ਗੁੱਸੇ ਹੁੰਦਾ ਤਾਂ ਮਾਂ ਚੁੱਪ ਵੱਟ ਲੈਂਦੀ ਪਰ ਅੱਜ ਉਹ ਵੀ ਪੂਰੇ ਰੋਹ ਨਾਲ ਬਹਿਸ ਕਰ ਰਹੀ ਸੀ। ਕੋਨਿਆਂ ਵਿਚ ਸਿਮਟ ਨਿਆਣੇ ਡਰੇ, ਸਹਿਮੇ ਤੇ ਪੀਲੇ ਚਿਹਰੇ ਲਈ ਥਰ ਥਰ ਕੰਬ ਰਹੇ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਵੈਸੀ ਹੀ ਦਹਿਸ਼ਤ ਸੀ ਜੈਸੀ ਮਾਂ ਦੇ ਰੱਬ ਦੀ ਹੁੰਦੀ ਸੀ। ਇਹ ਸਭ ਵੇਖ ਪਹਿਲੀ ਵਾਰ ਮੇਰੇ ਸਰੀਰ ਵਿਚਲੀਆਂ ਨਿੱਕੀਆਂ ਨਿੱਕੀਆਂ ਮਛਲੀਆਂ ਮੈਨੂੰ ਬੁਰੀ ਤਰ੍ਹਾਂ ਭੁੜਕਦੀਆਂ ਮਹਿਸੂਸ ਹੋਈਆਂ, ਜਿਵੇਂ ਮਾਸ ਫਾੜ ਕੇ ਬਾਹਰ ਆ ਜਾਣ ਲਈ ਉਤਾਵਲੀਆਂ ਹੋ ਰਹੀਆਂ ਹੋਣ। ਮੇਰੇ ਉੱਤੇ ਨਜ਼ਰ ਪੈਂਦਿਆਂ ਹੀ ਬਾਪੂ ਹੋਰ ਜ਼ੋਰ ਦੀ ਗੁੱਸੇ ਨਾਲ ਚੀਖਦਿਆਂ ਬੋਲਿਆ–"ਇਸ ਨੂੰ ਤਾਂ ਮੈਂ ਆਪਣੇ ਨਾਲ ਲੈ ਕੇ ਹੀ

ਜਾਣਾ ਹੈ। ਮੈਂ ਜ਼ੁਬਾਨ ਦੇ ਕੇ ਆਇਆ ਹਾਂ।" ਉਸ ਨੇ ਇਕ ਦਮ ਉੱਠ ਕੇ ਮੇਰੀ ਬਾਂਹ ਫੜ ਲਈ। ਪਰ ਉਸੇ ਵੇਲੇ ਮਾਂ ਅੰਦਰ ਜਿਵੇਂ ਕਿਸੇ ਚੰਡੀ ਦਾ ਪ੍ਰਵੇਸ਼ ਹੋ ਗਿਆ। ਉਹ ਵੀ ਆਪਣੀ ਜਗ੍ਹਾ ਤੋਂ ਉੱਠ ਮੇਰੇ ਵੱਲ ਵਧੀ ਤੇ ਗਰਜ ਕੇ ਬੋਲੀ,

"ਖਬਰਦਾਰ ਜੇ ਇਸਨੂੰ ਹੱਥ ਵੀ ਲਗਾਇਆ ਤਾਂ। ਤੇਰੇ ਜਿਹੇ ਵਿਹਲੜ ਤੇ ਦਰ ਦਰ ਠੋਹਕਰਾਂ ਖਾਣ ਵਾਲੇ ਭਿੱਖ ਮੰਗੇ ਮੰਗਤੇ ਨਾਲ ਤਾਂ ਮੈਂ ਇਸਨੂੰ ਕਦੀ ਨਾ ਜਾਣ ਦੇਵਾਂ ? ਤੂੰ ਕੀ ਕੀਤੇ ਕਿਸੇ ਲਈ ਸਾਰੀ ਉਮਰ। ਬੱਚੇ ਜੰਮ ਮੇਰੇ ਸਿਰ ਸੁੱਟ ਆਪ ਭਗਵੇ ਕਪੜਿਆਂ ਪਿੱਛੇ ਲੁਕ ਕੇ ਸਭ ਜ਼ਿੰਮੇਦਾਰੀਆਂ ਤੋਂ ਮੂੰਹ ਮੋੜ ਕੇ ਤੁਰ ਪੈਂਦਾ। ਮੈਂ ਪਾਲੇ ਨੇ ਆਪਣੇ ਬੱਚੇ। ਇਨ੍ਹਾਂ ਉੱਤੇ ਅਧਿਕਾਰ ਵੀ ਮੇਰਾ ਹੈ ਤੇਰਾ ਨ੍ਹੀਂ। ਇਸਨੂੰ ਆਪਣੇ ਨਾਲ ਲੈ ਜਾਕੇ ਤੂੰ ਇਸਨੂੰ ਵੀ ਆਪਣੇ ਵਰਗਾ ਨਿਖੱਟੂ ਬਣਾ ਦਏਂਗਾ ? ਨਹੀਂ। ਕਦੀ ਨਹੀਂ।" ਮਾਂ ਨੇ ਸ਼ੇਰਨੀ ਵਾਂਗ ਝਪਟ ਮਾਰ ਬਾਪੂ ਦੇ ਹੱਥੋਂ ਮੇਰੀ ਬਾਂਹ ਛੁਡਾ ਦਿੱਤੀ ਤਾਂ ਮੈਂ ਭੁਆਟਣੀ ਜਹੀ ਖਾਕੇ ਦੀਵਾਰ ਨਾਲ ਜਾ ਵਜਿਆ। ਮੈਨੂੰ ਛੱਡ ਬਾਪ ਨੇ ਮਾਂ ਦੇ ਸਿਰ ਨੂੰ ਹੱਥ ਪਾ ਲਿਆ ਅਤੇ ਉਸਦੇ ਅੱਧੇ ਚਿੱਟੇ, ਅੱਧਕਾਲੇ ਵਾਲਾਂ ਨੂੰ ਬੁਰੀ ਤਰ੍ਹਾਂ ਝੰਜੋੜਨ ਲੱਗ ਪਿਆ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਪਰ ਤਦ ਬੱਚਿਆਂ ਦੇ ਰੋਣ ਕੁਰਲਾਣ ਨੇ ਮੈਨੂੰ ਉਸ ਹਨੇਰੇ ਜਹੇ 'ਚੋਂ ਬਾਹਰ ਖਿਚ ਲਿਆਂਦਾ। ਸਾਹਮਣੇ ਟੁੱਟੀ ਹੋਈ ਬਾਰੀ ਨਾਲ ਲਕੜੀ ਦੀ ਫੱਟੀ ਲਟਕ ਰਹੀ ਸੀ। ਪਤਾ ਨਹੀਂ ਕਦੋਂ ਉਹ ਫੱਟੀ ਪੂਰੀ ਤਾਕਤ ਨਾਲ ਉਖਾੜ ਕੇ ਮੇਰੇ ਹੱਥਾਂ ਵਿਚ ਆ ਗਈ ਸੀ ਤੇ ਕਦੋਂ ਬਾਪੂ ਉਸ ਫੱਟੀ ਦੇ ਵਾਰ ਸਹਿੰਦਾ ਤੜਪਦਾ ਸੰਘ ਫਾੜ ਕੁਰਲਾਣ ਲੱਗ ਪਿਆ ਮੈਨੂੰ ਕੋਈ ਹੋਸ਼ ਨਹੀਂ। ਮਾਂ ਦੇ ਵਾਲ ਉਸ ਦੇ ਹੱਥੋਂ ਛੁੱਟੇ ਤਾਂ ਉਹ ਮੈਨੂੰ ਹੀ ਫੜਨ ਆ ਗਈ।

"ਨਾ ਵੇ ਮਖਣਾ....। ਪਿਓ ਤੇ ਹੱਥ ਨਹੀਂ ਚੁਕੀਦਾ ਬੱਚਿਆ ਪਾਪ ਲਗਦਾ ਹੈ। ਲੋਕ ਕੀ ਕਹਿਣਗੇ ? ਵੇ ਤੇਰੀਆਂ ਦੋ ਦੋ ਭੈਣਾਂ ਬੂਹੇ ਬੈਠੀਆਂ। ਉਨ੍ਹਾਂ ਨੂੰ ਕੌਣ ਵਿਆਹੁਣ ਢੁਕੇਗਾ ? ਛੱਡ ਦੇ ਇਸ ਕਰਮਾਂ ਮਾਰੇ ਨੂੰ। ਇਸ ਨੂੰ ਆਪ ਰੱਬ ਵੇਖੇਗਾ।"

ਮਾਂ ਇੱਥੇ ਵੀ ਰੱਬ ਨੂੰ ਵਿਚ ਘਸੀਟ ਲਿਆਈ ਸੀ। ਮੇਰਾ ਦਿਮਾਗ ਜਿਵੇਂ ਫੱਟ ਪਿਆ। "ਰੱਬ ? ਕਿਹੜਾ ਰੱਬ ? ਕਿਥੇ ਉਹ ਤੇਰਾ ਕੁੱਤਾ ਰੱਬ ? ਲਿਆ ਅੱਜ ਉਸਨੂੰ ਵੀ ਮੇਰੇ ਸਾਹਮਣੇ ਮੈਂ ਅੱਜ ਦੋਹਾਂ ਦਾ ਨਾਸ਼ ਕਰ ਦਿਆਂ। ਉਹ ਵੀ ਸਾਲਾ ਇਸੇ ਵਰਗਾ ਹਰਾਮੀ ਹੋਣਾ। ਅੱਜ ਮੈਂ ਦੋਹਾਂ ਨੂੰ ਮਾਰ ਦੇਣਾ....।"

ਮੇਰੇ ਉੱਤੇ ਜਿਵੇਂ ਕੋਈ ਭੂਤ ਸਵਾਰ ਹੋ ਚੁੱਕਾ ਸੀ। ਮਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਹ ਭਗਵੇ ਕਪੜਿਆਂ ਵਾਲਾ ਘੋਨਾ ਮੋਨਾ ਜਿਹੜਾ ਕੁਝ ਦੇਰ ਪਹਿਲਾਂ ਮਾਂ ਦੇ ਵਾਲ ਪੁੱਟਦਾ ਸ਼ੇਰਾਂ ਵਾਂਗ ਦਹਾੜ ਰਿਹਾ ਸੀ, ਉਹੀ ਆਪਣੇ ਕੱਦ ਤੋਂ ਉੱਚੇ ਪੁੱਤਰ ਦੇ ਹੱਥੋਂ ਕੁਟ ਖਾਂਦਿਆਂ ਮਜ਼ਲੂਮਾਂ ਵਾਂਗ ਲੇਰਾਂ ਕੱਢ ਰਿਹਾ ਸੀ। ਫੱਟੀ ਟੋਟੇ ਟੋਟੇ ਹੋ ਕੇ ਇਧਰ ਉਧਰ ਡਿਗ ਪਈ ਸੀ।

ਪਤਾ ਨਹੀਂ ਮੈਂ ਕਿਸਨੂੰ ਮਾਰ ਰਿਹਾ ਸਾਂ ? ਬਾਪੂ ਅਖਵਾਉਣ ਵਾਲੇ ਉਸ ਮੀਸਣੇ ਜਹੇ ਬੰਦੇ ਨੂੰ ਜਾਂ ਮਾਂ ਦੇ ਦੱਸੇ ਮੁਤਾਬਿਕ ਸਾਨੂੰ ਹਮੇਸ਼ਾ ਖੌਫਜ਼ਦਾ ਕਰ ਕੇ ਰੱਖਣ ਵਾਲੇ ਉਸ ਰੱਬ ਨੂੰ ਜਿਸਨੇ ਸਾਡਾ ਸਾਰਾ ਬਚਪਨ ਦਾਇਰਿਆਂ ਵਿਚ ਕੈਦ ਕਰਕੇ ਰੱਖ ਦਿੱਤਾ ਸੀ। ਬਾਪੂ ਕਮਰੇ ਵਿਚਾਲੇ ਲੰਮਾ ਲਿਟ ਗਿਆ ਸੀ ਜਿਵੇਂ ਮਰ ਹੀ ਗਿਆ ਹੋਵੇ। ਉਸਦੀਆਂ ਲੇਰਾਂ ਸੁਣ ਆਸ ਪਾਸ ਦੇ ਗੁਆਂਢੀ ਦੌੜਦੇ ਹੋਏ ਸਾਡੇ ਘਰੇ ਆ ਵੜੇ। ਬਾਪੂ ਹੋਰ ਜ਼ੋਰ ਦੀ 'ਹਾਇ-ਹਾਇ' ਕਰਨ ਲੱਗ ਪਿਆ।

"ਵੇ ਮਾਰ ਸੁੱਟਿਆ ਵਿਚਾਰਾ ਗਰੀਬ ? ਇਸ ਸਾਧੂ ਸੰਤ ਨੂੰ ਮਾਰ ਕੇ ਕੀ ਲੱਭ ਜਾਏਗਾ ਤੁਸਾਂ ਮਾਂ ਪੁੱਤਰਾਂ ਨੂੰ ? ਇਸ ਕੋਲ ਕਿਹੜਾ ਖਜ਼ਾਨਾ ਦਬਿਆ ਹੋਇਆ ? ਦਰ ਦਰ ਦੀ ਭਿਖਿਆ ਮੰਗ ਉਪਰ ਗੁਜ਼ਾਰ ਦਿੱਤੀ ਸਾਧਪੁਣੇ ਵਿਚ। ਅੱਜ ਵਰ੍ਹਿਆਂ ਮਗਰੋਂ ਘਰ ਆਇਆ ਤਾਂ ਅੱਗੇ ਗਰੀਬ ਨਾਲ ਇਹ ਸਲੂਕ ? ਰੱਬ ਕਦੀ ਮਾਫ ਨਾ ਕਰੇ ਤੁਹਾਨੂੰ।" ਲੋਕੀ ਉਸੇ ਨਾਲ ਹਮਦਰਦੀ ਜਤਾਉਂਦੇ



ਮੈਨੂੰ ਅਤੇ ਮਾਂ ਨੂੰ ਕੋਸਦੇ ਗੁੱਸੇ ਅਤੇ ਨਫ਼ਰਤ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਸਨ। ਹੁਣ ਮੈਨੂੰ ਸਮਝ ਆਈ ਸੀ ਕਿ ਮਾਂ ਲੋਕਾਂ ਤੋਂ ਏਨਾ ਕਿਉਂ ਡਰਦੀ ਸੀ ? ਕਿਉਂ ਹਰ ਜਬਰ ਸਹਿੰਦੀ ਤੇ ਇਹੀ ਆਖਦੀ ਸੀ-"ਵੇ ਲੋਕ ਕੀ ਕਹਿਣਗੇ ?" ਮਾਂ ਨੂੰ ਦਰਅਸਲ ਲੋਕਾਂ ਦੀ ਤਾਕਤ ਤੋਂ ਵੱਧ ਲੋਕਾਂ ਦੀ ਜ਼ੁਬਾਨ ਦਾ ਡਰ ਸੀ।

ਬਾਪੂ ਕਮਰੇ ਵਿਚਕਾਰ ਲੰਮਾ ਲੇਟ ਗਿਆ ਸੀ। ਲੋਕੀ ਝੁਕ ਝੁਕ ਉਸ ਨਾਲ ਹਮਦਰਦੀ ਕਰਦੇ ਮੈਨੂੰ ਅਤੇ ਮਾਂ ਨੂੰ ਗਾਲਾਂ ਕੱਢ ਰਹੇ ਸਨ।

ਲੋਕਾਂ ਦੀਆਂ ਨਫ਼ਰਤ ਭਰੀਆਂ ਨਜ਼ਰਾਂ ਦਾ ਵਿੰਨਿਆ ਮੈਂ ਉਸ ਘਰੋਂ ਬਾਹਰ ਨਿਕਲ ਆਇਆ ਤਾਂ ਇਕ ਵਾਰ ਫਿਰ ਆਪਣੇ ਆਪ ਨੂੰ ਹੌਲਾ ਫੁਲ ਮਹਿਸੂਸ ਕਰ ਰਿਹਾ ਸਾਂ। ਮੈਨੂੰ ਲਗਾ, ਮੈਂ ਰੱਬ ਅਤੇ ਬਾਪੂ ਦੋਹਾਂ ਨੂੰ ਮਾਰ ਦਿੱਤਾ ਹੈ। ਇਕ ਹੋਰ ਦਾਇਰੇ 'ਚੋਂ ਮੈਂ ਆਪਣੇ ਆਪ ਨੂੰ ਆਜ਼ਾਦ ਕਰ ਲਿਆ ਸੀ।

ਪਰ ਲੋਕਾਂ ਦੀਆਂ ਤਿੱਖੀਆਂ ਆਵਾਜ਼ਾਂ ਮੈਨੂੰ ਆਪਣੀ ਪਿੱਠ ਉੱਤੇ ਚਿਪਕੀਆਂ ਮਹਿਸੂਸ ਹੋ ਰਹੀਆਂ ਸਨ ਜਿਵੇਂ ਮੈਂ ਕੋਈ ਬਹੁਤ ਭਾਰਾ ਬੋਝ ਚੁੱਕ ਕੇ ਤੁਰ ਰਿਹਾ ਹੋਵਾਂ। ਕਿਉਂ ਚੁੱਕਿਆ ਹੋਇਆ ਹੈ ਮੈਂ ਇਹ ਬੋਝ ? ਇਹ ਲੋਕ ਮੇਰੇ ਕੀ ਲੱਗਦੇ ਨੇ ? ਇਨ੍ਹਾਂ ਨੂੰ ਕੀ ਹੱਕ ਹੈ ਮੈਨੂੰ ਕੋਸਣ ਦਾ। ਮਾਂ ਤਾਂ ਆਪਣੇ ਆਪ ਨੂੰ ਇਨ੍ਹਾਂ ਲੋਕਾਂ ਦਾ ਹਿੱਸਾ ਮੰਨਦੀ ਹੈ ਪਰ ਮੈਂ ਨਹੀਂ ਮੰਨਦਾ। ਫਿਰ ਮੈਂ ਕਿਉਂ 'ਲੋਕ ਕੀ ਕਹਿਣਗੇ' ਵਰਗਾ ਬੋਝ ਆਪਣੀ ਪਿੱਠ ਉੱਤੇ ਢੋਂਦਾ ਫਿਰਾਂ ? ਮੈਂ ਉਸੇ ਵੇਲੇ ਆਪਣੇ ਆਪ ਨੂੰ ਚੰਗੀ ਤਰ੍ਹਾਂ ਹਲੂਣ ਕੇ ਛੰਡਿਆ। ਮੈਨੂੰ ਲੱਗਾ ਜਿਵੇਂ ਪੱਥਰ ਗੀਟਿਆਂ ਵਾਂਗ ਲੋਕਾਂ ਦਾ ਡਰ ਮੇਰੀ ਪਿੱਠ ਤੋਂ ਹੱਥ ਇਧਰ ਉਧਰ ਬਿਖਰ ਗਿਆ ਸੀ। ਕਿੰਨਾ ਬੋਝ ਲਧਿਆ ਹੋਇਆ ਸੀ ਮੈਂ ਫਜ਼ੂਲ ਵਿਚ ਆਪਣੇ ਉੱਤੇ। ਰਿਲੈਕਸ ਹੋ ਕੇ ਮੈਂ ਇਕ ਭਰਪੂਰ ਅੰਗੜਾਈ ਲਈ ਤੇ ਫਿਰ ਹੌਲੇ ਕਦਮੀਂ ਪਿੰਡ ਦੇ ਸਕੂਲ ਵੱਲ ਜਾਂਦੀ ਪਗਡੰਡੀ ਉੱਤੇ ਤੁਰ ਪਿਆ। ਇਥੇ ਹੀ ਤਾਂ ਦਿਨੇ ਮੈਂ ਪੜ੍ਹਦਾ ਤੇ ਰਾਤੀਂ ਮੁੰਡਿਆਂ ਨਾਲ ਕਬੱਡੀ ਖੇਡਦਾ ਸਾਂ।

ਰੱਬ ਅਤੇ ਬਾਪੂ ਦੇ ਨਾਲ ਹੀ ਮੈਂ ਆਪਣੇ ਆਪ ਨੂੰ ਲੋਕਾਂ ਦੇ ਡਰ ਨੂੰ ਵੀ ਜ਼ਿਹਨ 'ਚੋਂ ਮਨਫ਼ੀ ਕਰ ਦਿੱਤਾ ਸੀ। ਗਲੀਆਂ 'ਚੋਂ ਲੰਘਦਾ, ਪਗਡੰਡੀਆਂ ਉੱਤੇ ਪਏ ਪੱਥਰਾਂ, ਰੋੜਿਆਂ ਨੂੰ ਪੈਰਾਂ ਦੇ ਠੁਲਿਆਂ ਨਾਲ ਮਾਰਦਾ ਮੈਂ ਤੁਰਦਾ ਜਾ ਰਿਹਾ ਸਾਂ ਕਿ ਸਰਪੰਚ ਦੇ ਘਰ ਵੱਲੋਂ ਆਉਂਦੇ ਮਾਸਟਰ ਜੀ ਨੂੰ ਵੇਖ ਅਚਾਨਕ ਮੇਰੇ ਪੈਰ ਥਾਵੇਂ ਜੰਮ ਗਏ। ਕੀ ਮਾਸਟਰ ਜੀ ਤੂੰ ਪਤਾ ਚਲ ਗਿਆ ਹੋਵੇਗਾ ਕਿ ਮੈਂ ਬਾਪੂ ਨੂੰ ਕੁੱਟਿਆ ਹੈ ? ਸੋਚਦੇ ਹੀ ਮੇਰੇ ਬੁਲ੍ਹ ਦੰਦਾਂ ਹੇਠ ਆ ਕੇ ਟੁਕੇ ਗਏ। ਪਰ ਫਿਰ ਵੀ ਮੈਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਨੂੰ ਜਦ ਸੱਚਾਈ ਦਾ ਪਤਾ ਚਲੇਗਾ ਤਾਂ ਉਹ ਮੇਰੇ ਨਾਲ ਨਰਾਜ਼ ਹੋਣ ਦੇ ਬਜਾਏ ਮੈਨੂੰ ਸ਼ਾਬਾਸ਼ੀ ਦੇਣਗੇ। ਉਹੀ ਤਾਂ ਸਾਨੂੰ ਕਿਤਾਬਾਂ 'ਚੋਂ ਪੜ੍ਹਾਉਂਦੇ ਸਨ ਕਿ ਜਾਬਰ ਦੇ ਹੱਥੋਂ ਕਿਸੇ ਮਜ਼ਲੂਮ ਦੀ ਰਖਿਆ ਕਰਨਾ ਸਾਡਾ ਫਰਜ਼ ਹੀ ਨਹੀਂ ਸਗੋਂ ਧਰਮ ਵੀ ਹੈ। ਮਾਸਟਰ ਜੀ ਨੇ ਆਪ ਹੀ ਤਾਂ ਪੜ੍ਹਾਇਆ ਸੀ ਇਹ ਸਭ ਗੀਤਾ, ਮਹਾਭਾਰਤ। ਕੁਰੂਖੇਤਰ ਵਿਚ ਕ੍ਰਿਸ਼ਨ ਨੇ ਇਹੀ ਤਾਂ ਅਰਜੁਨ ਨੂੰ ਸਿਖਾਇਆ ਸੀ ਕਿ ਜ਼ੁਲਮ ਦੇ ਖਿਲਾਫ਼ ਹਥਿਆਰ ਉਠਾਉਣਾ ਵੀ ਜਾਇਜ਼ ਹੈ। ਮੈਂ ਤਾਂ ਸਿਰਫ਼ ਲਕੜੀ ਦੀ ਫੱਟੀ ਚੁੱਕੀ ਸੀ।

ਪਰ ਸਾਹਮਣੇ ਆਉਂਦਿਆਂ ਹੀ ਮਾਸਟਰ ਜੀ ਦੀ ਨਜ਼ਰ ਜਦ ਮੇਰੇ ਤੇ ਪਈ ਤਾਂ ਉਹ ਗੁੱਸੇ ਵਿਚ ਬੋਲੇ-"ਇਹੀ ਸਿਖਾਇਆ ਸੀ ਮੈਂ ਹੁਣ ਤਕ ਤੈਨੂੰ ? ਮੈਂ ਤਾਂ ਸੋਚਦਾ ਸਾਂ ਕਿ ਤੂੰ ਮੇਰੇ ਵਰਗਾ ਲਾਇਕ ਅਤੇ ਇੱਜ਼ਤਦਾਰ ਇਨਸਾਨ ਬਣੇਗਾ। ਪਰ ਆਪਣੇ ਪਿਓ ਉੱਤੇ ਹੱਥ ਚੁੱਕਣ ਵਾਲਾ ਬਾਲਕ ਮੇਰਾ ਸ਼ਿਸ਼ ਨਹੀਂ ਹੋ ਸਕਦਾ।"

"ਪਰ ਮਾਸਟਰ ਜੀ ਉਸ ਨੇ ਮੇਰੀ ਮਾਂ ਨੂੰ ਕੁੱਟਿਆ ਹੈ।" ਮੈਂ ਸਫਾਈ ਦੇਣੀ ਚਾਹੀ।

"ਫਿਰ ਕੀ ਹੋ ਗਿਆ ? ਪਤੀ ਪਤਨੀ ਝਗੜਦੇ ਹੀ ਰਹਿੰਦੇ ਹਨ। ਕੀ ਤੂੰ ਹੋਰ ਕਿਸੇ ਮਰਦ ਨੂੰ ਆਪਣੀ ਪਤਨੀ ਤੇ ਹੱਥ ਚੁੱਕਦਿਆਂ ਨਹੀਂ ਵੇਖਿਆ ? ਮਰਦ ਦਾ ਗੁੱਸਾ ਚੰਡਾਲ ਹੁੰਦਾ ਹੈ। ਔਰਤ ਨੂੰ ਸਬਰ ਕਰ ਲੈਣਾ ਚਾਹੀਦਾ ਹੈ। ਔਰਤ ਵਿਚ ਜੇਕਰ ਸਹਿਨ ਸ਼ਕਤੀ ਹੋਵੇ ਤਾਂ ਹੀ ਘਰ ਗ੍ਰਹਿਸਥੀ ਨਿਭ ਸਕਦੀ ਹੈ। ਇਹ ਤਾਂ ਨਹੀਂ ਕਿ ਮਾਵਾਂ ਦੀ ਸ਼ਹਿ ਤੇ ਪੁੱਤਰ ਜੁਆਨ ਹੋ ਕੇ ਪਿਓ ਨੂੰ ਕੁੱਟਣ ਲੱਗ ਪਵੇ। ਛੀ...ਛੀ...ਛੀ। ਰਾਮ ਰਾਮ। ਕਲਯੁਗ ਆ ਗਿਆ ਭਾਈ ਕਲਯੁਗ। ਵਿਚਾਰਾ ਅਧਮਰੀ ਹਾਲਤ ਵਿਚ ਪੰਚਾਇਤ ਸਾਹਮਣੇ ਆਪਣਾ ਦੁਖੜਾ ਰੋਣ ਆਇਆ ਸੀ। ਕਿਥੇ ਜਾਏ ਬੰਦਾ ਬੁਢਾਪੇ ਵਿਚ ?"

ਮਾਸਟਰ ਜੀ ਨੇ ਸ਼ਾਇਦ ਉਹੀ ਸੁਆਲ ਦੁਹਰਾਇਆ ਸੀ ਜਿਹੜਾ ਉਥੇ ਬੈਠ ਪੰਚਾਂ ਨੇ ਸਾਰੀ ਪੰਚਾਇਤ ਅਤੇ ਲੋਕਾਂ ਨੂੰ ਕੀਤਾ ਹੋਵੇਗਾ। "ਕਿਥੇ ਜਾਏ ਬੰਦਾ ਬੁਢਾਪੇ ਵਿਚ ?" ਮਾਸਟਰ ਜੀ ਆਪ ਤਾਂ ਚਲੇ ਗਏ ਪਰ ਉਨ੍ਹਾਂ ਦੇ ਪਿਛੇ ਖਲਾਅ ਵਿਚ ਲਟਕਿਆ ਇਹ ਸੁਆਲ ਮੈਨੂੰ ਸੋਚਣ ਤੇ ਮਜ਼ਬੂਰ ਕਰ ਰਿਹਾ ਸੀ ਕਿ ਕੀ ਕਿਸੇ ਨੇ ਪੰਚਾਇਤ ਵਿਚ ਇਹ ਨਹੀਂ ਪੁੱਛਿਆ ਹੋਵੇਗਾ ਕਿ 'ਕਿਥੇ ਜਾਏ ਔਰਤ ਜੁਆਨੀ ਵਿਚ ?' ਪਰ ਮੇਰੇ ਇਸ ਸੁਆਲ ਦਾ ਜੁਆਬ ਨਾ ਪੰਚਾਇਤ ਨੇ ਦੇਣਾ ਸੀ ਤੇ ਨਾ ਹੀ ਮਾਸਟਰ ਜੀ ਨੇ। ਉਹ ਤਾਂ 'ਰਾਮ....ਰਾਮ' ਕਰਦੇ ਮੇਰੀਆਂ ਨਜ਼ਰਾਂ ਤੋਂ ਉਹਲੇ ਹੋ ਗਏ। ਰੱਬ, ਬਾਪੂ ਅਤੇ ਲੋਕਾਂ ਵਾਂਗ ਮਾਸਟਰ ਜੀ ਵੀ ਕਿਸੇ ਹਨੇਰੇ ਵਿਚ ਗੁਆਚ ਗਏ।

ਹਾਲਾਂਕਿ ਪਹਿਲਾਂ ਕਦੀ ਮੈਨੂੰ ਅਫ਼ਸੋਸ ਨਹੀਂ ਸੀ ਹੋਇਆ। ਪਰ ਮਾਸਟਰ ਜੀ ਦੇ ਨਜ਼ਰਾਂ ਤੋਂ ਉਹਲੇ ਹੁੰਦਿਆਂ ਹੀ ਮੈਂ ਬੇਹੱਦ ਉਦਾਸ ਹੋ ਗਿਆ। ਉਨ੍ਹਾਂ ਦੀ ਛਵੀ ਦਾ ਆਈਨਾ ਤਿੜਕਦਿਆਂ ਮੈਂ ਆਪ ਵੀ ਤਿੜਕ ਗਿਆ ਸਾਂ ਤੇ ਨਾਲ ਹੀ ਤਿੜਕ ਗਏ ਸਨ ਮਾਸਟਰ ਜੀ ਦੇ ਸਿਖਾਏ ਸਾਰੇ ਆਦਰਸ਼। ਕਿੰਨੀਆਂ ਹੀ ਰਸੀਆਂ ਮੇਰੇ ਦੁਆਲਿਓਂ ਢਿੱਲੀਆਂ ਪੈਕੇ ਖੁੱਲ੍ਹ ਗਈਆਂ ਸਨ। ਸਰੀਰ ਆਜ਼ਾਦ ਤੇ ਮਨ ਹੌਲਾ ਹੋ ਗਿਆ ਸੀ।

ਜਿਸ ਭਲੇਮਾਣਸ ਬੰਦੇ ਦੇ ਘਰ ਮੈਂ ਮਾਲੀ ਦਾ ਕੰਮ ਕਰਦਾ ਰਿਹਾ ਉਹ ਆਪ ਬਹੁਤ ਚੰਗਾ ਸਾਹਿਤਕਾਰ ਸੀ। ਦਸਵੀਂ ਤਕ ਪੜ੍ਹੇ ਹੋਣ ਕਾਰਨ ਮੈਂ ਉਸਦੀਆਂ ਲਿਖੀਆਂ ਕਹਾਣੀਆਂ ਪੜ੍ਹਦਾ ਪੜ੍ਹਦਾ ਉਸਦੀ ਲਾਇਬ੍ਰੇਰੀ ਵਿਚ ਪਈ ਹਰ ਕਿਤਾਬ ਪੜ੍ਹਨ ਲਗ ਪਿਆ। ਮੈਨੂੰ ਚੇਟਕ ਲਗ ਗਈ। ਮੇਰੇ ਮਾਲਕ ਨੂੰ ਮੇਰੀ ਸਾਹਿਤਕ ਮੋਹ ਦਾ ਪਤਾ ਚਲ ਗਿਆ ਸੀ। ਇਸ ਲਈ ਉਹ ਵਿਹਲੇ ਸਮੇਂ ਮੈਨੂੰ ਆਪਣੇ ਕੋਲ ਬਿਠਾਉਂਦਾ ਆਪਣੀਆਂ ਨਵੀਆਂ ਲਿਖੀਆਂ, ਅਣਛਪੀਆਂ ਕਹਾਣੀਆਂ ਸੁਣਾਉਂਦਾ, ਪਾਤਰਾਂ ਦੀ ਮਾਨਸਿਕਤਾ, ਆਲੋਚਕਾਂ ਦਾ ਦੋਗਲਾ ਕਿਰਦਾਰ ਅਤੇ ਸੱਚੇ ਸਾਹਿਤਕਾਰ ਦੀ ਈਮਾਨਦਾਰ ਮਿਹਨਤ। ਉਹ ਮੈਨੂੰ ਵੀ ਆਪਣੀ ਰਾਇ ਦੇਣ ਲਈ ਆਖਦੇ ਤੇ ਮੈਂ ਆਪਣੀ ਬੁੱਧੀ ਮੁਤਾਬਿਕ ਜਿਤਨਾ ਦੱਸ ਸਕਦਾ, ਦੱਸ ਦੇਂਦਾ। ਉਹ ਬਹੁਤ ਖ਼ੁਸ਼ ਹੁੰਦੇ। ਕਦੀ ਕਦੀ ਤਾਂ ਮੈਨੂੰ ਵੀ ਲਿਖਣ ਲਈ ਪ੍ਰੋਤਸਾਹਿਤ ਕਰਦੇ।

"ਲੇਖਣਾ ਹੁਣ ਮੇਰੀ ਤਬੀਅਤ ਠੀਕ ਨਹੀਂ ਰਹਿੰਦੀ। ਤੇ ਨਾ ਹੀ ਪ੍ਰਕਾਸ਼ਕਾਂ ਕੋਲ ਚੱਕਰ ਲਗਾਣ ਦੀ ਮੇਰੇ ਵਿਚ ਹਿੰਮਤ ਹੈ ਹੁਣ। ਤੂੰ ਇਹ ਕਹਾਣੀਆਂ ਦੇ ਖਰੜੇ, ਜਿਸ ਜਿਸ ਪ੍ਰਕਾਸ਼ਕ ਦਾ ਪਤਾ ਇਨ੍ਹਾਂ ਉੱਤੇ ਲਿਖਿਆ ਹੈ-ਉਨ੍ਹਾਂ ਤੱਕ ਪਹੁੰਚਾ ਦੇ। ਸਭ ਕੰਮ ਮੁਕੰਮਲ ਹੋਇਆ ਪਿਆ ਹੈ, ਬੱਸ ਛਾਪਣਾ ਹੀ ਬਾਕੀ ਹੈ।" ਉਨ੍ਹਾਂ ਮੈਨੂੰ ਕਿੰਨੀ ਵਾਰ ਕਿਹਾ। ਖਾਸ ਕਰਕੇ ਉਹ ਉਸ ਨਾਵਲ ਲਈ ਬਹੁਤ ਹੀ ਉਤਸ਼ਾਹਿਤ ਸਨ ਜਿਹੜਾ ਉਨ੍ਹਾਂ ਮੁਤਾਬਿਕ ਉਨ੍ਹਾਂ ਦਾ ਸ਼ਾਹਕਾਰ ਸਿੱਧ ਹੋਣ ਵਾਲਾ ਸੀ। ਮਾਲਕ ਨੇ ਵੀ ਉਮਰ ਦਾ ਲੰਮਾ ਹਿੱਸਾ ਇਕੱਲਿਆਂ ਹੀ ਗੁਜ਼ਾਰਿਆ ਸੀ। ਉਹ ਤਾਂ ਦੱਸਦੇ ਸਨ ਕਿ ਘਰ ਦਿਆਂ ਨੌਕਰਾਂ ਕਾਰਨ ਵੀ ਉਨ੍ਹਾਂ ਨੂੰ ਆਪਣੀ ਸ਼ਾਂਤੀ ਭੰਗ ਹੁੰਦੀ ਮਹਿਸੂਸ ਹੁੰਦੀ ਤਾਂ ਉਹ ਨੌਕਰਾਂ ਨੂੰ ਵੀ ਭਜਾ ਦੇਂਦੇ। ਪਰ ਮੇਰੀ ਸਾਹਿਤਕ ਰੁਚੀ ਅਤੇ ਖਾਮੋਸ਼ ਤਬੀਅਤ ਅੰਦਰ ਉਨ੍ਹਾਂ ਨੂੰ ਪਤਾ



ਨਹੀਂ ਕੀ ਦਿੱਸਿਆ ਸੀ ਕਿ ਉਹ ਮੇਰੇ ਉੱਤੇ ਏਨਾ ਭਰੋਸਾ ਕਰਨ ਲੱਗ ਪਏ ਸਨ।

ਪਰ ਵਕਤ ਨੇ ਉਨ੍ਹਾਂ ਨੂੰ ਜ਼ਿਆਦਾ ਮੁਹਲਤ ਨਾ ਦਿੱਤੀ ਤੇ ਉਨ੍ਹਾਂ ਦੇ ਦਿਹਾਂਤ ਬਾਦ ਉਨ੍ਹਾਂ ਦੇ ਵਿਦੇਸ਼ ਰਹਿੰਦੇ ਪੁੱਤਰ ਨੇ ਇੰਡੀਆ ਆ ਕੇ ਉਨ੍ਹਾਂ ਦਾ ਘਰ ਤੇ ਸਾਰੀ ਜਾਇਦਾਦ ਵੇਚ ਪੈਸਾ ਆਪਣੇ ਨਾਂ ਕਰ ਲਿਆ।

"ਛੋਟੇ ਮਾਲਕ ਵੱਡੇ ਮਾਲਕ ਦੀਆਂ ਇਹ ਨਿਸ਼ਾਨੀਆਂ ਮੇਰੇ ਕੋਲ ਰਹਿਣ ਦਿਓ।" ਮੈਂ ਉਨ੍ਹਾਂ ਨੂੰ ਮਿੰਨਤ ਕੀਤੀ ਜਦ ਵੱਡੇ ਮਾਲਕ ਦੇ ਉਹ ਖਰੜੇ, ਫਾਇਲਾਂ, ਡਾਇਰੀਆਂ ਤੇ ਕਿਤਾਬਾਂ ਦਾ ਇਕ ਢੇਰ ਜਿਹਾ ਕੋਨੇ ਵਿਚ ਲਗਾ ਕੇ ਛੋਟੇ ਮਾਲਕ ਨੇ ਰੱਦੀ ਵਿਚ ਵੇਚਣ ਲਈ ਮੈਨੂੰ ਕਿਹਾ। ਵੱਡੇ ਮਾਲਕ ਨੇ ਤਾਂ ਇਹ ਕਹਾਣੀਆਂ ਅਤੇ ਨਾਵਲਾਂ ਦੇ ਖਰੜੇ ਤਿਆਰ ਕੀਤੇ ਸਨ ਪਰ ਛੋਟੇ ਮਾਲਕ ਨੂੰ ਇਸ ਨਾਲ ਕੀ ? ਉਨ੍ਹਾਂ ਲਈ ਇਹ ਸਭ ਕੂੜ ਕਬਾੜ ਹੀ ਸੀ। ਸੋ ਉਹ ਪੈਸਾ ਸਮੇਟ ਕੇ ਚਲੇ ਗਏ।

ਪਰ ਉਹੀ ਖਰੜੇ ਜਦ ਮੇਰੇ ਨਾਂ ਹੇਠ ਅਖ਼ਬਾਰਾਂ, ਰਸਾਲਿਆਂ ਵਿਚ ਛਪਣ ਲਗ ਪਏ ਤਾਂ ਧੁੰਮਾਂ ਪੈ ਗਈਆਂ। ਰਾਤੋਂ ਰਾਤ ਇਕ ਨਵਾਂ ਸਾਹਿਤਕਾਰ ਕਿਥੋਂ ਪੈਦਾ ਹੋ ਗਿਆ ਜੋ ਸਾਹਿਤ ਜਗਤ ਤੇ ਛਾ ਗਿਆ। ਕੁਝ ਲੋਕਾਂ ਨੂੰ ਸ਼ੱਕ ਤਾਂ ਪਿਆ। ਖਾਸ ਕਰਕੇ ਜਿਹੜੇ ਲੋਕੀ ਮਾਲਕ ਦੀ ਲਿਖਣ ਸ਼ੈਲੀ ਤੋਂ ਪ੍ਰੀਚਿਤ ਸਨ ਉਹ ਤਾਂ ਝੱਟ ਸਮਝ ਗਏ। ਅੰਦਰ ਖਾਤੇ ਰੌਲਾ ਵੀ ਬਹੁਤ ਪਿਆ। ਪਰ ਤਦ ਤਕ ਮੇਰਾ ਨਾਂ ਅਖ਼ਬਾਰਾਂ, ਮੈਗਜ਼ੀਨਾਂ ਵਿਚ ਛਾ ਚੁੱਕਾ ਸੀ।

ਸੋਨੇ ਤੇ ਸੁਹਾਗਾ ਉਹ ਨਾਵਲ ਸੀ ਜਿਸਨੂੰ ਮਾਲਕ ਆਪਣਾ ਸ਼ਾਹਕਾਰ ਮੰਨਦੇ ਸਨ। 'ਮੁਕਤੀ' ਨਾਵਲ ਨੇ ਮੇਰਾ ਨਾਂ ਨਾਵਲਕਾਰਾਂ ਦੀ ਪਹਿਲੀ ਕਤਾਰ ਵਿਚ ਲੈ ਆਂਦਾ ਤੇ ਇਸ ਨਾਵਲ ਨੂੰ ਇਸ ਵਰ੍ਹੇ ਰਾਜ ਸਰਕਾਰ ਵੱਲੋਂ ਸਰਵੋਤਮ ਪੁਸਤਕ ਦਾ ਇਨਾਮ ਵੀ ਘੋਸ਼ਿਤ ਹੋ ਚੁੱਕਾ ਹੈ। ਹੁਣ ਸ਼ੋਹਰਤ ਅਤੇ ਨੁਕਤਾਚੀਨੀ ਨਾਲੋਂ ਨਾਲ ਚਲ ਪਈ। ਪਰ ਜੋ ਹੋਣਾ ਸੀ ਉਹ ਹੋ ਚੁੱਕਾ ਸੀ। ਨੁਕਤਾਚੀਨੀ ਕਰਨ ਵਾਲੇ ਸਿਰ ਪਿੱਟਦੇ ਰਹਿ ਗਏ ਪਰ ਸੱਚ ਇਹੀ ਸੀ ਕਿ ਇਸ ਨਾਵਲ ਨੇ ਨਾ ਕੇਵਲ ਮੈਨੂੰ ਸ਼ੋਹਰਤ ਅਤੇ ਦੌਲਤ ਹੀ ਦਿੱਤੀ ਸਗੋਂ ਦੀਪੀ ਵੀ ਇਕ ਹੋਰ ਕਲਗੀ ਵਾਂਗ ਮੇਰੀ ਟੋਪੀ ਵਿਚ ਆ ਜੜੀ ਗਈ।

ਦੀਪੀ ਬਹੁਤ ਹੀ ਭਾਵੁਕ ਕੁੜੀ ਸੀ। ਪਤਾ ਨਹੀਂ ਉਸਨੂੰ ਇਹ ਵਹਿਮ ਕਿਉਂ ਹੋ ਗਿਆ ਸੀ ਕਿ ਮੇਰੀਆਂ ਕਹਾਣੀਆਂ ਦੀ ਨਾਇਕਾ ਉਹੀ ਹੈ। ਲੋਕ ਵੀ ਅਜੀਬ ਹੁੰਦੇ ਨੇ। ਉਨ੍ਹਾਂ ਨੂੰ ਕਿਸੇ ਦੇ ਦਰਦ ਨੂੰ ਪੜ੍ਹ ਪੜ੍ਹ ਕੇ ਮਜ਼ਾ ਲੈਣ ਦਾ ਝੱਸ ਹੁੰਦਾ ਹੈ। ਜਿਤਨਾ ਡੂੰਘਾ ਦਰਦ ਉਤਨੀ ਹੀ ਗਹਿਰੀ ਪਾਠਕਾਂ ਦੀ ਦਿਲਚਸਪੀ।

ਇਹ ਦਿਲਚਸਪੀ ਤਾਂ ਦੀਪੀ ਨੂੰ ਮੇਰੇ ਤੱਕ ਖਿੱਚ ਲਿਆਈ ਸੀ। ਉਹ ਬਹੁਤ ਭਾਵੁਕ ਹੋ ਕੇ ਮੈਨੂੰ ਯਕੀਨ ਦਿਵਾਣ ਦੀ ਕੋਸ਼ਿਸ਼ ਕਰਦੀ ਕਿ ਮੇਰੀਆਂ ਕਹਾਣੀਆਂ ਜਿਸ ਖਲਾਅ ਵਿਚੋਂ ਜਨਮ ਲੈਂਦੀਆਂ ਹਨ, ਉਸ ਖਲਾਅ ਤੋਂ ਅਗੇ ਉਹ ਹੀ ਮੇਰੇ ਇੰਤਜ਼ਾਰ ਵਿਚ ਖੜੀ ਹੈ। ਮੈਂ ਜੋ ਹਮੇਸ਼ਾ ਦਾਇਰਿਆਂ ਦੀ ਘੁਟਨ ਤੋਂ ਆਜ਼ਾਦ ਹੋਣ ਲਈ ਛਟਪਟਾਂਦਾ ਰਹਿੰਦਾ ਸਾਂ, ਆਖਰ ਦੀਪੀ ਦੇ ਭਾਵੁਕਤਾ ਦੇ ਦਾਇਰੇ ਵਿਚ ਕੈਦ ਹੋ ਕੇ ਹੀ ਰਹਿ ਗਿਆ। ਮੁਹੱਬਤ ਸ਼ਾਇਦ ਇਵੇਂ ਹੀ ਹੁੰਦੀ ਹੋਵੇਗੀ। ਘੱਟੋ ਘੱਟ ਦੀਪੀ ਤਾਂ ਇਹੀ ਸੋਚਦੀ ਸੀ।

"ਕੋਰਟ ਮੈਰਿਜ ਕਰਾਂਗੇ।" ਮੈਂ ਦ੍ਰਿੜ ਇਰਾਦੇ ਨਾਲ ਕਿਹਾ।

"ਪਰ ਕਿਉਂ ਮੇਰਾ ਪਿਤਾ ਕੀ ਸੋਚੇਗਾ ? ਲੋਕ ਕੀ ਕਹਿਣਗੇ ?" ਇਕ ਵਾਰ ਫਿਰ ਪਿਤਾ ਅਤੇ ਲੋਕਾਂ ਨੂੰ ਹਊਆ ਬਣਾ ਕੇ ਮੇਰੇ ਸਾਹਮਣੇ ਖੜਾ ਕਰ ਦਿੱਤਾ ਗਿਆ। ਇਸ ਵਾਰੀ ਮੇਰੀ ਮਾਂ ਵੱਲੋਂ ਨਹੀਂ ਸਗੋਂ ਮੇਰੀ ਪ੍ਰੇਮਿਕਾ ਵੱਲੋਂ। ਮੈਨੂੰ ਇਕਦਮ ਅਹਿਸਾਸ ਹੋਇਆ ਕਿ ਕਿਸੇ ਨਾ ਕਿਸੇ ਤਰ੍ਹਾਂ

ਮਾਂ ਅਤੇ ਦੀਪੀ ਨੂੰ ਵੀ ਇਨ੍ਹਾਂ ਗੁੰਝਲਾਂ 'ਚੋਂ ਬਾਹਰ ਕੱਢਣਾ ਪਵੇਗਾ ਜਿਵੇਂ ਆਪਣੇ ਆਪ ਨੂੰ ਕੱਢ ਲਿਆ ਹੋਇਆ ਸੀ।

"ਲੋਕ ਕੌਣ ਹੁੰਦੇ ਨੇ ? ਲੋਕਾਂ ਨੂੰ ਕੀ ਹੱਕ ਹੈ ਸਾਡੀ ਜਾਤੀ ਜ਼ਿੰਦਗੀ ਵਿਚ ਦਖਲ ਦੇਣ ਦਾ ? ਅਸੀਂ ਜਾਂਦੇ ਹਾਂ ਕਿਸੇ ਦੀ ਜ਼ਿੰਦਗੀ ਵਿਚ ਦਖਲ ਦੇਣ ? ਫਿਰ ਉਨ੍ਹਾਂ ਤੋਂ ਕਿਸ ਗੱਲ ਦਾ ਡਰ। ਸਿੰਗ ਤੇ ਨਹੀਂ ਹੁੰਦੇ ਲੋਕਾਂ ਦੇ ਜਿਹੜੇ ਸਾਨੂੰ ਆਕੇ ਮਾਰਨਗੇ। ਕੋਈ ਚਿੰਤਾ ਨਹੀਂ ਲੋਕਾਂ ਦੀ। ਜੇ ਤੂੰ ਵੀ ਲੋਕਾਂ ਦੇ ਇਸ ਭੈਅ ਤੋਂ ਮੁਕਤ ਹੋ ਸਕੇਂ ਤਾਂ ਆਪਾਂ ਕੋਰਟ ਮੈਰਿਜ ਕਰਾਂਗੇ।"

"ਪਰ ਪਿਤਾ ਜੀ ?" ਇਕ ਵਾਰ ਫਿਰ ਪਿਤਾ ਵਰਗਾ ਉਹ ਡਰ ਮੇਰੇ ਸਾਹਮਣੇ ਡਰਾਉਣੇ ਵਾਂਗ ਖੜਾ ਕਰ ਦਿੱਤਾ ਗਿਆ। ਮਾਂ ਉਸਦੀ ਹੈ ਨਹੀਂ ਸੀ। ਜੇ ਹੁੰਦੀ ਵੀ ਤਾਂ ਉਸਤੋਂ ਡਰਨ ਦੀ ਸ਼ਾਇਦ ਉਸਨੂੰ ਲੋੜ ਵੀ ਨਾ ਪੈਂਦੀ। ਮੈਂ ਇਕ ਲੰਮਾ ਸਾਹ ਲੈ ਕੇ ਆਪਣੇ ਆਪ ਨੂੰ ਇੰਤਿਹਾ ਤਕ ਸਹਿਜ ਕਰਦਿਆਂ ਕਿਹਾ।

"ਤੂੰ ਬਾਲਿਗ ਹੈਂ। ਮੇਰੇ ਨਾਲ ਮੁਹੱਬਤ ਤੂੰ ਆਪਣੀ ਮਰਜ਼ੀ ਨਾਲ ਕੀਤੀ ਹੈ ਸੋ ਸ਼ਾਦੀ ਦਾ ਫੈਸਲਾ ਵੀ ਤੇਰਾ ਹੀ ਹੋਣਾ ਚਾਹੀਦਾ ਹੈ। ਮੈਂ ਜ਼ਬਰਦਸਤੀ ਨਹੀਂ ਕਰਾਂਗਾ। ਜੇ ਤੂੰ ਲੋਕਾਂ ਦੇ ਭੈਅ ਤੋਂ ਜਾਂ ਆਪਣੇ ਪਿਤਾ ਜੀ ਦੀਆਂ ਖਿਚੀਆਂ ਲਕੀਰਾਂ ਤੋਂ ਬਾਹਰ ਆ ਸਕਦੀ ਹੈਂ ਤਾਂ ਕਲ੍ਹ ਅਸੀਂ ਕੋਰਟ ਜਾਵਾਂਗੇ।"

ਦੀਪੀ ਨੇ ਲੋਕਾਂ ਦੇ ਜਾਂ ਆਪਣੇ ਪਾਪਾ ਦੇ ਭੈਅ ਤੋਂ ਮੁਕਤ ਹੋ ਕੇ ਜਾਂ ਫਿਰ ਆਪਣੇ ਦਿਲ ਦੀ ਕਮਜ਼ੋਰੀ ਹੱਥੋਂ ਮਜ਼ਬੂਰ ਹੋ ਕੇ ਆਖਰ ਮੇਰੇ ਨਾਲ ਕੋਰਟ ਮੈਰਿਜ ਕਰਵਾ ਹੀ ਲਈ। ਉਹ ਨਾਵਲਾਂ ਅਤੇ ਕਹਾਣੀਆਂ ਵਰਗੀ ਹੀ ਜ਼ਿੰਦਗੀ ਚਾਹੁੰਦੀ ਸੀ ਪਰ ਮੈਂ ਤਾਂ ਇਕ ਘੁਟਨ ਭਰੀ ਤੜਪਦੀ ਛਟਪਟਾਂਦੀ ਆਤਮਾ ਸਾਂ। ਦੀਪੀ ਜੋ ਮੇਰੀਆਂ ਕਹਾਣੀਆਂ ਦੀ ਨਾਇਕਾ ਸਮਝਦੀ ਸੀ ਆਪਣੇ ਆਪ ਨੂੰ ਉਹ 'ਮੁਕਤੀ' ਨਾਵਲ ਨਾਲ ਆਪਣੇ ਆਪ ਨੂੰ ਰਿਲੇਟ ਨਹੀਂ ਸੀ ਕਰ ਸਕਦੀ। ਨਾਵਲ ਸ਼ਾਇਦ ਇਕੱਲਤਾ ਦੀ ਸਿੱਖਰ ਹੰਢਾਉਂਦੀ ਪੀੜ 'ਚੋਂ ਲਿਖਿਆ ਗਿਆ ਸੀ।

"ਮੈਂ ਕਹਿੰਦੀ ਹਾਂ ਨਾ, ਮੱਖਣ ਜੀ ਕਿ ਪਰੇਮ ਦਾ ਬੰਧਨ ਹੀ ਅਸਲ ਵਿਚ ਮੁਕਤੀ ਹੈ।" ਉਹ ਮੇਰੀ ਸੋਚ ਉੱਤੇ ਵਿਅੰਗ ਕਰਦਿਆਂ ਅੱਖਾਂ ਮਟਕਾਉਂਦੀ ਬੋਲਦੀ। ਮੈਂ ਜੋ ਬੰਧਨਾਂ ਤੋਂ ਆਜ਼ਾਦੀ ਨੂੰ ਮੁਕਤੀ ਮੰਨਦਾ ਸਾਂ।

ਹੁਣ ਤੱਕ ਜਿਤਨੇ ਦਾਇਰੇ ਮੈਂ ਤੋੜ ਕੇ ਇਥੇ ਤੱਕ ਪੁਜਾ ਸਾਂ, ਉਹ ਹੌਲੀ ਹੌਲੀ ਮੇਰੇ ਘਰ ਅੰਦਰ ਫਿਰ ਉਸਰਨੇ ਸ਼ੁਰੂ ਹੋ ਗਏ। ਉਸਦੇ ਪਿਤਾ ਦੇ ਰੂਪ ਵਿਚ, ਨਿੱਕੇ ਜਿਹੇ ਮੰਦਰ ਵਿੱਚ ਰਖੀ ਮੂਰਤੀ ਦੇ ਰੂਪ ਵਿਚ ਜਾਂ "ਹਾਇ ਕੀ ਕਰ ਰਹੇ ਹੋ ? ਲੋਕ ਕੀ ਕਹਿਣਗੇ" ਦੇ ਰੂਪ ਵਿਚ। ਘਰ ਜਿਹੜਾ ਅਸਾਂ ਬਣਾਇਆ ਉਹ ਦਾ ਵਿਹੜਾ ਵੀ ਹੌਲੀ ਹੌਲੀ ਦਾਇਰਿਆਂ ਵਿਚ ਕੈਦ ਹੁੰਦਾ ਚਲਾ ਗਿਆ। ਛੇਤੀ ਹੀ ਮੈਨੂੰ ਲਗ ਗਿਆ ਕਿ ਵਿਚਾਰਾਂ ਦਾ ਆਪਸੀ ਟਕਰਾਓ ਮੇਰੇ ਦੁਆਲੇ ਇਕ ਘੁਟਨ ਭਰਿਆ ਮਾਹੌਲ ਸਿਰਜ ਰਿਹਾ ਹੈ। ਡੌਮੀਨੈਂਸ ਦਾ ਸ਼ਿਕੰਜਾ। ਮੁਹੱਬਤ ਜਦ ਹੱਕ ਤੋਂ ਅੱਗੋਂ ਡੌਮੀਨੈਂਸ ਦਾ ਰੂਪ ਧਾਰ ਲਵੇ ਤਾਂ ਸਾਹ ਘੁਟਿਆ ਜਾਣਾ ਲਾਜ਼ਮੀ ਹੈ। ਮੁਹੱਬਤ ਹੀ ਦਰਅਸਲ ਸਭ ਤੋਂ ਵੱਡੀ ਗੁਲਾਮੀ ਹੈ। ਇਕ ਸੂਖਮ ਰੇਸ਼ਮੀ ਡੋਰ। ਹਥਿਆਰਾਂ ਦੀ ਮਾਰ ਤੋਂ ਆਪਣਾ ਬਚਾਓ ਮੁਮਕਿਨ ਹੋ ਸਕਦਾ ਹੈ ਪਰ ਮੁਹੱਬਤ ਦੀ ਰੇਸ਼ਮੀ ਡੋਰ ਤੋਂ ਬਚ ਸਕਣਾ ਮੁਮਕਿਨ ਨਹੀਂ। ਇਥੋਂ ਹੀ ਸਾਰੇ ਪੁਆੜੇ ਸ਼ੁਰੂ ਹੁੰਦੇ ਹਨ। ਪ੍ਰੇਮੀ ਪ੍ਰੇਮਿਕਾ, ਫਿਰ ਘਰ ਪਰਿਵਾਰ, ਫਿਰ ਸਮਾਜ, ਫਿਰ ਕੁਝ ਹੋਰ...ਕੁਝ ਹੋਰ...। ਬੰਧਨ ਹੀ ਬੰਧਨ। ਦਾਇਰਿਆਂ ਅੰਦਰ ਦਾਇਰੇ ਤੇ ਇਕ ਦਿਨ ਇਹ ਦਾਇਰਾ ਵੀ ਟੁੱਟ ਗਿਆ। ਪਤਾ ਨਹੀਂ ਦੀਪੀ ਨੇ ਵਧ ਜ਼ੋਰ ਲਗਾਇਆ ਜਾਂ ਮੈਂ ਪਰ ਮੁਹੱਬਤ ਵਰਗਾ ਇਹ ਬੰਧਨ ਸ਼ਾਦੀ ਦਾ ਰੂਪ ਲੈਂਦੇ ਹੀ ਤੜਿਕ ਕਰਕੇ ਟੁੱਟ ਗਿਆ। ਦੀਪੀ ਆਪਣੇ ਪਿਤਾ ਜੀ ਦੀ ਇੱਜ਼ਤ, ਰੱਬ ਦਾ ਡਰ ਅਤੇ ਲੋਕਾਂ



ਦੀ ਲਾਜ ਆਪਣੇ ਨਾਲ ਹੀ ਸਮੇਟ ਕੇ ਮੇਰੇ ਮਨ ਦੇ ਉਸੇ ਹਨੇਰੇ ਕੋਨੇ ਵਿਚ ਚਲੀ ਗਈ। ਤੇ ਮੈਂ ਇਕ ਵਾਰ ਫਿਰ ਦਾਇਰਿਆਂ ਤੋਂ ਆਜ਼ਾਦ ਖੜਾ ਸਾਂ।

ਪਰ ਅੱਜ ਦੋ ਸਾਲਾਂ ਬਾਅਦ, ਘਰ 'ਚ ਬਾਹਰਲੇ ਦਰਵਾਜ਼ੇ ਉੱਤੇ ਦਸਤਕ ਸੁਣ ਮੇਰੇ ਮਨ ਵਿਚ ਅਚਾਨਕ ਪਤਾ ਨਹੀਂ ਇਹ ਖਿਆਲ ਚੂਹੇ ਵਾਂਗ ਟਪੂਸੀ ਮਾਰਦਾ ਕਿਧਰੋਂ ਨਿਕਲ ਆਇਆ ਕਿ ਕਿਤੇ ਬਾਹਰ ਦੀਪੀ ਤਾਂ ਨਹੀਂ ? ਦੀਪੀ ਤਾਂ, ਬਾਪੂ, ਰੱਬ ਤੇ ਮਾਸਟਰ ਜੀ ਵਾਂਗ ਕਿਸੇ ਹਨੇਰੇ ਖਲਾਅ ਵਿਚ ਗੁੰਮ ਹੋ ਚੁੱਕੀ ਸੀ।

ਹੁਣ ਇਹ ਪ੍ਰਸ਼ੰਸਾ ? ਇਹ ਪ੍ਰੰਸ਼ਸਾ ਕੌਣ ਹੈ ਪਿਛਲੇ ਕਈ ਦਿਨਾਂ ਵਿਚ ਉਸਦਾ ਦੋ ਤਿੰਨ ਵਾਰ ਫੋਨ ਆ ਚੁੱਕਾ ਹੈ। ਹਰ ਵਾਰ ਉਸਦੇ ਵੈਸੇ ਹੀ ਸੁਆਲ ਤੇ ਮੇਰੇ ਵੈਸੇ ਹੀ ਜੁਆਬ। ਪਤਾ ਨਹੀਂ ਮੈਂ ਕੀ ਕਹਿੰਦਾ ਹਾਂ, ਪਤਾ ਨਹੀਂ ਉਹ ਕੀ ਸਮਝਦੀ ਹੈ।

ਇਨ੍ਹਾਂ ਦਿਨਾਂ ਵਿੱਚ ਘਾਹ ਦਾ ਕੱਦ ਵੀ ਹੋਰ ਉੱਚਾ ਹੋ ਗਿਆ ਹੈ। ਤੇਜ਼ ਹਵਾਵਾਂ ਕਾਰਨ ਬੂਟਿਆਂ ਤੋਂ ਪੱਤੇ ਝੜ ਝੜ ਕੇ ਢੇਰ ਬਣ ਜਾਂਦੇ ਹਨ। ਘਰ ਅੰਦਰ ਹੁਣ ਪਤਾ ਨਹੀਂ ਕਿਉਂ ਮੈਨੂੰ ਸਾਹ ਜਿਹਾ ਘੁਟਦਾ ਹੈ। ਹਾਲਾਂਕਿ ਉਥੇ ਮੇਰੇ ਸਿਵਾ ਹੋਰ ਕੋਈ ਨਹੀਂ। ਇਸੇ ਕਰਕੇ ਬਾਹਰੋਂ ਆਂਦਿਆਂ ਮੈਂ ਵਿਹਲ ਮਿਲਦੇ ਹੀ ਲਾਅਨ ਵਿਚ ਕੋਈ ਨਾ ਕੋਈ ਕੰਮ ਕਰਨ ਰੁਝ ਜਾਂਦਾ ਹਾਂ।

ਸ਼ਾਮ ਹੋ ਚੁੱਕੀ ਹੈ। ਲੋਕਾਂ ਨੇ ਤਾਂ ਆਪਣੇ ਘਰਾਂ ਵਿਚ ਬਤੀਆਂ ਵੀ ਜਗਾ ਦਿੱਤੀਆਂ ਹਨ। ਮੈਨੂੰ ਆਪਣੇ ਆਲੇ ਦੁਆਲੇ ਦੇ ਹਨੇਰੇ ਦਾ ਅਹਿਸਾਸ ਹੁੰਦਾ ਹੈ ਤਾਂ ਘਰ ਦੇ ਬਰਾਂਡੇ ਉੱਤੇ ਲੱਗੀਆਂ ਟਿਊਬ ਲਾਈਟਾਂ ਜਗਾ ਦੇਂਦਾ ਹਾਂ। ਦੂਧੀਆ ਰੋਸ਼ਨੀ ਵਿਚ ਲਾਅਨ ਵਿਚਲੇ ਲਾਲ-ਚਿੱਟੇ ਦਾਇਰੇ ਹੋਰ ਵੀ ਸ਼ਿੱਦਤ ਨਾਲ ਚਮਕ ਉੱਠਦੇ ਹਨ। ਮੈਂ ਨੀਝ ਲਾਕੇ ਇਨ੍ਹਾਂ ਦਾਇਰਾਂ ਨੂੰ ਵੇਖਣ ਲੱਗਦਾ ਹਾਂ। ਪਤਾ ਨਹੀਂ ਕਿਉਂ ਮੇਰਾ ਦਿਲ ਜ਼ੋਰ ਨਾਲ ਧੜਕਣ ਲੱਗ ਪੈਂਦਾ ਹੈ। ਮੈਨੂੰ ਲੱਗਦਾ ਹੈ ਇਨ੍ਹਾਂ ਦਾਇਰਿਆਂ ਦੀ ਕੈਦ ਵਿਚ ਇਹ ਕਿਆਰੀਆਂ, ਫੁਲ, ਬੂਟੇ ਨਹੀਂ ਸਗੋਂ ਮੇਰੇ ਆਪਣੇ ਮੇਰੇ ਨਿੱਕੇ ਨਿੱਕੇ ਭੈਣ ਭਰਾ ਛਟਪਟਾ ਰਹੇ ਹਾਂ, ਇਨ੍ਹਾਂ ਦਾਇਰਿਆਂ ਦੀ ਕੈਦ 'ਚੋਂ ਨਿਕਲਣ ਲਈ ਵਾਹ ਲਗਾ ਰਹੇ ਹਾਂ ਪਰ ਮਾਂ ਦੇ ਦੱਸੇ ਰੱਬ ਵਾਂਗ, ਮਾਲੀ ਦੇ ਡਰੋਂ ਇਹ ਆਜ਼ਾਦ ਨਹੀਂ ਹੋ ਪਾ ਰਹੇ।

ਮੇਰੇ ਉੱਤੇ ਇਕ ਵਾਰ ਫਿਰ ਉਹੀ ਜਨੂੰਨ ਸਵਾਰ ਹੋ ਜਾਂਦਾ ਹੈ। ਮੈਂ ਪੈਰਾਂ ਦਿਆਂ ਠੁਡਿਆਂ ਨਾਲ, ਤੇ ਹੱਥਾਂ ਦੀ ਪੂਰੀ ਤਾਕਤ ਨਾਲ ਸਾਰੀਆਂ ਇੱਟਾਂ ਉਖਾੜ ਉਖਾੜ ਕੇ ਇਧਰ ਉਧਰ ਵਗਾਹ ਮਾਰਦਾ ਹਾਂ। ਵਿਹੜਾ ਸਾਰਾ ਇੱਟਾਂ ਨਾਲ ਭਰ ਜਾਂਦਾ ਹੈ ਪਰ ਮੇਰੇ ਉੱਤੇ ਛਾਈ ਵਹਿਸ਼ਤ ਘੱਟ ਨਹੀਂ ਹੋ ਰਹੀ। ਕਿਆਰੀਆਂ, ਫੁਲ, ਸਰੂ ਦਾ ਬੂਟਾ ਆਜ਼ਾਦ ਹੋ ਕੇ ਜਿਵੇਂ ਭਰਪੂਰ ਅੰਗੜਾਈਆਂ ਲੈ ਰਹੇ ਹਨ। ਤੇਜ਼ ਹਵਾ ਕਾਰਨ ਝੂਲ ਰਹੀਆਂ ਟਾਹਣੀਆਂ ਆਪਸ ਵਿਚ ਜੁੜ ਜੁੜ ਕੇ ਜਿਵੇਂ ਧੰਨਵਾਦ ਕਰ ਰਹੀਆਂ ਹੋਣ। ਮੈਨੂੰ ਅਜੀਬ ਜਿਹੀ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਲੰਮ ਸਲੰਮਾ ਘਾਹ ਵੇਖਕੇ ਮੈਨੂੰ ਲੱਗਦਾ ਹੈ ਜਿਵੇਂ ਮੇਰੇ ਬੱਚੇ ਜੁਆਨ ਤੇ ਲੰਮੇ ਹੋ ਗਏ ਹਨ। ਅੱਜ ਮੇਰੇ ਦੁਆਲਿਓਂ ਸਾਰੇ ਬੰਧਨ ਸਾਰੀਆਂ ਰਸੀਆਂ ਖੁੱਲ੍ਹ ਗਈਆਂ ਜਾਪ ਰਹੀਆਂ ਹਨ। ਮੈਂ ਅੱਜ ਪੂਰਨ ਰੂਪ ਵਿਚ ਆਜ਼ਾਦ ਹਾਂ। ਤਦ ਮੇਰੀ ਨਜ਼ਰ ਬੁੱਧ ਦੇ ਬੁਤ ਤੇ ਪੈਂਦੀ ਹੈ। ਬੁੱਤ ਦੁਆਲੇ ਵੀ ਲਾਲ ਹਰੀਆਂ ਲਕੀਰਾਂ ਨਾਲ ਦਾਇਰੇ ਬਣਾਏ ਗਏ ਹਨ। ਮੈਂ ਖੁਰਚ ਖੁਰਚ ਕੇ ਉਹ ਲਕੀਰਾਂ ਵੀ ਮਿਟਾ ਦੇਂਦਾ ਹਾਂ-"ਅੱਜ ਤੋਂ ਤੂੰ ਵੀ ਆਜ਼ਾਦ ਹੈਂ।" ਮੈਂ ਉਸ ਦੀ ਉਸੇ ਸ਼ਾਂਤ ਮੁਸਕਾਨ ਵਾਲੇ ਚਿਹਰੇ ਵੱਲ ਵੇਖਦਾ ਆਖਦਾ ਹਾਂ। ਪਤਾ ਨਹੀਂ ਰਾਤ ਕਿੰਨੀ ਬੀਤ ਚੁੱਕੀ ਹੈ। ਮੈਂ ਥੱਕ ਕੇ ਚੂਰ ਹਾਂ।

ਸਵੇਰੇ ਨੀਂਦ ਟੁੱਟਦਿਆਂ ਮੈਂ ਅੱਜ ਵਾਂਗ ਪਹਿਲਾਂ ਕਦੀ ਏਨਾ ਰਿਲੈਕਸ ਨਹੀਂ ਮਹਿਸੂਸ ਕੀਤਾ। ਬੰਧਨ ਮੁਕਤ ਹੋ ਕੇ ਜੀਣ ਦਾ ਆਪਣਾ ਹੀ ਮਜ਼ਾ ਹੈ।

ਨਹਾ ਕੇ ਮੈਂ ਲਾਅਨ ਵਿਚ ਆ ਗਿਆ ਹਾਂ। ਫੁਲ-ਬੂਟੇ ਟਹਿਕ ਰਹੇ ਨੇ। ਸਰੂ ਦਾ ਕੱਦ

ਹੋਰ ਉੱਚਾ ਹੋ ਗਿਆ ਹੈ।

ਤਦੇ ਮੇਰੀ ਜੇਬ ਵਿਚ ਪਿਆ ਮੋਬਾਈਲ ਵਜ ਉੱਠਿਆ ਹੈ। ਘੜੀ ਵੇਖੀ ਸਵੇਰੇ ਦੇ ਦਸ ਵਜੇ ਨੇ। ਅੱਜ ਤਾਂ ਛੁੱਟੀ ਦਾ ਦਿਨ ਹੈ। ਫਿਰ ਕਿਸ ਦਾ ਫੋਨ ਆ ਗਿਆ। ਆਪਣੀ ਆਦਤ ਅਨੁਸਾਰ ਬੇਦਿਲਿਆਂ ਜਹੇ ਫੋਨ ਕੱਢ ਵੇਖਦਾ ਹਾਂ। ਪ੍ਰਸ਼ੰਸਾ ਦੀ ਕਾਲ ਹੈ। ਪਤਾ ਨਹੀਂ ਕਿਉਂ ਮੇਰੇ ਚਿਹਰੇ ਉੱਤੇ ਮੁਸਕਾਨ ਆ ਜਾਂਦੀ ਹੈ।

"ਹੈਲੋ...।"

"ਹੈਲੋ ਸਰ, ਮੈਂ ਪ੍ਰਸ਼ੰਸਾ ਬੋਲ ਰਹੀ ਹਾਂ।"

"ਹਾਂ ਪ੍ਰਸ਼ੰਸਾ ਬੋਲ..ਹੁਣ ਤੱਕ ਤਾਂ ਤੇਰੀ ਆਵਾਜ਼ ਦੀ ਮੈਨੂੰ ਪਹਿਚਾਣ ਹੋ ਚੁੱਕੀ ਹੋਈ ਹੈ।" ਮੈਂ ਹੱਸ ਕੇ ਆਖਦਾ ਹਾਂ।

"ਸਰ...ਸਰ.....ਮੈਂ ਪੁੱਛਣਾ ਚਾਹ ਰਹੀ ਸਾਂ ਕਿ ਪੇਜ ਨੰਬਰ ਦੋ ਸੌ ਤਿੰਨ..." ਮੈਂ ਪ੍ਰਸ਼ੰਸਾ ਦੀ ਗੱਲ ਵਿਚੋਂ ਹੀ ਕੱਟ ਬੋਲ ਪੈਂਦਾ ਹਾਂ,

"ਤੂੰ ਐਸਾ ਕਰ ਪ੍ਰਸ਼ੰਸਾ ਕਿ ਇਧਰ ਹੀ ਆ ਜਾ। ਵੈਸੇ ਵੀ ਅੱਜ ਛੁੱਟੀ ਹੈ। ਚੰਗੀ ਤਰ੍ਹਾਂ ਬੈਠ ਕੇ ਡਿਸਕਸ ਕਰਨ ਵਿਚ ਆਸਾਨੀ ਹੋਵੇਗੀ। ਫੋਨ ਉੱਤੇ ਨਾ ਤਸੱਲੀ ਹੋਣੀ ਹੈ ਨਾ ਗੱਲ ਬਣਨੀ ਹੈ।"

"ਜੀ ?"

"ਮੇਰਾ ਮਤਲਬ ਹੈ ਪ੍ਰਸ਼ੰਸਾ ਕਿ ਜੋ ਮੈਂ ਕਹਾਂਗਾ ਉਹ ਤੈਨੂੰ ਸਮਝ ਨਹੀਂ ਆਣੀ ਜੋ ਤੂੰ ਪੁੱਛੇਂਗੀ ਉਹ ਮੇਰੇ ਪੱਲੇ ਨਹੀਂ ਪੈਣਾ। ਇਸ ਤਰ੍ਹਾਂ ਗੱਲ ਬਣਨੀ ਨਹੀਂ। ਸੋ ਆਪਣੇ ਸਾਹਮਣੇ ਬੈਠ ਕੇ.....।"

"ਠੀਕ ਹੈ ਸਰ, ਮੈਂ ਬਾਰਾਂ ਕੁ ਵਜੇ ਆ ਜਾਵਾਂਗੀ।"

"ਠੀਕ ਹੈ।" ਆਖ ਕੇ ਮੈਂ ਮੋਬਾਈਲ ਵਾਪਸ ਜੇਬ ਵਿਚ ਰੱਖ ਦੇਂਦਾ ਹਾਂ। ਪਰ ਨਾਲ ਹੀ ਮੈਨੂੰ ਆਪਣੇ ਆਪ ਉੱਤੇ ਹੈਰਾਨੀ ਹੁੰਦੀ ਹੈ ਕਿ ਮੈਂ ਤਾਂ ਕਦੀ ਕਿਸੇ ਦੇ ਘਰ ਆਉਣ ਤੇ ਖਿੱਝ ਪੈਂਦਾ ਹਾਂ। ਕਿਸੇ ਦਾ ਵੀ ਬਿਨਾਂ ਬੁਲਾਏ ਘਰ ਜਾਣਾ ਮੈਨੂੰ ਚੰਗਾ ਨਹੀਂ ਲਗਦਾ। ਖਾਸ ਕਰਕੇ ਛੁੱਟੀ ਵਾਲੇ ਦਿਨ ਜਦ ਮੈਂ ਪੂਰੀ ਮੌਜ ਨਾਲ ਰਿਲੈਕਸ ਕਰਨ ਦੇ ਮੂਡ ਵਿਚ ਹੋਵਾਂ। ਫਿਰ ਪ੍ਰਸ਼ੰਸਾ ਨੂੰ ਮੈਂ ਛੁੱਟੀ ਵਾਲੇ ਇਨ ਆਪਣੇ ਘਰ ਆਉਣ ਦੀ ਦਾਅਵਤ ਕਿਉਂ ਦੇ ਦਿੱਤੀ ?

ਮੈਂ ਘਬਰਾ ਕੇ ਇਧਰ ਉਧਰ ਵੇਖਦਾ ਹਾਂ। ਮੈਨੂੰ ਲਗਦਾ ਇਹੀ ਪ੍ਰਸ਼ਨ ਇਨ੍ਹਾਂ ਬੂਟਿਆਂ, ਫੁਲਾਂ ਅਤੇ ਘਰ ਦੀ ਇਕ ਇਕ ਸ਼ੈਅ ਦੀਆਂ ਅੱਖਾਂ ਵਿਚ ਚਮਕ ਰਿਹਾ ਹੈ। ਲੰਮਾ ਸਲੰਮਾ ਘਾਹ ਤਾਂ ਹਵਾ ਦੇ ਬਹਾਨੇ ਝੂਲ ਝੂਲ ਆਪਸ ਵਿਚ ਗਲਬਹੀਆਂ ਪਾਕੇ ਸ਼ਰਾਰਤੀ ਜਹੀ ਖੁਸਰ ਫੁਸਰ ਕਰਦਾ ਪ੍ਰਤੀਤ ਹੁੰਦਾ ਹੈ।

ਮੇਰਾ ਦਿਲ ਇਕ ਵਾਰ ਫਿਰ ਜ਼ੋਰ ਦੀ ਧੜਕਦਾ ਹੈ ਤਾਂ ਮੈਂ ਬੁੱਧ ਦੇ ਬੁੱਤ ਵੱਲ ਨਜ਼ਰ ਘੁੰਮਾ ਲੈਂਦਾ ਹਾਂ। ਪਰ ਮੇਰੀ ਹੈਰਾਨੀ ਦੀ ਹੱਦ ਨਹੀਂ ਰਹਿੰਦੀ ਇਹ ਵੇਖਕੇ ਕਿ ਬੁੱਧ ਦਿਆਂ ਬੁਲ੍ਹਾਂ ਉੱਤੇ ਉਸ ਚਿਰਪ੍ਰਿਚਤ ਸ਼ਾਂਤ ਮੁਸਕਾਨ ਦੀ ਥਾਂ ਮਨ ਅੱਜ ਬੜੀ ਡੂੰਘੀ ਮਾਅਨੇਖੇਜ ਮੁਸਕਾਨ ਹੈ।

ਪਤਾ ਨਹੀਂ ਕਿਉਂ ਮੇਰੀਆਂ ਨਜ਼ਰਾਂ ਬੁੱਧ ਦੀ ਇਸ ਮੁਸਕਾਨ ਅੱਗੇ ਝੇਂਪ ਜਾਂਦੀਆਂ ਹਨ।



## ਢਾਲ/ਗੁਰਮੀਤ ਕੜਿਆਲਵੀ

ਰਾਤ ਅੱਧੀ ਏਧਰ ਤੇ ਅੱਧੀ ਉਧਰ ਏ। ਅੱਖਾਂ ਭਾਰੀਆਂ ਜਾਪਦੀਆਂ ਨੇ। ਸਿਰ ਦਾ ਅੱਗੇ ਵਾਲਾ ਪਾਸਾ ਪੀੜ ਨਾਲ ਵੱਟੋ-ਵੱਟ ਹੋਇਆ ਪਿਆ। ਅੱਖਾਂ ਬੰਦ ਜ਼ਰੂਰ ਹੋ ਜਾਂਦੀਆਂ ਨੇ ਪਰ ਨੀਂਦ ਇਹਨਾਂ ਵਿੱਚ ਡੇਰਾ ਨਹੀਂ ਲਾਉਂਦੀ। ਬੈੱਡ ਤੇ ਲੇਟਿਆਂ, ਉਸਲਵੱਟੇ ਭੰਨੀ ਜਾ ਰਿਹਾਂ। ਖਿਆਲ ਵਾਰ-ਵਾਰ ਬਾਹਰਲੇ ਬੂਹੇ ਵੱਲ ਤੁਰ ਜਾਂਦਾ ਹੈ। ਥੋੜ੍ਹਾ ਜਿਹਾ ਖੜ੍ਹਾਕ ਵੀ ਕੰਨ ਖੜੇ ਕਰ ਦਿੰਦਾ ਹੈ। ਭੁਲੇਖਾ ਪੈਂਦਾ ਹੈ ਜਿਵੇਂ ਜਿੰਦਰ ਆ ਗਿਆ ਹੋਵੇ। ਉਸਦੀ ਆਦਤ ਵੀ ਹੈ, ਦਰਵਾਜ਼ੇ ਨੂੰ ਜ਼ੋਰ ਨਾਲ ਧੱਕਾ ਮਾਰ ਕੇ ਖੋਹਲਦਾ ਹੈ। ਉਸਦੀ ਇਸ ਆਦਤ 'ਤੇ ਮੈਂ ਕਿੰਨਾ-ਕਿੰਨਾ ਚਿਰ ਰਿਝਦਾ ਵੀ ਰਹਿੰਦਾ ਹਾਂ, ਦਰਵਾਜ਼ਾ ਆਰਾਮ ਨਾਲ ਵੀ ਤਾਂ ਖੋਹਲਿਆ ਜਾ ਸਕਦਾ । ਕੋਈ ਚੱਜ ਆਚਾਰ ਤਾਂ ਬੰਦੇ ਦੇ ਪੱਲੇ ਹੋਵੇ। ਅੱਧੀ ਰਾਤ ਗਈ ਘਰ ਵੜਨਾ, ਫੇਰ ਦਰਵਾਜ਼ੇ ਦਾ ਖੜ੍ਹਾਕ ਕਰਕੇ ਘਰਦਿਆਂ ਹੀ ਨਹੀਂ ਆਂਢ-ਗੁਆਂਢ ਦੀ ਵੀ ਨੀਂਦ ਖਰਾਬ ਕਰਨੀ। ਗੁਆਂਢੀ ਬਤਰੇ ਨੇ ਇੱਕ ਦੋ ਵਾਰ ਦੱਬੀ ਜ਼ੁਬਾਨ ਵਿੱਚ ਆਖਿਆ ਜ਼ਰੂਰ ਏ, ਪਰ ਉਭਾਸਰ ਕੇ ਕੋਈ ਕੁੱਝ ਕਹਿੰਦਾ ਨਹੀਂ। ਸਾਰੇ ਜਿੰਦਰ ਦੇ ਉਲੱਥਪੁਣੇ ਤੋਂ ਪਾਸਾ ਵੱਟਦੇ ਹਨ। ਕੀ ਪਤਾ ਕੀ ਬੋਲ ਦੇਵੇ। ਬੰਦੇ ਦੀ ਇੱਜ਼ਤ ਆਪਣੇ ਹੱਥ, ਫਿਰ ਖਾਹ-ਮਖਾਹ ਜਿੰਦਰ ਵਰਗੇ ਨਿਰਲੱਜ ਦੇ ਹੱਥ ਆਪਣੀ ਦਾਹੜੀ ਫੜ੍ਹਾਉਂਦਾ ਹੋਵੇ। ਜਿਹੜਾ ਆਪਣੇ ਬਾਪ ਦੀ ਪਰਵਾਹ ਨਹੀਂ ਕਰਦਾ-ਕਿਸੇ ਦਾ ਉਹ ਕੀ ਲੱਗਦਾ ?

ਮੈਂ ਬੈੱਡ ਤੇ ਲੰਮੀ ਪਈ ਅਤੇ ਸੌਣ ਦਾ ਨਾਟਕ ਕਰਦੀ ਸੁਖਜੀਤ ਵੱਲ ਦੇਖਦਾ ਹਾਂ। ਨੀਂਦ ਇਸਨੂੰ ਕਿੱਥੇ ਪੈਂਦੀ ਹੈ। ਕਿੰਨੇ ਚਿਰ ਤੋਂ ਉਸਲਵੱਟੇ ਲੈ ਰਹੀ ਹੈ।

- ਝੱਲੀਏ ! ਜੇ ਨੀਂਦ ਨਹੀਂ ਆਉਂਦੀ ਤਾਂ ਕਿਉਂ ਖਾਹ-ਮਖਾਹ ਅੱਖਾਂ ਬੰਦ ਕਰਦੀ ਏਂ। ਚੱਲ ਉਠ ਗੱਲਾਂ ਕਰਦੇ ਹਾਂ, ਯੂਰਿਕ ਐਸਿਡ ਦੇ ਵਧਣ ਕਾਰਨ, ਉਸਦੇ ਹੱਥ ਪੈਰ ਸੁੱਜੇ ਪਏ ਨੇ। ਮੈਂ ਜੋੜਾਂ ਨੂੰ ਸਹਿਲਾਉਂਦਿਆਂ, ਸੁਖਜੀਤ ਨੂੰ ਉੱਠ ਕੇ ਬੈਠਣ ਲਈ ਸਹਾਰਾ ਦੇਣ ਦੀ ਕੋਸ਼ਿਸ਼ ਕਰਦਾ ਹਾਂ। ਉਹ ਕੋਈ ਹੁੰਗਾਰਾ ਨਹੀਂ ਭਰਦੀ। ਉਂਜ ਹੀ ਲੇਟੀ ਰਹਿੰਦੀ ਹੈ। ਬਿਮਾਰੀ ਉਸਤੇ ਜੋ ਪਾਈ ਫਿਰਦੀ ਹੈ। ਡਾਕਟਰ ਜਸਵੰਤ ਹਰ ਵਾਰ ਉਸਨੂੰ ਚਿੰਤਾ ਛੱਡ ਦੇਣ ਦੀ ਨਸੀਹਤ ਕਰਦਾ ਹੈ, ਪਰ ਇਹ ਕਿਸ ਦੇ ਵੱਸ ਹੁੰਦਾ ਹੈ ?

'ਦਰਦ ਕਿਥੇ ਕੁ ਹੋ ਰਿਹਾ ?' ਮੈਂ ਐਵੇਂ ਪੁੱਛ ਲੈਂਦਾ ਹਾਂ।

'ਹੂੰ !' ਜੁਆਬ ਵਿੱਚ ਸੁਖਜੀਤ ਦੀ ਲੰਮੀ ਹੂੰਗਰ ਸੁਣਾਈ ਦਿੰਦੀ ਹੈ। ਮੈਨੂੰ ਜਾਪਦਾ ਜਿਵੇਂ ਉਸਨੇ ਆਖਿਆ ਹੋਵੇ, 'ਇਹ ਪੁੱਛ ਦਰਦ ਹੁੰਦਾ ਕਿਥੇ ਨਹੀਂ ?'

- ਜਿੰਦ ਦਾ ਅੱਜ ਵੀ ਕੋਈ ਪਤਾ ਨਹੀਂ ਚੱਲਿਆ। ਚੌਥਾ ਦਿਨ ਹੋ ਗਿਆ। ਕੀ ਪਤਾ ਕਿੱਥੇ ਹੋਊ ?' ਸੁਖਜੀਤ ਨੇ ਮੱਥਾ ਦੋਵੇਂ ਹੱਥਾਂ ਵਿੱਚ ਘੁੱਟ ਲਿਆ।

- ਹੋਣਾ ਕਿੱਥੇ ? ਕਿਸੇ ਥਾਣੇ 'ਚ ਬੰਦ ਹੋਊ। ਛੋਟੀਆਂ-ਮੋਟੀਆਂ ਚੋਰੀਆਂ ਤੋਂ ਤੁਰਿਆ ਹੁਣ ਤਾਂ ਵੱਡੇ ਹੱਥ ਵੀ ਮਾਰਨ ਲੱਗ ਪਿਆ। ਇੱਕ ਦਿਨ ਵੀ ਸੁੱਖ ਦਾ ਸਾਹ ਨਹੀਂ ਲੈਣ ਦਿੱਤਾ ਇਸ ਗੰਦੀ ਲਾਦ ਨੇ।' ਮੈਂ ਸੁਖਜੀਤ ਦੀ ਗੱਲ ਦਾ ਜੁਆਬ ਉੱਚੀ ਆਵਾਜ਼ ਵਿੱਚ ਦੇਣਾ ਚਾਹੁੰਦਾ ਸਾਂ ਪਰ ਮੇਰੇ ਮੂੰਹੋਂ ਆਵਾਜ਼ ਨਹੀਂ ਸੀ ਨਿਕਲੀ। ਮੈਂ ਕੇਵਲ ਮੂੰਹ ਵਿੱਚ ਹੀ ਬੁੜ-ਬੁੜਾਇਆ ਸਾਂ। ਮੇਰੀ ਇਸ ਬੁੜ ਬੜਾਹਟ ਨੂੰ ਵੀ ਸੁਖਜੀਤ ਦੇ ਬਾਰੀਕ ਕੰਨਾਂ ਨੇ ਸੁਣ ਲਿਆ ਸੀ।

- ਹੁਣ ਤਾਂ ਕਿਧਰੇ ਨਿਕਲ ਗਿਆ। ਹੁਣ ਤਾਂ ਥੋਡਾ ਕਲੇਜਾ ਠੰਡਾ ਹੋ ਗਿਆ ਹੋਊ। ਸੀਨੇ ਠੰਡ ਪੈ ਗਈ ਹੋਊ ਥੋਡੇ।' ਸੁਖਜੀਤ ਦੀ ਰੋਣਹਾਕੀ ਆਵਾਜ਼ ਮੈਨੂੰ ਡਰਾ ਦਿੰਦੀ ਹੈ।

- ਸਭ ਤੇਰੇ ਲਾਡ-ਪਿਆਰ ਦਾ ਨਤੀਜ਼ਾ ਹੈ ......... ਔਲਾਦ ਦਾ ਚੰਗਾ-ਮਾੜਾ, ਸਭ

ਮਾਂ 'ਤੇ ਨਿਰਭਰ ਕਰਦਾ!' ਆਖ ਤਾਂ ਦਿੰਦਾ ਹਾਂ ਪਰ ਮੈਨੂੰ ਆਪਣੇ ਆਪ ਤੇ ਘ੍ਰਿਣਾ ਜਿਹੀ ਹੁੰਦੀ ਹੈ। ਜਿੰਦਰ ਨੂੰ ਵਿਗਾੜਨ ਵਿੱਚ ਮੇਰਾ ਕਿੱਡਾ ਵੱਢਾ ਰੋਲ ਸੀ। ਉਸ ਦੇ ਦਸਵੀਂ ਪਾਸ ਕਰਨ ਦੇ ਬਾਅਦ ਮੈਂ ਜ਼ਿਦ ਕਰਕੇ ਉਸ ਦੀ ਮਰਜ਼ੀ ਦੇ ਉਲਟ ਉਸ ਨੂੰ ਮੈਡੀਕਲ ਰਖਵਾ ਦਿੱਤਾ ਸੀ। ਜਿੰਦਰ ਨੂੰ ਡਾਕਟਰ ਬਣਿਆ ਦੇਖਣ ਦਾ ਸੁਪਨਾ ਮੇਰੇ ਤੇ ਭਾਰੂ ਸੀ।

– ਹਾਂ.... ਹਾਂ.....। ਮੈਂ ਹੀ ਮਾੜੀ ਹਾਂ ਸਾਰੇ ਜ਼ਹਾਨ 'ਚੋਂ। ਤੇਰਾ ਤਾਂ ਸਾਰਾ ਟੱਬਰ ਹੀ ਸਤਜੁਗੀ ਐ। ਤੜਕੇ ਉੱਠ ਕੇ ਨਾਂ ਲੈਣ ਵਾਲਾ। ਦੱਸ ਤਾਂ ਸਹੀ-ਮੈਂ ਕੀ ਮਾੜਾ ਕੀਤਾ ਤੇਰਾ ਤੇ ਤੇਰੇ ਘਰਦਿਆਂ ਦਾ? ਤੇਰੇ ਸਾਰੇ ਭੈਣ-ਭਰਾ ਵਿਆਹੇ। ਥਾਉਂ-ਥਾਂਈਂ ਸੈਟ ਕਰਤੇ-ਏਹੀ ਕਸੂਰ ਆ ਮੇਰਾ? ਕੋਈ ਪੁੱਛਦਾ ਆਕੇ ਤੈਨੂੰ ਹੁਣ ਕਿਸ ਹਾਲ ਵਿੱਚ ਏਂ? ਸਾਥੋਂ ਤਾਂ ਸਾਰੀ ਉਮਰ ਤੇਰੇ ਭੈਣ-ਭਰਾ ਈ ਨੀ ਠੀਕ ਆਏ।' ਸੁਖਜੀਤ ਦੇ ਰਿਕਾਰਡ ਦੀ ਸੂਈ ਹੋਰ ਈ ਰਾਗ ਛੇੜ ਲੈਂਦੀ ਹੈ।

– ਅਲੋਕਾਰ ਕੀ ਕੀਤਾ ਹੈ ਉਹਨਾਂ ਲਈ? ਮੈਂ ਕਹਿਣਾ ਤਾਂ ਚਾਹੁੰਦਾ ਹਾਂ ਪਰ ਘਰ ਵਿੱਚ ਕਲੇਸ਼ ਵਧਣ ਦੇ ਡਰੋਂ ਚੁੱਪ ਰਹਿੰਦਾ ਹਾਂ।

'ਜਦੋਂ ਦੀ ਏਸ ਘਰੇ ਆਈ ਹਾਂ ... ਮੈਂ ਨੀ ਸੁੱਖ ਦਾ ਇੱਕ ਦਿਨ ਵੀ ਦੇਖਿਆ। ਇੱਕ ਦਿਨ ਤਾਂ ਕੀ-ਇੱਕ ਸਾਹ ਵੀ ਸੁੱਖ ਦਾ ਨ੍ਹੀਂ ਲਿਆ। ਇਸ ਘਰ ਵਿੱਚ ਕੰਮ ਵਾਲੇ ਬੰਦੇ ਦੀ ਕਦਰ ਹੈਨੀ। ਦਰਾਣੀਆਂ-ਜਠਾਣੀਆਂ ਨੇ ਇੱਕ ਦਿਨ ਕੰਮ ਨ੍ਹੀਂ ਕੀਤਾ-ਕਦੇ ਡੱਕਾ ਭੰਨ ਕੇ ਦੂਹਰਾ ਨ੍ਹੀ ਕੀਤਾ। ਧੇਲੇ ਦਾ ਯੋਗਦਾਨ ਨੀ ਘਰ 'ਚ। ਨਾ ਹੀ ਕਿਸੇ ਵੱਡੇ-ਵਡੇਰੇ ਨੂੰ ਰੋਟੀ ਲਾਹ ਕੇ ਫੜਾਈ ਆ ਪਰ ..ਫ਼ੇਰ ਵੀ ਐਸ਼ ਕਰਦੀਆਂ। ਧਰ-ਧਰ ਭੁੱਲਦੀਆਂ। ਇੱਕ ਲਾਹੁੰਦੀਆਂ, ਇੱਕ ਪਾਉਂਦੀਆਂ। ਥੋਡੇ ਸਾਰੇ ਰਿਸ਼ਤੇਦਾਰ ਵੀ ਇਹਨਾਂ ਬੀਬੀਆਂ ਰਾਣੀਆਂ ਦੇ ਈ ਗੀਗੇ ਗਾਉਂਦੇ ਆ। ਦੂਜੇ ਪਾਸੇ, ਇੱਕ ਮੈਂ ਹਾਂ ...... ਸਾਰੀ ਉਮਰ ਏਸ ਘਰ ਦਾ ਗੋਲਪੁਣਾ ਕੀਤਾ। ਨਾ ਕਦੇ ਚੱਜ ਦਾ ਪਾਇਆ, ਨਾ ਹੰਡਾਇਆ ...। ਬੱਸ ਸਾਥੋਂ ਤਾਂ ਦੂਜਿਆਂ ਦੇ ਜੁਆਕਾਂ ਦਾ ਈ ਸਿੜੀ ਸਿਆਪਾ ਲੋਟ ਨੀ ਆਇਆ। ਆਵਦਿਆਂ ਅੱਲੀਂ ਅਸੀਂ ਧਿਆਨ ਈ ਨ੍ਹੀਂ ਦਿੱਤਾ .... ਹੁਣ ਆਖਦੇ ਮੁੰਡਾ ਹੱਥੋਂ ਨਿਕਲ ਗਿਆ।' ਸੁਖਜੀਤ ਮੂੰਹ ਦੂਜੇ ਪਾਸੇ ਕਰਕੇ ਡੁਸਕਣ ਲੱਗਦੀ ਹੈ। ਮੈਨੂੰ ਪਤਾ ਸੁਖਜੀਤ ਦੇ ਬੋਲਾਂ ਵਿੱਚ ਬਹੁਤ ਸਾਰੀ ਕੌੜੀ ਸਚਾਈ ਘੁਲੀ ਹੋਈ ਹੈ।

"..... ਕਿਉਂ ਐਵੇਂ ਜ਼ੁਬਾਨ ਸਾੜਦੀ ਰਹਿਨੀ ਏਂ..... ਅੱਜ ਦੀ ਤਾਰੀਕ 'ਚ ਹੈ ਕੀ ਨ੍ਹੀਂ ਤੇਰੇ ਕੋਲ? ਘਰ-ਬਾਰ, .......ਬੱਚੇ...........ਸਟੇਟਸ......।' ਮੈਨੂੰ ਛੇਤੀ ਆਪਣੀ ਭੁੱਲ ਦਾ ਅਹਿਸਾਸ ਹੁੰਦਾ ਹੈ। ਸਾਡੇ ਕੋਲ ਤਾਂ ਘਰਬਾਰ ਤੋਂ ਬਿਨ੍ਹਾਂ ਹੁਣ ਕੁੱਝ ਵੀ ਨਹੀਂ ਸੀ।

'ਘਰ-ਬਾਰ ਨੂੰ ਕੀ ਚੱਟਣਾ ਜਦੋਂ ਘਰ ਵਿੱਚ ਰਹਿਣ ਵਾਲੀ ਔਲਾਦ ਈ ਹੱਥਾਂ 'ਚ ਹੈਨੀ। ਨਾਲੇ ਜੀਹਨੂੰ ਆਪਣਾ ਆਖਦਾ ਏਂ.... ਇਹ ਕਿਹੜਾ ਸਾਡਾ, ਪਤਾ ਨਹੀਂ ਕਿਹੜੀ-ਕਿਹੜੀ ਬੈਂਕ ਦਾ ਕਰਜ਼ਾ ਲਿਆ ਚਾਰ ਖਣ ਛੱਤਣ ਵਾਸਤੇ।'

'ਸੁੱਖ ! ਕਿਸੇ ਦੇ ਵੱਸ ਕੁੱਝ ਨਹੀਂ......... ਕੋਈ ਵਾਅ ਈ ਐਹੇ ਜੀ ਵਗ ਪਈ ਐ। ਇੱਕ ਸੌ ਇੱਕੀ ਨੰਬਰ ਕੋਠੀ ਵਾਲੇ ਭੁੱਲਰਾਂ ਨਾਲ ਵੇਖ ਕੀ ਹੋਇਆ ....... ਨੂੰਹ.. ਪੁੱਤ ਨੇ ਥਾਣੇ ਬੰਦ ਕਰਵਾ ਦਿੱਤਾ ਸਾਰੇ ਟੱਬਰ ਨੂੰ ਅਖੇ ਸਾਡੇ ਨਾਲ ਬਦਤਮੀਜ਼ੀ ਕੀਤੀ ਐ। ਭੁੱਲਰਾਂ ਦਾ ਤਾਂ ਸਾਰਾ ਟੱਬਰ ਧੀਰ ਨੀ ਧਰਦਾ ...ਸਿਆਣਾ-ਬਿਆਣਾ ਬੰਦਾ ਰੋਂਦਾ ਮੈਂ ਆਪ ਦੇਖਿਆ। ਸੋ ਭਲੀਏ ਮਾਨਸੇ ..ਔਲਾਦ ਵਲੋਂ ਤਾਂ ਸਾਰੇ ਪਾਸੇ ਈ ਸੁੱਖ-ਸਾਂਦ ਆ।'

"....ਸਮਾਂ ਨ੍ਹੀਂ ਵਿਚਾਰਨਾ ਹੁੰਦੈ ? ਜਦੋਂ ਪਿਉ ਦੀ ਜੁੱਤੀ ਪੁੱਤ ਦੇ ਆਉਣ ਲੱਗਜੇ .....ਉਦੋਂ ਪੁੱਤ ਨੂੰ ਡਾਂਟਣਾ ਬੰਦ ਕਰ ਦੇਣਾ ਚਾਹੀਦਾ। ਪਰ ਤੁਸੀਂ...... ਤੁਸੀਂ ਨ੍ਹੀਂ ਸਮਝਦੇ ਕਿਸੇ



ਦੀ। ਜੀਹਦੇ ਮਗਰ ਪੈ ਜਾਵੋ, ਖਹਿੜਾ ਈ ਨ੍ਹੀਂ ਛੱਡਦੇ। ਮੇਰੇ ਜਿੰਦ ਦੇ ਵੀ ਐਸੇ ਮਗਰ ਪਏ....ਐਸੇ ਮਗਰ ਪਏ, ਘਰੋਂ ਕੱਢ ਕੇ ਈ ਸੁੱਖ ਦਾ ਸਾਹ ਲਿਆ। ਮੈਨੂੰ ਕੁੱਛ ਨ੍ਹੀਂ ਦੀਂਹਦਾ ਸਾਹਮਣੇ.......ਕੀਹਦੇ ਆਸਰੇ ਧੀਰਜ ਬੰਨ੍ਹਾ?'

ਮੈਨੂੰ ਹੁੱਬਕੀਂ-ਹੁੱਬਕੀਂ ਰੋਂਦੀ ਸੁਖਜੀਤ ਤੇ ਗੁੱਸਾ ਆਉਣ ਲੱਗਾ ਹੈ ਪਰ ਕਾਬੂ ਕਰ ਲੈਂਦਾ ਹਾਂ। ਮੈਂ ਜਦੋਂ ਵੀ ਕਦੇ ਜਿੰਦਰ ਨੂੰ ਡਾਂਟਣ ਦੀ ਕੋਸ਼ਿਸ਼ ਕੀਤੀ ਸੁਖਜੀਤ ਉਸਦੀ ਢਾਲ ਬਣ ਖਲੋਂਦੀ ਰਹੀ। ਜਿੰਦਰ ਤੂੰ ਬੰਦਾ ਬਣਾਉਣ ਲਈ ਕਿਹੜੀ ਕੋਸ਼ਿਸ਼ ਹੈ ਜਿਹੜੀ ਮੈਂ ਨਹੀਂ ਕੀਤੀ। ਹੁਣ ਬੰਦਾ ਧੀ-ਪੁੱਤ ਦੇ ਨਾਲ ਬੱਝ ਕੇ ਤਾਂ ਨਹੀਂ ਰਹਿ ਸਕਦਾ। ਆਵਦੇ ਵਲੋਂ ਸਭ ਤੋਂ ਵਧੀਆ ਕਾਲਜ ਵਿੱਚ ਦਾਖਲਾ ਕਰਵਾਇਆ ਸੀ ਪਰ ਇਹਦੀ ਤਾਂ ਬੁੱਧੀ ਹੀ ਪਲਟ ਗਈ ਸੀ। ਚਾਰ ਸਾਲ ਲਾਉਣ 'ਤੇ ਵੀ ਇੱਕ ਕਲਾਸ ਨਹੀਂ ਸੀ ਲੰਘਿਆ। ਪਹਿਲੇ ਦੋ ਸਾਲ ਤਾਂ ਮੈਨੂੰ ਪਤਾ ਹੀ ਨਹੀਂ ਸੀ ਲੱਗਾ। ਆਵਦੀ ਮਾਂ ਤੋਂ ਖੁੱਲ੍ਹਾ-ਡੁੱਲ੍ਹਾ ਖਰਚਾ ਲੈ ਜਾਂਦਾ ਸੀ, ਖਾ-ਪੀ ਕੇ ਘਰ ਆ ਵੜਦਾ ਸੀ। ਇਹ ਤਾਂ ਸ਼ੱਕ ਪੈਣ 'ਤੇ ਮੈਂ ਇਸਦੇ ਕਾਲਜ ਚਲਾ ਗਿਆ ਸਾਂ। ਕਲਾਸ ਇੰਚਾਰਜ ਨੇ ਦੱਸਿਆ ਸੀ ਕਿ ਜਿੰਦਰ ਤਾਂ ਚਾਰ ਮਹੀਨਿਆਂ ਤੋਂ ਕੋਈ ਪੀਰੀਅਡ ਹੀ ਨਹੀਂ ਸੀ ਲਾ ਰਿਹਾ।

'....... ਤੂੰ ਤਾਂ ਸਾਨੂੰ ਜਵਾਂ ਭੁੰਜੇ ਲਾਹਤਾ। ਦੋ ਸਾਲਾਂ 'ਚ ਲੱਖ ਤੋਂ ਉਤੇ ਖਰਚਾ ਕਰ ਦਿੱਤਾ ਤੇਰੇ 'ਤੇ ........ ਸਾਰੇ ਦਾ ਸਾਰਾ ਢੂਹ 'ਚ ਸੁੱਟਤਾ। ਕਿਹੜੇ ਲੇਖੇ ਲੱਗਿਆ ਦੱਸ? ਪੈਸੇ ਕਿਤੇ ਅੱਕਾਂ ਨੂੰ ਲੱਗਦੇ ? ਕਾਸਤੋਂ ਐਨਾ ਖਰਚਾ ਕਰਨਾ ਸੀ ਜੇ ਤੂੰ ਕਿਸੇ ਸਿਰੇ ਈ ਨ੍ਹੀਂ ਸੀ ਲੱਗਣਾ .... ?' ਘਰ ਆ ਕੇ ਮੈਂ ਜਿੰਦਰ ਨੂੰ ਘੂਰਨਾ ਸ਼ੁਰੂ ਕੀਤਾ ਹੀ ਸੀ ਕਿ ਮੂਹਰੋਂ ਸੁਖਜੀਤ ਲਾਟ ਬਣ ਗਈ ਸੀ,

– ਕੀ ਹੋ ਗਿਆ ........ ਕੀ ਪਹਾੜ ਢਹਿ ਗਿਆ ... ਮੇਰੇ ਜੁਆਕ 'ਤੇ ਲਾਇਆ ਲੱਖ ਤੈਨੂੰ ਰੜਕਣ ਲੱਗ ਪਿਆ, ਜਿਹੜਾ ਆਵਦੇ ਭਰਾਵਾਂ – ਭਤੀਜਿਆਂ ਤੇ ਲਾਈ ਜਾਂਦਾ ਰਿਹਾਂ, ਉਹ ਬੜਾ ਪੁੰਨ ਆਲੇ ਕੰਮਾਂ 'ਤੇ ਲੱਗਾ। ਕੀ ਕਦਰ ਪਾਈ ਤੇਰੀ .... ਹਜੇ ਕੱਲ ਆਵਦੇ ਭਰਾ ਦੇ ਵਿਆਹ 'ਤੇ ਦੋ ਲੱਖ ਲਾ ਕੇ ਹਟਿਆਂ। ਅਗਲੇ ਨੇ ਵਿਆਹ ਕਰਾਉਂਦਿਆਂ ਈ ਮੂੰਹ ਫੇਰ ਲਿਆ....... ਅਜੇ ਤੱਕ ਕਰਜ਼ਾ ਲਾਹੀ ਜਾਨੇ ਆ ਉਹਦੇ ਮਰਨੇ ਦਾ...... ਉਹ ਨੀ ਦੁੱਖਦਾ ਤੈਨੂੰ ..... ਬੱਸ ਜੁਆਕ 'ਤੇ ਲਾਏ ਚਾਰ ਆਨਿਆਂ ਦਾ ਹਿਸਾਬ ਲੈਕੇ ਬਹਿ ਗਿਆਂ। ਇਹ ਕਿਤੇ ਮੈਂ ਮਗਰੋਂ ਲਿਆਈ ਸੀ....... ਕੀ ਲੋਹੜਾ ਆ ਗਿਆ ਜੇ ਚਾਰ ਪੈਸੇ ਖਰਚ ਕਰਤੇ ਜੁਆਕ 'ਤੇ।'

-ਸੁੱਖ ! ਗੱਲ ਚਾਰ ਪੈਸਿਆਂ ਦੀ ਨ੍ਹੀਂ..... ਏਹਦੀ ਜ਼ਿੰਦਗੀ ਦੀ ਐ। ਜੇ ਪੜਜੂ ਚਾਰ ਅੱਖਰ ਤਾਂ ਇਹਦੀ ਜ਼ਿੰਦਗੀ ਬਣਜੂ, ਨਹੀਂ ਜਿੱਥੇ ਬਾਕੀ ਐਨਾ ਮੁਲਕ ਧੱਕੇ ਖਾਈ ਜਾਂਦਾ ਏਹ ਖਾਈ ਚੱਲੂ। ਮੈਨੂੰ ਕੀ? ਟਾਈਮ ਲੰਘ ਗਿਆ, ਫੇਰ ਪਛਤਾਊ, ਉਦੋਂ ਬਨਣਾ ਕੁੱਛ ਨ੍ਹੀਂ....।' ਮੇਰੀ ਆਵਾਜ਼ ਵਿੱਚ ਠੰਡਾਪਨ ਆ ਗਿਆ ਸੀ। ਮੇਰੀ ਹਰ ਗੱਲ ਕੱਟਣੀ, ਸੁਖਜੀਤ ਨੂੰ ਖੌਰੇ ਸਕੂਨ ਦਿੰਦੀ ਸੀ।

'........ ਹਜੇ ਕੀ ਏਹ ਬੁੱਢਾ ਹੋ ਗਿਆ ? ........ ਹਜੇ ਕਲ੍ਹ ਦਾ ਤਾਂ ਜੁਆਕ ਐ। ਉਮਰ ਈ ਕੀ ਆ ਏਹਦੀ ? ਤੇਰੇ ਭਰਾ ਨੇ ਇੱਕੋ ਕਲਾਸ 'ਚ ਤਿੰਨ ਸਾਲ ਲਾ ਕੇ ਕਾਲਜ ਛੱਡਤਾ .........ਉਹਨੂੰ ਕੀ ਤੁਸੀਂ ਗੋਲੀ ਮਾਰਤੀ ਸੀ।'

' ....... ਤਾਂਹੀ ਤਾਂ ਐਸ. ਡੀ. ਐਮ ਲੱਗਾ ਹੋਇਆ ਬੁੱਢਲਾਡੇ ਕੰਨੀਂ। ਨਾਲੇ ਸੁਣ ਜੇ ਇਹਦੇ ਵੀ ਏਹੀ ਲੱਛਣ ਰਹੇ ਨਾ ......... ਇਹ ਵੀ ਡੀ. ਸੀ. ਲੱਗੂ ਕਿਸੇ ਲੁਧਿਆਣੇ ਵਰਗੇ ਵੱਡੇ ਜਿਲ੍ਹੇ ਦਾ। ਤੂੰ ਹੋਵੇਂਗੀ ਡੀ. ਸੀ. ਦੀ ਮਾਂ, ਲਾਲ ਬੱਤੀ ਆਲੀ ਗੱਡੀ 'ਚ ਸਬਜ਼ੀ-ਭਾਜੀ ਖ੍ਰੀਦਣ ਜਾਇਆ ਕਰੀਂ ਬਜ਼ਾਰ 'ਚ।..... ਗੱਲ ਈ ਹੋਰ ਪਾਸੇ ਲੈ ਤੁਰਦੀ ਏਂ........ਦੱਸ ਮੈਂ ਕੋਈ

ਦੋਖੀ ਇਹਦਾ ? ਰੋਵੇਗੀ ਕਿਸੇ ਦਿਨ ਅੱਖਾਂ 'ਤੇ ਹੱਥ ਧਰ-ਧਰ ਕੇ।'

'ਅੱਗੇ ਵੀ ਤਾਂ ਥੋਡੇ ਟੱਬਰ 'ਚ ਸਾਰੇ ਐਸ. ਡੀ. ਐਮ., ਡੀ. ਸੀ.-ਓ ਲੱਗੇ ਆ, ਇਹ ਵੀ ਲੱਗਜੂ।' ਸੁਖਜੀਤ ਮੇਰੇ ਘਰਦਿਆਂ ਦੀ ਗਰੀਬੀ 'ਤੇ ਕਟਾਖਸ਼ ਕਰਦੀ ਹੈ। ਮੈਂ ਅੰਦਰੇ-ਅੰਦਰ ਜ਼ਹਿਰ ਘੋਲ ਕੇ ਰਹਿ ਜਾਂਦਾ ਹਾਂ। ਖੇਤਾਂ ਵਿੱਚ ਹੱਡ ਰੋਲਦੇ ਦੋਵੇਂ ਵੱਡੇ ਭਰਾ ਅਤੇ ਪ੍ਰਾਈਵੇਟ ਸਕੂਲ ਵਿੱਚ ਸੇਵਾਦਾਰ ਲੱਗਾ ਛੋਟਾ ਭਰਾ ਉਸਦੇ ਨਿਸ਼ਾਨੇ 'ਤੇ ਸਨ। ਅਜਿਹੇ ਸਮੇਂ ਮੈਂ ਚੁੱਪ ਵੱਟ ਕੇ ਘਰੋਂ ਬਾਹਰ ਨਿਕਲ ਜਾਣਾ ਹੀ ਬਿਹਤਰ ਸਮਝਦਾ ਸਾਂ।

– ਪਤਾ ਨਹੀਂ ਕਿਸ ਹਾਲ 'ਚ ਹੋਊ ....... ਸਾਰੀਆਂ ਰਿਸ਼ਤੇਦਾਰੀਆਂ 'ਚ ਫੋਨ ਘੁਮਾ ਲਿਆ..... ਉਸਦੇ ਸਾਰੇ ਦੋਸਤਾਂ-ਮਿੱਤਰਾਂ ਕੋਲੋਂ ਵੀ ਪੁੱਛ-ਦੱਸ ਕਰਲੀ.......ਕੋਈ ਤਾਂ ਥਹੁ ਪਤਾ ਲੱਗੇ ਉਹਦਾ !' ਸੁਖਜੀਤ ਦੀ ਆਵਾਜ਼ ਜਿਵੇਂ ਦਰਿਆ ਦੇ ਪਾਰਲੇ ਕਿਨਾਰੇ ਤੋਂ ਆਈ ਸੀ। ਮੈਂ ਪਿਛਲੀਆਂ ਯਾਦਾਂ ਵਿੱਚੋਂ ਨਿਕਲ ਆਇਆ ਸਾਂ।

' ...... ਕੋਈ ਨਾ, ਮੈਂ ਇਧਰ-ਉਧਰ ਸਾਰੇ ਹੀ ਆਖ ਦਿੱਤਾ..... ਰਿਸ਼ਤੇਦਾਰੀਆਂ ਨੂੰ ਵੀ ....... ਲਿਹਾਜ਼ੀਆਂ ਨੂੰ ਵੀ .... ਕੋਈ ਨਾ ਆਜੂ ਅੱਜ ਭਲਕ ....... ਤੂੰ ਦਿਲ ਨਾ ਢਾਹ, ਕਿਥੇ ਜਾਣੈ ਉਹਨੇ..... ਆਜੂ ।' ਮੈਂ ਸੁਖਜੀਤ ਦੇ ਵਾਲਾਂ ਵਿੱਚ ਉਂਗਲਾਂ ਫੇਰਦਿਆਂ ਉਸਨੂੰ ਦਿਲਾਸਾ ਦਿੰਦਾ ਹਾਂ। ਉਂਜ ਮੇਰਾ ਆਪਣਾ ਦਿਲ ਵੀ ਘਟਣ ਲੱਗ ਪਿਆ ਹੈ।

'........ ਤੁਸੀਂ ਤਾਂ ਨਿਰੇ ਪੱਥਰ ਦਿਲ ਓਂ.... ਨਿਰੇ ਪੱਥਰ। ਧੀ-ਪੁੱਤ ਨੂੰ ਘਰੋਂ ਬਾਹਰ ਕਰਕੇ ਬੂਹਾ ਹੀ ਭੇੜ ਲੈਨੇ ਓਂ..... ਅਗਲਾ ਪਰਤੇ ਵੀ ਤਾਂ .........।' ਸੁਖਜੀਤ ਦੀ ਗੱਲ ਮੈਨੂੰ ਧੁਰ ਤੱਕ ਝੰਜੋੜ ਦਿੰਦੀ ਹੈ। ਮੈਂ ਵੇਖਿਆ ਉਹ ਕੈਨਵਸ ਤੇ ਪਈ ਰਿਸ਼ਮ ਦੀ ਗਹਿਰ-ਗੰਭੀਰ ਜਿਹੀ ਜਾਪਦੀ ਫੋਟੋ ਵੱਲ ਤੱਕ ਰਹੀ ਸੀ। ਅੱਖਾਂ ਵਿੱਚੋਂ ਵਗ ਆਏ ਅੱਥਰੂ ਉਸਨੇ ਉਂਗਲਾਂ ਦੇ ਪੋਟਿਆਂ ਨਾਲ ਸੰਭਾਲ ਲਏ ਸਨ। ਮੈਂ ਕਿੰਨਾ ਹੀ ਚਿਰ ਸੁਖਜੀਤ ਦੇ ਕਹੇ ਹੋਏ ਬੋਲਾਂ ਨਾਲ ਘੋਲ ਕਰਦਾ ਰਿਹਾ।

ਅੱਜ ਪੂਰੇ ਚਾਰ ਸਾਲ ਹੋਗੇ ਮੇਰੀ ਧੀ ਨੂੰ ਘਰੋਂ ਗਿਆਂ। ਜਿਉਣ ਜੋਗੀ ਨੇ ਇੱਕ ਵਾਰ ਵੀ ਪਿੱਛੇ ਭਉਂ ਕੇ ਨ੍ਹੀਂ ਵੇਖਿਆ ....... ਅਸੀਂ ਕਿਸ ਹਾਲ 'ਚ ਆਂ। ਜਿਉਂਦੇ ਹਾਂ ਜਾਂ ਮਰਗੇ, ਪਰ ਅਸੀਂ ਕਿਹੜਾ ਪਤਾ ਲਿਆ। ਅਸੀਂ ਤਾਂ ਮਾਂ-ਬਾਪ ਹਾਂ, ਸਾਡਾ ਫਰਜ਼ ਬਣਦਾ ਸੀ ਮੇਰੀ ਰਿਸ਼ਮ ਨੇ ਕਿਹੜੀ ਜੱਗੋਂ ਤੇਰ੍ਹਵੀਂ ਕਰ ਦਿੱਤੀ ਸੀ ......... ਸਾਰੀ ਦੁਨੀਆਂ ਈ ਆਵਦੀ ਮਰਜੀ ਨਾਲ ਮੈਰਿਜ ਕਰਵਾਈ ਜਾਂਦੀ। ਅਸੀਂ ਐਵੇਂ ਫੋਕੀ ਹੈਂਕੜ.....ਅਖੇ ਜੀ ਮੁੰਡੇ ਦੀ ਜਾਤ ਹੋਰ ਐ .......ਧਰਮ ਹੋਰ ਐ। ਧਰਮ ਤੋਂ ਖੋਰੇ ਕੀ ਟਿੰਡੀਆਂ ਲੈਣੀਆਂ ਸੀ ਅਸੀਂ।' ਸੁਖਜੀਤ ਸਾਹ ਲੈ ਕੇ ਫੇਰ ਬੋਲਣ ਲੱਗਦੀ ਹੈ,

'ਛੋਟੀ ਰਮਨ ਦੇ ਘਰ ਵਾਲਾ ਤਾਂ ਤੁਹਾਡੀਓ ਸਹੇੜ ਆ ਨਾ....... ਥੋਡੀ ਆਵਦੀ ਜਾਤ ਬਰਾਦਰੀ ਤੇ ਧਰਮ ਦਾ। ਬੜੀ ਰਿਸਪੈਕਟ ਕਰਦਾ ਹੋਊ ਤੁਹਾਡੀ....... ਨਿੱਤ ਜੁੰਡੇ ਪੁੱਟਦਾ ਕੁੜੀ ਦੇ। ਜੂਨ ਵਰੋਲ ਕੇ ਰੱਖਤੀ ਮੇਰੀ ਧੀ ਦੀ...... ਦੇਖਲੀਂ ਤਲਾਕ ਤੋਂ ਉਰੇ ਗੱਲ ਨੀ ਖੜਨੀ...... ਹੋਰ ਕੀ ? ਕਿੰਨੀ ਵਾਰ ਤਾਂ ਕੁੱਟ-ਮਾਰ ਕਰਕੇ ਕੁੜੀ ਨੂੰ ਘਰੋਂ ਕੱਢਿਆ। ਥਾਂ-ਕੁਥਾਂ ਖੇਹ-ਮਿੱਟੀ ਖਾਂਦਾ ਫਿਰਦਾ। ਤੁਹਾਡੇ ਵਾਸਤੇ ਤਾਂ ਉਹੀ ਚੰਗਾ। ਜਾਤ ਬਰਾਦਰੀ ਦਾ ਜੋ ਹੋਇਆ। ਸਮਾਜ 'ਚ ਸਿਰ ਉੱਚਾ ਕਰਕੇ ਤੁਰਦੇ ਹਾਂ ਨਾ ਉਹਦੀ ਜਾਤ ਬਰਾਦਰੀ ਕਰਕੇ।'

ਸੁਖਜੀਤ ਨੇ ਪਤਾ ਨਹੀਂ ਕਿਸ ਸੰਦਰਭ ਵਿੱਚ ਇਹ ਗੱਲ ਆਖੀ ਸੀ ਪਰ ਮੈਨੂੰ ਲੱਗਾ ਜਿਵੇਂ ਮੈਨੂੰ ਖਾਸ ਤੌਰ ਤੇ ਨਿਸ਼ਾਨਾ ਬਣਾ ਕੇ ਆਖੀ ਸੀ।

'ਗੱਲ ਕੀ ....... ਇਨਸਾਨ ਆਵਦਾ ਵਕਤ ਯਾਦ ਨੀ ਰੱਖਦਾ !' ਸੁਖਜੀਤ ਦਾ



ਨਿਸ਼ਾਨਾ ਸਾਫ਼ ਹੋ ਗਿਆ ਸੀ। ਸੁੱਚ-ਮੁੱਚ ਹੀ ਮੈਂ ਆਪਣਾ ਤਾਂ ਵਕਤ ਤਾਂ ਭੁੱਲ ਹੀ ਗਿਆ ਸਾਂ। ਪਤਾ ਨਹੀਂ ਕਿਉਂ ਮੇਰੀਆਂ ਅੱਖਾਂ ਅੱਗੇ ਪੱਟੀ ਆ ਬੱਝੀ ਸੀ। ਬੇਟੀ ਰਿਸ਼ਮ ਨੇ ਆਪਣੀ ਪਸੰਦ ਦੇ ਮੁੰਡੇ ਜੌਹਨ ਨਾਲ ਵਿਆਹ ਕਰਾਉਣ ਦੀ ਗੱਲ ਕੀ ਚਲਾਈ, ਮੇਰੇ ਲਈ ਤਾਂ ਜਿਵੇਂ ਭੂਚਾਲ ਹੀ ਆ ਗਿਆ ਸੀ।

'ਹਜ਼ਾਰਾਂ ਸਾਲਾਂ ਦੀਆਂ ਵਿੱਥਾਂ-ਵੰਡਾਂ ਐਨੀ ਛੇਤੀ ਕਿੱਥੇ ਮਿਟਦੀਆਂ ਨੇ ?' ਆਪਣੀ ਹੀ ਕਿਸਮ ਦੀ ਦਲੀਲ ਦਿੰਦਿਆਂ ਮੈਂ ਰਿਸ਼ਮ ਦੇ ਇਸ ਫੈਸਲੇ ਨੂੰ ਮੁੱਢੋਂ- ਸੁੱਢੋਂ ਰੱਦ ਕਰਨ ਦਾ ਐਲਾਨ ਕਰ ਦਿੱਤਾ ਸੀ। ਫੇਰ ਉਹ ਕਿਹੜਾ ਢੰਗ ਤਰੀਕਾ ਸੀ ਜਿਹੜਾ ਮੈਂ ਰਿਸ਼ਮ ਨੂੰ ਜੌਹਨ ਦੇ ਘਰ ਵੱਲ ਜਾਂਦੇ ਰਾਹ ਤੋਂ ਮੋੜਨ ਲਈ ਨਹੀਂ ਸੀ ਵਰਤਿਆ। ਸਰੀਰਕ ਅਤੇ ਮਾਨਸਿਕ ਤਸੱਦਦ ਵੀ ਕੀਤਾ ਸੀ।

ਨਵੰਬਰ 'ਚ ਪੂਰੇ ਚਾਰ ਸਾਲ ਹੋ ਗਏ ਨੇ ਰਿਸ਼ਮ ਨੂੰ ਘਰ ਛੱਡ ਕੇ ਗਈ ਨੂੰ। ਇਹ ਨਹੀਂ ਕਿ ਉਹਦੀ ਯਾਦ ਨਹੀਂ ਆਉਂਦੀ ਜਾਂ ਉਸਨੂੰ ਮਿਲਣ ਨੂੰ ਜੀਅ ਨਹੀਂ ਕਰਦਾ.. ਪਰ ਉਸਦੇ ਘਰ ਵੱਲ ਪਤਾ ਨਹੀਂ ਕਿਉਂ ਪੈਰ ਨਹੀਂ ਤੁਰੇ।

'ਭਲੇ ਬੰਦਿਆ, ਤੇਰਾ ਕੋਈ ਨਿਰਣਾ ਕਦੇ ਪ੍ਰਪੱਕ ਸਾਬਤ ਨ੍ਹੀਂ ਹੋਇਆ। ਤੂੰ ਸਾਰੀ ਉਮਰ ਥਿੜਕਦਾ ਈ ਰਿਹਾਂ ਏ। ਤੇਰੇ ਤੋਂ ਤਾਂ ਕੁੱਝ ਵੀ ਚੰਗਾ ਨਹੀਂ ਬਣ ਹੋਇਆ। ਨਾ ਚੰਗਾ ਬਾਪ, ਨਾ ਚੰਗਾ ਪਤੀ, ਨਾ ਹੀ ਚੰਗਾ .......।' ਸੁਖਜੀਤ ਅੱਗੇ ਚੁੱਪ ਹੋ ਗਈ ਸੀ। ਮੈਂ ਬਹੁਤ ਦੂਰ ਕਮਲ ਕੋਲ ਪਰਤ ਗਿਆ ਸਾਂ।

ਕਿਸੇ ਵਕਤ ਕਿੰਨਾ ਚਾਹੁੰਦਾ ਰਿਹਾ ਸਾਂ ਕਮਲ ਨੂੰ। ਉਸਦੇ ਬਗੈਰ ਜਿਉਣ ਦਾ ਮੈਂ ਸੁਪਨਾ ਵੀ ਨਹੀਂ ਸੀ ਲੈ ਸਕਦਾ। ਆਪਣੇ ਸੁਪਨੇ ਵਿੱਚ ਅਸਲੀਅਤ ਦੇ ਰੰਗ ਭਰਨ ਲਈ ਕਮਲ ਦੇ ਘਰ ਵੀ ਚਲਾ ਗਿਆ ਸਾਂ। ਉਸਦੇ ਪੁਲਸੀਏ ਬਾਪ ਦੀ ਘੂਰ ਨੇ ਮੇਰੀਆਂ ਨਸਾਂ ਵਿੱਚ ਭੁੜਕਦਾ ਲਹੂ, ਬਰਫ਼ ਵਾਂਗ ਠੰਡਾ ਕਰ ਦਿੱਤਾ ਸੀ। ਉਚੇ-ਨੀਵੇਂ ਦੀ ਲਛਮਣ ਰੇਖਾ ਮੇਰੇ ਦੁਆਲੇ ਵੀ ਖਿੱਚ ਹੋ ਗਈ ਸੀ। ਫਿਰ ਇੱਕ ਦਿਨ ਕਮਲ ਨੇ ਦੋਵੇਂ ਹੱਥ ਮੇਰੀ ਛਾਤੀ 'ਤੇ ਰੱਖ ਦਿੱਤੇ ਸਨ। ਮੈਨੂੰ ਲੱਗਾ ਸੀ ਜਿਵੇਂ ਬਹੁਤ ਭਾਰਾ ਪੱਥਰ ਮੇਰੀ ਛਾਤੀ 'ਤੇ ਆ ਟਿਕਿਆ ਹੋਵੇ। ਇਹਨਾਂ ਹੱਥਾਂ ਦਾ ਭਾਰ ਮੈਥੋਂ ਬਰਦਾਸ਼ਤ ਹੀ ਨਹੀਂ ਸੀ ਹੋਇਆ। ਕਮਲ ਕਿੰਨਾ ਚਿਰ ਪ੍ਰਸ਼ਨ ਚਿੰਨ ਬਣੀ ਮੇਰੀਆਂ ਅੱਖਾਂ ਵਿੱਚ ਝਾਕਦੀ ਰਹੀ ਸੀ। ਮੇਰੇ ਬਰਫ਼ ਬਣੇ ਖ਼ੂਨ ਵਿੱਚ ਤਾਂ ਕੋਈ ਹਰਕਤ ਹੀ ਨਹੀਂ ਸੀ ਹੋਈ। ਮੈਂ ਉਸਦੇ ਦੋਵੇਂ ਹੱਥ ਆਪਣੀ ਛਾਤੀ ਤੋਂ ਚੁੱਕ, ਉਸਦੇ ਘਰ ਵੱਲ ਜਾਂਦੇ ਰਾਹ ਵੱਲ ਕਰ ਦਿੱਤੇ ਸਨ। ਰਾਮਕਾਰ ਮੈਥੋਂ ਉਲੰਘ ਹੀ ਨਹੀਂ ਸੀ ਹੋਈ।

ਫਿਰ ਪਤਾ ਲੱਗਾ ਉਹ ਕਿਸੇ ਪ੍ਰਵਾਸੀ ਪਰਿੰਦੇ ਦੇ ਪਰ੍ਹਾਂ ਨਾਲ ਬੰਨ੍ਹ ਦਿੱਤੀ ਹੈ, ਜੋ ਉਸਨੂੰ ਆਪਣੀ ਉਡਾਰੀ ਨਾਲ ਵਲੈਤ ਲੈ ਗਿਆ ਹੈ।

ਫਿਰ ਉਸ ਦੇ ਤਲਾਕ ਹੋ ਜਾਣ ਦਾ ਪਤਾ ਲੱਗਾ। ਦੁੱਖਾਂ ਦੇ ਡੂੰਘੇ ਸਮੁੰਦਰਾਂ ਵਿੱਚ ਡੁੱਬ ਜਾਣ ਦਾ। ਘੁੱਟ-ਘੁੱਟ ਮਰਦੀ ਰਹੀ ਸੀ ਉਹ। ਫਿਰ ਕਿਸੇ ਤਰ੍ਹਾਂ ਹਵਾ ਦੇ ਬੁਲ੍ਹੇ ਹੱਥ, ਉਸਦੀ ਸੁੱਖ-ਸਾਂਦ ਹੀ ਪੁੱਛੀ ਸੀ। ਉਸਦਾ ਸੰਖੇਪ ਜੁਆਬ ਆਇਆ ਸੀ, 'ਪਰਛਾਵਿਆਂ ਮਗਰ ਨਹੀਂ ਭੱਜੀਦਾ।'

ਮੈਨੂੰ ਕਮਲ ਦੇ ਹੱਥ ਆਪਣੇ ਦੁਆਲੇ ਘੁੱਟ ਕੇ ਵਲ ਲੈਣੇ ਚਾਹੀਦੇ ਸਨ। ਸੁਖਜੀਤ ਸੱਚ ਹੀ ਤਾਂ ਆਖਦੀ ਏ ਕਿ ਮੈਂ ਸਾਰੀ ਉਮਰ ਥਿੜਕਦਾ ਹੀ ਰਿਹਾ ਹਾਂ। ਕਮਲ ਵੀ ਤਾਂ ਇਹੀ ਕਹਿੰਦੀ ਹੁੰਦੀ ਸੀ, 'ਥਿੜਕਦੇ ਕਦਮਾਂ ਨਾਲ ਪੈਂਡੇ ਕਦੋਂ ਮਾਰ ਹੁੰਦੇ ਨੇ ?'

'... ਹਾਏ...।' ਸੁਖਜੀਤ ਦੀ ਹੂੰਗਰ ਮੈਨੂੰ ਯਾਦਾਂ 'ਚੋਂ ਵਾਪਸ ਖਿੱਚ ਲਿਆਉਂਦੀ ਹੈ।

'ਮੈਨੂੰ ਨੀ ਲੱਗਦਾ ਮੈਂ ਹੁਣ ਬਚਜੂ ...... ਸਾਰਾ ਸਰੀਰ ਈ ਮਿੱਟੀ ਹੋਇਆ ਪਿਆ। ਅੱਜ

ਤਾਂ ਸਾਹ ਵੀ ਔਖਾ ਹੋ ਕੇ ਆਉਂਦਾ ......।'

'ਰੱਬ ਤੇ ਭਰੋਸਾ ਰੱਖ......... ਸਭ ਠੀਕ ਹੋਜੂ ...... ਜੇ ਉਹ ਦੁੱਖ ਪਾਉਂਦਾ ਤਾਂ ਕੱਟਣ ਵਾਲਾ ਵੀ ਉਹੀ ਐ।' ਮੈਨੂੰ ਪਤਾ ਸੁਖਜੀਤ ਦੀ ਬਿਮਾਰੀ ਸਰੀਰਕ ਨਾਲੋਂ ਮਾਨਸਿਕ ਬਹੁਤੀ ਹੈ, ਇਸੇ ਲਈ ਮੈਂ ਰੱਬ ਨੂੰ ਵਿਚਾਲੇ ਲੈ ਆਉਂਦਾ ਹਾਂ।

'ਸੱਚ ਸੁੱਖ ! ਮੈਂ ਤੈਨੂੰ ਤਾਂ ਦੱਸਿਆ ਨ੍ਹੀਂ ....... ਸੋਚਿਆ ਉਦਾਸ ਹੋਵੇਂਗੀ ....... ਮੈਨੂੰ ਪਰਸੋਂ ਰਿਸ਼ਮ ਮਿਲੀ ਸੀ।'

'ਹੈ !.........ਕੀ ?........ ਕਿੱਥੇ ਮਿਲੀ ਸੀ?' ਸੁਖਜੀਤ ਨੂੰ ਜਿਵੇਂ ਦਰਦ ਉਕਾ ਹੀ ਵਿਸਰ ਗਿਆ ਸੀ।

'ਲੁਧਿਆਣੇ ਬੱਸ ਸਟੈਂਡ 'ਤੇ ......... ਮਾਛੀਵਾੜੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਡਿਊਟੀ ਐ ਉਸਦੀ। ਸਬੱਬੀ ਮੇਲ ਹੋ ਗਿਆ। ਉਸਦਾ ਬੱਚਾ ਵੀ ਗੋਦੀ ਸੀ ਉਸਦੇ ........ ਛੇ ਕੁ ਮਹੀਨੇ ਦਾ ਹੋਊ। ਬੜਾ ਪਿਆਰਾ-ਪਿਆਰਾ, ਗੋਗਲਾ-ਗੋਗਲਾ ਜਿਹਾ........।'

'ਬੁਲਾਇਆ ਨ੍ਹੀਂ ਤੁਸੀਂ .........?'

'ਕਿਉਂ ਬੁਲਾਉਣਾ ਕਿਉਂ ਨ੍ਹੀਂ ਸੀ ? .. ਮੇਰਾ ਖੂਨ ਐ। ਘੁੱਟ ਕੇ ਪਿਆਰ ਕੀਤਾ ਦੋਵਾਂ ਮਾਂ-ਪੁੱਤਾਂ ਨੂੰ।'

'ਸ਼ਗਨ ਨ੍ਹੀਂ ਦਿੱਤਾ ਬੱਚੇ ਨੂੰ ?'

'........ ਨਹੀਂ ..........।'

'ਕਿਉਂ?

'ਲਿਆ ਹੀ ਨਹੀਂ ਉਸਨੇ ........। '

'ਕੀ ਕਹਿੰਦੀ ........... ਅਜੇ ਗੁੱਸਾ ਗਿਆ ਨਹੀਂ ਉਸਦਾ?'

'ਕਹਿੰਦੀ ਇਹ ਬੱਚਾ ਵੀ ਤਾਂ ਜੌਹਨ ਦਾ ਈ ਖੂਨ ਆ ...... ਜੇ ਤੁਹਾਨੂੰ ਜੌਹਨ ਦੀ ਪ੍ਰਵਾਨ ਨਹੀਂ ਤਾਂ ਉਸਦੀ ਔਲਾਦ ਲਈ ਵੀ ਤੁਹਾਡੀ ਪ੍ਰਵਾਨਗੀ ਦੀ ਲੋੜ ਨਹੀਂ।'

'ਤੁਸੀਂ ਕਹਿਣਾ ਸੀ ........ ਸਾਨੂੰ ਪ੍ਰਵਾਨ ਐ ........। ' ਸੁਖਜੀਤ ਉਠ ਕੇ ਬੈਠ ਗਈ ਸੀ, ਜਿਵੇਂ ਉਸਦਾ ਕੁੱਝ ਦੁੱਖਦਾ ਹੀ ਨਾ ਹੋਵੇ।

'ਘਰ ਆਉਣ ਲਈ ਵੀ ਨਹੀਂ ਕਿਹਾ ਹੋਣਾ ?'

'ਕਿਹਾ ਸੀ ........... ਕਹਿੰਦੀ ਤੁਹਾਨੂੰ ਪਹਿਲ ਕਰਨੀ ਚਾਹੀਦੀ।'

'ਉਫ਼ ......।' ਸੁਖਜੀਤ ਨੇ ਠੰਡਾ ਸਾਹ ਲਿਆ ਸੀ।

'ਆਪਾਂ ਨੂੰ ਜਾਣਾ ਚਾਹੀਦੈ .... ?' ਮੈਂ ਸੁਖਜੀਤ ਨੂੰ ਸੁਆਲ ਕੀਤਾ ਸੀ?

'ਤੁਸੀਂ ਤਿਆਰ ਹੋ?' ਉਸ ਨੇ ਮੇਰੇ ਸੁਆਲ ਦੇ ਜੁਆਬ ਵਿੱਚ ਸੁਆਲ ਕਰ ਦਿੱਤਾ ਸੀ।

'ਤੂੰ ਛੇਤੀ ........ ਠੀਕ ਹੋਜਾ ......।'

'ਮੈਨੂੰ ਕੀ ਹੋਇਆ .......... ਚੰਗੀ ਭਲੀ ਆਂ।'

'ਤਾਂ ਠੀਕੈ ........... ਤੂੰ ਕਹਿਨੀ ਏ ਤਾਂ ਚੱਲਾਂਗੇ।'

'ਸੱਚ? ਮੈਨੂੰ ਨੀ ਯਕੀਨ ਤੂੰ ਜਾਵੇਂਗਾ।'

ਸੁਖਜੀਤ ਨੂੰ ਕੀ ਦੱਸਦਾ ਕਿ ਮੈਂ ਰਿਸ਼ਮ ਨੂੰ ਮਿਲਣ ਵਾਲਾ ਐਡਾ ਵੱਡਾ ਝੂਠ ਬੋਲ ਕੇ, ਆਪਣੇ ਥਿੜਕੇ ਹੋਏ ਕਦਮਾਂ ਨੂੰ ਮਸਾਂ ਤਾਂ ਪੈਰਾਂ ਸਿਰ ਕੀਤਾ।



## ਪਛਾਣ/ਹਰਮਹਿੰਦਰ ਚਹਿਲ

ਦੁਪਹਿਰ ਦੋ ਕੁ ਵਜੇ ਮੈਂ ਪਾਰਕਿੰਗ ਲਾਟ ਵਿੱਚ ਕਾਰ ਖੜੀ ਕਰਕੇ ਬਾਹਰ ਨਿਕਲਿਆ ਤਾਂ ਲੱਗਿਆ ਜਿਵੇਂ ਕਿ ਆਲੇ ਦੁਆਲੇ ਅੱਗ ਬਲ ਰਹੀ ਹੋਵੇ। 'ਇੰਨੀ ਗਰਮੀ!' ਤੌਬਾ ਤੌਬਾ। ਤਿੰਨ ਹੋਰ ਸਟੇਟਾਂ ਨੂੰ ਛੱਡਕੇ ਅੱਜ ਵਿਰੀਜੀਨੀਆਂ ਵਿੱਚ ਤਾਪਮਾਨ ਸਾਰੇ ਅਮਰੀਕਾ ਵਿੱਚੋਂ ਵੱਧ ਹੈ। ਬਾਹਰ ਦਾ ਤਾਪਮਾਨ 104 ਡਿਗਰੀ ਪਹੁੰਚਿਆ ਹੋਇਆ ਹੈ। ਉੱਪਰੋਂ ਪੈਂਦੀ ਧੁੱਪ ਇਉਂ ਲੱਗ ਰਹੀ ਹੈ ਜਿਵੇਂ ਕਿ ਸਿਰ ਵਿੱਚ ਮੋਰੀ ਹੋ ਰਹੀ ਹੋਵੇ। ਤੇ ਅੱਜ ਹਿਊਮਿਡਿਟੀ ਵੀ ਹੱਦ ਦਰਜੇ ਦੀ ਹੈ। ਸਾਹ ਕਿਹੜਾ ਆ ਰਿਹਾ ਹੈ। ਮੈਂ ਕਾਹਲੀ ਨਾਲ ਕਾਰ ਦਾ ਦਰਵਾਜ਼ਾ ਬੰਦ ਕਰਦਾ ਸਾਹਮਣੇ 'ਕੁਇਕ ਸਟੋਰ' ਵਿੱਚ ਜਾ ਵੜਿਆ। ਅੰਦਰ ਜਾਂਦਿਆਂ ਈ, ਏ ਸੀ ਨਾਲ ਠੰਢੇ ਹੋਏ ਸਟੋਰ ਵਿੱਚ ਪਹੁੰਚਕੇ ਬੜਾ ਸਕੂਨ ਮਿਲਿਆ। ਇਹ ਛੋਟਾ ਜਿਹਾ ਕਨਵੀਨੀਐਂਟ ਸਟੋਰ ਹੈ, ਜਿੱਥੇ ਮੈਂ ਕੈਸ਼ੀਅਰ ਦੀ ਪਾਰਟ ਟਾਈਮ ਨੌਕਰੀ ਕਰਦਾ ਹਾਂ। ਮੈਨੇਜਰ ਨੇ ਪਿਛਲੀ ਸ਼ਿਫਟ ਕਲੋਜ਼ ਕਰ ਦਿੱਤੀ ਸੀ ਤੇ ਦੋ ਵਜਦਿਆਂ ਈ ਮੈਂ ਚੈੱਕ ਇਨ ਕਰ ਲਿਆ। ਥੋੜ੍ਹਾ ਹਿਸਾਬ ਕਿਤਾਬ ਜਿਹਾ ਸੈੱਟ ਕਰਕੇ ਮੈਂ ਸ਼ੈਲਫਾਂ ਅਤੇ ਕੋਕ ਮਸ਼ੀਨਾਂ ਚੈੱਕ ਕਰਨ ਵਾਸਤੇ ਸਟੋਰ ਵਿੱਚ ਗੇੜਾ ਕੱਢਣ ਲਈ ਉੱਠਿਆ। ਕਾਊਂਟਰ ਤੋਂ ਹੇਠਾਂ ਪੈਰ ਰੱਖਦਿਆਂ ਈ ਮੇਰਾ ਧਿਆਨ ਇੱਕ ਕੋਨੇ ਵੱਲ ਗਿਆ। ਅੱਜ ਵੀ ਉਹ ਇੱਕ ਖੂੰਝੇ ਵਿੱਚ ਪਾਸੇ ਪਰਨੇ ਸੁੱਤਾ ਪਿਆ ਹੈ ਤੇ ਨਾਲ ਹੀ ਉਸਦਾ ਸਾਰੇ ਸਾਮਾਨ ਦਾ ਭਰਿਆ ਬਿਸਤਰ ਬੰਦ ਰੱਖਿਆ ਹੋਇਆ। ਉਸਦੇ ਇੱਕ ਪੈਰ 'ਚ ਟੁੱਟਿਆ ਹੋਇਆ ਬੂਟ ਫਸਿਆ ਹੋਇਆ ਤੇ ਦੂਸਰੇ ਵਿੱਚ ਘਿਸੀ ਜਿਹੀ ਚੱਪਲ। ਵੱਡੇ ਵੱਡੇ ਸੁੱਜੇ ਹੋਏ ਪੈਰ ਬਾਹਰ ਝਾਕ ਰਹੇ ਹਨ। ਉਸਦਾ ਚਿਹਰਾ ਅਗੜੀ ਦੁਗੜੀ ਵਧੀ ਹੋਈ ਦਾਹੜੀ ਨਾਲ ਢਕਿਆ ਹੋਇਆ ਤੇ ਗੋਰਾ ਲਾਲ ਚਿਹਰਾ ਧੁਆਂਖਿਆ ਹੋਇਆ ਪਿਆ। ਮੈਂ ਉਸਨੂੰ ਉਵੇਂ ਪਏ ਨੂੰ ਛੱਡਕੇ ਆਪਣਾ ਕੰਮ ਮੁਕਾਉਂਦਾ ਵਾਪਸ ਕਾਊਂਟਰ 'ਤੇ ਆ ਗਿਆ। ਪਿਛਲੇ ਤਿੰਨ ਦਿਨਾਂ ਤੋਂ ਦੁਪਹਿਰ ਵੇਲੇ ਇਹ ਹੋਮਲੈੱਸ ਗੋਰਾ ਬੋਚਕੇ ਜਿਹੇ ਇੱਥੇ ਆਕੇ ਸੌਂ ਜਾਂਦਾ ਹੈ। ਇਸ ਤੋਂ ਪਹਿਲਾਂ ਮੈਂ ਇਸਨੂੰ, ਮੋਢੇ ਆਪਣੇ ਸਾਮਾਨ ਵਾਲਾ ਬਿਸਤਰਬੰਦ ਟੰਗੀ ਸਾਰਾ ਦਿਨ ਪਾਰਕਿੰਗ ਲਾਟ ਵਿੱਚ ਤੁਰਿਆ ਫਿਰਦਾ ਵੇਖਦਾ ਸੀ। ਪਰ ਪਿਛਲੇ ਦਿਨਾਂ ਦੀ ਬੇਤਹਾਸ਼ਾ ਗਰਮੀ ਨੇ ਇਸਨੂੰ ਵੀ ਕੋਈ ਠੰਢੀ ਥਾਂ ਲੱਭਣ ਨੂੰ ਮਜਬੂਰ ਕਰ ਦਿੱਤਾ ਲੱਗਦਾ ਹੈ। ਪਹਿਲੇ ਦਿਨ ਇਹ ਸਿੱਧਾ ਅੰਦਰ ਵੜਿਆ ਤੇ ਜਾ ਕੇ ਇੱਕ ਪਾਸੇ ਲੰਮਾ ਪੈ ਗਿਆ। ਮੈਂ ਇਸਨੂੰ ਰੋਕਣਾ ਚਾਹਿਆ ਤਾਂ ਥੋੜ੍ਹਾ ਕੁ ਚਿਰ ਆਰਾਮ ਕਰਨ ਦਾ ਕਹਿ ਕੇ ਇਹ ਚੁੱਪੀ ਵੱਟ ਗਿਆ। ਫਿਰ ਜਦੋਂ ਇਹ ਲੰਮਾ ਪੈਂਦਿਆਂ ਹੀ ਸੌਂ ਗਿਆ ਤਾਂ ਮੈਂ ਇਹ ਸੋਚਦਿਆਂ ਉੱਠਕੇ ਜਾਣ ਨੂੰ ਨਾ ਕਿਹਾ ਕਿ ਬਾਹਰ ਅੱਤ ਦੀ ਗਰਮੀ ਪੈ ਰਹੀ ਹੈ ਤੇ ਇਸ ਵੇਲੇ ਬਿਜਨਸ ਵੀ ਬਹੁਤ ਸਲੋ ਹੈ। ਉਸਦੇ ਬਾਅਦ ਇਹ ਕਦੋਂ ਉੱਠਕੇ ਚਲਾ ਗਿਆ ਮੈਨੂੰ ਪਤਾ ਈ ਨਾ ਲੱਗਿਆ। ਕੱਲ੍ਹ ਜਦੋਂ ਇਹ ਉੱਠਕੇ ਜਾਣ ਲੱਗਿਆ ਤਾਂ ਮੈਨੂੰ ਪਤਾ ਲੱਗ ਗਿਆ ਤੇ ਮੈਂ ਇਸ ਵੱਲ ਵੇਖਿਆ। ਇਸਦੀਆਂ ਅੱਖਾਂ ਵੱਲ ਵੇਖਦਿਆਂ ਮੈਨੂੰ ਉਸਦੀ ਚਿਹਰਾ ਕੁਛ ਜਾਣਿਆਂ ਪਹਿਚਾਣਿਆਂ ਜਿਹਾ ਲੱਗਿਆ। ਮੈਂ ਸੋਚਣ ਲੱਗਿਆ ਕਿ ਇਹ ਕੌਣ ਹੋਇਆ ਪਰ ਕੁਛ ਯਾਦ ਨਾ ਆਇਆ। ਅੱਜ ਫਿਰ ਇਹ ਅੰਦਰ ਸੁੱਤਾ ਹੋਇਆ ਹੈ। ਫਿਰ ਮੇਰਾ ਧਿਆਨ ਇਸ ਵੱਲੋਂ ਹਟਕੇ ਆਪਣੇ ਘਰ ਵੱਲ ਚਲਾ ਗਿਆ ਜਿੱਥੇ ਮੈਂ ਹੁਣੇ ਮੈਡਮ ਨਾਲ ਬਹਿਸ ਕਰਦਾ ਆਇਆ ਹਾਂ। ਮਨ ਤਾਂ ਸਵੇਰ ਦਾ ਈ ਉੱਖੜਿਆ ਹੋਇਆ ਹੈ। ਰਾਤ ਕਾਫੀ ਲੇਟ ਕੰਮ ਤੋਂ ਆ ਕੇ ਸੁੱਤਾ ਸੀ ਕਿ ਕਿਸੇ ਦੇ ਫੋਨ ਨੇ ਸਵੇਰੇ ਈ ਗੂਹੜੀ ਨੀਂਦ ਵਿੱਚੋਂ ਜਗਾ ਦਿੱਤਾ। ਕੋਈ ਸਪੈਨਿਸ਼ ਪੁੱਛ ਰਿਹਾ ਸੀ ਕਿ ਕੀ ਮੈਂ ਆਪਣੇ ਲਾਨ ਦਾ ਘਾਹ ਕਟਵਾਉਣਾ ਹੈ। ਮੈਂ ਰੁੱਖੀ ਆਵਾਜ਼ ਵਿੱਚ ਨਾਂਹ ਕਹਿੰਦਿਆਂ ਫੋਨ ਕੱਟ ਦਿੱਤਾ। ਅਜਿਹੇ ਛੋਟੇ ਕੰਮਾਂ ਵਾਲਿਆਂ ਦੇ ਫੋਨ ਅੱਜਕੱਲ ਆਮ ਈ ਆਉਣ ਲੱਗ ਪਏ ਹਨ। ਇੱਕ

ਦੋਸਤ ਦੱਸ ਰਿਹਾ ਸੀ ਕਿ ਇਹ ਬੇਰੁਜ਼ਗਾਰ ਸਪੈਨਿਸ਼ ਲੋਕ, ਫੋਨ ਬੁੱਕ ਲੈਕੇ ਸਵੇਰੇ ਹੀ ਲੋਕਾਂ ਦੇ ਘਰੀਂ ਫੋਨ ਕਰਨ ਲੱਗ ਪੈਂਦੇ ਹੈ। ਜ਼ਿਆਦਾ ਤਾਂ ਅੱਗੋਂ ਝਾੜਾਂ ਈ ਪੈਂਦੀਆਂ ਨੇ ਪਰ ਇੱਕ ਅੱਧ ਜਾਬ ਮਿਲ ਵੀ ਜਾਂਦੀ ਐ। ਖੈਰ ਮੇਰੀ ਅਤੇ ਘਰਵਾਲੀ ਦੀ ਤਲਖੀ ਅੱਜ ਕੱਲ੍ਹ ਆਮ ਈ ਹੋ ਗਈ ਹੈ। ਹਰ ਰੋਜ਼ ਕਿਸੇ ਨਾ ਕਿਸੇ ਗੱਲ ਪਿੱਛੇ ਉਲਝ ਪੈਂਦੇ ਹੈ। ਗੱਲ ਕੋਈ ਖਾਸ ਨਹੀਂ ਹੁੰਦੀ ਤੇ ਕਸੂਰ ਵੀ ਕਿਸੇ ਦਾ ਨਹੀਂ ਹੁੰਦਾ। ਕਸੂਰ ਤਾਂ ਸਾਰਾ ਹਾਲਤਾਂ ਦਾ ਐ। ਕੁਛ ਦੇਰ ਪਹਿਲਾਂ ਤੱਕ ਸਭ ਕੁਝ ਵਧੀਆ ਚੱਲ ਰਿਹਾ ਸੀ। ਮੇਰੀ ਨੌਕਰੀ ਵੀ ਚੰਗੀ ਸੀ ਤੇ ਘਰਵਾਲੀ ਦੀ ਵੀ। ਛੋਟਾ ਜਿਹਾ ਆਪਣਾ ਘਰ ਤੇ ਦੋਵਾਂ ਕੋਲ ਆਪਦੀਆਂ ਕਾਰਾਂ। ਪਰ ਜਦੋਂ ਰਿਸੈਸ਼ਨ ਵਾਲਾ ਧਮਾਕਾ ਹੋਇਆ ਤਾਂ ਮੇਰੀ ਨੌਕਰੀ ਪਹਿਲੀਆਂ ਵਿੱਚ ਹੀ ਚਲੀ ਗਈ। ਘਰਵਾਲੀ ਨੂੰ ਉਸਦੀ ਕੰਪਨੀ ਨੇ ਆਫਰ ਦਿੱਤੀ ਕਿ ਜਾਂ ਤਾਂ ਨੌਕਰੀ ਛੱਡ ਦੇਵੇ ਜਾਂ ਘੱਟ ਤਨਖਾਹ ਵਾਲੇ ਕਿਸੇ ਛੋਟੇ ਆਹੁਦੇ 'ਤੇ ਤੈਨਾਤ ਹੋ ਜਾਵੇ। ਘਰਵਾਲੀ ਨੇ ਕੰਪਨੀ ਦੀ ਗੱਲ ਮੰਨ ਕੇ ਛੋਟਾ ਅਹੁਦਾ ਸਵੀਕਾਰ ਕਰ ਲਿਆ। ਇਸ ਤਰ੍ਹਾਂ ਆਮਦਣੀ ਘਟ ਗਈ ਤਾਂ ਘਰੇਲੂ ਖਰਚਿਆਂ 'ਚ ਕਟੌਤੀ ਕਰਨ ਲਈ ਇੱਕ ਕਾਰ ਵੇਚ ਦਿੱਤੀ। ਫਿਰ ਘਰਦੀਆਂ ਕਿਸ਼ਤਾਂ ਪਿੱਛੇ ਪੈਣ ਲੱਗੀਆਂ। ਚੰਗੀ ਨੌਕਰੀ ਭਾਲਦੇ ਨੂੰ ਮੈਨੂੰ ਕਿਸੇ ਸਕਿਉਰਟੀ ਕੰਪਨੀ ਵਿੱਚ ਮਸਾਂ ਰਾਤ ਦੀ ਨੌਕਰੀ ਮਿਲੀ। ਇਸ ਨਾਲ ਵੀ ਪੂਰਾ ਨਾ ਪਿਆ ਤਾਂ ਨਾਲ ਈ ਮੈਂ ਇਹ ਪਾਰਟ ਟਾਈਮ ਨੌਕਰੀ ਕਰਨ ਲੱਗਿਆ। ਅੱਜ ਸ਼ਾਮ ਇੱਥੋਂ ਵਿਹਲਾ ਹੋਵਾਂਗਾ ਤਾਂ ਸਿੱਧਾ ਸਕਿਉਰਟੀ ਵਾਲੀ ਨੌਕਰੀ 'ਤੇ ਜਾਵਾਂਗਾ। ਇਸੇ ਕਰਕੇ ਮੈਂ ਅੱਜ ਕਾਰ ਲਿਆਉਣ ਲਈ ਜ਼ਿੱਦ ਕੀਤੀ ਜਦੋਂ ਕਿ ਘਰਵਾਲੀ ਦਾ ਕਹਿਣਾ ਸੀ ਕਿ ਕਾਰ ਉਹ ਲੈਕੇ ਜਾਵੇਗੀ ਕਿਉਂਕਿ ਉਸਦੀ ਨੌਕਰੀ ਦੂਰ ਹੈ ਤੇ ਉਸਨੂੰ ਬਸਾਂ ਗੱਡੀਆਂ ਬਦਲਦਿਆਂ ਈ ਦਿਹਾੜੀ ਛੁੱਟ ਜਾਂਦੀ ਹੈ। ਬੱਸ ਇਸੇ ਗੱਲ ਤੋਂ ਤਲਖੀ ਵਧ ਗਈ ਤੇ ਮੈਂ ਚੁੱਪ ਚਾਪ ਕਾਰ ਲੈਕੇ ਇੱਧਰ ਆ ਗਿਆ। ਉੱਧਰ ਕੁਛ ਖੜਕਾ ਜਿਹਾ ਹੋਇਆ ਤਾਂ ਮੈਂ ਖਿਆਲਾਂ 'ਚੋਂ ਨਿਕਲਦਾ ਪਿੱਛੇ ਵੱਲ ਗਿਆ। ਇਹ ਤਾਂ ਉਸ ਗੋਰੇ ਨੇ ਪਏ ਪਏ ਨੇ ਪਾਸਾ ਬਦਲਿਆ ਤਾਂ ਉਸਦਾ ਪੈਰ ਅਲਮਾਰੀ ਵਿੱਚ ਵੱਜਿਆ ਸੀ। ਮੈਂ ਉਸਦੇ ਨੇੜੇ ਹੋ ਗਿਆ। ਉਸਦੀ ਇੱਕ ਬਾਂਹ ਇੱਕ ਪਾਸੇ ਨੂੰ ਫੈਲੀ ਹੋਈ ਸੀ। ਮੈਂ ਨੇੜੇ ਹੋਇਆ ਤਾਂ ਨਜ਼ਰ ਉਸਦੀ ਬਾਂਹ ਉੱਪਰ ਖੁਣੇ ਹੋਏ ਨਾਂ ਉੱਪਰ ਚਲੀ ਗਈ। ਲਿਖਿਆ ਹੋਇਆ ਸੀ 'ਜੈਕ ਮੈਕ'। ਮੇਰੇ ਦਿਮਾਗ ਵਿੱਚ ਅਚਾਨਕ ਕੁਛ ਕੌਂਧਿਆ।

'ਹੈਂ! ਜੈਕ ਐ ਇਹ?" ਮੈਂ ਉਸ ਵੱਲ ਵੇਖ ਹੀ ਰਿਹਾ ਸੀ ਕਿ ਉਹ ਛੇਤੀ ਦੇਣੇ ਉੱਠਿਆ। ਪਾਸੇ ਪਿਆ ਬਿਸਤਰਬੰਦ ਮੋਢੇ ਪਾਕੇ ਬਾਹਰ ਨੂੰ ਤੁਰ ਚੱਲਿਆ। ਜਦੋਂ ਉਸਦੇ ਚਿਹਰੇ ਨੂੰ ਹੋਰ ਨੇੜਿਉਂ ਵੇਖਿਆ ਤਾਂ ਮੈਂ ਉਸਨੂੰ ਚੰਗੀ ਤਰ੍ਹਾਂ ਪਛਾਣ ਲਿਆ ਕਿ ਇਹ ਜੈਕ ਹੀ ਹੈ। ਉਹ ਕੋਲ ਦੀ ਲੰਘਣ ਲੱਗਿਆਂ ਤਾਂ ਮੈਂ ਜੈਕ ਕਹਿ ਕੇ ਆਵਾਜ਼ ਮਾਰੀ। ਪਰ ਉਹ ਬਿਨਾਂ ਮੇਰੇ ਵੱਲ ਵੇਖਿਆਂ ਬਾਹਰ ਨਿਕਲ ਗਿਆ ਤੇ ਸਾਹਮਣੇ ਪਾਰਕਿੰਗ ਲਾਟ ਵੱਲ ਚਲਾ ਗਿਆ। ਉਸਨੂੰ ਜਾਂਦੇ ਨੂੰ ਵੇਖਦਿਆਂ ਮੈਨੂੰ ਉਹ ਵੇਲਾ ਯਾਦ ਆਇਆ ਜਦੋਂ ਜੈਕ ਮੇਰਾ ਬੌਸ ਹੁੰਦਾ ਸੀ। ਉਦੋਂ ਮੈਂ ਦਿਨੇ ਨੌਕਰੀ ਕਰਦਾ ਤੇ ਰਾਤ ਨੂੰ ਕਾਲਜ ਜਾਂਦਾ। ਮੇਰੇ ਨਾਲ ਇੱਕ ਹੋਰ ਵੀ ਪੰਜਾਬੀ ਮੁੰਡਾ ਕੰਮ ਕਰਦਾ ਸੀ। ਸਾਡੀ ਕੰਪਨੀ 'ਹੋਮ ਸਰਵਿਸਜ਼' ਦਾ ਕਾਫੀ ਵੱਡਾ ਵੇਅਰਹਾਊਸ ਸੀ ਤੇ ਜੈਕ ਇੱਥੇ ਮੈਨੇਜਰ ਸੀ। ਨੇੜੇ ਹੀ ਇੱਕ ਬਹੁਤ ਵੱਡੀ ਮਾਡਰਨ ਅਪਾਰਟਮੈਂਟ ਬਿਲਡਿੰਗ ਸੀ। ਇਹਨਾਂ ਅਪਾਰਟਮੈਂਟਾਂ ਦਾ ਇੱਕ ਹਿੱਸਾ ਸੈਮੀ ਹੋਟਲ ਵਜੋਂ ਵਰਤਿਆ ਜਾਂਦਾ ਸੀ। ਇੱਥੇ ਰੋਜ਼ਾਨਾ, ਹਫਤਾਵਾਰੀ ਜਾਂ ਮਹੀਨਾ ਭਰ ਰੁਕਣ ਵਾਲੇ ਜ਼ਿਆਦਾ ਤੌਰ 'ਤੇ ਬਿਜਨਸਮੈਨ ਠਹਿਰਦੇ ਸਨ। ਜੈਕ ਦੀ ਕੰਪਨੀ 'ਹੋਮ ਸਰਵਿਸਜ਼' ਇਹਨਾਂ ਅਪਾਰਟਮੈਂਟਾਂ ਵਿੱਚ ਰੋਜ਼ਾਨਾ ਦੀ ਜ਼ਰੂਰਤ ਦਾ ਸਾਮਾਨ ਜਿਵੇਂ ਕਿ ਬਿਸਤਰੇ, ਕਿਚਨ ਸਾਮਾਨ, ਅਤੇ ਟੀਵੀ ਵੀਸੀ ਆਰ ਬਗੈਰਾ ਕਿਰਾਏ ਉੱਪਰ ਦਿੰਦੀ ਸੀ। ਜਦੋਂ ਨਵੇਂ ਗ੍ਰਾਹਕ ਆਉਂਦੇ ਤਾਂ ਅਸੀਂ ਇੱਕ ਟਰੱਕ ਵਿੱਚ ਸਮਾਨ ਲੱਦ ਕੇ ਜਾਕੇ ਕਮਰਿਆਂ ਵਿੱਚ ਸਜਾ ਆਉਂਦੇ। ਜਦੋਂ ਗ੍ਰਾਹਕ ਮੂਵ ਹੁੰਦੇ ਤਾਂ ਪੁਰਾਣਾ



ਸਾਮਾਨ ਟਰੱਕ ਵਿੱਚ ਭਰਕੇ ਵੇਅਰ ਹਾਊਸ ਲੈ ਆਉਂਦੇ। ਜੈਕ ਦਾ ਪੂਰਾ ਨਾਮ ਜੈਕਸਨ ਮੈਕਡੇਨੀਅਲ ਹੈ। ਪਰ ਸਾਰੇ ਉਸਨੂੰ ਉਸਦੇ ਛੋਟੇ ਨਾਂ ਜਾਣੀ ਕਿ ਜੈਕ ਨਾਲ ਹੀ ਬੁਲਾਉਂਦੇ ਸਨ। ਜੈਕ ਦਾ ਸੁਭਾਅ ਬੜਾ ਰਲੌਂਟਾ ਸੀ ਤੇ ਇਹ ਬਹੁਤ ਜੌਲੀ ਬੰਦਾ ਸੀ। ਜਦੋਂ ਕੰਮ ਜ਼ਿਆਦਾ ਹੁੰਦਾ ਤਾਂ ਕਿਸੇ ਨੂੰ ਕੰਨ ਖੁਰਕਣ ਦੀ ਵਿਹਲ ਨਾ ਮਿਲਦੀ। ਪਰ ਜਦੋਂ ਕਿਤੇ ਕੰਮ ਸਲੋ ਹੁੰਦਾ ਤਾਂ ਸਾਰੇ ਇੰਮਪਲਾਈ ਵੇਅਰ ਹਾਊਸ ਵਿੱਚ ਈ ਘੁੰਮਦੇ ਫਿਰਦੇ। ਕਈ ਵਾਰੀ ਤਾਂ ਕੰਮ ਇੰਨਾ ਸਲੋ ਹੋ ਜਾਂਦਾ ਕਿ ਸਾਨੂੰ ਟਰੱਕ ਧੋਣ ਅਤੇ ਵੇਅਰ ਹਾਊਸ ਦੀ ਸਾਫ ਸਫਾਈ ਤੋਂ ਬਿਨਾਂ ਹੋਰ ਕੋਈ ਕੰਮ ਨਾ ਰਹਿੰਦਾ। ਅਜਿਹੇ ਵੇਲੇ ਜੈਕ ਵੇਅਰ ਹਾਊਸ ਵਿੱਚ ਉੱਚੀ ਆਵਾਜ਼ 'ਚ ਗਾਣੇ ਲਾਕੇ, ਨਾਲ ਗਾਉਂਦਾ ਫਿਰਦਾ। ਇੱਧਰ ਉੱਧਰ ਫਿਰਦਾ ਕਦੇ ਉਹ ਕਿਸੇ ਨੂੰ ਮਾਖੌਲ ਕਰਦਾ ਤੇ ਕਦੇ ਕਿਸੇ ਨੂੰ। ਕਈ ਵਾਰੀ ਮੈਂ ਤੇ ਦੂਜਾ ਮੁੰਡਾ ਘਰੋਂ ਲਿਆਂਦੀ ਰੋਟੀ ਖਾ ਰਹੇ ਹੁੰਦੇ ਤੇ ਉਹ ਸਾਡੇ ਕੋਲ ਆਕੇ ਇੱਕ ਰੋਟੀ ਚੁੱਕਕੇ ਉੱਪਰ ਸਬਜੀ ਪਾਕੇ ਉਸਦੀ ਪੂਣੀ ਜਿਹੀ ਬਣਾ ਲੈਂਦਾ ਤੇ ਫਿਰ ਤੁਰਿਆ ਫਿਰਦਾ ਖਾਂਦਾ ਰਹਿੰਦਾ। ਅਜਿਹੇ ਦਿਨ ਉਹ ਸ਼ਾਮ ਵੇਲੇ ਅੱਧਾ ਘੰਟਾ ਪਹਿਲਾਂ ਹੀ ਦਫਤਰ ਬੰਦ ਕਰਕੇ ਵੇਅਰਹਾਊਸ ਨੂੰ ਜਿੰਦਰੇ ਲੁਆ ਦਿੰਦਾ। ਫਿਰ ਸਾਰੇ ਜਣੇ ਪੈਸੇ ਇਕੱਠੇ ਕਰਕੇ ਬੀਅਰ ਲਿਆਉਂਦੇ। ਘੰਟਾ ਘੰਟਾ ਭਰ ਬੀਅਰ ਚੱਲਦੀ ਰਹਿੰਦੀ। ਪਰ ਕੰਮ ਦੇ ਜ਼ੋਰ ਫੜਦਿਆਂ ਹੀ ਜੈਕ ਮੈਨੇਜਰ ਦੇ ਰੂਪ ਵਿੱਚ ਆ ਜਾਂਦਾ। ਜ਼ਿਆਦਾ ਕੰਮ ਵੇਲੇ ਉਹ ਵੀਕ ਐਂਡ 'ਤੇ ਇੰਪਲਾਈਆਂ ਨਾਲ ਮਿਲਕੇ ਪਾਰਟੀਆਂ ਮਨਾਉਂਦਾ। ਅਸੀਂ ਉਸਦੀਆਂ ਵੀਕ ਐਂਡ ਵਾਲੀਆਂ ਪਾਰਟੀਆਂ ਵਿੱਚ ਕਦੇ ਘੱਟ ਹੀ ਸ਼ਾਮਲ ਹੋਏ ਸੀ। ਸਾਡੇ ਟਰੱਕ ਦਾ ਹੈਲਪਰ ਹੋਜ਼ੇ ਕਈ ਵਾਰ ਚਲਿਆ ਜਾਂਦਾ ਸੀ। ਇੱਕ ਵਾਰ ਹੋਜ਼ੇ ਨੇ ਦੱਸਿਆ ਕਿ ਪਿਛਲੇ ਐਤਵਾਰ ਜੈਕ ਨੇ ਆਪਣੀ ਮੈਰਿਜ ਐਨੀਵਰਸਿਟੀ ਦੀ ਪਾਰਟੀ ਦਿੱਤੀ ਸੀ ਤੇ ਉੱਥੇ ਸਭ ਨੇ ਬਹੁਤ ਇੰਜੁਆਏ ਕੀਤਾ ਸੀ। ਇਹ ਗੱਲ ਸੁਣਦਿਆਂ ਮੈਂ ਉਸ ਦਿਨ ਸ਼ਾਮ ਵੇਲੇ ਦਫਤਰ ਬੈਠੇ ਜੈਕ ਨੂੰ ਹੈਪੀ ਮੈਰਿਜ ਐਨੀਵਰਸਿਟੀ ਕਿਹਾ ਤਾਂ ਉਹ ਥੈਂਕਸ ਕਹਿੰਦਾ ਤ੍ਰੱਭਕਿਆ। ਮੈਂ ਸਮਝ ਗਿਆ ਕਿ ਉਹ ਸਾਨੂੰ ਨਿਮੰਤਰਣ ਦੇਣਾ ਭੁੱਲ ਗਿਆ ਲੱਗਦਾ ਹੈ। ਖੈਰ ਇਸਦਾ ਘਾਟਾ ਉਸਨੇ ਅਗਲੇ ਐਤਵਾਰ ਨੂੰ ਪੂਰਾ ਕਰ ਦਿੱਤਾ ਜਦੋਂ ਉਹ ਮੈਨੂੰ ਅਤੇ ਸੱਤੇ ਨੂੰ ਬੀਅਰ ਪਿਆਉਣ ਕਲੱਬ ਲੈ ਗਿਆ। ਉੱਥੇ ਉਸਦੇ ਨਾਲ ਉਸਦੀ ਵਾਈਫ ਪੈਗੀ ਵੀ ਸੀ। ਜੈਕ ਨੇ ਪੈਗੀ ਨਾਲ ਇੰਟਰੋਡਿਊਸ ਕਰਾਉਂਦਿਆਂ ਦੱਸਿਆ ਕਿ ਉਹਨਾਂ ਨੇ ਸਾਲ ਕੁ ਪਹਿਲਾਂ ਹੀ ਵਿਆਹ ਕੀਤਾ ਹੈ ਤੇ ਇਹ ਉਹਨਾਂ ਦੀ ਪਹਿਲੀ ਐਨੀਵਰਸਿਟੀ ਹੈ। ਉਹਨਾਂ ਦਾ ਇੱਕ ਤਿੰਨ ਸਾਲ ਦਾ ਮੁੰਡਾ ਹੈ। ਉਸਨੇ ਹੋਰ ਦੱਸਿਆ ਕਿ ਉਹ ਪੈਗੀ ਨੂੰ ਨਰਸਿੰਗ ਦੀ ਪੜ੍ਹਾਈ ਕਰਵਾ ਰਿਹਾ ਹੈ ਤਾਂ ਕਿ ਉਹਨਾਂ ਦੀ ਜ਼ਿੰਦਗੀ ਹੋਰ ਬਿਹਤਰ ਬਣ ਜਾਵੇ।

ਹੋਮ ਸਰਵਿਸ ਵਿੱਚ ਅਸੀਂ ਦੋ ਸਾਲ ਹੋਰ ਕੰਮ ਕੀਤਾ ਤੇ ਜਦੋਂ ਜਿਹੇ ਉੱਥੋਂ ਨੌਕਰੀ ਛੱਡੀ ਤਾਂ ਜੈਕ ਉਦੋਂ ਵੀ ਉੱਥੇ ਦਾ ਮੈਨੇਜਰ ਸੀ। ਫਿਰ ਪੜ੍ਹਾਈ ਪੂਰੀ ਕਰਕੇ ਮੈਂ ਕਿਧਰੇ ਚੰਗੀ ਨੌਕਰੀ 'ਤੇ ਲੱਗ ਗਿਆ ਤੇ ਇੱਧਰੋਂ ਲਿੰਕ ਟੁੱਟ ਗਿਆ। ਕਾਫੀ ਚਿਰ ਬਾਅਦ ਜੈਕ ਮੈਨੂੰ ਅਚਾਨਕ ਇੱਕ ਸ਼ਾਪਿੰਗ ਸੈਂਟਰ 'ਚੋਂ ਨਿਕਲਦਾ ਮਿਲ ਗਿਆ। ਹਾਲ ਚਾਲ ਪੁੱਛਣ ਤੋਂ ਬਾਅਦ ਮੈਂ ਉਸਨੂੰ 'ਹੋਮ ਸਰਵਿਸਜ਼' ਬਾਰੇ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਹ ਦੋ ਹਫਤਿਆਂ ਦੀ ਛੁੱਟੀ 'ਤੇ ਹੈ। ਕਿਉਂਕਿ ਅੱਜਕੱਲ੍ਹ ਕੰਮ ਦਾ ਮਾੜਾ ਚੱਲ ਰਿਹਾ ਸੀ ਤੇ ਕੰਪਨੀ ਵੱਲੋਂ ਹਦਾਇਤ ਹੋਈ ਸੀ ਕਿ ਸਾਰਿਆਂ ਦੇ ਘੰਟੇ ਘਟਾਏ ਜਾਣ। ਉਹ ਕਹਿਣ ਲੱਗਿਆ ਕਿ ਸਭ ਤੋਂ ਪਹਿਲਾਂ ਉਸਨੇ ਆਪਣੇ ਹੀ ਘੰਟੇ ਘਟਾਉਣ ਲਈ ਦੋ ਹਫਤਿਆਂ ਦੀ ਛੁੱਟੀ ਕਰ ਲਈ। ਦੋ ਚਾਰ ਗੱਲਾਂ ਕਰਦੇ ਅਸੀਂ ਆਪੋ ਆਪਣੇ ਰਾਹ ਪੈ ਗਏ।

ਇਸਦੇ ਬਾਅਦ ਉਹ ਇੱਕ ਵਾਰ ਮੈਨੂੰ ਚਰਚ ਵਿੱਚੋਂ ਆਉਂਦਾ ਮਿਲਿਆ। ਪੈਗੀ ਉਸਦੇ ਪਿੱਛੇ ਪਿੱਛੇ ਮੁੰਡੇ ਦੀ ਉਂਗਲ ਫੜੀ ਆ ਰਹੀ ਸੀ। ਦੋਨੋਂ ਇੱਕ ਦੂਜੇ ਤੋਂ ਬੇਪ੍ਰਵਾਹ ਜਿਹੇ ਤੁਰ ਰਹੇ

ਸਨ। ਉਹ ਮੈਨੂੰ ਸਿਰਫ ਚਲਵਾਂ ਜਿਹਾ ਈ ਮਿਲਿਆ। ਉਸਨੇ ਦੱਸਿਆ ਕਿ ਰਿਸੈਸ਼ਨ ਦੀ ਵਜ੍ਹਾ ਕਰਕੇ 'ਹੋਮ ਸਰਵਿਸਜ਼' ਕੰਪਨੀ ਬੰਦ ਹੋ ਗਈ। ਉਸਨੂੰ ਨੌਕਰੀ ਤੋਂ ਪੱਕੀ ਛੁੱਟੀ ਹੋ ਗਈ। ਅੱਜਕੱਲ੍ਹ ਉਹ ਵਿਹਲਾ ਘੁੰਮ ਰਿਹਾ ਸੀ। ਮਹੀਨਾ ਕੁ ਭਰ ਬਾਅਦ ਮੈਂ ਇੱਕ ਦਿਨ ਜੈਕ ਨੂੰ ਸੜਕ ਕਿਨਾਰੇ ਸਾਈਨ ਬੋਰਡ ਲਾਉਂਦਿਆਂ ਵੇਖਿਆ। ਇਹ ਉਦੋਂ ਜਿਹੇ ਸੀ ਜਦੋਂ 2008 ਦੀ ਪਰੈਜ਼ੀਡੈਂਟ ਚੋਣ ਹੋ ਰਹੀ ਸੀ। ਸ਼ਾਇਦ ਇਹ ਦਿਹਾੜੀਦਾਰ ਕਾਮੇ ਕਿਸੇ ਉਮੀਦਵਾਰ ਦੀ ਮਸ਼ਹੂਰੀ ਦੇ ਬੋਰਡ ਲਾਉਂਦੇ ਫਿਰਦੇ ਸਨ। ਮੈਂ ਥੋੜ੍ਹਾ ਚਿਰ ਉਸ ਵੱਲ ਵੇਖਿਆ ਪਰ ਜਦੋਂ ਉਸਦਾ ਧਿਆਨ ਮੇਰੇ ਵੱਲ ਨਾ ਆਇਆ ਤਾਂ ਮੈਂ ਅਗਾਂਹ ਲੰਘ ਗਿਆ। ਅਗਲੀ ਵਾਰ ਮੈਂ ਜੈਕ ਨੂੰ ਇੱਕ ਸ਼ਰਾਬ ਦੀ ਦੁਕਾਨ ਦੇ ਬਾਹਰ ਖੜੇ ਨੂੰ ਮਿਲਿਆ। ਉਸਦੇ ਘਿਸੇ ਪੁਰਾਣੇ ਕੱਪੜੇ ਪਾਏ ਹੋਏ ਸਨ ਤੇ ਉਸਦੀ ਖਸਤਾ ਜਿਹੀ ਹਾਲਤ ਸੀ। ਮੈਂ ਉਸਨੂੰ ਉਤਸ਼ਾਹ ਨਾਲ ਬੁਲਾਉਂਦਿਆਂ ਹੱਥ ਅਗਾਂਹ ਕੱਢਿਆ।

"ਹੇ ਸਿੰਘ!" ਉਸਨੇ ਹਲਕਾ ਜਿਹਾ ਹੱਥ ਮਿਲਾਇਆ। ਮੈਂ ਉਸਦਾ ਹਾਲ ਚਾਲ ਪੁੱਛਿਆ ਤਾਂ ਉਸਨੇ ਚਲਾਵਾਂ ਜਿਹਾ ਕਿਹਾ ਕਿ ਵਾਹਵਾ ਈ ਐ ਹਾਲ। ਉਸਦੀਆਂ ਬਲੌਰੀ ਅੱਖਾਂ ਦੀਆਂ ਪੁਤਲੀਆਂ ਵਿਰਾਨ ਜਿਹੀਆਂ ਲੱਗ ਰਹੀਆਂ ਸਨ।

"ਜੈਕ ਡੂ ਯੂ ਨੀਡ ਐਨੀ ਹੈਲਪ?" ਮੈਂ ਸੋਚਿਆ ਕਿ ਸ਼ਾਇਦ ਉਹ ਕਿਤੇ ਰਾਈਡ ਦੀ ਉਡੀਕ ਨਾ ਕਰ ਰਿਹਾ ਹੋਵੇ।

"ਸਿੰਘ ਇਫ ਯੂ ਡੌਂਟ ਮਾਈਂਡ ਪਲੀਜ ਗਿਵ ਮੀ ਏ ਫੇਵਰ।" ਉਹ ਮੇਰੀ ਕਹੀ ਗੱਲ ਨੂੰ ਅਣਸੁਣੀ ਕਰਦਿਆਂ ਵਿਚਕਾਰੋਂ ਹੀ ਬੋਲਿਆ।

"ਬੋਲ ਜੈਕ?"

"ਫਰੈਂਡ! ਮੈਨੂੰ ਅੱਜ ਬੀਅਰ ਪਿਆ ਫਿਰ।"

"ਓ ਸ਼ੋਅਰ। ਕਮ ਆਨ।" ਮੈਂ ਉਸਨੂੰ ਨੇੜਲੇ ਪੀਜਾ ਹੱਟ ਵਿੱਚ ਲੈ ਗਿਆ। ਇੱਕ ਪਾਸੇ ਟੇਬਲ 'ਤੇ ਬਹਿੰਦਿਆਂ ਮੈਂ ਬੀਅਰ ਦਾ ਆਰਡਰ ਦਿੱਤਾ ਤੇ ਨਾਲ ਹੀ ਕੁਛ ਖਾਣ ਨੂੰ ਵੀ। ਬਹਿਰੇ ਦੇ ਬੀਅਰ ਰੱਖਦਿਆਂ ਹੀ ਜੈਕ ਨੇ ਹਾਬੜਿਆਂ ਵਾਂਗ ਗਲਾਸ ਚੁੱਕਕੇ ਛੇਤੀ ਦੇਣੇ ਮੂੰਹ ਨੂੰ ਲਾਇਆ ਤੇ ਉਹ ਨੀਵੀਂ ਪਾਈ ਚੁੱਪਚਾਪ ਬੀਅਰ ਪੀਂਦਾ ਰਿਹਾ।

"ਜੈਕ ਹੋਰ ਫਿਰ ਕੀ ਬਣਦੈ ਅੱਜ ਕੱਲ੍ਹ?"

"ਨੱਨ ਮਾਈ ਫਰੈਂਡ।" ਉਸਨੇ ਗਲਾਸ ਖਾਲੀ ਕਰਕੇ ਇੱਕ ਪਾਸੇ ਰੱਖ ਦਿੱਤਾ ਤਾਂ ਬਹਿਰਾ ਹੋਰ ਬੀਅਰ ਰੱਖ ਗਿਆ। ਜੈਕ ਨੇ ਦੂਸਰਾ ਗਲਾਸ ਚੁੱਕਕੇ ਬੀਅਰ ਪੀਣੀ ਸ਼ੁਰੂ ਕਰ ਦਿੱਤੀ। ਕੁਛ ਕੁ ਮਿੰਟਾਂ ਬਾਅਦ ਉਸਦੀਆਂ ਅੱਖਾਂ ਵਿੱਚ ਨਸ਼ੇ ਦੀ ਲਾਲੀ ਉੱਘੜੀ ਤਾਂ ਉਹ ਮੇਰੇ ਵੱਲ ਝਾਕਿਆ।

"ਕਿਵੇਂ ਐਂ ਫਿਰ?" ਉਸ ਵੱਲ ਵੇਖਦਿਆਂ ਮੈਂ ਮਜਾਕੀਏ ਲਹਿਜੇ 'ਚ ਪੁੱਛਿਆ।

"ਲਾਈਫ ਇਜ਼ ਨਾਟ ਫੇਅਰ ਮਾਈ ਫਰੈਂਡ।" ਉਸਨੇ ਉਦਾਸ ਜਿਹੀ ਆਵਾਜ਼ ਵਿੱਚ ਇਹ ਕਿਹਾ ਤਾਂ ਅੱਗੋਂ ਮੈਂ ਪੁੱਛਿਆ ਕਿ ਕੀ ਹੋਇਆ।

"ਆਈ ਹੈਵ ਲੌਸਟ ਐਵਰੀਥਿੰਗ।" ਉਸਦੀਆਂ ਅੱਖਾਂ ਵਿੱਚ ਪਾਣੀ ਤੈਰ ਰਿਹਾ ਸੀ।

"ਵਟ ਯੂ ਮੀਨ?"

"ਆਈ ਮੀਨ ਐਵਰੀਥਿੰਗ ਐਂਡ ਆਲ, ਮਾਈ ਫਰੈਂਡ—।"

"ਇਟ ਇਜ਼ ਏ ਸੈਡ ਸਟੋਰੀ ਮਿਸਟਰ ਸਿੰਘ।"

"ਜੈਕ, ਇਫ ਯੂ ਵਾਂਟ ਯੂ ਕੈਨ ਟੈੱਲ ਮੀ।"

"ਸਿੰਘ, ਪਹਿਲਾਂ ਮੇਰੀ ਨੌਕਰੀ ਗਈ ਤੇ ਬਾਅਦ ਵਿੱਚ ਸਭ ਕੁਝ ਹੀ ਚਲਾ ਗਿਆ।"



"ਤੇ ਪੈਗੀ ——ਮੇਰਾ ਮਤਲਬ ਉਹ ਕਿੱਥੇ ਐ?"

"ਪੈਗੀ!!" ਉਹ ਕੁੜੱਤਣ ਜਿਹੀ ਵਿੱਚ ਜ਼ਰਾ ਕੁ ਮੁਸਕਰਾਇਆ ਤੇ ਫਿਰ ਆਪਣੀ ਕਹਾਣੀ ਦੱਸਣ ਲੱਗਿਆ।

"ਜਦੋਂ ਪੈਗੀ ਮੈਨੂੰ ਮਿਲੀ ਸੀ ਉਦੋਂ ਮੇਰੇ ਕੋਲ ਆਪਣਾ ਘਰ ਸੀ। ਵਧੀਆ ਕਾਰ ਤੇ ਹੋਮ ਸਰਵਿਸ ਦੀ ਚੰਗੀ ਨੌਕਰੀ ਸੀ। ਅਸੀਂ ਮਿਲਣ ਤੋਂ ਥੋੜ੍ਹੀ ਦੇਰ ਬਾਅਦ ਹੀ ਫੈਸਲਾ ਕਰ ਲਿਆ ਸੀ ਕਿ ਅਸੀਂ ਮੈਰਿਜ ਕਰਾਂਗੇ। ਫਿਰ ਮੈਂ ਪੈਗੀ ਨੂੰ ਪੜ੍ਹਨ ਲਈ ਉਤਸ਼ਾਹਤ ਕੀਤਾ ਤੇ ਉਸਨੇ ਨਰਸਿੰਗ ਦੀ ਪੜ੍ਹਾਈ ਦੁਬਾਰਾ ਸ਼ੁਰੂ ਕਰ ਲਈ ਜੋ ਕਿ ਪਹਿਲਾਂ ਪੈਸੇ ਦੀ ਥੁੜ ਕਾਰਨ ਉਸਨੂੰ ਬੰਦ ਕਰਨੀ ਪਈ ਸੀ। ਹੁਣ ਕਾਫੀ ਮੱਦਦ ਮੈਂ ਕਰਦਾ ਸੀ ਤੇ ਉਹ ਵੀ ਪਾਰਟ ਟਾਈਮ ਜਾਬ ਕਰਨ ਲੱਗੀ। ਉਸਦੇ ਬਾਅਦ ਸਾਡੇ ਘਰ ਮੁੰਡੇ ਦਾ ਜਨਮ ਹੋਇਆ। ਫਿਰ ਉਸਦੀ ਪੜ੍ਹਾਈ ਪੂਰੀ ਹੋ ਗਈ ਤੇ ਉਸਨੂੰ ਲੋਕਲ ਹਸਪਤਾਲ ਵਿੱਚ ਜਾਬ ਮਿਲ ਗਈ। ਪਰ ਇਸਦੇ ਬਾਅਦ ਸਾਡੇ ਵਿਚਕਾਰ ਅਣਬਣ ਰਹਿਣ ਲੱਗੀ।"

"ਪਰ ਕਿਉਂ?" ਮੈਂ ਵਿਚਕਾਰੋਂ ਟੋਕਿਆ।

"ਕਿਉਂਕਿ ਉਹ ਕਹਿਣ ਲੱਗ ਪਈ ਕਿ ਮੈਂ ਉਸਦੀ ਜ਼ਿੰਦਗੀ ਬਰਬਾਦ ਕਰ ਦਿੱਤੀ।"

"ਬਰਬਾਦ! ਪਰ ਤੂੰ ਤਾਂ ਉਸਨੂੰ ਪੜ੍ਹਾਕੇ ਉਸਦੀ ਜ਼ਿੰਦਗੀ ਬਣਾਈ ਸੀ।"

"ਨਹੀਂ, ਇਹ ਗੱਲ ਨਹੀਂ ਸੀ ਸਿੰਘ। ਇਸਦਾ ਤਾਂ ਉਹ ਹਮੇਸ਼ਾ ਅਹਿਸਾਨ ਮੰਨਦੀ ਸੀ। ਪਰ ਉਸਦਾ ਕਹਿਣਾ ਸੀ ਕਿ ਜੇ ਮੈਂ ਉਸਨੂੰ ਨਾ ਮਿਲਿਆ ਹੁੰਦਾ ਤਾਂ ਉਸਨੇ ਸਿੰਗਲ ਰਹਿੰਦਿਆਂ ਅਜੇ ਹੋਰ ਇਨਜੁਆਏ ਕਰਨਾ ਸੀ।"

"ਹੈਂ!" ਮੈਂ ਹੈਰਾਨ ਜਿਹਾ ਹੋਕੇ ਉਸ ਵੱਲ ਦੇਖਿਆ।

"ਵੇਖ ਉਹ ਉਮਰ ਵਿੱਚ ਮੈਥੋਂ ਛੋਟੀ ਸੀ। ਪਹਿਲਾਂ ਸ਼ਾਇਦ ਉਸਨੂੰ ਇਹ ਮਹਿਸੂਸ ਨ੍ਹੀਂ ਹੋਇਆ ਹੋਣਾਂ ਪਰ ਜਦੋਂ ਉਹ ਨਰਸ ਬਣਨ ਮਗਰੋਂ ਇੰਡੀਪੈਂਡ ਹੋ ਗਈ ਤਾਂ ਫਿਰ ਈ ਉਸਨੂੰ ਇਹ ਖਿਆਲ ਆਇਆ ਹੋਊ ਕਿ ਅਜੇ ਉਸਨੂੰ ਵਿਆਹ ਨਹੀਂ ਸੀ ਕਰਵਾਉਣਾ ਚਾਹੀਦਾ...।"

"ਮੈਂ ਉਸਨੂੰ ਸਮਝਾਉਂਦਾ ਰਹਿੰਦਾ ਸੀ ਪਰ ਕੁਛ ਦਿਨ ਠੀਕ ਰਹਿਕੇ ਉਹ ਫਿਰ ਚਿੜਚੜੀ ਹੋ ਜਾਂਦੀ ਸੀ। ਇਸ ਵਿਚਕਾਰ ਰਿਸੈਸ਼ਨ ਸ਼ੁਰੂ ਹੋ ਗਿਆ। ਪਹਿਲਾਂ ਮੇਰੀ ਜਾਬ ਗਈ। ਜਦੋਂ ਜਾਬ ਨਾ ਰਹੀ ਤਾਂ ਘਰਦੀਆਂ ਕਿਸ਼ਤਾਂ ਬੰਦ ਹੋ ਗਈਆਂ। ਕਿਸ਼ਤਾਂ ਦੇ ਰੁਕਣ ਨਾਲ ਬੈਂਕ ਨੇ ਮੇਰਾ ਘਰ ਖੋਹ ਲਿਆ। ਮੈਂ ਟੁੱਟਵੀਆਂ ਜਾਬਾਂ ਦਾ ਪ੍ਰਬੰਧ ਕੀਤਾ ਤੇ ਅਪਾਰਟਮੈਂਟ ਵਿੱਚ ਮੂਵ ਹੋ ਗਿਆ। ਪਰ ਸਾਡੇ ਵਿੱਚ ਦੂਰੀਆਂ ਵਧਦੀਆਂ ਗਈਆਂ। ਉਦੋਂ ਜਿਹੇ ਕੰਮ ਕਰਦੇ ਦੇ ਮੇਰੇ ਸੱਟ ਲੱਗ ਗਈ ਤਾਂ ਮੈਂ ਘਰੇ ਬੈਠ ਗਿਆ। ਇਹਨਾਂ ਦਿਨਾਂ ਵਿੱਚ ਤਾਂ ਪੈਗੀ ਬਹੁਤ ਹੀ ਅੱਪਸੈੱਟ ਹੋ ਗਈ। ਫਿਰ ਇੱਕ ਦਿਨ ਉਹ ਆਪਣਾ ਸਾਰਾ ਸਾਮਾਨ ਇਕੱਠਾ ਕਰਕੇ ਆਪਣੇ ਨਵੇਂ ਬੁਆਏ ਫਰੈਂਡ ਨਾਲ ਤੁਰ ਗਈ।"

"ਤੇ ਤੁਹਾਡਾ ਮੁੰਡਾ?"

"ਉਸਨੂੰ ਉਹ ਮੇਰੇ ਕੋਲ ਈ ਛੱਡ ਗਈ ਸੀ। ਪਰ ਮੈਂ ਇਕੱਲਾ ਤੇ ਬੇਰੁਜ਼ਗਾਰ ਉਸਨੂੰ ਕਿਵੇਂ ਸੰਭਾਲ ਸਕਦਾ ਸੀ। ਮੈਂ ਇੱਕ ਦਿਨ ਉਸਨੂੰ ਸੋਸ਼ਿਲ ਸਰਵਿਸ ਵਾਲਿਆਂ ਦੇ ਹਵਾਲੇ ਕਰ ਦਿੱਤਾ ਤੇ ਆਪ ਅਪਾਰਟਮੈਂਟ ਛੱਡਕੇ ਹੋਮਲੈਸ ਸ਼ੈਲਟਰ ਵਿੱਚ ਚਲਿਆ ਗਿਆ। ਕੁਛ ਦੇਰ ਬਾਅਦ ਉੱਥੋਂ ਵੀ ਨਿਕਲਣਾ ਪਿਆ ਤੇ ਫਿਰ ਮੈਂ ਸੜਕ 'ਤੇ ਆ ਗਿਆ।"

"ਜੈਕ ਤੇਰਾ ਕੋਈ ਹੋਰ ਰਿਸ਼ਤੇਦਾਰ। ਮੇਰਾ ਮਤਲਬ ਮਾਂ ਪਿਉ ਜਾਂ ਕੋਈ ਭੈਣ ਭਰਾ?"

"ਮਾਂ ਪਿਉ ਤਾਂ ਆਪ ਸੀਨੀਅਰ ਸਿਟੀਜ਼ਨ ਹੋਮ ਵਿੱਚ ਦਿਨ ਕਟੀ ਕਰ ਰਹੇ ਨੇ। ਇੱਕ ਭਰਾ ਐ। ਉਹ ਡਾਕੇ ਦੇ ਕੇਸ ਵਿੱਚ ਜੇਲ੍ਹ ਦੀ ਸਜ਼ਾ ਭੁਗਤ ਰਿਹਾ।"

"ਚੱਲੀਏ ਫਿਰ ?" ਇੰਨਾ ਕਹਿੰਦਿਆਂ ਮੈਂ ਉੱਠਣ ਲੱਗਿਆ ਤਾਂ ਉਹ ਵੀ ਕੁਛ ਸੋਚਦਾ ਜਿਹਾ ਮੇਰੇ ਨਾਲ ਈ ਉੱਠ ਖਲੋਇਆ। ਦਰਵਾਜ਼ੇ ਤੋਂ ਬਾਹਰ ਨਿਕਲਦਿਆਂ ਮੈਨੂੰ ਪਿੱਛੋਂ ਉਸਦੀ ਆਵਾਜ਼ ਸੁਣੀ।

"ਮਿਸਟਰ ਸਿੰਘ ਇੱਕ ਫੇਵਰ ਤਾਂ ਦੇਹ।" ਉਸਦੀ ਗੱਲ ਸੁਣਕੇ ਮੈਂ ਤੁਰਿਆ ਜਾਂਦਾ ਖੜੋ ਗਿਆ ਤਾਂ ਉਸਨੇ ਮੈਥੋਂ ਬੀਹ ਡਾਲਰ ਮੰਗੇ। ਮੈਂ ਕੁਛ ਝਿਝਕ ਜਿਹੀ ਵਿਖਾਈ ਤਾਂ ਉਹ ਥੋੜ੍ਹਾ ਰੁੱਖਾ ਬੋਲਿਆ।

"ਉਦਾਰ ਈ ਮੰਗਦਾਂ। ਜਦੋਂ ਮੇਰੇ ਕੋਲ ਪੈਸੇ ਆ ਗਏ ਤੈਨੂੰ ਮੋੜ ਦਊਂਗਾ।"

ਮੈਂ ਧਿਆਨ ਨਾਲ ਉਸਦੇ ਮੂੰਹ ਵੱਲ ਵੇਖਿਆ ਤੇ ਫਿਰ ਔਖ ਜਿਹੀ ਮੰਨਦੇ ਨੇ ਜੇਬ 'ਚੋਂ ਦਸ ਦਾ ਨੋਟ ਕੱਢਕੇ ਉਸ ਵੱਲ ਵਧਾ ਦਿੱਤਾ। ਉਸਨੇ ਨੋਟ ਫੜਿਆ ਤੇ ਮੈਂ ਆਪਣੀ ਕਾਰ ਵਿੱਚ ਜਾ ਬੈਠਾ। ਦੋ ਕੁ ਮਹੀਨੇ ਬਾਅਦ ਮੈਂ ਹਾਈਵੇ ਚੜਨ ਲਈ ਵੱਡੀ ਟਰੈਫਿਕ ਲਾਈਟ ਉੱਪਰ ਰੁਕਿਆ ਹੋਇਆ ਸੀ ਤਾਂ ਮੈਂ ਵੇਖਿਆ ਕਿ ਸੱਜੇ ਹੱਥ ਪੁਲੀ ਦੇ ਹੇਠਾਂ ਕੋਈ ਨੀਵੀਂ ਪਾਈ ਬੈਠਾ ਸੀ ਤੇ ਨਾਲ ਹੀ ਉਸਦਾ ਸਾਮਾਨ ਪਿਆ ਸੀ। ਉੱਪਰ ਪੁਲ਼ੀ ਦੀ ਛੱਤ ਹੋਣ ਕਰਕੇ ਸ਼ਾਇਦ ਕਿਸੇ ਨੇ ਇਸ ਥਾਂ ਨੂੰ ਆਸਰਾ ਬਣਾਇਆ ਹੋਇਆ ਸੀ। ਨੇੜੇ ਆਕੇ ਉਸਨੂੰ ਪਹਿਚਾਣਦਿਆਂ ਹੋਇਆਂ ਮੇਰੇ ਅੰਦਰੋਂ ਠੰਢੀ ਆਹ ਨਿਕਲੀ, ਕਿਉਂਕਿ ਇਹ ਜੈਕ ਸੀ।

****

ਦਰਵਾਜ਼ਾ ਖੁੱਲ੍ਹਿਆ ਤੇ ਇੱਕ ਗ੍ਰਾਹਕ ਅੰਦਰ ਆਇਆ ਤਾਂ ਮੇਰੇ ਖਿਆਲਾਂ ਦੀ ਲੜੀ ਟੁੱਟੀ। ਗ੍ਰਾਹਕ ਮੈਨੂੰ ਬੁਲਾਕੇ ਇੱਕ ਪਾਸੇ ਚਲਿਆ ਗਿਆ ਜਿੱਥੇ ਕਿ ਰਸਾਲੇ ਤੇ ਅਖ਼ਬਾਰ ਬਗੈਰਾ ਪਏ ਸਨ। ਉਸਨੇ ਇੱਕ ਨਕਸ਼ਾ ਚੁੱਕਿਆ ਤੇ ਪੰਜ ਸੱਤ ਮਿੰਟ ਵਰਕੇ ਫਰੋਲਦਾ ਰਿਹਾ। ਮੈਂ ਸੋਚਿਆ ਕਿ ਇਹ ਨਕਸ਼ਾ ਖਰੀਦੂਗਾ ਪਰ ਉਸਨੇ ਆਪਣਾ ਕੰਮ ਸਾਰਿਆ ਤੇ ਨਕਸ਼ਾ ਵਾਪਸ ਰੱਖ ਦਿੱਤਾ। ਮੈਂ ਮਨ ਮਸੋਸਕੇ ਰਹਿ ਗਿਆ ਕਿ ਘੰਟੇ ਬਾਅਦ ਇੱਕ ਗ੍ਰਾਹਕ ਆਇਆ ਸੀ ਤੇ ਉਹ ਵੀ ਗੱਲੀ ਬਾਤੀਂ ਸਾਰਦਾ ਮੁੜ ਗਿਆ। ਬਾਹਰ ਵੱਲ ਵੇਖਦਿਆਂ ਫਿਰ ਤੋਂ ਜੈਕ ਖਿਆਲਾਂ 'ਚ ਵੜਨ ਈ ਲੱਗਿਆ ਸੀ ਕਿ ਮਨ ਇੰਡੀਆ ਵੱਲ ਚਲਾ ਗਿਆ।

ਮੇਰਾ ਦਾਦਾ ਬੜਾ ਸਖਤ ਤੇ ਰੁੱਖੇ ਸੁਭਾਅ ਵਾਲਾ ਸੀ। ਉਹ ਸਾਧਾਂ ਤੇ ਹੋਰ ਮੰਗਤਿਆਂ ਦੇ ਬੜਾ ਖਿਲਾਫ ਹੁੰਦਾ ਸੀ। ਉਹ ਉਹਨਾਂ ਵਿੱਚੋਂ ਕਿਸੇ ਨੂੰ ਵੀ ਖੈਰ ਨਹੀਂ ਪਾਉਣ ਦਿੰਦਾ ਹੁੰਦਾ ਸੀ। ਸਾਧਾਂ ਨੂੰ ਵੇਖਦਿਆਂ ਈ ਉਹ ਡਾਂਗ ਚੁੱਕ ਲੈਂਦਾ। ਜਿਹੜੇ ਜਾਣਦੇ ਸਨ ਉਹ ਸਾਡੀ ਬੀਹੀ 'ਚ ਆਉਣ ਦੀ ਜੁਰਅਤ ਨਾ ਕਰਦੇ। ਉਹ ਮੰਗਣ ਵਾਲਿਆਂ ਨੂੰ ਲਾਹਣਤਾਂ ਪਾਉਂਦਾ ਕਿ ਹੱਟੇ ਕੱਟੇ ਹੋਕੇ ਮੰਗਣ ਦੀ ਬਜਾਇ ਕੋਈ ਕੰਮ ਕਰੋ, ਮੁਫਤ ਦਾ ਖਾਣ 'ਤੇ ਕਿਉਂ ਲੱਕ ਬੰਨਿਆ ਹੈ। ਇੱਕ ਵਾਰ ਗਰਮੀਆਂ ਦੇ ਤਿੱਖੜ ਦੁਪਹਿਰੇ ਕਿਸੇ ਭਾਠ ਨੇ ਆਣ ਦਰਵਾਜੇ 'ਤੇ ਬੋਲ ਮਾਰਿਆ ਕਿ ਉਹ ਭੁੱਖਾ ਹੈ ਕੁਛ ਖਾਣ ਨੂੰ ਦਿਉ। ਉਸਦਾ ਲੰਬਾ ਕੱਦ ਸੀ। ਪਤਲਾ ਸਰੀਰ, ਸੁੱਕਿਆ ਚਿਹਰਾ ਤੇ ਚਿਹਰੇ ਉੱਪਰ ਲੰਬੀਆਂ ਘੁੰਘਰਾਲੀਆਂ ਮੁੱਛਾਂ ਸਨ। ਸਿਰ 'ਤੇ ਬੂਟੀਆਂ ਵਾਲਾ ਵੱਡਾ ਸਾਰਾ ਪੱਗੜ ਇਗੜਾ ਦੁਗੜਾ ਬੰਨਿਆ ਹੋਇਆ ਸੀ। ਇਹ ਭਾਠ ਪਿਛਲੇ ਕਈ ਦਿਨਾਂ ਤੋਂ ਸਾਡੇ ਪਿੰਡਾਂ ਵੱਲ ਘੁੰਮ ਰਹੇ ਸਨ। ਉਹਨਾਂ ਦੇ ਗਾਈਆਂ ਦੇ ਬੱਗ ਸਨ ਜਿਹਨਾਂ ਨੂੰ ਚਾਰਦੇ ਉਹ ਇੱਕ ਪਿੰਡ ਤੋਂ ਦੂਸਰੇ ਪਿੰਡ ਜਾਂਦੇ ਰਹਿੰਦੇ ਸਨ। ਬੁੜੀਆਂ ਨੇ ਦਾਦੇ ਵੱਲ ਵੇਖਦਿਆਂ ਭਾਠ ਨੂੰ ਇਸ਼ਾਰੇ ਨਾਲ ਜਾਣ ਨੂੰ ਕਿਹਾ ਪਰ ਉਦੋਂ ਨੂੰ ਦਾਦਾ ਕੋਲ ਆ ਗਿਆ। ਦਾਦੇ ਨੇ ਉਸਨੂੰ ਪੁੱਛਿਆ ਕਿ ਉਹ ਕੌਣ ਹੈ। ਉਸਨੇ ਦੱਸਿਆ ਕਿ ਉਹ ਭਾਠ ਹੈ ਤੇ ਉਧਰ ਰਾਜਸਥਾਨ ਵਿੱਚ ਸੋਕਾ ਪੈ ਗਿਆ ਹੈ, ਜਿਸ ਕਾਰਨ ਉਹਨਾਂ ਦੀ ਫਸਲ, ਬਾਜਰੀ ਗਵਾਰਾ ਬਗੈਰਾ ਸਭ ਕੁਝ ਮਾਰਿਆ ਗਿਆ ਹੈ। ਧਰਤੀ ਸੁੱਕ ਗਈ ਤੇ ਪਸ਼ੂ ਭੁੱਖੇ ਮਰਨ ਲੱਗ ਪਏ।



ਇਸੇ ਕਰਕੇ ਉਹ ਡੰਗਰਾਂ ਨੂੰ ਚਾਰਨ ਲਈ ਇੱਧਰ ਆਏ ਹਨ। ਦਾਦੇ ਨੇ ਉਸਨੂੰ ਬਿਠਾਇਆ। ਫਿਰ ਬੁੜੀਆਂ ਨੂੰ ਕਹਿਕੇ ਉਸ ਲਈ ਰੋਟੀ ਮੰਗਵਾਈ ਤੇ ਉਹ ਉੱਥੇ ਈ ਬਹਿਕੇ ਖਾਣ ਲੱਗਿਆ। ਮੈਂ ਡਰਦੇ ਜਿਹੇ ਨੇ ਦਾਦੇ ਨੂੰ ਪੁੱਛਿਆ ਕਿ ਅੱਜ ਤੁਸੀਂ ਮੰਗਤੇ 'ਤੇ ਕਿਵੇਂ ਮਿਹਰਬਾਨ ਹੋ ਗਏ। ਦਾਦੇ ਨੇ ਤਿਉੜੀ ਚੜਾਉਂਦਿਆਂ ਕਿਹਾ ਕਿ ਇਹ ਮੰਗਤਾ ਨਹੀਂ ਹੈ। ਇਸ 'ਤੇ ਤਾਂ ਕੁਦਰਤ ਦੀ ਮਾਰ ਪਈ ਹੈ। ਵਰਨਾ ਇਹ ਮੰਗਣ ਵਾਲੇ ਲੋਕ ਨਹੀਂ ਹਨ। ਇੱਕ ਮੇਰਾ ਚਾਚਾ ਹੁੰਦਾ ਸੀ ਜਿਸਦਾ ਨਾਂ ਬੱਗਾ ਸੀ। ਉਸਦਾ ਪਰਿਵਾਰ ਬਾਹਰਲੇ ਘਰ ਰਹਿੰਦਾ ਹੁੰਦਾ। ਲੋਕ ਉਸਨੂੰ ਬੱਗਾ ਦਾਨੀ ਕਹਿੰਦੇ ਹੁੰਦੇ ਸਨ। ਕਿਉਂਕਿ ਉਹ ਕਿਸੇ ਵੀ ਮੰਗਤੇ ਨੂੰ ਖਾਲੀ ਨਹੀਂ ਮੋੜਦਾ ਹੁੰਦਾ ਸੀ। ਉਹ ਜਦੋਂ ਕਿਸੇ ਮੰਗਤੇ ਨੂੰ ਖੈਰ ਪਵਾਉਂਦਾ ਤਾਂ ਉਸਦੇ ਚਿਹਰੇ ਉੱਪਰ ਵਿਚਾਰਗੀ ਦੇ ਭਾਵ ਆ ਜਾਂਦੇ। ਉਹ ਹਮੇਸ਼ਾਂ ਕਹਿੰਦਾ ਕਿ ਪਤਾ ਨਹੀਂ ਕਿਸ ਬਿਪਤਾ ਦਾ ਮਾਰਿਆ ਇਹ ਮੰਗਤਾ ਬਣਿਆ ਫਿਰਦਾ ਹੈ। ਮੈਨੂੰ ਉਸਦੀ ਇਹ ਗੱਲ ਬੜੀ ਚੰਗੀ ਲੱਗਦੀ।

ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਆਈ ਤਾਂ ਮੇਰਾ ਧਿਆਨ ਉੱਧਰ ਨੂੰ ਗਿਆ। ਮੈਂ ਵੇਖਿਆ ਕਿ ਸਾਹਮਣੇ ਜੈਕ ਖੜਾ ਸੀ। ਉਸਨੇ ਅੱਧਾ ਕੁ ਦਰਵਾਜ਼ਾ ਖੋਲ੍ਹ ਕੇ ਛੱਡ ਦਿੱਤਾ ਤੇ ਉਹ ਅੰਦਰਾ ਆਉਂਦਾ ਆਉਂਦਾ ਰੁਕ ਗਿਆ। ਫਿਰ ਉਹ ਉੱਥੋਂ ਈ ਵਾਪਸ ਮੁੜਿਆ ਤੇ ਇੱਕ ਪਾਸੇ ਕੰਧ ਦੀ ਛਾਂ ਹੇਠ ਜਾਕੇ ਬੈਠ ਗਿਆ। ਮੈਂ ਛੇਤੀ ਦੇਣੇ ਉਸਦੇ ਪਿੱਛੇ ਗਿਆ ਤੇ ਜੇਬ 'ਚੋਂ ਦਸ ਡਾਲਰ ਕੱਢਕੇ ਉਸਦੀ ਝੋਲੀ ਵਿੱਚ ਰੱਖ ਦਿੱਤੇ। ਉਹ ਅਚਾਨਕ ਖੜਾ ਹੋਇਆ ਤੇ ਮੇਰੇ ਵੱਲ ਕੈਰ ਝਾਕਦੇ ਨੇ ਦਸ ਡਾਲਰ ਪਰਾਂਹ ਚਲਾ ਮਾਰੇ।

"ਗਾਡੈਮ! ਆਏ ਐਮ ਨਾਟ ਏ ਬੈਗਰ।" ਇੰਨਾ ਕਹਿੰਦਿਆਂ ਉਸਨੇ ਬਿਸਤਰਬੰਦ ਮੋਢੇ ਲਟਾਕਇਆ ਤੇ ਕਾਹਲੀ ਤੁਰਦਾ ਅੱਖਾਂ ਤੋਂ ਉਹਲੇ ਹੋ ਗਿਆ।

**ਬਾਕੀ ਪੰਨਾ ਨੰ: 64 ਦਾ**

ਆਪਣਾ ਸਾਰਾ ਸਮਾਨ ਪੈਕ ਕੀਤਾ ਤੇ ਤੁਰਨ ਲੱਗੇ ਨੇ ਹਿਚਕਚਾਹਟ ਮਹਿਸੂਸ ਕੀਤੀ। ਮੈਂ ਕਾਰ ਨੂੰ ਦਸ ਕਿਲੋਮਿਟਰ ਦੀ ਸਪੀਡ ਨਾਲ ਹੀ ਚਲਾ ਸਕਿਆ। ਕਦੇ ਆਪਣੇ ਆਪ ਹੀ ਬਰੇਕ ਲੱਗ ਜਾਂਦੀ। ਮੇਰੇ ਪੈਰਾਂ ਦੀ ਬਰੇਕ ਦੀ ਦਾਬ ਨਾਲ ਸਾਂਝ, ਮੇਰੇ ਕਹਿਣੇ ਵਿੱਚ ਨਹੀਂ ਸੀ। ਮੇਰਾ ਸਾਰਾ ਧਿਆਨ ਦਿਆਲ ਨਾਲ ਜੁੜ ਗਿਆ ਸੀ। ਪਿੱਛਲਾ ਵੀਹ ਸਾਲ ਦਾ ਵਕਫਾ ਸੁੰਗੜਕੇ ਇੱਕ ਪੱਲ ਵਿੱਚ ਤਬਦੀਲ ਹੋ ਰਿਹਾ ਸੀ। ਅਖਰੋਟ ਵਾਂਗ ਸਖਤ ਹੋਕੇ ਹੀ ਮੈਂ ਟੁੱਟਣਾ ਚਾਹੁੰਦਾ ਸੀ। ਮੈਂ ਕਾਰ ਖਿਲਾਰ ਲਈ। ਤਿੰਨ ਪਉਇੰਟ ਟਰਨ ਮਾਰ ਕੇ ਮੈਂ ਕਾਰ ਫੇਰ ਪਿੱਛੇ ਮੋੜ ਲਈ, ਤੇ ਕੈਬਿਨ ਵੱਲ ਮੋੜ ਲਈ। ਕਾਰ ਦੀ ਆਵਾਜ਼ ਸੁਣਕੇ ਕੁਲਦੀਪ ਬਾਹਰ ਆ ਗਿਆ। ਕੁਲਦੀਪ ਸੁਆਲੀਆ ਨਜ਼ਰਾਂ ਨਾਲ ਮੇਰੇ ਵੱਲ ਆ ਰਿਹਾ ਸੀ। ਮੈਂ ਜੇਬੇ ਵਿੱਚ ਪਾਈਆਂ ਸਾਰੀਆਂ ਚੋਰੀ ਦੀਆਂ ਚਾਬੀਆਂ ਕੁਲਦੀਪ ਨੂੰ ਫੜਾ ਦਿੱਤੀਆਂ ਤੇ ਕਿਹਾ, "ਅੱਜ ਤੋਂ ਬਾਦ ਇਹ ਸਾਰੀਆਂ ਚਾਬੀਆਂ ਤੇਰੀਆਂ ਹਨ, ਹੁਣ ਮੈਨੂੰ ਇਨ੍ਹਾਂ ਦੀ ਜਰੂਰਤ ਨਹੀ"। ਇਤਨਾ ਕਹਿਕੇ ਮੈਂ ਕਾਰ ਤੋਰ ਲਈ।

# ਜਾਏ ਵੱਢੀ/ਦਰਸ਼ਨ ਜੋਗਾ

ਅੱਜ ਸੱਤਵਾਂ ਦਿਨ ਐ ਗਈ ਨੂੰ ਕੋਈ ਫੋਨ ਨੀ ਆਇਆ, ਨਾ ਸੁਨੇਹਾ। ਮੈਨੂੰ ਈ ਪਤੈ ਮੇਰਾ ਕੀ ਹਾਲ ਹੋਇਆ ਪਿਐ। ਇਹਨੇ ਇਕ ਵੀ ਨਾ ਸੋਚੀ। ਪਤਾ ਹੁੰਦਾ ਐਨਾ ਪੜ੍ਹਾਕੇ ਵੀ ਜੇ ਇਹੋ ਹੋਣੀ ਸੀ ਤਾਂ ਕਾਹਨੂੰ ਪੜ੍ਹਾਉਨੀ ਸੀ। ਇਹਨੂੰ ਕਿਸੇ ਗੱਲ ਤੋਂ ਨੀਂ ਵਰਜਿਆ ਸੀ। ਲੋਕ ਬਥੇਰਾ ਕਹਿੰਦੇ ਕੁੜੀ ਬੱਸਾਂ 'ਚ ਤੁਰੀ ਫਿਰਦੀ ਐ। ਨਾ ਸਿਰ 'ਤੇ ਪਿਓ ਨਾ ਭਾਈ ਐ। ਮੈਂ ਕਦੇ ਕਿਸੇ ਦੀ ਨਾ ਸੁਣਦੀ। ਲੋਕਾਂ ਦੀ ਪਰਵਾਹ ਨੀਂ ਕੀਤੀ। ਮੇਰੇ ਮਨ 'ਚ ਸੀ ਜੇ ਜ਼ਿੰਦਗੀ ਬਣਾਉਣੀ ਐ ਇਹਦੀ, ਫਿਰ ਬੱਸਾਂ ਤਾਂ ਕੀ ਸੁੰਨੀਆਂ ਸੜਕਾਂ ਤੋਂ ਵੀ ਜਾਣਾ ਪਊ ਦਲੇਰ ਹੋਕੇ। ਆਹ ਨੀਂ ਸੀ ਪਤਾ ਬੀ ਐਂ ਬਿਨਾਂ ਦੱਸੇ ਕਿਧਰੇ ਤੁਰਜੂ। ਮੇਰੀਆਂ ਹੱਡੀਆਂ ਦਾ ਧੂੰਆਂ ਨਿਕਲਿਆ ਪਿਐ। ਕੀ ਦੱਸਾਂ ਕਿਸੇ ਨੂੰ। ਕੀ ਪੁੱਛਾਂ ? ਲੋਕ ਔਡ ਬਿੜ੍ਹਕਾਂ ਲੈਂਦੇ ਐ। ਕੁਛ ਨੀਂ ਸੁਝਦਾ। ਹੁਣ ਕਿਧਰ ਨੂੰ ਜਾਵਾਂ। ਸੋਚਦੀ ਆਂ ਪਤਾ ਨੀਂ ਕਿਹੜੇ ਬਘਿਆੜਾਂ 'ਚ ਜਾ ਫਸੀ ਜਿਨ੍ਹਾਂ ਨੇ ਅੱਜ ਤਾਈਂ ਭਾਫ ਨੀ ਨਿਕਲਣ ਦਿੱਤੀ। ਖਾਗੇ ਹੋਣਗੇ ਮਾਸ ਨੋਚਕੇ। ਪਰ ਪਤਾ ਤਾਂ ਲੱਗਜੇ। ਹੁਣ ਤਾਂ ਨਾ ਮਰਿਆਂ 'ਚ ਨਾ ਜਿਊਂਦਿਆਂ 'ਚ। ਇਕ ਬੈਠੀ ਆਂ ਕੰਧ ਬਣੀ। ਰੱਬ ਨੇ ਤਾਂ ਮੇਰੇ ਪਹਿਲਾਂ ਵੀ ਬਦਲੇ ਲੈ ਰੱਖੇ ਸੀ। ਏਸ ਕੁੜੀ ਨੇ ਤਾਂ ਹੋਰ ਨਰਕਾਂ ਵੱਲ ਨੂੰ ਧੱਕ ਦਿੱਤਾ।

ਮੈਂ ਤਾਂ ਇਹਦੀਆਂ ਵਡਿਆਈਆਂ ਕਰਦੀ ਨੀਂ ਥੱਕਦੀ ਸੀ। ਸਾਰੇ ਈ ਕਹਿੰਦੇ ਸੀ, "ਭਾਈ ਕੁੜੀ ਬੜੀ ਲਾਇਕ ਐ। ਤੇਰੇ ਦੁੱਖਾਂ 'ਤੇ ਮੱਲਮ ਲੱਗਜੂ, ਵੱਡੀ ਹੋ ਕੇ ਤੇਰੀ ਬਾਂਹ ਬਣੂ।" ਇਸੇ ਕਰਕੇ ਲੋਕਾਂ 'ਚ ਬੈਠੀ ਹੁੱਬ ਕੇ ਗੱਲਾਂ ਕਰਦੀ। ਆਹ ਜਿਹੜੀ ਬੱਸਾਂ 'ਚ ਆਉਣ ਜਾਣ ਵਾਲੀ ਗੱਲ ਮਨ 'ਚ ਆਉਂਦੀ ਐ, ਕਾਲਜ ਜਾਂਦੀ ਨੇ ਕਦੇ ਇਕ ਦਿਨ ਨੀ ਆਕੇ ਆਖਿਆ ਸੀ ਕਿ ਕੋਈ ਤੰਗੀ ਐ। ਖ਼ੁਸ਼ੀ ਨਾਲ ਜਾਂਦੀ ਖ਼ੁਸ਼ੀ ਨਾਲ ਆਉਂਦੀ। ਇਕ ਮਿੰਟ ਨਾ ਲੇਟ ਹੁੰਦਾ ਪੂਰੇ ਵਕਤ 'ਤੇ ਘਰੇ ਮੁੜਦੀ। ਮਨ 'ਚ ਕਦੇ ਕੋਈ ਐਸਾ ਖਾਬੋ-ਖਿਆਲ ਈ ਨੀਂ ਆਉਂਦੀ ਸੀ। ਮੈਂ ਤਾਂ ਸਗੋਂ ਲੋਕਾਂ ਨੂੰ ਨਸੀਹਤਾਂ ਦਿੰਦੀ ਸੀ। ਐਂ ਕੀ ਪਤਾ ਸੀ ਬੀ ਆਵਦੇ 'ਤੇ ਈ ਆ ਪਊ। ਢਿੱਡੋਂ ਕੱਢੀ ਈ ਕਸਰਾਂ ਕੱਢੂ। ਇਹਦੀਆਂ ਖ਼ੁਸ਼ੀਆਂ ਵਾਸਤੇ ਈ ਜਿਊਂਦੀ ਸੀ। ਆਵਦੀ ਤਾਂ ਜਿਹੜੀ ਸ਼ਰਾਬੀ-ਕਬਾਬੀ ਨਾਲ ਜਵਾਨੀ ਰੁਲੀ, ਉਹਦਾ ਤਾਂ ਪਛਤਾਵਾਂ ਛੱਡਦਾ ਸੀ। ਜੋ ਬੀਤਿਆਂ ਸੋ ਬੀਤਿਆ। ਬੱਸ ਇਹਦੇ ਵਿਚੋਂ ਈ ਦੁਨੀਆਂ ਦਾ ਚਾਨਣ ਵੇਖਦੀ ਸੀ। ਪਰ ਹੁਣ ਉਹ ਪੁਰਾਣੇ ਜ਼ਖ਼ਮ ਹੋਰ ਹਰੇ ਹੋਕੇ ਰਿਸਦੇ ਨੇ। ਕੀ ਦੱਸਾਂ ਜਦੋਂ ਨਸ਼ੇ 'ਚ ਧੁੱਤ ਘਰੇ ਵੜਦਾ ਇਹ ਅੰਦਰਲੀਆਂ ਸਬਾਤਾਂ 'ਚ ਖੂੰਜੇ 'ਚ ਜਾ ਲੁਕਦੀ। ਉਹ ਜਦ ਆਵਦਾ ਖੌਰੂ ਪਾਕੇ ਲਿਟ ਜਾਂਦਾ ਫੇਰ ਇਹਨੂੰ ਸੰਭਾਲਦੀ। ਪਿਆਰ ਦਿੰਦੀ। ਉਹਨੇ ਤਾਂ ਜੋ ਕਰਤੂਤਾਂ ਕਰਨੀਆਂ ਸੀ ਕਰਦਾ ਪਰ ਇਹਨੂੰ ਬਿੱਲੀ ਦੇ ਬਲੂੰਗੜੇ ਵਾਂਗੂੰ ਗਲ ਨਾਲ ਲਾ ਕੇ ਰੱਖਿਆ ਸੀ। ਹੁਣ ਇਹਨੇ ਮੇਰੀ ਆਹ ਕਦਰ ਪਾਈ ਐ। ਮੈਂ ਗਿੱਲੇ ਪੈਂਦੀ ਤੈਨੂੰ ਸੁੱਕੇ ਸਵਾਇਆ ਤੂੰ ਭੋਰਾਵੀ ਨੀਂ ਸੋਚਿਆ। ਘੱਟੋ-ਘੱਟ ਮਾਂ ਨੂੰ ਦੱਸ ਤਾਂ ਜਾਂਦੀ ਬੀ ਮੈਂ ਫਲਾਨੇ ਥਾਂ ਚੱਲੀ ਆਂ। ਮੈਂ ਬੈਠੀ ਰਹਿੰਦੀ। ਹੁਣ ਨਾ ਬੈਠਿਆ ਜਾਂਦੈ ਨਾ ਪੜ੍ਹਿਆ ਜਾਂਦੈ। ਪਹਾੜਾਂ ਜਿੱਡੀਆਂ-ਜਿੱਡੀਆਂ ਰਾਤਾਂ ਕਿਵੇਂ ਅੱਖਾਂ ਵਿਚਦੀ ਲੰਘਦੀਐਂ। ਇਹ ਤਾਂ ਮੈਨੂੰ ਈ ਪਤੈ। ਦਿਮਾਗ਼ ਪਾਟਣ 'ਤੇ ਆਇਆ ਪਿਐ। ਚੰਦਰੀਏ ਪਤਾ ਨੀਂ ਕਿਹੜੇ ਹਾਲਾਤਾਂ 'ਚ ਬੈਠੀ ਐਂ ਮੁੱਖ ਮੋੜੀ। ਮੇਰੇ ਕੋਲ ਤੇਰੇ ਸਿਵਾਅ ਹੋਰ ਹੈ ਈ ਕੀ ਸੀ ? ਜਿਹਦੇ ਸਹਾਰੇ ਮੈਨੂੰ ਛੱਡਗੀ। ਰੋਲਕੇ ਧਰਗੀ। ਜਦ ਉਸ ਨਿਰਦਈ ਦੀ ਤਪਾਈ ਮੈਂ ਕੋਟੜੇ ਵਗ ਜਾਂਦੀ। ਮਾਂ ਮਣ-ਮਣ ਰੋਂਦੀ। ਕਹਿੰਦੀ, "ਕੀ ਫੂਕਣੀ ਸੀ ਜ਼ਮੀਨ ਤੇ ਨੌਕਰੀ। ਧੀ ਤਾਂ ਆ ਫਿਰਦੀ ਐ ਦੁਖੀਏ ਹਾਲੀ।" ਉਹਦਾ ਦਿਲ ਮੈਂ ਧਰਾਂਉਂਦੀ ਇਹ ਵੀ ਵਾਹਵਾ ਹੋਗੀ ਸੀ। ਨਾਲ ਲੈ ਜਾਂਦੀ। ਇਕ ਦਿਨ ਰੋਟੀ ਖਾਂਦੀ, ਕਹੇ, "ਨਾਨੀ ਨੇ ਰੋਟੀਆਂ ਮੋਟੀਆਂ-ਮੋਟੀਆਂ



ਪਕਾਤੀਆਂ ਮੰਨਾਂ ਵਰਗੀਆਂ।" ਮੈਂ ਕਿਹਾ, "ਪੁੱਤ ਮਾਂ ਦੀਆਂ ਪੱਕੀਆਂ ਨੂੰ ਐ ਨੀਂ ਨਿਰਖਦੇ ਹੁੰਦੇ।"

ਮਾਂ ਨੂੰ ਸੁਣ ਗਿਆ। ਕਹਿੰਦੀ, "ਧੀ ਕੀਹਦੀ ਐ, ਉਸੇ ਮੇਲੇ ਸ਼ਰਾਬੀ ਦੀ ਐ। ਜਿਵੇਂ ਉਹ ਪੱਕੀਆਂ ਪਕਾਈਆਂ ਵਗਾਹ ਮਾਰਦਾ ਕਦੇ ਮੋਟੀਆਂ, ਕਦੇ ਠੰਢੀਆਂ ਪਰਖ਼ਦਾ। ਉਸੇ ਦਾ ਖ਼ੂਨ ਐ ਇਹ ਵੀ।"

ਮਾਂ ਮੈਨੂੰ ਬੁਰੀ ਲੱਗੀ। ਜੇ ਜਵਾਕੜੀ ਦੇ ਮੂੰਹੋਂ ਨਿਕਲਗੀ ਤਾਂ ਕੀ ਐ। "ਤੂੰ ਤਾਂ ਊਂਈ ਮਗਰ ਪੈਗੀ ਨਿਆਣੀ ਦੇ।"

ਮਾਂ ਚੁੱਪ ਕਰ ਗਈ। ਰਾਤ ਨੂੰ ਇਹਨੂੰ ਰਜਾਈ 'ਚ ਨਾਲ ਲਈ ਪਈ ਦੇ ਆਥਣ ਵਾਲੀ ਗੱਲ ਬਾਰ-ਬਾਰ ਦਿਮਾਗ 'ਚ ਘੁੰਮੀ ਗਈ। ਅੱਖਾਂ ਦਾ ਪਾਣੀ ਰਜਾਈ ਗਿੱਲੀ ਕਰਦਾ ਰਿਹਾ। ਜੇ ਉਹ ਭੈੜੇ ਚੱਜਾਂ ਵਾਲਾ ਕਿਸੇ ਵਿਘ ਸਿਰ ਦਾ ਹੋਵੇ ਕਿਉਂ ਰੋਵਾਂ। ਮਾਂ ਵੀ ਸੱਚੀ ਆਖਦੀ ਸੀ। ਜਦੋਂ ਮੇਰਾ ਵਿਆਹ ਹੋਇਆ ਦੂਜੀ ਵਾਰ ਮੈਨੂੰ ਲੈਣ ਆਇਆ। ਪਹਿਲਾਂ ਤਾਂ ਬੱਸੋਂ ਉਤਰਕੇ ਅੱਡੇ ਤੇ ਬਹਿ ਗਿਆ ਸਾਹਮਣਿਓਂ ਠੇਕੇ ਤੋਂ ਬੋਤਲ ਲੈਲੀ। ਚਾਹ ਆਲੇ ਹੰਸੇ ਤੋਂ ਗਲਾਸ ਲੈ ਲਿਆ। ਹੰਸਾਂ ਸਾਡੇ ਪਿੰਡ ਦੇ ਸਾਰੇ ਲੋਕਾਂ ਦਾ ਸਿਆਣੂ ਸੀ। ਉਹਨੇ ਸਿਆਣ ਲਿਆਂ ਬੀ ਬਿਰਕਾਂ ਦਾ ਪਰਾਹੁਣੈ। ਇਕ ਦੋ ਹੋਰ ਰਲਗੇ। ਇਹ ਤਾਂ ਪਲ 'ਚ ਰਮਜ਼ ਮਿਲਾ ਲੈਂਦੇ ਐ। ਡੱਕਿਆ ਡਕਾਇਆ ਘਰੇ ਆਇਆ। ਪਿੰਡ ਦੇ ਮੁੰਡੇ ਛੱਡਕੇ ਗਏ। ਮੈਂ ਰੋਟੀ ਪਾਕੇ ਕਿਹਾ, "ਖਾਲੈ।" ਆਖੇ, "ਹਾਲੇ ਨੀਂ ਖਾਣੀ। ਹੋਰ ਲਿਆਕੇ ਦਿਓ।" ਮੈਂ ਕਿਹਾ, "ਤੇਰੇ ਕੋਲ ਪਈ ਤਾਂ ਹੈ।" ਬੈਠੇ-ਬੈਠੇ ਦੇ ਪਤਾ ਨੀਂ ਕੀ ਮਨ 'ਚ ਆਈ ਚੱਕਕੇ ਥਾਲੀ ਵਿਹੜੇ 'ਚ ਮਾਰੀ। ਮੈਂ ਘਰਦਿਆਂ ਮੂਹਰੇ ਉਹਨੂੰ ਕੀ ਕਹਾਂ। ਪਤਾ ਤਾਂ ਉਹਦੇ ਉਦੋਂ ਈ ਲੱਗ ਗਿਆ ਸੀ। ਫੇਰ ਤਾਂ ਸਾਰੀ ਉਮਰ ਜਿਵੇਂ ਝੱਲੀਆਂ ਮੈਨੂੰ ਪਤੈ। ਉਹੀ ਗੱਲਾਂ ਮਾਂ ਮੇਰੀ ਦੇ ਮੂਹਰੇ ਘੁੰਮਦੀਆਂ ਰਹੀਆਂ। ਇਹਦੇ 'ਚ ਮਾਂ ਨੂੰ ਹਰ ਵੇਲੇ ਹਰਮੇਲ ਦਿਸਦਾ ਰਹਿੰਦਾ। ਮੈਨੂੰ ਕਹਿੰਦੀ, "ਤੂੰ ਕੁੜੀ ਨੂੰ ਬਹੁਤਾ ਮੋਢੀਂ ਨਾ ਚੜ੍ਹਾਇਆ ਕਰ। ਜਵਾਕ ਨੂੰ ਰਾਹ ਸਿਰ ਦਾ ਪਿਆਰ ਦੇਈਦੈ। ਧੀ ਦਾ ਧਨ ਐ, ਘੂਰ ਵੀ ਚਾਹੀਦੀ ਐ ਵੇਲੇ ਸਿਰ।" ਮੈਂ ਸੁਣੀ, ਅਣ ਸੁਣੀ ਕਰ ਦਿੰਦੀ। ਮਨ 'ਚ ਸੋਚਦੀ ਮਾਂ ਹਾਲੇ ਵੀ ਪੁਰਾਣੇ ਵਿਚਾਰਾਂ 'ਚ ਜਕੜੀ ਬੈਠੀ ਐ। ਮੁੰਡੇ ਕੁੜੀਆਂ ਸਭ ਬਰਾਬਰ ਨੇ। ਸਗੋਂ ਮਨ ਈ ਮਨ ਮਾਂ ਨਾਲ ਗੁੱਸੇ ਹੁੰਦੀ। ਇਹਨੂੰ ਜੁਆਕੜੀ ਨਾਲ ਚਿੜ੍ਹ ਰਹਿੰਦੀ ਐ। ਹੁਣ ਜੇ ਪਿਓ ਮਾੜੇ ਚੱਜ ਕਰਦੇ ਕੁੜੀ ਦਾ ਕੀ ਕਸੂਰ ਐ। ਉਹਦੇ ਚੱਜਾਂ ਦੀ ਚਿੜ੍ਹ ਇਸ ਬਲੂਰ 'ਤੇ ਮਾਂ ਕਿਉਂ ਕੱਢਦੀ ਐ। ਪਰ ਅੱਜ ਉਸੇ ਮਾਂ ਦੀਆਂ ਗੱਲਾਂ ਯਾਦ ਆਉਂਦੀਐਂ। ਗਈ ਉਸੇ ਪਿਓ ਆਲੇ ਲੱਛਣਾਂ 'ਤੇ। ਕਿਸੇ ਦੀ ਪਰਵਾਹ ਨੀਂ ਕੀਤੀ। ਜੋ ਆਵਦੇ ਢਿੱਡ 'ਚ ਸੀ ਓਹੀ ਕਰਕੇ ਵਿਖਾਗੀ। ਜਿਊਂਦੀ ਨੂੰ ਮਾਰਕੇ ਸਿੱਟਗੀ। ਮੈਂ ਕਦੇ ਕੋਈ ਗੱਲ ਦਾ ਓਹਲਾ ਨੀਂ ਰੱਖਦੀ ਸੀ ਇਹਤੋਂ। ਮੈਨੂੰ ਦੁੱਖੀ ਹੁੰਦੀ ਨੂੰ ਅੱਖੀਂ ਵੇਖਦੀ ਵੀ ਰਹੀ ਐ। ਪਹਿਲਾਂ ਕਿਵੇਂ ਮਰ-ਮਰ ਕੇ ਜਿਊਂਦੀ ਰਹੀ ਆਂ। ਏਸੇ ਦੁੱਖਾਂ ਦੀ ਮਾਰੀ ਦੇ ਅੱਜ ਫੇਰ ਉਹ ਚੰਡਾਲਣੀ ਤੀਮੀਂ ਅੱਖਾਂ ਮੂਹਰੇ ਤੁਰੀ ਫਿਰਦੀ ਐ। ਉਹਦਾ ਟੈਲੀਫੋਨ ਆ ਜਾਂਦਾ। ਘੰਟਾ-ਘੰਟਾ ਭਕਾਈ ਮਾਰੀ ਜਾਂਦਾ ਰਹਿੰਦਾ ਉਹਦੇ ਨਾਲ। ਜੇ ਕਦੇ ਮੈਂ ਚੱਕ ਲੈਂਦੀ ਕਹਿੰਦੀ, "ਹਰਮੇਲ ਨੂੰ ਬੁਲਾਕੇ ਗੱਲ ਕਰਾਅ।" ਘਰ ਦੀ ਇੱਜ਼ਤ ਦੀ ਮਾਰੀ ਅੰਦਰੇ ਜ਼ਹਿਰ ਪੀ ਜਾਂਦੀ। ਕਈ ਬਾਰੀ ਐਂ ਬੋਲਦੀ ਜਿਵੇਂ ਆਪ ਹਰਮੇਲ ਦੀ ਰੰਨ ਹੋਵੇ ਮੈਂ ਕੋਈ ਓਪਰੀ ਪਰਾਈ। ਇਕ ਦਿਨ ਤਾਂ ਘਰੇ ਆ ਕੇ ਮੇਰੇ ਹੱਥੋਂ ਤਨਖ਼ਾਹ ਵੀ ਖੋਹ ਕੇ ਲੈਗੀ ਸੀ। ਆਖੇ, "ਇਹਨੇ ਤਾਂ ਮੇਰੇ ਨਾਲ ਕਰੇਵਾ ਭਰਾਇਐ। ਫੜਾ ਪੈਸੇ।"

ਇਹ ਜਮਾਂ ਨੀ ਬੋਲਿਆ। ਇਹਨਾਂ ਦੇ ਮਹਿਕਮਿਆਂ ਦੇ ਕੰਮ ਵੀ ਅਹੇ ਜੇ ਹੁੰਦੇ ਨੇ। ਪੁਲਸ ਵਾਲਿਆਂ ਦਾ ਹਰੇਕ ਲੁੱਚੇ-ਲਫੰਗੇ ਨਾਲ ਵਾਹ ਹੁੰਦੈ। ਕਿਸੇ ਵੀ ਮਹਿਕਮੇ ਵਿੱਚ ਜਾ ਖੜ੍ਹਨ ਅਗਲੇ ਝਿਪਦੇ ਨੇ। ਅੱਜ ਕਲ੍ਹ ਲੋਕ ਵੀ ਡੰਡੇ ਆਲੇ ਦੀ ਸੁਣਦੇ ਐ। ਪੁਲਸ ਕੋਲ ਡੰਡੈ। ਨਾਲੇ

ਸਾਰੇ ਕਾਣੇ ਨੇ। ਉਹਦਾ ਵੈਲਣ ਦਾ ਖਸਮ ਮਰ ਗਿਆ ਸੀ। ਦਿਉਰਾਂ-ਜੇਠਾਂ ਨਾਲ ਆਢੇ ਲਾਈ ਬੈਠੀ ਸੀ ਜ਼ਮੀਨ ਵਾਸਤੇ। ਇਹਨੂੰ ਕਹਿੰਦੀ, "ਮੇਰੀ ਜ਼ਮੀਨ ਦੀ ਤਕਸੀਮ ਕਰਵਾਦੇ। ਤੂੰ ਜਿਵੇਂ ਕਹੇਂ ਮੈਂ ਤਿਆਰ ਆਂ।" ਇਹਨੇ ਪਟਵਾਰੀ ਕਾਨੂੰਗੋ ਨਾਲ ਮਿਲ ਮਿਲਾਕੇ ਉਹਦੀ ਗੱਲ ਸਿਰੇ ਲਾਤੀ। ਮਗਰੋਂ ਇਹਤਾਂ ਇਹਜਾ ਗਿਝਿਆ ਓਹਦੇ ਘਰੇ ਈ ਡੱਕਕੇ ਲਿਟਿਆ ਰਹਿੰਦਾ। ਗਿੱਝਿਆ ਕੀ ਉਹਨੂੰ ਮੌਜ਼ ਬਣਗੀ ਜ਼ਮੀਨ 'ਤੇ ਕਬਜ਼ਾ ਹੋ ਗਿਆ ਨਾਲੇ ਬੰਦਾ ਮਿਲ ਗਿਆ ਵਰਤਣ ਨੂੰ। ਸਾਰਾ ਪਿੰਡ ਆਖੇ ਇਹਨੇ ਤਾਂ ਹੌਲਦਾਰ ਨੂੰ ਪੱਕਾ ਈ ਰੱਖ ਲਿਆ। ਮੈਨੂੰ ਦੱਸਣ ਵਾਲੇ ਲੋਕ ਆਕੇ ਦੱਸਦੇ। ਮੈਂ ਵਥੇਰਾ ਪਿਟਦੀ, ਇਕ ਨਾ ਸੁਣਦਾ। ਜਦੋਂ ਹਰਿਆਣੇ ਆਲੇ ਬੈਰੀਅਰ 'ਤੇ ਲੱਗਿਆ ਹੁੰਦਾ ਅੰਨੀ ਕਮਾਈ ਸੀ। ਸਾਰੀ ਉਸੇ ਦੇ ਢਿੱਡ 'ਚ ਜਾਂਦੀ। ਘਰੇ ਤਾਂ ਮੁੰਦਰੀ ਪੈਸਾ ਨੀਂ ਦਿਖਾਉਂਦਾ ਸੀ। ਜੇ ਕਹਿੰਦੀ ਉਲਟਾ ਅੱਖਾਂ ਦਿਖਾਉਂਦਾ। ਇਕ ਦਿਨ ਸ਼ਰਾਬੀ ਹੋਇਆ ਨੋਟਾਂ ਦੇ ਥੱਬੇ ਜੇ ਖਿਡਾਉਣ ਲੱਗ ਪਿਆ। ਮੇਰਾ ਤਾਂ ਅੰਦਰ ਮੱਚਿਆ ਪਿਆ ਸੀ। ਅੱਕੀ ਨੇ ਮੈਂ ਸੁਣਾਤੀ, "ਮੈਂ ਕੀ ਫੂਕਣੇ ਨੇ ਇਹ ਹਰਾਮ ਦੇ ਕਾਗਜ਼। ਓਸੇ ਬੰਦੇ ਖਾਣੀ ਨੂੰ ਜਾਕੇ ਦੇ ਜਿਹਦੇ 'ਤੇ ਲੱਟੂ ਹੋਇਆ ਫਿਰਦੈਂ ਨਾਲੇ ਘਰ ਖਵਾਉਨੈ।" ਬੱਸ ਫੇਰ ਕੀ ਸੀ। ਮੱਚ ਉਠਿਆ ਭਾਂਬੜ ਬਣਕੇ। ਅੱਗ ਬਬੂਬਾ ਹੋਇਆ ਆਖੇ, "ਆਹ ਕੁੜੀ ਮੇਰੀ ਨੀਂ, ਪਤਾ ਨੀਂ ਕੀਹਦੀ ਜੰਮੀ ਐਂ ਤੂੰ। ਤੈਨੂੰ ਤਾਂ ਸੋਧੂੰ ਈ ਸੋਧੂੰ। ਛੱਡਦਾ ਇਹਨੂੰ ਵੀ ਨੀਂ। ਮੈਂ ਤਾਂ ਉਸ ਨਾਲ ਕੋਰਟ ਮੈਰਿਜ ਕਰਵਾਈ ਐ। ਤੂੰ ਨਿਕਲ ਮੇਰੇ ਘਰੋਂ।"

ਮਖਿਆਂ ਤੂੰ ਵਾੜਕੇ ਤਾਂ ਵੇਖ ਵੈਲਣ ਨੂੰ ਘਰੇ। ਕੀ ਬਣਦੀ ਐ ਫੇਰ। ਜੇ ਆਹ ਤੇਰੀਆਂ ਝੱਲੀ ਜਾਂਨੀ ਆਂ ਐਂ ਨਾ ਸਮਝੀ ਵੀ ਮੈਂ ਜਮਾਂ ਈ ਮਰੀ ਹੋਈ ਆਂ। ਮੇਰੇ ਵੀ ਹੈਗੇ ਨੇ ਪਿੱਛੇ। ਇਹ ਵੀ ਵਿਡਰਿਆਂ ਵਾਂਗੂ ਤਖਤੇ ਨਾਲ ਲਗੀ ਖੜੀ। ਮੈਂ ਗੋਦੀ 'ਚ ਲੈਲੀ ਮਖਿਆ, "ਲਾ ਹੱਥ। ਮੇਰਾ ਤਾਂ ਕੀ, ਐ ਕੁੜੀ ਨੂੰ ਜੇ ਕੁਛ ਹੋ ਗਿਆ ਛੱਡਣਾ ਤੈਨੂੰ ਵੀ ਨੀਂ।" ਫੇਰ ਵੀ ਮੈਨੂੰ ਮਿੱਟੀ ਵਾਂਗ ਕੁੱਟ ਧਰਦਾ। ਮੇਰੇ ਹੱਡ ਚਸਕਦੇ ਰਹਿੰਦੇ। ਪਰ ਆਵਦੇ ਜੰਮਣ ਆਲਿਆਂ ਦੀ ਇੱਜ਼ਤ ਬਣਾਈ ਰੱਖਣ ਨੂੰ, ਰਹੀ ਇਸੇ ਘਰੇ। ਨਾਲੇ ਇਹਨੂੰ ਪਾਲਿਆ ਚੰਦਰੀ ਨੂੰ। ਜੇ ਆਵਦੇ ਮੰਦੇ ਕੰਮੀਂ, ਉਹ ਤੁਰ ਗਿਆ ਤਾਂ ਕੀ ਕਰਾਂ। ਪਰ ਇਹ ਢਿੱਡੋਂ ਜੰਮੀ ਨੇ ਵੀ ਮੇਰੀ ਇਕ ਆਹ ਨਾ ਸੁਣੀ। ਬੈਠੀ ਨੂੰ ਪਲ-ਪਲ ਭੁਲੇਖੇ ਪੈਂਦੇ ਨੇ। ਨਿੱਕੀ ਹੁੰਦੀ ਊਂ ਤਾਂ ਬਾਹਰ ਜਾਂਦੀ ਹੀ ਘੱਟ ਸੀ। ਜੇ ਕਿਤੇ ਸਹੇਲੀਆਂ 'ਚ ਵਗ ਜਾਂਦੀ ਮਿੰਟ ਕੁ ਮਗਰੋਂ ਆ ਖੜ੍ਹਦੀ ਮੇਰੇ ਗੋਡੇ ਕੋਲ। ਮੈਂ ਕਹਿੰਦੀ, "ਖੇਡ ਲੈ।" ਬੋਲਦੀ ਕੁਛ ਨਾ ਬੱਸ ਮੋਢੇ ਜੇ ਚੜ੍ਹਾਕੇ ਨੀਵੀਂ ਪਾ ਲੈਂਦੀ। ਮੈਨੂੰ ਮੇਲੇ 'ਤੇ ਚਿੜ੍ਹ ਚੜ੍ਹਦੀ। ਜਵਾਕੜੀ ਦੇ ਅੰਦਰ ਕਿੰਨਾ ਸਹਿਮ ਭਰਤਾ ਇਹਦੇ ਨਿੱਤ ਦੇ ਕੰਜਰਖਾਨੇ ਨੇ। ਕਦੇ-ਕਦੇ ਸੋਚਣ ਲੱਗ ਜਾਂਦੀ ਜਵਾਕ ਚਿੜ੍ਹਾਉਂਦੇ ਹੋਣਗੇ ਤਾਂ ਬਾਹਰ ਨੀ ਨਿਕਲਦੀ। ਰੱਬ ਅਹੇ ਜੇ ਬੰਦਿਆਂ ਨੂੰ ਵੀ ਪਿਓ ਬਣਾ ਦਿੰਦੇ ਜਿਹੜੇ ਜਵਾਕਾਂ ਦਾ ਹੱਸਣਾ ਖੇਡਣਾ ਵੀ ਖੋਹ ਲੈਂਦੇ ਐ। ਪਰ ਹੁਣ ਜਿਹੜੀ ਖੇਡ ਏਹ ਖੇਡਗੀ ਇਹਤਾਂ ਕਦੇ ਚਿੱਤ ਚੇਤੇ ਵੀ ਨੀਂ ਸੀ। ਹਿੱਕ ਨਾਲ ਲਾਕੇ ਪਾਲੀ ਪੜ੍ਹਾਈ ਸੀ। ਸਾਹਮਣੇ ਸ਼ੋਅ ਕੇਸ ਵਿੱਚ ਪਈ ਫੋਟੋ ਵੇਖਕੇ ਪੜ੍ਹਾਈ ਆਲੀ ਗੱਲ ਯਾਦ ਆਉਂਦੀ ਐ, ਆਪਣੀਆਂ ਸਹੇਲੀਆਂ 'ਚ ਬੈਠੀ ਐ ਵਿਚਾਲੇ। ਕਿੰਨੀ ਖ਼ੁਸ਼ ਹੋਈ ਜਾਂਦੀ ਐ। ਇਹਦਾ ਕਾਲਜ ਵਲੋਂ ਕੈਂਪ ਲੱਗਣਾ ਸੀ ਹਿਮਾਚਲ 'ਚ। ਮੈਨੂੰ ਆ ਕੇ ਦੱਸਿਆ, "ਕਹਿੰਦੀ ਸੱਤ ਦਿਨ ਲੱਗਣਗੇ। ਸਾਨੂੰ ਪਹਾੜਾਂ 'ਚ। ਬਰਫ਼ 'ਤੇ ਤੁਰਨਾ ਸਿਖਾਉਣਗੇ, ਪਹਾੜੀ ਇਲਾਕਿਆਂ 'ਚ ਉਘੜੇ-ਦੁਘੜੇ ਰਾਹਾਂ 'ਚ ਕਿਵੇਂ ਜਾਈਂਦੇ ਇਹਦੀ ਸਿਖਲਾਈ ਦੇਣਗੇ। ਨਾਲ ਸਾਡੇ ਸਰ ਜਾਣਗੇ। ਸਾਡੇ ਕਾਲਜ ਦੀਆਂ ਅਸੀਂ ਤਿੰਨ ਕੁੜੀਆਂ। ਬਾਕੀ ਹੋਰ ਬਾਹਰਲੇ ਕਾਲਜਾਂ ਦੀਆਂ ਕੁੜੀਆਂ ਹੋਣਗੀਆਂ।"

ਮੈਂ ਕਿਹਾ, "ਬੇਟੇ ਜਾ ਤਾਂ ਆ ਪਰ ਧਿਆਨ ਰੱਖੀਂ।"

ਅਗਲੇ ਦਿਨ ਕਾਲਜੋਂ ਆਈ ਨੇ ਦੱਸਿਆ, "ਦੂਜੀਆਂ ਦੋਵੇਂ ਕੁੜੀਆਂ ਤਾਂ ਮਾਂ ਪਿਓ ਨੇ



ਰੋਕਤੀਆਂ। ਕਹਿੰਦੇ ਕੋਈ ਲੇਡੀ ਟੀਚਰ ਤਾਂ ਨਾਲ ਜਾ ਨਹੀਂ ਰਹੀ। ਮੈਂ 'ਕੱਲੀ ਰਹਿਗੀ, ਹੁਣ ਦੱਸੋ ਮੰਮੀ ?"

ਮੈਂ ਫੇਰ ਵੀ ਕਿਹਾ, "ਬੇਟੇ ਮੈਨੂੰ ਤਾਂ ਤੇਰੇ ਤੇ ਭਰੋਸੈ। ਜੇ ਤੇਰਾ ਆਵਦਾ ਵਿਸ਼ਵਾਸ ਪੱਕਕੈ ਤਾਂ ਜ਼ਰੂਰ ਜਾਹ।"

"ਨਹੀਂ ਮੰਮੀ ਐਸੀ ਗੱਲ ਨੀਂ ਸਰ ਸਾਡੇ ਇਸ ਗੱਲੋਂ ਬੜੇ ਸਖ਼ਤ ਨੇ। ਮਜ਼ਾਲ ਐ ਜਮਾਤ 'ਚ ਵੀ ਕੋਈ ਕੁੜੀ ਚੂੰ ਕਰ ਜੇ।"

ਸਗੋਂ ਮੈਂ ਦੂਜੀਆਂ ਕੁੜੀਆਂ ਦੇ ਘਰੇ ਵੀ ਕਹਿਣ ਗਈ। ਚਲੋ ਅਗਲਿਆਂ ਦੇ ਘਰਾਂ ਦੀ ਗੱਲ ਹੁੰਦੀ ਐ। ਨਾ ਗਈਆਂ।

ਇਹ ਚੁੱਪ ਜਿਹੀ ਬੈਠੀ। ਮੈਂ ਫੇਰ ਕਿਹਾ, 'ਬੇਟੇ ਤੈਨੂੰ ਕੋਈ ਰੁਕਾਵਟ ਨੀ। ਆਵਦਾ ਮਨ ਬਣਾਅ। ਜ਼ਰੂਰ ਜਾਹ। ਕੁਛ ਸਿਖਕੇ ਈ ਆਏਂਗੀ।" ਮੈਂ ਤੋਰੀ ਹੌਂਸਲੇ ਨਾਲ।

ਹਫਤੇ ਮਗਰੋਂ ਘਰੇ ਮੁੜੀ। ਕਿੰਨੀ ਖ਼ੁਸ਼। ਥੱਬਾ ਫੋਟੋਆਂ ਦਾ ਲਿਆਈ। ਬਾਹਰਲੇ ਕਾਲਜਾਂ ਦੀਆਂ ਕੁੜੀਆਂ ਨਾਲ ਬਰਫ਼ 'ਤੇ ਬੈਠੀਆਂ ਹੱਸੀ ਜਾਣ ਵਿਚਾਲੇ ਇਹ। ਇਕ ਫੋਟੋ 'ਚ ਪਿੱਠ ਤੇ ਪਿੱਠੂ ਬੰਨੀ ਸਾਰੀਆਂ ਕੁੜੀਆਂ ਤੋਂ ਮੂਹਰੇ ਤੁਰੀ ਜਾਵੇ। ਦੂਜੀ ਫੋਟੋ ਵਿਖਾਵੇ ਅਖੇ ਸਵੇਰੇ ਝੰਡੇ ਥੱਲੇ ਪਰਾਥਨਾ ਕਰਦੀਆਂ ਸੀ। ਹੋਰ ਕਿੰਨਾ ਕੁ ਦੱਸਾਂ ਕਿਸੇ ਨੂੰ, ਉਹ ਫੋਟੋ ਵੇਖਕੇ ਤਾਂ ਮੈਂ ਚੌੜੀ ਹੋਈ ਬੈਠੀ ਸਾਂ ਜਦੋਂ ਮਾਇਕ ਕੋਲੇ ਖੜ੍ਹੀ ਬੋਲੀ ਜਾਵੇ ਬਾਕੀ ਕੁੜੀਆਂ ਹੇਠਾਂ ਮੂਹਰੇ ਬੈਠੀਆਂ। ਪ੍ਰੋਫੈਸਰ ਕੁਰਸੀਆਂ ਤੇ ਬੈਠੇ। ਹੁਣ ਓਹੀ ਫੋਟੋ ਬੰਨੀ ਵੇਖ-ਵੇਖਕੇ ਰੋਨੀ ਆਂ। ਵੇਖੀ ਨੀਂ ਜਾਂਦੀ। ਤੈਨੂੰ ਕਦੇ ਵਰਜਿਆ ਨਾ, ਟੋਕਿਆ ਨਾ। ਫੇਰ ਕਾਹਦਾ ਉਹਲਾ ਰੱਖਗੀ। ਹਰ ਵਾਅ ਹਨੇਰੀ ਤੋਂ ਬਚਾਕੇ ਰੱਖਿਆ। ਪਰ ਕੀ ਪਤਾ ਸੀ ਇਹਦੇ ਅੰਦਰਲੀਆਂ ਹਨੇਰੀਆਂ ਕਿਧਰ ਨੂੰ ਉਡਾਕੇ ਲੈ ਜਾਣਗੀਆਂ ਇਹਨੂੰ। ਨਾਲੇ ਮੇਰਾ ਅੰਦਰ ਮਚਾਉਣਗੀਆਂ। ਗੱਲ ਸਮਝ ਤੋਂ ਬਾਹਰ ਹੋਈ ਪਈ ਐ।

ਊਂ ਪੂਰੀ ਖ਼ੁਦਦਾਰ ਰਹੀ ਐ। ਕਾਲਜ ਵੇਲੇ ਦੀਆਂ ਗੱਲਾਂ ਜਿਵੇਂ ਪਹਿਲਾਂ ਵੀ ਯਾਦ ਆਉਂਦੀਐਂ। ਇਹਦੇ ਚਾਚੇ ਦੇ ਘਰੇ ਅਖੰਡ ਪਾਠ ਦਾ ਭੋਗ ਸੀ। ਕਈ ਦਿਨ ਪਹਿਲਾਂ ਦੇ ਕਹਿ ਰਹੇ ਸੀ, "ਆਇਓ ਜ਼ਰੂਰ।" ਇਹ ਵੀ ਛੁੱਟੀਆਂ ਕਰਕੇ ਆਈ ਹੋਈ ਸੀ। ਮੈਂ ਕਿਹਾ, "ਚੱਲ ਸਮਾਧੀ ਬੇਟੇ ਤੂੰ ਵੀ ਚੱਲ ਵਧੀਆ ਮੌਕੇ ਸਿਰ ਘਰੇ ਐਂ। ਨਾਲੇ ਤੇਰੇ ਅੰਕਲ ਹੋਰੀਂ ਖ਼ੁਸ਼ ਹੋਣਗੇ। ਸਾਰੇ ਰਿਸ਼ਤੇਦਾਰ ਆਏ ਹੋਣਗੇ ਮਿਲ ਆਈਂ। ਕੋਈ ਬਹਾਨਾ ਈ ਹੁੰਦੈ ਮਿਲਣ ਦਾ।" ਕੋਈ ਨਾਂਹ-ਨੁਕਰ ਨ੍ਹੀਂ ਕੀਤੀ। ਉਠਕੇ ਤਿਆਰ ਹੋਗੀ। ਅਸੀਂ ਚਲੀਆਂ ਗਈਆਂ। ਖ਼ੁਸ਼ੀ ਦਾ ਪਾਠ ਸੀ ਗਹਿਮਲ-ਗਹਿਮਲ ਹੋਈ ਪਈ ਸੀ। ਮੇਰੀ ਦਰਾਣੀ ਦੇ ਭਤੀਜੇ ਕੰਵਰ ਨੇ ਗੁਸਲਖਾਨੇ 'ਚੋਂ ਬਾਹਰ ਆਉਂਦੀ ਦੀ ਪਿਠ ਤੇ ਹੱਥ ਫੇਰਕੇ ਭੱਦਾ ਮਜਾਕ ਕੀਤਾ। ਉਸੇ ਵੇਲੇ ਗਲ ਪੈਗੀ। ਗੁੱਸੇ 'ਚ ਠਾਹ ਦੇਣੇਂ ਉਹਦੇ ਮੂੰਹ ਤੇ ਪੰਜੇ ਉਂਗਲੀਆਂ ਛਾਪਕੇ ਕਹਿੰਦੀ, "ਪਤਾ ਲੱਗ ਗਿਆ, ਅਸੀਂ ਹੁਣ ਕਿਮੇਂ ਲੱਗਦੇ ਆਂ।" ਇਕ ਦਮ ਰੌਲਾ ਪੈ ਗਿਆ। ਪੂਰੇ ਸਮਾਗਮ 'ਚ ਤਣਾਅ ਭਰ ਗਿਆ। ਦਰਾਣੀ ਮੂੰਹ 'ਚੋਂ ਅੱਗ ਉਗਲੇ ਆਖੇ, "ਜਵਾਨ ਮੁੰਡੇ ਤੇ ਹੱਥ ਚੁਕਿਐ। ਮੇਰੇ ਭਤੀਜੇ ਨੂੰ ਆਥਣ ਨੂੰ ਇਹੋ ਜੀਆਂ ਸੌ 'ਕੱਠੀਆਂ ਕਰ ਦਿਆਂ। ਐਡੇ ਨਰਮ ਮੁੰਡੇ ਨਾਲ ਕੁੜੀ ਦੇ ਬਦਤਮੀਜ਼ੀ ਕੀਤੀ ਐ। ਬਾਹਰ ਫਿਰਦੀ ਦੀ ਕੀ ਗਰੰਟੀ ਐ ? ਸਾਡੇ ਸਾਰੇ ਫੰਕਸ਼ਨ ਨੂੰ ਖਰਾਬ ਕੀਤੇ ਕੀ ਸੋਚਣਗੇ ਆਏ-ਗਏ ਪੱਟੀ ਮੇਸ ਕਰਤੀ ਸਾਡੀ ਤਾਂ। ਐਨੀ ਭਲੀਮਾਣਸ ਪਿਓ ਬੰਨੀ ਵੇਖਦੀ ਕੀ ਚੱਜ ਕਰਦਾ ਸੀ। ਹੁਣ ਤੁਹਮਤਾਂ ਲਾਉਂਦੀ ਐ ਮੁੰਡਿਆਂ 'ਤੇ।"

ਮੈਂ ਉਸੇ ਵਕਤ ਇਹਨੂੰ ਲੈ ਕੇ ਘਰੇ ਮੁੜ ਆਈ। ਅੱਜ ਤੱਕ ਦਰਾਣੀ ਦੀ ਦੇਹਲੀ ਨੀਂ ਚੜ੍ਹੀ। ਪਰ ਹੁਣ ਸੋਚਦੀ ਆਂ ਇਹਨਾਂ ਲੋਕਾਂ ਦੀਆਂ ਚੜ੍ਹ ਮੱਚੀਆਂ। ਜਦੋਂ ਆਵਦੇ ਘਰੋਂ ਈ ਹਨੇਰੀ

ਉਠ ਖੜ੍ਹੀ। ਉਸ ਦਿਨ ਤਾਂ ਮਨ 'ਤੇ ਕੋਈ ਨੀਂ ਲਾਈ ਸੀ। ਸਗੋਂ ਆਪਣੀ ਔਲਾਦ ਦੇ ਸਵੈਮਾਨ ਤੇ ਚੌੜੀ ਹੋਈ ਬੈਠੀ ਸੀ। ਅੱਜ ਇਹਨਾਂ ਸ਼ਰੀਕਾਂ ਕੋਲ ਕਿਹੜੇ ਮੂੰਹ ਨਾਲ ਗੱਲ ਕਰਾਂ ? ਨਾਲੇ ਜੇ ਕਰੂੰ ਤਾਂ ਚਾਰ ਹੋਰ ਸੁਣਾਉਣਗੇ। ਜਦੋਂ ਬੀ. ਐਡ. ਕਰਕੇ ਹਟੀ ਮੈਂ ਉਦੋਂ ਈ ਕਿਹਾ, "ਪੁਤਰਾਂ ਨੌਕਰੀਆਂ ਤਾਂ ਆਪੇ ਮਿਲਦੀਆਂ ਰਹਿਣਗੀਆਂ। ਹੁਣ ਤੇਰਾ ਵਿਆਹ ਕਰ ਦੇਈਏ।" ਸੁਣਕੇ ਚੁੱਪ ਕਰ ਗਈ। ਇਹਦੀ ਮਾਸੀ ਆਈ ਹੋਈ ਸੀ ਉਹਦੇ ਨਾਲ ਗੱਲਾਂ ਕਰੀਂ ਜਾਵੇ। ਉਸਨੂੰ ਮੈਂ ਕਿਹਾ, "ਤੂੰ ਪੁੱਛ ਮੈਨੂੰ ਫਿਕਰ ਲੱਗਿਆ ਰਹਿੰਦੈ ਇਹਦੇ ਵਿਆਹ ਦਾ। ਮੁੰਡਾ ਭਾਲਦੇ ਵੇਖਦਿਆਂ ਨੂੰ ਵੀ ਟਾਇਮ ਲੱਗ ਜਾਂਦੈ।" "ਇਹ ਵੀ ਗੱਲ ਐ, ਮੈਂ ਕਰਦੀ ਆਂ ਇਹਦਾ ਇਤਜਾਮ। ਨਾਲੇ ਮੁੰਡਾ ਇਹਦੀ ਪਸੰਦ ਦਾ ਹੋਊ।" ਸੁਖਨ ਕਹਿੰਦੀ। ਕਈ ਦਿਨਾਂ ਮਗਰੋਂ ਮੇਰੇ ਕੋਲ ਆਈ ਨੇ ਉਸ ਇਕ ਵੱਡਾ ਲਿਫ਼ਾਫ਼ਾ ਮੇਰੇ ਹੱਥ ਫੜਾ ਦਿੱਤਾ। ਹੱਸਦੀ ਹੋਈ ਆਖੇ, "ਲੈ ਵੇਖਲੈ ਪੂਰੇ ਪੱਚੀ ਜਣੇ ਤਿਆਰ ਬੈਠੇ ਨੇ ਆਪਣੀ ਧੀ ਨਾਲ ਵਿਆਹ ਕਰਾਉਣ ਵਾਸਤੇ।" ਸੁਖਨ ਨੇ ਮੈਨੂੰ ਬਿਨਾਂ ਦੱਸੇ ਹੀ ਅਖ਼ਬਾਰ ਵਿੱਚ ਇਹਦਾ ਵੇਰਵਾ ਦੇ ਕੇ ਵਿਆਹ ਦਾ ਇਸ਼ਤਿਹਾਰ ਛਪਵਾ ਦਿੱਤਾ। ਐਡਰੈਸ ਉਹਨੇ ਆਪਣੇ ਦਾ ਦਿੱਤਾ। ਅਖ਼ਬਾਰ ਵਾਲਿਆਂ ਨੇ ਇਹ ਲਿਫਾਫਾ ਉਹਨੂੰ ਭੇਜਿਆ ਸੀ। ਮੈਂ ਵੇਖਣ ਲੱਗੀ ਕਿੰਨੇ ਹੀ ਸੋਹਣੇ-ਸੋਹਣੇ ਪੜ੍ਹੇ ਲਿਖੇ ਮੁੰਡਿਆਂ ਦੀਆਂ ਫੋਟੋਆਂ। ਕਿਸੇ ਦੇ ਪੋਚਵੀਂ ਪੱਗ, ਦਾੜ੍ਹੀ ਕੱਟੀ ਹੋਈ, ਕੋਈ ਕਲੀਨ ਸ਼ੇਵ, ਕਿਸੇ ਦੀ ਪਾਰਕ ਵਿੱਚ ਖੜ੍ਹੇ ਦੀ ਫੋਟੋ, ਕਿਸੇ ਦੀ ਬੈਠੇ ਦੀ ਫੋਟੋ....ਕੋਈ ਐਮ. ਏ. ਕੋਈ ਇੰਜੀਨੀਅਰ, ਭਾਂਤ-ਭਾਂਤ ਦਾ ਬਜ਼ਾਰ ਮੇਰੇ ਸਾਹਮਣੇ ਪਿਆ ਸੀ। ਦੋ ਤਿੰਨ ਬਾਹਰਲੇ ਦੇਸ਼ਾਂ ਦੇ ਮੁੰਡਿਆਂ ਨੇ ਵੀ ਲਿਖਕੇ ਭੇਜਿਆ ਸੀ। ਮੈਂ ਕਿਹਾ, "ਸਮਾਧੀ ਵੇਖ ਤੇਰੀ ਮਾਸੀ ਨੇ ਕਿੰਨੇ ਮੁੰਡੇ ਤੇਰੇ ਲਈ ਲਿਆਂਦੇ ਨੇ।" ਇਕ ਹੋਰ ਬਹੁਤ ਹੀ ਸੋਹਣਾ ਪਰ ਮੈਂ ਉਸਦਾ ਲਿਖਿਆ ਪੜ੍ਹਕੇ ਹੈਰਾਨ ਹੋਗੀ, ਤਲਾਕਸ਼ੁਦਾ। ਮੈਂ ਸੁਖਨ ਨੂੰ ਪੁੱਛਿਆ, "ਕੁੜੇ ਇਹ ਵੀ ਤੈਂ ਲਿਖਿਆ ਸੀ ?"

"ਨਾਂਹ, ਇਹਤਾਂ ਆਪੇ ਈ ਭੇਜ ਦਿੰਦੇ ਐ।" ਉਹ ਕਹਿੰਦੀ।

"ਹੱਦ ਹੋਗੀ ਕੁੜੇ। ਮੈਂ ਆਵਦੀ ਧੀ ਦਹਾਜੂ ਨੂੰ ਵਿਆਹੂੰ।" ਮਨ 'ਚ ਬੜਾ ਗੁੱਸਾ ਆਵੇ। ਇਹੋ ਜਾ ਵੀ ਕਰੀਂ ਜਾਂਦੇ ਐ ਲੋਕ। ਇਹ ਵਿਗੜੇ ਹੁੰਦੇ ਨੇ। ਆਹ ਆਪਣੇ ਰੇਲਵੇ ਪਾਰਕ ਕੋਲੇ ਧਾਲੀਵਾਲਾਂ ਦਾ ਮੁੰਡਾ ਵੇਖ ਲੈ। ਨਾਲੇ ਧਾਲੀਵਾਲ ਵੀ ਕਾਹਦੇ ਐ, ਹੈਗੇ ਤਾਂ ਓਹੀ ਜੱਟਾਂ ਦੀਆਂ ਖੁਰਲੀਆਂ 'ਚ ਹੱਥ ਮਾਰਨ ਆਲੇ। ਪਿਓ ਡਿਗਦਾ ਢੈਂਦਾ ਅਫਸਰ ਬਣ ਗਿਆ, ਲੋਕਾਂ ਦੀ ਛਿੱਲ ਲਾਹਕੇ ਜ਼ਮੀਨ ਬਣਾਲੀ ਤਾਂ ਮਾਰਕੇ ਧਾਲੀਵਾਲ ਕਹਾਉਣ ਲੱਗਪੇ। ਰਹਿਣਗੇ ਤਾਂ ਓਹੀ, ਜਾਤ ਤਾਂ ਨੀਂ ਬਦਲ ਦੀ। ਨਾਲੇ ਚੱਜ ਵੀ ਓਹਨੇ। ਪੰਜ-ਛੇ ਸਾਲ ਹੋਗੇ ਉਹਨੂੰ ਵਿਆਹੇ ਨੂੰ। ਇਕ ਕੁੜੀ ਵੀ ਐ ਦੋ ਸਾਲ ਦੀ ਉਹਦੇ। ਹੁਣ ਕਹਿੰਦੈ, "ਮੇਰੇ ਤਾਂ ਪਸੰਦ ਨੀਂ ਉਹ।" ਤਲਾਕ ਵਾਸਤੇ ਕੇਸ ਕਰੀਂ ਫਿਰਦੈ। ਰੌਲਾ ਜਾਹ ਤਾਂ ਦੋ ਸਾਲਾਂ ਮਗਰੋਂ ਈ ਪੈ ਗਿਆ ਸੀ। ਪਹਿਲਾਂ ਪੰਚਾਇਤਾਂ ਵੀ ਆਉਂਦੀਆਂ ਰਹੀਆਂ। ਕੁੜੀ ਆਲੇ ਆਖਣ ਦਸ ਲੱਖ ਲਾਇਐ ਵਿਆਹ ਤੇ ਐਂ ਕਿਵੇਂ ਲੈ ਜਾਈਏ ਕੁੜੀ ਨੂੰ। ਨਾਲੇ ਕਸੂਰ ਦੱਸੋ ? ਮਾਂ ਪਿਓ ਤਾਂ ਚੁੱਪ ਹੋਗੇ। ਮੁੰਡਾ ਬੋਲਦੈ, "ਬਾਰ੍ਹਾਂ ਲੱਖ ਮੋੜਨ ਨੂੰ ਤਿਆਰ ਆਂ ਪਰ ਰੱਖਦਾ ਨੀਂ।" ਅਖੀਰ ਸਾਂਝੇ ਬੰਦਿਆਂ ਨੇ ਵਿੱਚ ਪੈ ਕੇ ਨਿਬੇੜ ਵੀ ਦਿੱਤਾ ਸੀ। ਫੇਰ ਪਤਾ ਨੀਂ ਮਨ 'ਚ ਹੋਰ ਕੀ ਆਈ। ਕਹਿੰਦਾ, "ਅਦਾਲਤ 'ਚੋਂ ਤਲਾਕ ਲਊਂ।" ਸੁਣਲੈ ਇਹਨਾਂ ਤਲਾਕਸ਼ੁਦਾ ਆਲਿਆਂ ਦੀ ਗੱਲਾਂ।

"ਕੀ ਪਤਾ ਲੱਗਦੈ ਭੈਣੇ।"

"ਨਹੀਂ ਮਾਸੀ ਓਹਦੀ ਘਰ ਵਾਲੀ ਓ ਠੀਕ ਨੀਂ। ਪਿਛੋਂ ਤੋਂ ਈ ਐਂ ਦੱਸਦੇ ਨੇ।" ਕੋਲ ਬੈਠੀ ਸਮਾਧੀ ਬੋਲੀ ਸੀ।

"ਨੀ ਕੁੜੀਆਂ ਦਾ ਕੀ ਮਾੜਾ ਹੁੰਦੈ। ਕਿਸੇ ਦੀ ਧੀ ਨੂੰ ਉਜਾੜ ਕੇ ਮਾਪਿਆਂ ਦੇ ਬਾਰ



ਬਿਠਾਕੇ ਜਿਹੜੀ ਹੋਰ ਲਿਆਊ ਹਰ ਜ਼ਿਆਦਾ ਚੰਗੀ ਹੋਊ। ਬੱਸ ਹੈਨੀ ਡਰ-ਡੁਕਰ ਇਹਨਾਂ ਨੂੰ। ਨਾਲੇ ਆਵਦੇ ਕੰਨੀ ਤਾਂ ਵੇਖੇ ਕੁਛ ਨੀ ਅੱਗ ਸਵਾਹ ਛੱਡਦਾ। ਚਲੋ ਆਪਾਂ ਕੀ ਲੈਣੈ। ਕਿਧਰ ਦੀ ਕਿਧਰ ਲੈਗੀਆਂ ਗੱਲਾਂ ਆਪਾਂ। ਅਸੀਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀਆਂ ਹੱਸਦੀਆਂ ਰਹੀਆਂ। "ਵੇਖ ਜੇ ਤੈਨੂੰ ਕੋਈ ਇਹਨਾਂ 'ਚੋਂ ਪਸੰਦ ਐ।"

"ਮੰਮੀ ਤੂੰ ਕਿਉਂ ਫਿਕਰ ਕਰਦੀ ਐਂ, ਹਾਲੇ ਮੇਰਾ ਘੱਟੋ-ਘੱਟ ਦੋ ਸਾਲ ਵਿਆਹ ਕਰਵਾਉਣ ਦਾ ਇਰਾਦਾ ਨਹੀਂ। ਤੁਸੀਂ ਐਵੇਂ ਫਜ਼ੂਲ ਦੇ ਕੰਮਾਂ 'ਚ ਨਾ ਉਲਝੋ। ਨਾਲੇ ਜਦੋਂ ਨੌਕਰੀ ਮਿਲਗੀ ਮੈਂ ਆਪੇ ਤੁਹਾਨੂੰ ਦੱਸੂੰ।" ਹੱਸਦੀ ਨੇ ਮੇਰੇ ਹੱਥੋਂ ਲਿਫ਼ਾਫ਼ਾ ਫੜ, ਬਿਨਾਂ ਵੇਖੇ ਈ ਅਲਮਾਰੀ ਵਿਚ ਸੁੱਟ ਦਿੱਤਾ। ਅਸੀਂ ਦੋਵੇਂ ਭੈਣਾਂ ਹੈਰਾਨ ਹੋਈ ਜਾਈਏ। ਸੁਖਨ ਆਖੇ, "ਤੂੰ ਈ ਕਾਹਲੀ ਕਰਦੀ ਐਂ। ਇਹਨੇ ਤਾਂ ਵਿਆਹ ਬਾਰੇ ਹਾਲੇ ਸੋਚਿਆ ਵੀ ਨੀਂ। ਇਹ ਤਾਂ ਨੌਕਰੀ ਬਾਰੇ ਗੱਲਾਂ ਕਰਦੀ ਐ। ਇਹ ਦੀ ਗੱਲ ਵੀ ਠੀਕ ਐ। ਨਾਲੇ ਐਹੋ ਜੀਆਂ ਸੋਹਣੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਲੋਕ ਆਪ ਮੰਗਦੇ ਐ, ਤੂੰ ਚਿੰਤਾ ਨਾ ਕਰ। ਨਾਲੇ ਆਪਣੀ ਸਮਾਧੀ ਕੋਲ ਤਾਂ ਸੁਖ ਨਾਲ ਦਸ ਕਿੱਲੇ ਵੀ ਆਉਂਦੇ ਆ।" ਸੁਖਨ ਦੀ ਗੱਲ ਸੁਣਕੇ ਮੈਂ ਵੀ ਸੋਚਿਆ ਠੀਕ ਐ। ਜਿਵੇਂ ਇਹਦੀ ਮਰਜ਼ੀ ਐ ਓਵੇਂ ਈ ਠੀਕ ਰਹੂ। ਉਸਤੋਂ ਮਗਰੋਂ ਇਹਦੇ ਪਾਪਾ ਦੀ ਥਾਂ ਨੌਕਰੀ ਦੇ ਕਾਗਜ਼ ਆਗੇ। ਇਹਨੇ ਮਹਿਕਮਾ ਬਦਲਕੇ ਸਕੂਲਾਂ ਵਾਲੇ ਮਹਿਕਮੇ 'ਚ ਨੌਕਰੀ ਬਾਰੇ ਲਿਖਾ ਪੜ੍ਹੀ ਕੀਤੀ ਤਾਂ ਸਕੂਲ 'ਚ ਨੌਕਰੀ ਮਿਲ ਗਈ। ਫੇਰ ਵੀ ਜਦੋਂ ਵਿਆਹ ਦੀ ਗੱਲ ਮੈਂ ਛੇੜਦੀ ਚੁੱਪ ਕਰ ਜਾਂਦੀ। ਬੱਸ ਇਕੋ ਗੱਲ, "ਤੁਹਾਨੂੰ ਮੰਮੀ ਮੈਂ ਆਪੇ ਦੱਸੂੰ। ਤੁਸੀਂ ਰੋਜ਼ ਨਾ ਇਕੋ ਗੱਲ ਦੇ ਮਗਰ ਪਿਆ ਕਰੋ।" ਹੁਣ ਇਹੋ ਸੋਚਦੀ ਆਂ ਮੈਂ ਇਹਨੂੰ ਕਦੇ ਕਿਸੇ ਗੱਲੋਂ ਨੀ ਰੋਕਿਆ ਟੋਕਿਆ ਸੀ। ਸਗੋਂ ਮੈਂ ਆਪ ਕਹਿੰਦੀ, "ਦੱਸਦੀਂ ਜਿਵੇਂ ਕਹੇਂ ਮੈਂ ਤਿਆਰ ਆਂ।"

ਹਾਲੇ ਆਹ ਪੰਦਰਾਂ ਕੁ ਦਿਨਾਂ ਦੀ ਗੱਲ ਐ ਇਹਦੇ ਸਕੂਲ ਆਲਾ ਗਿਆਨੀ ਮਾਸਟਰ ਬਚਨ ਸਿਓਂ ਇਹਦੇ ਕੋਈ ਕਾਗਜ਼ ਫੜਾਉਣ ਘਰੇ ਆ ਗਿਆ। ਇਹ ਰਸੋਈ 'ਚ ਚਾਹ ਬਣਾਉਣ ਲੱਗ ਗਈ। ਮੈਂ ਗੱਲਾਂ ਕਰਦੀ ਨੇ ਕਿਹਾ, "ਵੀਰ ਜੀ ਮੈਨੂੰ ਤਾਂ ਹੁਣ ਬੱਸ ਇਕੋ ਇਹਦੇ ਵਿਆਹ ਦਾ ਫਿਕਰ ਰਹਿੰਦੈ। ਜੇ ਇਹ ਕਿਤੇ ਹਾਂ ਕਹੇ ਤਾਂ ਆਪਣਾ ਫਰਜ਼ ਪੂਰਾ ਕਰਦਿਆਂ। ਆਵਦੇ ਘਰੇ ਜਾਵੇ ਧੀ-ਪੁੱਤ ਚੰਗਾ ਹੁੰਦੈ। ਪਰ ਕੁਛ ਦੱਸਦੀ ਨੀਂ।"

ਸੁਣਕੇ ਗਿਆਨੀ ਮਾਸਟਰ ਕਹਿੰਦਾ, "ਭੈਣ ਜੀ, ਐਸੀ ਕੋਈ ਗੱਲ ਨੀਂ ਬੜੀ ਸਿਆਣੀ ਕੁੜੀ ਐ। ਫਾਲਤੂ ਕੋਈ ਗੱਲ ਨੀਂ ਕਰਦੀ। ਬੱਸ ਆਵਦੇ ਕੰਮ 'ਚ ਮਗਨ ਰਹਿੰਦੀ ਹੈ। ਜੋ ਲੜਕੀਆਂ ਮਾਪਿਆਂ ਦੀ ਸਲਾਹ ਤੋਂ ਬਿਨਾਂ ਫੈਸਲੇ ਲੈਂਦੀਆਂ ਨੇ ਉਹੀ ਔਖੀਆਂ ਹੁੰਦੀਐਂ। ਆਪਣੀ ਧੀ ਤਾਂ ਹਰ ਗੱਲ ਦੱਸਦੀ ਪੁੱਛਦੀ ਐ। ਲੈ ਨਾਲੇ ਥੋਨੂੰ ਹੋਰ ਗੱਲ ਸੁਣਾਵਾਂ, ਸਾਡੇ ਸਕੂਲ ਦੇ ਇਕ ਰਿਟਾਇਰਡ ਮਾਸਟਰ ਨੇ ਆਪਣੀ ਪੈਨਸ਼ਨ ਬਾਰੇ ਮਹਿਕਮੇ ਤੇ ਕੇਸ ਕਰਿਆ ਹੋਇਐ। ਹੈਡਮਾਸਟਰ ਵੱਲੋਂ ਅਦਾਲਤ 'ਚ ਕੁਛ ਕਾਗਜ਼ ਦੇਣੇ ਸੀ ਸਰਕਾਰੀ ਵਕੀਲ ਰਾਹੀਂ। ਇਹ ਵੀ ਕੋਲ ਬੈਠੀ ਸੀ ਕਹਿੰਦੀ ਲਿਆਓ ਜੀ ਮੈਂ ਫੜਾਦੂੰ ਨਾਲੇ ਮੈਂ ਆਪਣੇ ਮੰਮੀ ਦੀ ਪੈਨਸ਼ਨ ਬਾਰੇ ਪਤਾ ਕਰਨੈ। ਕਿੰਨੀਂ ਵਧੀ ਐ ਐਸ ਮਹੀਨੇ। ਆਉਂਦੀ ਆਉਂਦੀ ਕਾਗਜ਼ ਫੜਾ ਆਈ। ਨਹੀਂ ਤਾਂ ਲੇਡੀਜ਼ ਦੇ ਤਾਂ ਉਈਂ ਕੰਮ ਵੇਖਕੇ ਸਾਹ ਸੁੱਕਣ ਲੱਗ ਜਾਂਦੇ ਨੇ। ਹੌਂਸਲੇ ਵਾਲੀ ਕੁੜੀ ਐ।" ਮਾਸਟਰ ਦੀ ਗੱਲ ਸੁਣਕੇ ਮੈਂ ਖ਼ੁਸ਼ ਹੋਗੀ। ਪਰ ਸੋਚਾਂ ਪੈਨਸ਼ਨ ਤਾਂ ਮੈਂ ਆਪ ਈ ਲੈਕੇ ਆਉਨੀਂ ਆਂ। ਇਹਦੇ ਨਾਲ ਤਾਂ ਕਦੇ ਗੱਲ ਨਹੀਂ ਹੋਈ। ਜੇ ਗਈ ਸੀ ਆਕੇ ਮੈਨੂੰ ਦੱਸਿਆ ਵੀ ਨੀਂ। ਕਚਹਿਰੀ ਕੀ ਕਰਨ ਗਈ ਸੀ ? ਐਨੇ 'ਚ ਇਹ ਚਾਹ ਧਰਗੀ ਗੱਲਾਂ 'ਚ ਲੱਗ ਗਏ। ਸੋਚਿਆ ਪੜ੍ਹੀ ਲਿਖੀ ਐ ਪਤਾ ਕਰਕੇ ਚੁੱਪ ਕਰਗੀ ਪੈਨਸ਼ਨ ਠੀਕ ਹੋਊਗੀ।

ਹੁਣ ਯਾਦ ਕਰਕੇ ਇਹੀ ਤਾਂ ਸੋਚੀ ਜਾਨੀ ਆਂ। ਇਹਦੀ ਹਰ ਖ਼ੁਸ਼ੀ ਚਾਹੁੰਦੀ ਸੀ ਮੈਂ ਤਾਂ।

ਪਰ ਇਹਨੇ ਕੀ ਕੀਤਾ। ਇਹ ਗੱਲਾਂ ਸੋਚ-ਸੋਚ ਪਾਗਲ ਹੋਈ ਪਈ ਆਂ। ਫੇਰ ਕੀ ਗੱਲ ਐ ? ਇਹਦੇ ਬਾਰੇ ਇੰਨਾ ਉਲਟ ਸੋਚੀ ਜਾਨੀ ਆਂ। ਕੋਈ ਹੋਰ ਈ ਭਾਣਾ ਨਾ ਬੀਤ ਗਿਆ ਹੋਵੇ। ਅੱਜਕਲ੍ਹ ਕੀ ਕੁਛ ਨੀਂ ਹੋਈਂ ਜਾਂਦੈ। ਕੁੜੀਆਂ ਨੂੰ ਤੁਰੀਆਂ ਜਾਂਦੀਆਂ ਨੂੰ ਚੁੱਕਕੇ ਲੈ ਜਾਂਦੇ ਨੇ। ਕਈ-ਕਈ ਦਿਨਾਂ ਮਗਰੋਂ ਲਾਸ਼ਾਂ ਮਿਲਦੀਆਂ ਨੇ। ਜੰਗਲੀ ਭੇੜੀਏ ਉਹਨਾਂ ਦੀਆਂ ਦੇਹਾਂ ਚੂੰਡਦੇ ਰਹਿੰਦੇ ਐ। ਜਦੋਂ ਜਾਨ ਤੋਂ ਜਾਂਦੀ ਰਹੀ ਕੋਈ ਨਹਿਰ, ਸੜਕ, ਜੰਗਲ ਉਹਨਾਂ ਵਿਚਾਰੀਆਂ ਦੇ ਆਖ਼ਰੀ ਠਿਕਾਣੇ ਬਣ ਜਾਂਦੇ ਐ। ਸੋਚਕੇ ਅੰਦਰ ਤੱਕ ਕੰਬਣੀ ਛਿੜ ਪਈ ਐ। ਰੱਬ ਮੂਹਰੇ ਅਰਦਾਸਾਂ ਕਰਦੀ ਆਂ, "ਹੇ ਦਾਤਾ ਇਹਾਜਾ ਦਿਨ ਨਾ ਦਿਖਾਈਂ।" ਮਾੜੇ ਤੋਂ ਮਾੜੇ ਸੀਨ ਅੰਦਰਲੀ ਰੀਲ 'ਤੇ ਚੱਲ ਰਹੇ ਨੇ। ਪਰ ਕੋਈ ਅਸਲ ਸਿਰਾ ਹੱਥ ਨਹੀਂ ਆ ਰਿਹਾ। ਹੱਥ ਤਾਂ ਉਸਦਾ ਸੁਨੇਹਾ ਜਾਂ ਬੋਲ ਸੁਣਕੇ ਹੀ ਆਵੇਗਾ। ਸੱਤ ਦਿਨ ਹੋਗੇ ਹਰ ਵਕਤ ਫੋਨ ਬੰਨੀਂ ਧਿਆਨ ਰਹਿੰਦੈ। ਕਈ ਵਾਰੀ ਤਾਂ ਲੱਗੂ ਵਿਹੜੇ 'ਚ ਜਿਵੇਂ ਕੋਈ ਬੋਲਦਾ ਹੋਵੇ। ਪਰ ਮਨ ਫੇਰ ਹੋਰ ਔਖਾ ਹੁੰਦੈ ਜਦੋਂ ਸਾਹਮਣੇ ਕੁਛ ਨੀਂ ਦਿੱਸਦਾ। ਮੇਰੇ ਭਰਾ ਨੇ ਠਾਣੇ ਵੀ ਸੂਚਨਾ ਦੇ ਦਿੱਤੀ ਹੈ।" ਹਾਂ ਇਕ ਗੱਲ ਜ਼ਰੂਰ ਠਾਣੇਦਾਰ ਨੇ ਕਹੀ ਮੇਰੇ ਭਾਈ ਨੂੰ। ਕਹਿੰਦਾ, "ਕੋਈ ਪੁਰਾਣੀ ਰੰਜ਼ਸ ਜਾਂ ਲੜਾਈ ਝਗੜਾ ਹੋਇਆ ਹੋਵੇ ਤਾਂ ਉਸ ਬੰਦੇ ਦਾ ਨਾਂ ਦੱਸੋ। ਪੁਲਸ ਨੂੰ ਉਸ ਮੁਤਾਬਕ ਕਾਰਵਾਈ ਕਰਨ 'ਚ ਮਦਦ ਮਿਲੂਗੀ।" ਭਾਈ ਦੀ ਗੱਲ ਸੁਣਕੇ, ਦਰਾਣੀ ਦੇ ਭਤੀਜੇ 'ਤੇ ਧਿਆਨ ਜਾਂਦੇ, ਪਰ ਪਤਾ ਨੀਂ ਕਿਓਂ ਮੈਥੋਂ ਭਾਈ ਨੂੰ ਦੱਸਿਆ ਨਹੀਂ ਗਿਆ। ਪਰ ਫੇਰ ਇਕਦਮ ਧਿਆਨ 'ਚ ਆਉਂਦੈ। ਉਹਦਾ ਤਾਂ ਵਿਆਹ ਬਾਹਰਲੇ ਦੇਸ਼ 'ਚ ਕਿਸੇ ਕੁੜੀ ਨਾਲ ਸਾਲ ਮਗਰੋਂ ਈ ਹੋ ਗਿਆ ਸੀ। ਆਉਂਦਾ ਜ਼ਰੂਰ ਰਹਿੰਦੈ ਇੰਡੀਆ ਪਰ ਸਰਦੀਆਂ 'ਚ ਆਉਂਦਾ ਹੁੰਦਾ ਹਰ ਵਾਰ ਕਬੱਡੀ ਟੂਰਨਾਮੈਂਟ ਕਰਵਾਉਂਦੇ ਨੇ ਉਹ ਪਰਵਾਸੀ ਖੇਡ ਕਲੱਬ ਵੱਲੋਂ। ਅਖ਼ਬਾਰਾਂ ਦੀਆਂ ਖ਼ਬਰਾਂ 'ਚ ਪੜ੍ਹਦੀ ਹੁੰਦੀ ਆਂ। ਪਰ ਐਤਕੀਂ ਕੋਈ ਇਹੋ ਜਿਹੀ ਖ਼ਬਰ ਨਹੀਂ ਪੜ੍ਹੀ। ਉਹਦੇ ਸਹੁਰੇ ਪਹਿਲਾਂ ਈ ਬਾਹਰ ਸੀ ਆਪਣੇ ਮਾਂ ਪਿਓ ਨੂੰ ਨਾਲ ਈ ਲੈ ਗਿਆ ਸੀ। ਪਰ ਫੇਰ ਵੀ ਬੰਦੇ ਦਾ ਕੀ ਪਤਾ ਹੁੰਦੈ। ਸਾਡੇ ਤਾਂ ਕਹਿੰਦੇ ਹੁੰਦੇ ਨੇ ਊਠ ਤੇ ਜੱਟ ਦਾ ਖੋਰ ਨੀਂ ਅੰਦਰੋਂ ਜਾਂਦਾ ਹੁੰਦਾ। ਕੀ ਪਤੈ ਕਿਸੇ ਨੂੰ ਦੇਤਾ ਹੋਵੇ ਲੱਖ ਦੋ ਲੱਖ ਵਥੇਰੇ ਗੈਂਗ ਫਿਰਦੇ ਐ। ਰੋਜ਼ ਤਾਂ ਪੜ੍ਹਦੇ ਸੁਣਦੇ ਆਂ। ਪਰ ਮਨ ਹਾਮੀਂ ਨੀਂ ਭਰਦਾ। ਨਾਲੇ ਜੇ ਇਹਾਜਾ ਹੁੰਦਾ ਤਾਂ ਉਸੇ ਦਿਨ ਈ ਕੁਛ ਹੋਰ ਕਰਦਾ। ਬਾਕੀ ਗਲਤੀ ਓਸੇ ਦੀ ਸੀ। ਬੰਦੇ ਨੂੰ ਅੰਦਰੋਂ ਆਪਣੇ ਆਪ 'ਤੇ ਵੀ ਸ਼ਰਮਿੰਦਗੀ ਤਾਂ ਆਉਂਦੀ ਐ ਆਪਣੀ ਗਲਤੀ ਕਰਕੇ। ਉਹਦੇ ਵੱਲੋਂ ਵੀ ਕਾਰਾ ਕੀਤਾ ਲੱਗਦਾ ਨੀਂ। ਗੱਲ ਕੋਈ ਹੋਰ ਈ ਵਾਪਰੀ ਐ।

"ਗੱਲ ਤਾਂ ਭੈਣੇ ਹੋਰ ਈ ਵਾਪਰਗੀ।" ਸੋਚਾਂ 'ਚੋਂ ਬਾਹਰ ਹੋ ਵੇਖਦੀ ਆਂ, ਗੁਰਬੰਸ ਖੜ੍ਹੈ। ਪਤਾ ਈ ਨੀਂ ਲੱਗਿਆ ਕਿਹੜ੍ਹੇ ਵੇਲੇ ਆ ਗਿਆ। ਨਾ ਬਾਹਰਲਾ ਗੇਟ ਖੜਕਦਾ ਸੁਣਿਆ।

"ਲੱਗਿਆ ਪਤਾ ਕੁਛ ਵੀਰਾ ?" ਪੁੱਛ ਤਾਂ ਲਿਆ ਪਰ ਮਨ 'ਚ ਹਾਲੇ ਵੀ ਬੁਰੇ ਖਿਆਲ ਭਾਰੂ ਨੇ।

"ਹਾਂ ਉਹਨੇ ਤਾਂ ਉਹੀ ਗੱਲ ਕਰਤੀ ਜਿਹੜੀ ਨਹੀਂ ਕਰਨੀ ਸੀ। ਠਾਣੇ ਕਾਗਜ਼ ਆਗੇ। ਓਹਤਾਂ ਚੰਡੀਗੜ੍ਹ ਬੈਠੀ ਐ ਵਿਆਹ ਕਰਵਾਈ। ਅਦਾਲਤ ਨੇ ਪੁਲਸ ਨੂੰ ਉਹਨਾਂ ਦੀ ਹਿਫ਼ਾਜਤ ਰੱਖਣ ਲਈ ਹੁਕਮ ਕੀਤੇ ਨੇ। ਇਥੋਂ ਆਲੀ ਪੁਲਸ ਨੂੰ ਵੀ ਕਿਹੈ ਘਰ ਵਾਲੇ ਜਾਂ ਕੋਈ ਰਿਸ਼ਤੇਦਾਰ ਇਹਨਾਂ ਨੂੰ ਕੁਛ ਨਾ ਕਹਿਣ। ਮੈਨੂੰ ਬੁਲਾਅ ਲਿਆ ਸੀ ਠਾਣੇਦਾਰ ਨੇ।"

"ਵਿਆਹ ਕੀਹਦੇ ਨਾਲ ਕਰਵਾ ਲਿਆ ?"

"ਓਹੀ ਪਾਰਕ ਕੋਲੇ ਆਪੇ ਬਣੇ ਧਾਲੀਵਾਲਾਂ ਦਾ ਮੁੰਡਾ, ਜਿਹਦਾ ਦਸ ਕੁ ਦਿਨ ਪਹਿਲਾਂ ਤਲਾਕ ਹੋਇਐ।" ਸੁਣਕੇ ਸਿਰ ਇਕਦਮ ਚਕਰਾਅ ਗਿਐ। ਲੱਗਦੈ ਰਹਿੰਦੀ ਕਸਰ ਵੀ ਡਾਢੇ ਨੇ ਕੱਢ ਲਈ।



# ਦੇਸ ਰਾਜ ਪੁੱਛੇ ਕਹਾਣੀਕਾਰ ਕਾਲੀ ਨੂੰ

ਦੇਸ ਰਾਜ ਆਪਣੇ ਅੰਦਰਲੇ ਦੇਸ ਰਾਜ ਕਾਲੀ ਨੂੰ ਪੁੱਛੇ ਕੁਝ ਸਵਾਲ, ਇਸ ਫਿਕਰੇ ਨੂੰ ਲੈ ਕੇ ਮੈਂ ਸਾਹਿਤ ਦੇ ਅਤੀਤ 'ਚ ਉਤਰ ਗਿਆ। ਕੀ ਇਸ ਤੋਂ ਪਹਿਲਾਂ ਵੀ ਕਿਸੇ ਨੇ ਅਜਿਹਾ ਕੀਤਾ ? ਹੈਰਾਨ ਰਹਿ ਗਿਆ, ਕਵਾੜ ਖੁੱਲ੍ਹ ਗਏ, ਸਾਡਾ ਸਾਰਾ ਸਾਹਿਤ ਹੀ ਖੁਦ ਨੂੰ ਸਵਾਲ ਹੈ। ਕੀ ਨਹੀਂ ? ਮੈਂ ਤਾਂ ਇੰਝ ਹੀ ਡਿੱਠਾ। ਗੁਰੂ ਨਾਨਕ ਸਿੱਧ ਗੋਸ਼ਟਿ ਲਿਖ ਰਹੇ ਹਨ। ਆਪਣੇ ਅੰਤਰਮਨ 'ਚ ਬੈਠੇ 'ਸਿੱਧ' ਨੂੰ ਸਵਾਲ ਕਰ ਰਹੇ ਹਨ। ਬਾਬਾ ਬੁੱਲ੍ਹੇ ਸ਼ਾਹ ਕਹਿੰਦੇ ਨੇ-

ਭੁੱਲਾ ਆਪ ਫਿਰੇਂ, ਢੂੰਡੇਂ ਮਾਲਕ ਨੂੰ,
ਵਾਂਗ ਮੁਰਗੀਆਂ ਰੂੜੀਆਂ ਫੋਲਦਾ ਏਂ
ਭਲਾ ਬੁੱਝ ਖਾਂ ਵਿੱਚ ਹੈ ਕੌਣ ਤੇਰੇ
ਸ਼ਾਇਦ ਉਹੋ ਹੋਵੇ ਜਿਹਨੂੰ ਟੋਲਦਾ ਏਂ,
ਬੁੱਲ੍ਹੇ ਸ਼ਾਹ ਜੁਦਾ ਨਹੀਂ ਤੇਰਾ ਰੱਬ ਤੈਥੋਂ
ਆਪੇ ਅਵਾਜ਼ ਮਾਰੇਂ ਆਪੇ ਬੋਲਦਾ ਏਂ।

ਕਿਆ ਬਾਤ ਹੈ, ਆਪੇ ਅਵਾਜ਼ ਮਾਰੇਂ, ਆਪੇ ਬੋਲਦਾ ਏਂ। ਗੁਰੂ ਤੇਗ ਬਹਾਦੁਰ ਦੇ ਸ਼ਲੋਕ, ਬਾਬਾ ਫਰੀਦ ਦੇ ਸ਼ਲੋਕ ਆਪਨੜੇ ਗਿਰਿਵਾਨ ਮਹਿ- ਆਪਣੇ ਅੰਤਰ ਨਾਲ ਗੱਲਾਂ ਨੇ। ਸ਼ਿਵ ਕੁਮਾਰ ਦੀ ਲੂਣਾ ਕੀ ਹੈ, ਸ਼ਿਵ ਸਵੈ ਨਾਲ ਡਾਇਲਾਗ ਹੀ ਤਾਂ ਹੈ। ਨੀ ਮੈਂ ਅੱਗ ਟੁਰੀ ਪਰਦੇਸ। ਬੀ.ਬੀ.ਸੀ. ਨਾਲ ਆਪਣੀ ਇੱਕ ਮੁਲਾਕਾਤ ਦੌਰਾਨ ਉਹਨੇ ਕਿਹਾ ਸੀ ਕਿ ਮੈਂ ਹਰ ਛਿਣ ਮਰਦਾ ਜਾ ਰਿਹਾ ਹਾਂ। ਸਲੋਅ ਸਲੋਅ ਡੈੱਡ। ਲੱਗ ਰਿਹਾ ਸੀ, ਉਹ ਖੁਦ ਨਾਲ ਹੀ ਗੱਲਾਂ ਕਰ ਰਿਹਾ ਹੈ। ਸਾਰਾ ਸਾਹਿਤ ਸਾਡਾ ਆਪਾ, ਆਪੇ ਨਾਲ ਸੰਵਾਦ 'ਚ ਹੈ। ਮੇਰਾ ਸਾਹਿਤ, ਮੇਰੀਆਂ ਕਹਾਣੀਆਂ, ਸੱਭ ਕੁਝ। ਮੇਰੀ ਪੱਤਰਕਾਰੀ ਵੀ ਮੇਰਾ ਆਪਣੇ ਆਪ ਨਾਲ ਸੰਵਾਦ ਹੈ। ਹੁਣ ਹੇਠਾਂ ਜੋ ਸਵਾਲ ਨੇ, ਉਹਨਾਂ ਦੀ ਸਿਰਫ ਵਿਧਾ ਵੱਖਰੀ ਹੈ, ਗੱਲ ਫਿਰ ਉਹੀ ਹੈ।

ਦੇਸ ਰਾਜ- ਕਾਮਰੇਡ ਤੁਮਹਾਰੀ ਪਾਲੀਟਿਕਸ ਕਿਆ ਹੈ ?

ਕਾਲੀ- ਮੈਂ ਸਿਆਸੀ ਬੰਦਾ ਹਾਂ। ਮੇਰਾ ਸਾਹਿਤ, ਮੇਰੀ ਪੱਤਰਕਾਰਿਤਾ ਮੇਰੀ ਸਿਆਸਤ ਦੇ ਸਾਧਨ ਹਨ। ਮੇਰੀ ਸਿਆਸਤ ਹੈ ਕਿ ਮੈਂ ਦਲਿਤ ਤੇ ਔਰਤ ਦੇ ਪੱਖ 'ਚ ਖੜ੍ਹਾ ਹਾਂ। ਨੰਗਾ ਚਿੱਟਾ। ਕ੍ਰਾਂਤੀਕਾਰੀ ਮੈਂ ਇਸ ਕਰਕੇ ਨਹੀਂ ਹਾਂ, ਕਿਉਂਕਿ ਮੈਂ ਦਲਿਤ ਹੋ ਕੇ ਦਲਿਤ ਨਾਲ ਖੜ੍ਹਾ ਹਾਂ। ਜੇ ਗੈਰ-ਦਲਿਤ ਹੁੰਦਾ ਤਾਂ ਇਹੀ ਕਦਮ ਕ੍ਰਾਂਤੀਕਾਰੀ ਹੋਣਾ ਸੀ, ਹੁਣ ਜਾਤੀਵਾਦੀ ਹੋਣ ਦਾ ਇਲਜ਼ਾਮ ਲੱਗ ਸਕਦਾ ਹੈ। ਪਿਛਲੇ ਦਿਨੀਂ ਮੇਰੇ ਮਿੱਤਰ ਹਰਵਿੰਦਰ ਭੰਡਾਲ ਤੇ ਤਸਕੀਨ, ਅਸੀਂ ਬੈਠੇ 'ਲਕੀਰ' ਦੇ ਮੈਟਰ ਬਾਰੇ ਗੱਲ ਕਰ ਰਹੇ ਸਾਂ। ਗੱਲ ਚੱਲੀ ਤਾਂ ਪਤਾ ਲੱਗਾ ਕਿ ਸ਼ਬਦੀਸ਼ ਨੇ ਬਲਬੀਰ ਮਾਧੋਪੁਰੀ ਤੇ ਰੌਣਕੀ ਰਾਮ (ਡਾ.) ਦੇ ਚਿੰਤਨ ਬਾਰੇ ਲੇਖ ਲਿਖਿਆ ਹੈ। ਮੈਂ ਕਿਹਾ ਕਿ ਮੰਗਵਾ ਲੈਂਦੇ ਹਾਂ, ਤਾਂ ਮਿੱਤਰ ਕਹਿੰਦੇ, 'ਹਾਂ ਦੇਖ ਲੈ, ਜੇ ਤੇਰੀ ਪਾਲੀਟਿਕਸ ਦੇ ਫਿੱਟ ਬੈਠੇ।' ਮੈਨੂੰ ਉਸ ਵਕਤ ਉਹਨਾਂ ਦਾ ਇਹ ਡਾਇਲਾਗ ਬੁਰਾ ਲੱਗਾ। ਮੈਨੂੰ ਲੱਗਾ ਕਿ 'ਮਾਰਕਸਵਾਦੀ ਹੋਣ ਦਾ ਹੰਕਾਰ' ਇਹਨਾਂ ਦੇ ਅੰਦਰੋਂ ਬੋਲ ਰਿਹਾ ਹੈ। ਪਰ ਮੈਂ ਚੁੱਪ ਰਿਹਾ। ਇਕੱਲੇ ਬੈਠ ਕੇ ਸੋਚਿਆ, ਤਾਂ ਆਪਣੇ ਆਪ ਉੱਤੇ ਮਾਣ ਹੋਇਆ। ਹਾਂ, ਮੇਰੀ ਆਪਣੀ ਪਾਲੀਟਿਕਸ ਹੈ। ਜੇ ਤੁਹਾਡੀ ਕੋਈ ਪਾਲੀਟਿਕਸ ਨਹੀਂ ਹੈ, ਤਾਂ ਤੁਸੀਂ ਕੀ ਹੋ, ਇਹ ਕੀ ਕਹਾਂ ? ਇੱਕ ਬੜੀ ਵੱਡੀ ਸੰਸਥਾ ਦੇ ਕਰਤਿਆਂ ਦਾ ਕਹਿਣਾ ਹੈ ਕਿ ਅਸੀਂ 'ਅਰਾਜਨੀਤਕ' ਹਾਂ। ਇਹ ਨਾਨ-ਪੋਲੀਟਿਕਲ ਹੋਣਾ, ਕੀ ਪੋਲੀਟਿਕਸ ਨਹੀਂ ਹੈ ? ਖ਼ੈਰ, ਆਪਾਂ ਕਿਸੇ ਕੋਲੋਂ ਕੀ ਲੈਣਾ, ਆਪਣੀ ਗੱਲ ਕਰਦੇ ਹਾਂ।

ਛੱਡੋ, ਕੁਝ ਮਜ਼ੇਦਾਰ ਗੱਲਾਂ ਕਰਦੇ ਹਾਂ, ਜੇ ਤੁਸੀਂ ਉਹਨਾਂ ਵਿੱਚੋਂ ਮੇਰੀ ਸਿਆਸਤ ਫੜ ਲਵੋ ਤਾਂ ਫੜ ਲਵੋ। ਪਹਿਲੀ ਗੱਲ, ਮੈਨੂੰ ਹਮੇਸ਼ਾ ਇਹੀ ਲੱਗਦਾ ਰਿਹਾ ਹੈ ਕਿ ਮੈਨੂੰ ਕੋਈ ਵੀ ਪਿਆਰ ਨਹੀਂ ਕਰਦਾ। ਮੇਰੀ ਮਾਂ ਨੇ ਕਦੇ ਪਿਆਰ ਨਹੀਂ ਕੀਤਾ। ਮੈਂ ਆਪਣੇ ਪਿਤਾ ਨਾਲ ਕਦੇ ਹਮ-ਕਲਾਮ ਹੀ ਨਹੀਂ ਹੁੰਦਾ। ਅਸੀਂ ਘੱਟੋ-ਘੱਟ ਪੰਜ ਸਾਲ ਬਾਦ ਇੱਕ ਦੂਸਰੇ ਨੂੰ ਸੜੀ ਹੋਈ ਗੱਲ ਕਰਦੇ ਹਾਂ। ਆਪਣੇ ਭਰਾਵਾਂ ਨੂੰ ਹੂੰ-ਹਾਂ ਤੋਂ ਵੱਧ ਕਦੇ ਗੱਲ ਨਹੀਂ ਕੀਤੀ। ਭੈਣ ਦਾ ਫੋਨ ਆ ਜਾਵੇ ਪੈਰਿਸ ਤੋਂ, ਤਾਂ ਮੈਨੂੰ ਮੌਤ ਪੈਣ ਲੱਗਦੀ ਹੈ। ਦੋਸਤ ਕਈ ਵਾਰ ਆਪਣੇ ਲੱਗਦੇ ਨੇ, ਦੂਸਰੇ ਪਲ ਉਹ ਵੀ ਦੂਰ ਨਜ਼ਰ ਆਉਣ ਲੱਗਦੇ ਨੇ। ਮੈਂ ਪਿਆਰ ਵਿਆਹ ਕਰਵਾਇਆ ਹੈ, ਪਰ ਕੀ ਇਹ ਪਿਆਰ ਸੀ ? ਮੇਰੀ ਘਰਵਾਲੀ ਨੂੰ ਸਾਰੀਆਂ ਗੱਲਾਂ/ਘਟਨਾਵਾਂ/ਮੌਕੇ/ਖੁਸ਼ੀਆਂ/ਗਮੀਆਂ ਯਾਦ ਨੇ, ਮੈਨੂੰ ਇੱਕ ਪਲ ਵੀ ਯਾਦ ਨਹੀਂ। ਮੇਰੇ ਬੱਚੇ ਮੇਰੇ ਨਾਲ ਪਿਆਰ ਕਰਦੇ ਨੇ, ਤਾਂ ਮੇਰਾ ਰੋਣ ਨਿਕਲ ਜਾਂਦਾ ਹੈ। ਇਹ ਇਸ ਕਰਕੇ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਇਹਨਾਂ ਨੂੰ ਪਿਆਰ ਤੋਂ ਵਾਂਝੇ ਨਹੀਂ ਰਹਿਣ ਦੇਣਾ। ਅੰਜਲੀ (ਮੇਰੀ ਪਤਨੀ) ਨਾਲ ਮੈਂ ਵਿਆਹ ਇਸ ਕਰਕੇ ਕਰਵਾਇਆ ਕਿਉਂਕਿ ਪਿਆਰ ਉਹਨੂੰ ਵੀ ਕਿਸੇ ਨੇ ਨਹੀਂ ਦਿੱਤਾ। ਉਹ ਜੰਮੀ ਤਾਂ ਮਾਂ ਬਾਪ ਨੇ ਉਹਦੀ ਦਾਦੀ ਕੋਲ ਛੱਡ ਦਿੱਤਾ, ਜੋ ਜਲੰਧਰ ਵਿੱਚ ਆਪਣੀ 'ਛੁੱਟੜ ' ਭੈਣ ਨਾਲ ਰਹਿੰਦੀ ਸੀ, ਆਪ ਉਹ ਬਾਲ ਵਿਧਵਾ ਹੈ, ਦਰਅਸਲ ਉਹ ਇਹਦੇ ਪਿਤਾ ਦੀ ਮਾਸੀ ਹੈ, ਪਿਤਾ ਇਹਦੇ ਨੂੰ ਉਸੇ ਨੇ ਪਾਲਿਆ, ਕਿਉਂਕਿ ਉਹਦੇ ਮਾਂ-ਬਾਪ ਐਕਸੀਡੈਂਟ 'ਚ ਮਾਰੇ ਗਏ ਸਨ। ਹੁਣ ਇਸਦੀ ਪਰਵਰਿਸ਼ ਦੋ 'ਵਿਧਵਾਵਾਂ' ਵਿੱਚ ਹੋਈ। ਉਹਨਾਂ ਇਹਨੂੰ ਕੀ ਪਿਆਰ ਕੀਤਾ ਹੋਊ ? ਨਹੀਂ ਕੀਤਾ। ਇਹਦੀ ਸਾਰੀ ਉਮਰ ਪਿਆਰ ਵਿਹੂਣੀ ਹੀ ਲੰਘ ਗਈ। ਹੁਣ ਕੋਈ ਰੱਤੀ ਭਰ ਪਿਆਰ ਦੇ ਦੇਵੇ ਤਾਂ ਇਹ ਆਪਾ ਵਾਰ ਸਕਦੀ ਹੈ। ਮੇਰੇ ਉਪਰ ਵਾਰ ਦਿੱਤਾ। ਪਰ ਮੈਨੂੰ ਕੋਈ ਪਿਆਰ ਕਰਦਾ ਹੈ, ਮੈਂ ਮੰਨਣ ਲਈ ਤਿਆਰ ਨਹੀਂ। ਮੈਨੂੰ ਕੋਈ ਪਿਆਰ ਨਹੀਂ ਕਰਦਾ। ਇਹੀ ਗੱਲ ਸੋਚ ਕੇ ਮੈਂ ਰੋਂਦਾ ਰਹਿੰਦਾ ਹਾਂ। ਪਤਨੀ ਨੂੰ ਵਿਚਲੀ ਗੱਲ ਨਹੀਂ ਦੱਸਦਾ। ਉਹ ਦਹਿਸ਼ਤਜ਼ਦਾ ਹੋ ਜਾਂਦੀ ਹੈ ਤਾਂ ਮੈਂ ਹੋਰ ਰੋਂਦਾ ਹਾਂ। ਉੱਚੀ-ਉੱਚੀ ਰੋਂਦਾ ਹਾਂ।

ਦੂਸਰੀ ਗੱਲ, ਪਾਲੀਟਿਕਸ ਵਾਲੀ ਹੀ ਕਰ ਲੈਂਦਾ ਹਾਂ, ਤੇਰੇ ਸਵਾਲ ਤੋਂ ਬਾਹਰ ਕਾਹਨੂੰ ਜਾਣਾ। ਵਰ੍ਹੇ 2010 ਵਿੱਚ ਮੈਨੂੰ ਜੈਪੁਰ ਲਿਟਰੇਚਰ ਫੈਸਟੀਵਲ ਵਾਲਿਆਂ ਨੇ ਸੱਦਿਆ। ਸਵਾਲ-ਜਵਾਬ ਦੇ ਸਿਲਸਿਲੇ 'ਚ ਮੈਂ ਕਿਹਾ ਕਿ ਦਲਿਤ ਕਵਿਤਾ/ਸਾਹਿਤ ਪਿਆਰ ਦਾ ਸਾਹਿਤ ਹੈ। ਇਹਨੂੰ ਪਿਆਰ ਕਵਿਤਾ ਕਿਹਾ ਜਾਵੇ। ਮੈਂ ਉਦਾਹਰਣ ਦਿੱਤੀ ਕਿ ਸਾਡੀ ਸ਼ਾਇਰਾ ਪੀਰੋ ਪ੍ਰੇਮਣ ਜੋ ਹੈ, ਉਹ ਪਹਿਲੀ ਦਲਿਤ ਕਵੀ ਹੈ। ਉਹਦਾ ਤਾਂ ਨਾਮ ਹੀ ਪ੍ਰੇਮਣ ਹੈ। ਉਹ ਪ੍ਰੇਮ ਕਵਿਤਾਵਾਂ ਲਿਖਦੀ ਹੈ। ਦਲਿਤ ਕਦੇ ਵੀ ਨਫਰਤ ਦਾ ਸਾਹਿਤ ਨਹੀਂ ਲਿਖਦਾ। ਉਹ ਪ੍ਰੇਮ ਦਾ ਸਾਹਿਤ ਲਿਖਦਾ ਹੈ। ਸਾਡਾ ਲਾਲ ਸਿੰਘ ਦਿਲ ਹੈ, ਉਹਦੀ ਸਾਰੀ ਕਵਿਤਾ ਪ੍ਰੇਮ ਕਵਿਤਾ ਹੈ। ਉਹ 'ਕਾਂਗਲਾ ਤੇਲੀ ' ਕਵਿਤਾ 'ਚ ਹਿੰਸਾ ਦਾ ਵਰਨਣ ਕਰ ਰਿਹਾ ਵੀ, ਪਿਆਰ 'ਚ ਵਿਆਕੁਲ ਕਾਂਗਲੇ ਦੀ ਗੱਲ ਕਰਦਿਆਂ ਪਾਠਕ ਦੇ ਮਨ 'ਚ ਉਤਰ ਜਾਂਦਾ ਹੈ। ਬਲਬੀਰ ਮਾਧੋਪੁਰੀ ਜਦੋਂ ਆਪਣੇ ਪਿਤਾ ਦੀ ਗਰੀਬੀ/ਮਿਹਨਤ/ਨਿਸ਼ਠਾ ਦੀ ਗੱਲ ਕਰਦਾ ਹੈ ਤਾਂ ਉਹਦਾ 'ਪ੍ਰੇਮ' ਡੁੱਲ੍ਹ ਡੁੱਲ੍ਹ ਪੈਂਦਾ ਹੈ। ਮਦਨ ਵੀਰਾ ਪ੍ਰੇਮ ਦਾ ਕਵੀ ਹੈ। ਇਹ ਲੋਕ ਨਫਰਤ ਕਰ ਹੀ ਨਹੀਂ ਸਕਦੇ, ਇਹ ਤਾਂ ਪਿਆਰ ਚਾਹੁੰਦੇ ਨੇ। ਫਿਰ ਇਸੇ ਪਾਲੀਟਿਕਸ 'ਚੋਂ ਮੈਂ ਅਗਾਂਹ ਹੋਣ ਜਾ ਰਹੇ ਇੱਕ ਨੈਸ਼ਨਲ ਸਾਹਿਤ ਫੈਸਟੀਵਲ 'ਚ ਇਸੇ ਵਿਸ਼ੇ ਬਾਰੇ ਇੱਕ ਪੂਰਾ ਸੈਸ਼ਨ ਪਾਸ ਕਰਵਾ ਲਿਆ ਹੈ। ਹੁਣ ਅਸੀਂ ਕੁਝ ਲੋਕ ਨਵੰਬਰ ਮਹੀਨੇ ਦਿੱਲੀ ਵਿੱਚ ਹੋ ਰਹੇ ਉਸ ਫੈਸਟੀਵਲ 'ਚ ਇਹੀ ਗੱਲਾਂ ਕਰਾਂਗੇ।

ਦੇਸ ਰਾਜ- ਕਹਾਣੀਕਾਰ+ਨਾਵਲਕਾਰ ਦਾ ਆਪੋ ਵਿਚ ਕੀ ਸਰਬੰਧ ਹੈ ?

ਕਾਲੀ- ਸਰਬੰਧ ਸ਼ਬਦ ਬਹੁਤ ਅੱਛਾ ਹੈ। ਕੋਈ ਕਹੇਗਾ ਕਿ ਤਕਨੀਕੀ ਤੌਰ 'ਤੇ ਸਹੀ



ਨਹੀਂ। ਮੈਂ ਕਹਿਨਾ ਕਿ ਹਿਰਦੇ 'ਚੋਂ ਨਿਕਲਿਆ ਹੈ। ਪਹਿਲਾਂ ਮੈਂ ਕਹਾਣੀਕਾਰ ਹਾਂ ਜਾਂ ਨਾਵਲਕਾਰ, ਕਹਿ ਨਹੀਂ ਸਕਦਾ। ਪਹਿਲੀ ਕਹਾਣੀ ਲਿਖੀ, ਨਾਲੋ-ਨਾਲ ਇੱਕ ਨਵੇਲਾ ਚੱਲਦਾ ਰਿਹਾ। ਇਹ ਅਕਾਲੀ ਪਤ੍ਰਿਕਾ 'ਚ ਲੜੀਵਾਰ ਛਪਿਆ ਵੀ। ਪਰ ਹੁਣ ਮੈਂ ਇਸਨੂੰ ਡਿਸਓਨ ਕਰ ਚੁੱਕਾ ਹਾਂ। ਫਿਰ ਅਚਾਨਕ ਇਕ ਘਟਨਾ ਵਾਂਗ 'ਪਰਨੇਸ਼ਵਰੀ' ਨੇ ਜਨਮ ਲਿਆ। ਪਰ ਮੇਰੇ ਨਾਵਲ ਵੀ ਬਹੁਤ ਸਾਰੇ ਟੁੱਟਵੇਂ ਬਿਰਤਾਂਤ ਹੋਣ ਕਰਕੇ, ਕਹਾਣੀਆਂ ਦੀ ਲੜੀ ਹੀ ਕਹੇ ਜਾ ਸਕਦੇ ਹਨ।

ਇਕ ਰਹੱਸ ਦੀ ਗੱਲ ਜੋ ਮੈਂ ਮਹਿਸੂਸ ਕੀਤੀ, ਉਹ ਸਾਂਝੀ ਕਰਦਾ ਹਾਂ। ਨਿਰੁਪਮਾ ਦੱਤ ਤੇ ਅਜੇ ਭਾਰਦਵਾਜ ਨਾਲ ਮਿਲਕੇ ਅਸੀਂ ਆਈ ਐਮ ਐਫ ਵਾਸਤੇ ਇੱਕ ਦਸਤਾਵੇਜ਼ੀ ਫਿਲਮ ਬਣਾਈ- ਕਿਤੇ ਮਿਲ ਵੇ ਮਾਹੀ। ਇਹ ਫਿਲਮ ਬਣਾਉਂਦਿਆਂ ਮੈਂ ਅਜੇ ਭਾਰਦਵਾਜ ਦੀ ਕੈਮਰੇ ਵਾਲੀ ਅੱਖ ਦਾ ਕਾਇਲ ਹੋ ਗਿਆ। ਉਹ ਨਿੱਕੀ ਤੋਂ ਨਿੱਕੀ ਚੀਜ਼ ਨੂੰ ਬੋਲਣ ਲਾ ਦਿੰਦਾ ਹੈ। ਲਾਲ ਸਿੰਘ ਦਿਲ ਦੀ ਫੁਟੇਜ ਲੈ ਰਹੇ ਹਾਂ ਤਾਂ ਖਾਲੀ ਬੋਤਲਾਂ, ਬੀੜੀਆਂ ਦੇ ਬੁੰਡੇ ਵੀ ਬੋਲਣ ਲੱਗ ਪੈਂਦੇ ਹਨ। ਉਸ ਅਨੁਭਵ ਤੋਂ ਬਾਦ ਮੈਂ ਕਹਾਣੀ ਲਿਖੀ- ਫ਼ਕੀਰੀ- ਜਿਹਦੇ 'ਚ ਮੈਂ ਦੇਖਿਆ ਕਿ ਉਸੇ ਤਰ੍ਹਾਂ ਡੀਟੇਲ ਮੀਨਿੰਗਫੁੱਲ ਬਣਕੇ ਆ ਰਹੀ ਹੈ। ਫਿਰ ਇਹੀ ਡੀਟੇਲ ਪਾਤਰ ਦੇ ਅੰਤਰਮਨ ਦੀ ਲੰਬੀ ਹੋਣ ਲੱਗੀ, ਪਾਤਰ ਦੇ ਦੂਸਰੇ ਸਮਾਜ ਨਾਲ ਸੰਬੰਧਾਂ ਦੀ ਡੀਟੇਲ ਪਾਉਣ ਲੱਗੀ, ਫਿਰ ਉਹਨਾਂ ਪਾਤਰਾਂ ਦੇ ਮਨ ਤੇ ਸਮਾਜ ਨਾਲ ਸਾਂਝ। ਬੱਸ ਇਹਨੇ ਹੀ ਕਹਾਣੀ ਤੋਂ ਨਾਵਲ ਬਣਾ ਦਿੱਤਾ। ਹੁਣ ਨਵਾਂ ਨਾਵਲ- ਸ਼ਹਿਰ ਵਿੱਚ ਸਾਨ੍ਹ, ਹੋਣ ਦਾ ਮਤਲਬ- ਜਲਦੀ ਆ ਰਿਹਾ ਹੈ। ਬਾਕੀ ਰਮਜ਼ਾਂ ਹੀ ਹੁੰਦੀਆਂ ਨੇ ਸਾਹਿਤ ਤਾਂ। ਉਹ ਪਾਠਕ ਜੇ ਸਮਝ ਲਵੇ ਤਾਂ ਵਾਹ-ਭਲੀ, ਨਾ ਸਮਝੇ ਤਾਂ ਅਲਾਹ-ਰਾਖਾ।

ਦੇਸ ਰਾਜ- ਪੱਤਰਕਾਰੀ+ ਸਾਹਿਤਕਾਰੀ ਦਾ ਸਰਬੰਧ ਵੀ ਦੱਸ ਹੀ ਦਿਓ ?

ਕਾਲੀ- ਲੇਖਕ ਨੂੰ ਪੱਤਰਕਾਰ ਹੋਣਾ ਚਾਹੀਦਾ ਹੈ। ਮਾਰਕੇਜ਼ ਵਧੀਆ ਪੱਤਰਕਾਰ ਹੈ। ਹਮਿੰਗਵੇ ਪੱਤਰਕਾਰ ਸੀ। ਉਦੈ ਪ੍ਰਕਾਸ਼, ਰਜਿੰਦਰ ਯਾਦਵ, ਰਵਿੰਦਰ ਕਾਲੀਆ, ਸਭ ਪੱਤਰਕਾਰ ਨੇ। ਪੱਤਰਕਾਰ ਹਰ ਨਵੀਂ ਚੀਜ਼ ਬਾਰੇ, ਨਵੇਂ ਦੌਰ ਬਾਰੇ, ਨਵੇਂ ਚਿੰਤਨ ਬਾਰੇ, ਨਵੇਂ ਟਰੈਂਡ ਬਾਰੇ, ਸੁਚੇਤ ਹੁੰਦਾ ਹੈ। ਉਸ ਕੋਲ ਔਥੈਂਟਿਕ ਇਨਫਾਰਮੇਸ਼ਨ ਹੁੰਦੀ ਹੈ। ਜੇ ਉਹ ਵਿਚਾਰ ਰੱਖਦਾ ਹੈ ਤਾਂ ਇਸ 'ਨਵੇਂਪਣ' ਵਿੱਚ ਬਹੁਤ ਕੁਝ ਨਵਾਂ ਤੇ ਨਰੋਆ ਕੱਢ ਸਕਦਾ ਹੈ। ਮੇਰੀਆਂ ਕਹਾਣੀਆਂ ਵਿੱਚ ਬਹੁਤ ਕੁਝ ਉਹ ਹੈ, ਜੋ ਮੈਂ ਪੱਤਰਕਾਰੀ ਦੌਰਾਨ ਖੋਜ ਕੀਤੀ। ਇਹ ਪੰਜਾਬ ਦੇ, ਭਾਰਤ ਦੇ ਸਰੋਕਾਰ ਹਨ। ਇਹ ਦਲਿਤਾਂ ਦੇ ਸਰੋਕਾਰ ਹਨ, ਔਰਤ ਦੇ ਸਰੋਕਾਰ ਹਨ। ਮੈਂ ਆਪਣੇ ਅੰਤਰ ਮਨ ਨਾਲ ਸੰਵਾਦ ਕਰਦਾ ਹਾਂ, ਪਰ ਇਹ ਸੰਵਾਦ ਸਮਾਜ ਨਾਲੋਂ ਟੁੱਟਿਆ ਹੋਇਆ ਨਹੀਂ ਹੈ। ਇਹ ਕਿਤੇ ਗਹਿਰੇ ਸਮਾਜ ਨਾਲ ਜੁੜਿਆ ਹੋਇਆ ਹੈ। ਇਹ ਪੱਤਰਕਾਰਤਾ ਕਰਕੇ ਹੀ ਸੰਭਵ ਹੋਇਆ ਹੈ।

ਚਲੋ, ਇੱਕ ਮਜ਼ੇਦਾਰ ਗੱਲ ਸੁਣੋ। ਪਿਛਲੇ ਦਿਨੀਂ ਫਿਲਮ ਦੇਖੀ - ਗੁਲਾਲ। ਉਹਦੇ ਵਿੱਚ ਨੌਟੰਕੀ ਜਿਹੀ ਵਾਲੀ ਇੱਕ ਫਿਕਸ਼ਨਲ ਟੋਲੀ ਹੈ। ਉਹ ਗਾ ਰਹੇ ਨੇ ਕਿ ਨੱਚਣ ਵਾਲੀਏ ਤੇਰੀ ਹਿੱਕ ਸਾਡੇ ਸੀਨੇ 'ਚ ਇੰਝ ਵੱਜਦੀ ਹੈ, ਜਿਵੇਂ - ਦੂਰ ਦੇਸ਼ ਕੇ ਟਾਵਰ ਮੇਂ ਕੋਈ ਵੱਜ ਗਿਆ ਐਰੋਪਲੇਨ! ਵਾਹ ! ਵਾਹ!

ਦੇਸ ਰਾਜ- ਸਮਕਾਲੀ ਕਹਾਣੀ ਬਾਰੇ ਰਾਏ ਕੀ ਹੈ ?

ਕਾਲੀ- ਜਤਿੰਦਰ ਹਾਂਸ ਦੀ 'ਤੱਖੀ' ਦਾ ਡੰਗ ਗਹਿਰਾ ਹੈ। ਜੇ ਜਸਵੀਰ ਰਾਣਾ ਨਵੀਂ ਕਹਾਣੀ ਵਿੱਚ ਆਪ ਬੋਲਕੇ ਥੋੜ੍ਹਾ ਜਿਹਾ ਥਿੜਕਿਆ ਹੈ ਤਾਂ ਪਹਿਲੀਆਂ ਕਹਾਣੀਆਂ 'ਚ ਜਿਵੇਂ ਉਸਦੀ ਖਾਮੋਸ਼ੀ ਬੋਲਦੀ ਹੈ, ਕਮਾਲ ਕਰ ਜਾਂਦੀ ਹੈ। ਭਗਵੰਤ ਪਾਤਰ/ਘਟਨਾਵਾਂ ਦੀ ਬੁਣਤੀ ਨਾਲ ਮੋਹ ਲੈਂਦਾ ਹੈ। ਅਜਮੇਰ ਸਿੱਧੂ ਕਾਮਰੇਡੀ ਦੇ ਚੱਕਰਾਂ 'ਚ ਸਹਿਜਤਾ ਗਵਾ ਰਿਹਾ ਹੈ। ਹਾਲਾਂਕਿ ਉਸਦੀ ਸ਼ੈਲੀ ਕਾਫੀ ਮਚਿਓਰ ਹੋਈ ਹੈ। ਤ੍ਰਿਪਤਾ ਕੇ ਸਿੰਘ ਕੁਝ ਨਵਾਂ ਕਰੇਗੀ, ਸਰਘੀ ਨੇ ਕਮਾਲ ਕਰਤੀ।

ਬਹੁਤ ਗਹਿਰੀ ਕਹਾਣੀ ਕਹੀ ਉਸਨੇ। ਮਨਿੰਦਰ ਕਾਂਗ ਦੇ ਦਾਣੇ ਅਜੇ ਮੁੱਕੇ ਨਹੀਂ ਲਗਦੇ, ਨਾ ਹੀ ਸਾਂਵਲ ਧਾਮੀ ਦੇ। ਇਹ ਦੇਰ ਨਾਲ ਲਿਖਣ ਵਾਲੇ ਕਹਾਣੀਕਾਰ ਨੇ। ਕਹਾਣੀ ਵਿੱਚ ਰਾਮ ਸਰੂਪ ਅਣਖੀ ਦੀ ਸਾਦਾ ਗਹਿਰਾਈ ਬਾਰੇ ਅੱਜ ਕਲ੍ਹ ਮਨਿੰਦਰ ਕਾਂਗ ਗੱਲਾਂ ਕਰ ਰਿਹਾ ਹੈ, ਮੈਂ ਪਹਿਲਾਂ ਕਰ ਚੁੱਕਾ ਹਾਂ। ਸੁਖਜੀਤ ਦੇ ਪਾਤਰ ਤਾਂ ਜਿਵੇਂ ਪੱਛ ਲਾਉਂਦੇ ਨੇ, ਮੈਂ ਕਹਿ ਹੀ ਨਹੀਂ ਸਕਦਾ, ਉਹ ਸਾਡਾ ਦਾਰਸ਼ਨਿਕ ਕਹਾਣੀਕਾਰ ਹੈ। ਕੋਈ ਕਸਰ ਨਹੀਂ ਛੱਡਦਾ। ਤਲਵਿੰਦਰ+ਜਿੰਦਰ ਮੇਰੇ ਸੀਨੀਅਰ ਨੇ, ਉਹਨਾਂ ਬਾਰੇ ਕੋਈ ਟਿੱਪਣੀ ਨਹੀਂ।

ਅਨੇਮਨ ਦੇ ਪਾਤਰ ਨਵੇਂ ਨੇ, ਗੱਲ ਗਹਿਰੀ ਹੈ।

ਨਵੀਂ ਕਹਾਣੀ ਬਹੁਤ ਕੁਝ ਨਵਾਂ ਕਹਿ ਰਹੀ ਹੈ। ਨਵੇਂ ਚਿੰਤਨ ਦੇ ਹਾਣ ਦੀ ਹੈ। ਪਰ ਜੋ ਅੱਜ ਕਲ੍ਹ, ਸਾਡੇ ਬਜ਼ੁਰਗ ਕਹਾਣੀਕਾਰ ਲਿਖ ਰਹੇ ਹਨ, ਘੋਰ ਨਿਰਾਸ਼ਾ ਹੁੰਦੀ ਹੈ। ਉਹਨਾਂ ਨੂੰ ਹੁਣ ਚੁੱਪ ਕਰ ਜਾਣਾ ਚਾਹੀਦਾ ਹੈ, ਇੱਜ਼ਤ ਬਚੀ ਰਹੇਗੀ। ਜੈ ਮਾਤਾ ਦੀ!

ਦੇਸ ਰਾਜ– ਕੀ ਪੜ੍ਹਦੈਂ, ਕਦੈ ਪੜ੍ਹਦੈਂ, ਕਿਉਂ ਪੜ੍ਹਦੈਂ ?

ਕਾਲੀ– ਦਿਲਚਸਪ ਸਵਾਲ ਹੈ। ਕੀ ਪੜ੍ਹਦੈਂ 'ਚ ਤਾਂ ਫਿਲਾਸਫੀ+ ਸਾਈਕਾਲੋਜੀ+ ਇਤਿਹਾਸ ਦੀਆਂ ਕਿਤਾਬਾਂ ਜ਼ਿਆਦਾ ਨੇ। ਵੈਸੇ ਅੱਜ ਕਲ੍ਹ, ਮੈਂ ਬਹੁਤਾ ਸਮਾਂ ਕਲਾਸੀਕਲ ਮਿਊਜ਼ਿਕ ਸੁਣਦਾ ਹਾਂ। ਦਿਨ ਰਾਤ ਹਰੀ ਪ੍ਰਸਾਦ ਚੌਰਸੀਏ ਦੀ ਬਾਂਸੁਰੀ ਚੱਲਦੀ ਹੈ। ਹਾਂ, ਮੈਗਜ਼ੀਨ ਨਯਾ ਗਿਆਨਉਦਯ, ਹੰਸ, ਸਿਰਜਣਾ, ਸ਼ਬਦ, ਪ੍ਰਵਚਨ, ਹੁਣ, ਮੁਹਾਂਦਰਾ, ਜਦੋਂ ਆਉਂਦੇ ਨੇ, ਪੜ੍ਹਕੇ ਹੀ ਸਾਹ ਲੈਂਦਾ ਹਾਂ। ਨਵੇਂ ਨੂੰ ਬਹੁਤ ਪੜ੍ਹਦਾ ਹਾਂ। ਸਮਕਾਲੀਆਂ ਦੀ ਪੂਰੀ ਕਨਸੋਅ ਰਖਦਾ ਹਾਂ। ਇਤਿਹਾਸ ਬਾਰੇ ਤਾਂ ਖੁਦ ਹੀ ਖੋਜ ਕਰਦਾ ਰਹਿੰਦਾ ਹਾਂ। ਮੇਰਾ ਨਵਾਂ ਨਾਵਲ 'ਠੁਮਰੀ' ਚੱਲ ਰਿਹਾ ਹੈ, ਇਹ ਇਤਿਹਾਸਕ ਨਾਵਲ ਹੈ। ਬਹੁਤ ਕੁਝ ਖੋਜ ਕਰਕੇ ਲਿਖਿਆ ਹੈ।

ਕਦੋਂ ਪੜ੍ਹਦੈਂ ਦਾ ਜਵਾਬ ਹੈ ਕਿ ਖਾਂਦੇ–ਪੀਂਦੇ, ਉਠੱਦੇ–ਬੈਠਦੇ, ਸਫਰ ਕਰਦੇ, ਹੱਸਦੇ–ਰੋਂਦੇ, ਜਾਂ ਕਹੋ ਕਿ ਸੌਂਦੇ ਵਕਤ ਵੀ ਪੜ੍ਹਦਾ ਹੀ ਰਹਿੰਦਾ ਹਾਂ, ਨਹੀਂ ਪੜ੍ਹ ਰਿਹਾ ਹੁੰਦਾ ਤਾਂ ਵੀ ਪੜ੍ਹ ਰਿਹਾ ਹੁੰਦਾ ਹਾਂ। ਹੋਰ ਕੰਮ ਹੀ ਕੋਈ ਨਹੀਂ। ਕੀ ਕਿਹਾ ? ਬੀਵੀ ਨਾਲ ਸੌਂਦੇ ਵੇਲੇ ਵੀ ? ਹਾਂ ਸ਼ਾਇਦ ਉਦੋਂ ਵੀ! ਖ਼ੈਰ!


ਕਿਉਂ ਪੜ੍ਹਦੈਂ, ਦਾ ਜਵਾਬ ਮੇਰਾ ਸਾਹਿਤ ਹੈ। ਜੇ ਨਾ ਪੜ੍ਹਾਂ ਤਾਂ ਨੁਕਤੇ ਨਹੀਂ ਔੜਦੇ। ਕਈ ਵਾਰ ਇਤਿਹਾਸ+ਫਿਲਾਸਫੀ ਪੜ੍ਹ ਰਿਹਾ ਹੁੰਦਾ ਹਾਂ, ਤਾਂ ਕਿਤਾਬ ਪਤਾ ਨਹੀਂ ਕਿੱਥੇ ਅਲੋਪ ਹੋ ਜਾਂਦੀ ਹੈ ਤੇ ਆਪਣੀ ਰਚਨਾ ਅੱਖਾਂ ਮੂਹਰੇ ਆ ਖੜ੍ਹਦੀ ਹੈ। ਕਹਿੰਦੇ ਨੇ ਜਦੋਂ ਮਾਸਟਰ ਮਦਨ ਗਾਉਂਦਾ ਸੀ ਤਾਂ ਰਾਗਨੀ ਸਟੇਜ ਉੱਤੇ ਹਾਜ਼ਰ ਹੋ ਜਾਂਦੀ ਸੀ, ਠੀਕ ਉਹੋ– ਜਿਹਾ ਹੀ ਆਲਮ ਅਨੁਭਵ ਕਰ ਚੁੱਕਾ ਹਾਂ। ਰਾਗਨੀ ਸਾਹਮਣੇ ਖੜ੍ਹੀ ਮਹਿਸੂਸ ਕੀਤੀ ਹੈ। ਵਾਹ, ਕਿਆ ਆਨੰਦ ਹੈ। ਕੁਝ ਲੋਕ ਸਾਹਿਤ ਬਾਰੇ ਕਹਿੰਦੇ ਨੇ ਕਿ ਠਰਕ ਹੈ ਜਾਂ ਹੋਰ ਕੁਝ, ਮੈਂ ਕਹਿਨਾ ਇਹ ਮਹਾ ਆਨੰਦ ਦੀ ਅਵਸਥਾ ਹੁੰਦੀ ਹੈ। ਕੋਈ ਮਹਿਸੂਸ ਹੀ ਨਹੀਂ ਕਰ ਸਕਦਾ। ਸੋਚ ਵੀ ਨਹੀਂ ਸਕਦਾ। ਅੱਖਾਂ ਬੰਦ ਹੋ ਜਾਂਦੀਆਂ। ਮਹਾਅਨੰਦ!


ਦੇਸ ਰਾਜ– ਕੁਝ ਹੋਰ ਕਹਿਣੈ ?


ਕਾਲੀ– ਬਾਕੀ ਸਾਹਿਤ ਰਾਹੀਂ ਕਹਾਂਗੇ, ਇਹ ਤਾਂ ਆਪਣੇ ਯਾਰ ਜਿੰਦਰ ਦੇ ਕਹਿਣ 'ਤੇ ਕਰ ਦਿੱਤਾ। ਹਾਂ, ਆਪਣੇ ਬਾਰੇ ਸੋਚਦਾ ਹਾਂ ਤਾਂ ਕਦੇ ਸਰਵਾਂਤਿਸ ਦੇ ਨਾਵਲ ਡੋਨ ਕਵਿਗਜ਼ੋਟ ਦਾ ਹਾਸੋਹੀਣਾ ਪਾਤਰ ਲਗਦਾ ਹਾਂ, ਕਦੇ ਡਰਾਮੇ ਵਿਚਲਾ ਟਿੱਡੀਮੁੱਛਾ! ਨਾ ਹਾਤਮਤਾਈ ਬਣ ਸਕਿਆ, ਨਾ ਮੁੱਲਾ ਨਸੀਰੁਦੀਨ! ਚੱਲ ਛੱਡ ਯਾਰ! ਚੰਗਾ ਜੈ ਮਾਤਾ ਦੀ!





## ਡਾ. ਬਲਦੇਵ ਸਿੰਘ ਬੱਦਨ
### ਦੁਆਰਾ ਸੰਪਾਦਤ
### ਚਾਰ ਕਹਾਣੀ ਸੰਗ੍ਰਹਿ




**ਨੈਸ਼ਨਲ ਬੁਕ ਟਰੱਸਟ ਇੰਡੀਆ**


ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ ਪਿੰਡ ਤੇ ਡਾਕਖਾਨਾ ਫਰਾਲਾ, ਜ਼ਿਲ੍ਹਾ ਜਲੰਧਰ ਤੋਂ ਜਾਰੀ ਕੀਤਾ।